# ਮਿੱਤਰ ਸੈਨ ਮੀਤ

## ਨਾਵਲ ਰਚਨਾ

# ਮਿੱਤਰ ਸੈਨ ਮੀਤ

## ਨਾਵਲ ਰਚਨਾ

ਡਾ. ਸਿਮਰਜੀਤ ਕੌਰ

ਵਾਰਿਸ ਸ਼ਾਹ ਫ਼ਾਉਂਡੇਸ਼ਨ
ਅੰਮ੍ਰਿਤਸਰ-143002

**ਮਿੱਤਰ ਸੈਨ ਮੀਤ : ਨਾਵਲ ਰਚਨਾ**

**MITTER SEN MEET : NOVEL RACHNA**

*by*

**Dr. Simarjit Kaur**
#9029, St. No. 1, Mini Secretariat Road,
Ekta Colony, Bathinda-151001
(M) 99140-00050 (Ph) 0164-2215593
E-Mail : grewal00050@gmail.com

© Author

ISBN 978-81-7856-436-4

ਪਹਿਲੀ ਵਾਰ : 2015

**ਮੁੱਲ : 250 ਰੁਪਏ**

*ਪ੍ਰਕਾਸ਼ਕ*
**ਵਾਰਿਸ ਸ਼ਾਹ ਫ਼ਾਊਂਡੇਸ਼ਨ**
42, ਗੁਰੂ ਤੇਗ਼ ਬਹਾਦਰ ਨਗਰ, ਅੰਮ੍ਰਿਤਸਰ-143002
ਫ਼ੋਨ : 0183-2450520
*ਪ੍ਰਿੰਟਰ*
**ਪ੍ਰਿੰਟਵੈਲ**
146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

## ਸਮਰਪਣ

ਡਾ. ਟੀ.ਆਰ. ਵਿਨੋਦ ਜੀ ਨੂੰ

**ਏਸੇ ਕਲਮ ਤੋਂ :**

- ਮਿੱਤਰ ਸੈਨ ਮੀਤ : ਨਾਵਲ ਰਚਨਾ
- ਗੁਰਦਿਆਲ ਸਿੰਘ ਦਾ ਨਾਵਲ ਸੰਸਾਰ
- ਨਾਵਲਕਾਰ ਮਿੱਤਰ ਸੈਨ ਮੀਤ

# ਤਤਕਰਾ


ਦੋ ਸ਼ਬਦ 7

1. **ਨਾਵਲ, ਪੰਜਾਬੀ ਨਾਵਲ ਅਤੇ ਮੀਤ ਦੇ ਨਾਵਲ** **9**

(ੳ) ਨਾਵਲ ਦੀ ਪਰਿਭਾਸ਼ਾ : ਪ੍ਰਕਿਰਤੀ, ਇਤਿਹਾਸ ਅਤੇ ਪ੍ਰਵਿਰਤੀਆਂ 9

(ਅ) ਮਿੱਤਰ ਸੈਨ ਮੀਤ ਦੀ ਦੂਸਰੇ ਨਾਵਲਕਾਰਾਂ ਨਾਲੋਂ ਵੱਖਰਤਾ, ਵਿਲੱਖਣਤਾ ਤੇ ਸਮਕਾਲੀਨਤਾ 25

2. **ਮਿੱਤਰ ਸੈਨ ਮੀਤ : ਜੀਵਨ ਅਨੁਭਵ ਤੇ ਪ੍ਰੇਰਨਾ ਸਰੋਤ** 33

(ੳ) ਬਚਪਨ ਤੇ ਮੁੱਢਲੀ ਸਿੱਖਿਆ 33

(ਅ) ਮਿੱਤਰ ਸੈਨ ਮੀਤ ਦੀ ਰਚਨਾਤਮਕ ਸ਼ਖ਼ਸੀਅਤ ਦੇ ਪ੍ਰੇਰਨਾ-ਸਰੋਤ 34

(ੲ) ਜ਼ਿੰਦਗੀ ਦਾ ਸਮੁੱਚਾ ਅਨੁਭਵ ਤੇ ਰਚਨਾ ਸੰਸਾਰ 36

3. **ਮਿੱਤਰ ਸੈਨ ਮੀਤ ਦੇ ਨਾਵਲ : ਵਿਸ਼ੈਗਤ ਅਧਿਐਨ** **47**

(1) ਮਿੱਤਰ ਸੈਨ ਮੀਤ ਦੇ ਨਾਵਲ : ਮੂਲ ਵਿਸ਼ੇ 47

i) **ਅੱਗ ਦੇ ਬੀਜ** : ਸਮਾਜਿਕ, ਆਰਥਿਕ, ਰਾਜਨੀਤਿਕ ਤੇ ਵਿਦਿਅਕ ਪ੍ਰਣਾਲੀ ਦੇ ਨਿਘਾਰ ਖਿਲਾਫ਼ ਆਵਾਜ਼ 49

ii) **ਕਾਫ਼ਲਾ** : ਸ਼੍ਰੇਣੀ ਸੰਘਰਸ਼ ਦੀ ਪੇਸ਼ਕਾਰੀ 53

iii) **ਤਫ਼ਤੀਸ਼** : ਪੁਲਿਸ ਪ੍ਰਬੰਧ ਦੀ ਪੇਸ਼ਕਾਰੀ 57

iv) **ਕਟਹਿਰਾ** : ਭਾਰਤੀ ਨਿਆਂ-ਵਿਵਸਥਾ ਦਾ ਪ੍ਰਤਿਬਿੰਬਤ ਰੂਪ 64

v) **ਕੌਰਵ-ਸਭਾ** : ਸਮਕਾਲੀ ਯਥਾਰਥ ਦਾ ਬਹੁ-ਪਾਸਾਰੀ ਬਿੰਬ (ਮਿੱਥ ਦੇ ਸੰਦਰਭ ਵਿਚ) 68

vi) **ਸੁਧਾਰ-ਘਰ** : ਜੇਲ੍ਹ ਪ੍ਰਬੰਧ ਦੇ ਬਹੁ-ਪਰਤੀ ਪਾਸਾਰ 80

(2) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਵਿਭਿੰਨ ਵਿਸ਼ਿਆਂ ਦੇ ਥੀਮਕ ਪਾਸਾਰ 87
i) ਪੁਲਿਸ ਅਤੇ ਆਮ ਲੋਕਾਂ ਦੇ ਅੰਤਰ-ਸੰਬੰਧਾਂ ਦੀ ਵਿਆਖਿਆ 89
ii) ਪੁਲਿਸ ਅਤੇ ਰਾਜਨੀਤੀ ਦਾ ਵਿਸ਼ਲੇਸ਼ਣ 98
iii) ਨਿਆਂ-ਪ੍ਰਣਾਲੀ ਅਤੇ ਰਾਜਨੀਤੀ ਦੇ ਸਬੰਧਾਂ ਦੀ ਅੰਤਰ ਵਿਆਖਿਆ 101
iv) ਸਮਾਜਿਕ ਸਭਿਆਚਾਰਕ ਅਸੰਤੁਲਿਨ 110
v) ਅਜੋਕੇ ਪੰਜਾਬ ਦੇ ਵਿਭਿੰਨ ਵਰਗਾਂ ਦਾ ਸਾਕਾਰ ਰੂਪ 131
vi) ਪਰਵਾਸੀ ਲੋਕਾਂ ਦੀ ਸ਼ਮੂਲੀਅਤ ਦਾ ਸਾਕਾਰ ਰੂਪ 138
vii) ਹਸਪਤਾਲਾਂ ਅਤੇ ਧਾਰਮਿਕ ਸੰਸਥਾਵਾਂ ਦਾ ਵਿਸ਼ਲੇਸ਼ਣ 141

ਪੁਸਤਕ ਸੂਚੀ 154

# ਦੋ ਸ਼ਬਦ

ਪੰਜਾਬੀ ਨਾਵਲ ਸਾਹਿਤ ਦੇ ਹੋਰ ਰੂਪਾਂ ਨਾਲੋਂ ਵਧੇਰੇ ਦਿਲਚਸਪ ਅਤੇ ਸਮਾਜ ਦੀ ਸਮੁੱਚੀ ਤਸਵੀਰ ਇਕ ਵਿਲਖਣ ਗਹਿਰਾਈ ਤੋਂ ਪੇਸ਼ ਕਰਨ ਵਾਲਾ ਸਾਹਿਤਕ ਰੂਪ ਹੈ। ਪੱਛਮ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਏ ਇਸ ਸਾਹਿਤਕ ਰੂਪ ਨੇ ਹੁਣ ਤੱਕ ਦੇ ਦੂਜੇ ਸਾਹਿਤ ਰੂਪਾਂ ਨਾਲੋਂ ਆਪਣੀ ਵੱਖਰੀ ਪਛਾਣ ਬਣਾਈ ਹੈ। ਪੰਜਾਬੀ ਨਾਵਲ ਕਈ ਪ੍ਰਵਿਰਤੀਆਂ ਵਿਚ ਦੀ ਗੁਜ਼ਰਦਾ ਹੋਇਆ ਅਜੋਕੇ ਰੂਪ ਤੱਕ ਪਹੁੰਚਿਆ ਹੈ। ਪੰਜਾਬੀ ਨਾਵਲ ਦੇ ਇਤਿਹਾਸ ਤੇ ਸਰਸਰੀ ਝਾਤ ਮਾਰਿਆਂ ਇਸਦੀਆਂ ਪਰੰਪਰਾਗਤ ਪ੍ਰਸਥਿਤੀਆਂ ਮਾਣ ਕਰਨ ਯੋਗ ਹਨ ਪਰੰਤੂ ਇਨ੍ਹਾਂ ਪਰੰਪਰਾਗਤ ਪ੍ਰਾਪਤੀਆਂ ਨੂੰ ਜਾਣਨ ਦੇ ਨਾਲ ਕੁਝ ਨਵੇਂ ਨਾਵਲਕਾਰਾਂ ਦੁਆਰਾ ਨਾਵਲ ਖੇਤਰ ਵਿਚ ਵਿਸ਼ੇ ਪੱਖ ਤੇ ਤਕਨੀਕ ਪੱਖੋਂ ਕਈ ਨਵੇਂ ਪੂਰਨੇ ਪਾਏ ਹਨ। ਇਨ੍ਹਾਂ ਨਾਵਲਕਾਰਾਂ ਵਿਚੋਂ ਮਿੱਤਰ ਸੈਨ ਮੀਤ ਦਾ ਨਾਂ ਪ੍ਰਮੁਖ ਹੈ। ਉਸ ਦੀਆਂ ਵਿਲੱਖਣਤਾਵਾਂ ਅਤੇ ਪੰਜਾਬੀ ਨਾਵਲ ਵਿਚ ਕੀਤੀਆਂ ਪ੍ਰਾਪਤੀਆਂ ਨੂੰ ਜਾਣਨਾ ਅਤੇ ਸਮਝਣਾ ਹੀ ਇਸ ਖੋਜ-ਪੁਸਤਕ ਦਾ ਮਨੋਰਥ ਹੈ।

ਮਿੱਤਰ ਸੈਨ ਮੀਤ ਦੇ ਨਾਵਲਾਂ ਉਤੇ ਪ੍ਰਾਪਤ ਖੋਜ ਆਕਾਰ ਪੱਖੋਂ ਕਾਫੀ ਘੱਟ ਹੈ। ਉਸ ਦੇ ਨਾਵਲਾਂ ਵਿਚ ਨਵੇਂ-ਨਵੇਂ ਵਿਸ਼ਿਆਂ ਦੀ ਖਿੱਚ ਹੈ। ਕੋਈ ਵੀ ਸਾਹਿਤਕਾਰ ਇਕੋ ਸਮੇਂ ਆਪਣੀ ਰਚਨਾ ਨਹੀਂ ਰਚਦਾ ਅਤੇ ਉਸਦੀ ਸਮੁੱਚੀ ਰਚਨਾ ਦਾ ਵਿਸ਼ਾ ਵੀ ਇਕੋ ਨਹੀਂ ਹੁੰਦਾ, ਇਸ ਲਈ ਨਾਵਲਕਾਰ ਦੀ ਸ਼ਖ਼ਸੀਅਤ, ਵਿਸ਼ੇ ਪੱਖੋਂ ਉਸਦੀ ਵਿਭਿੰਨਤਾ, ਵਿਚਾਰਧਾਰਾ ਪੱਖੋਂ ਵਿਲੱਖਣਤਾ ਅਤੇ ਕਲਾ ਪੱਖੋਂ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਨੂੰ ਸਮੁੱਚੇ ਤੌਰ ਤੇ ਸਮਝਣ ਲਈ ਨਾਵਲਕਾਰ ਦੁਆਰਾ ਰਚੇ ਗਏ ਉਸਦੇ ਨਾਵਲਾਂ (**ਅੱਗ ਦੇ ਬੀਜ**, **ਕਾਫ਼ਲਾ**, **ਤਫ਼ਤੀਸ਼**, **ਕਟਹਿਰਾ**, **ਕੌਰਵ ਸਭਾ** ਅਤੇ **ਸੁਧਾਰ-ਘਰ**) ਆਦਿ ਨੂੰ ਇਸ ਖੋਜ ਪੁਸਤਕ ਦਾ ਆਧਾਰ ਬਣਾਇਆ ਹੈ। ਨਾਵਲਕਾਰ ਮਿੱਤਰ ਸੈਨ ਮੀਤ ਦੇ ਇਹਨਾਂ ਨਾਵਲਾਂ ਨੂੰ ਵਿਸ਼ੇ, ਵਿਚਾਰਧਾਰਾ, ਕਲਾ ਅਤੇ ਉਸ ਦੀ ਸ਼ਖ਼ਸੀਅਤ ਨੂੰ ਜਾਣਨ ਅਤੇ ਸਮਝਣ ਲਈ ਇਸ ਰਚਨਾ ਨੂੰ ਵਿਭਿੰਨ ਖੰਡਾਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ।

ਪਹਿਲੇ ਅਧਿਆਇ ਵਿਚ ਨਾਵਲ ਦੇ ਸਿਧਾਂਤਕ ਪਰਿਪੇਖ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਪੰਜਾਬੀ ਨਾਵਲ ਦੇ ਸਮੁੱਚੇ ਇਤਿਹਾਸ ਤੇ ਸੰਕਲਪਾਂ ਉਤੇ ਚਾਨਣਾ ਪਾਉਂਦਿਆਂ ਮਿੱਤਰ ਸੈਨ ਮੀਤ ਦੀ ਦੂਸਰੇ ਨਾਵਲਕਾਰਾਂ ਨਾਲੋਂ ਵੱਖਰਤਾ, ਵਿਲੱਖਣਤਾ ਤੇ ਸਮਕਾਲੀਨਤਾ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਜੇ ਅਧਿਆਇ ਵਿਚ ਨਾਵਲਕਾਰ ਦੇ ਜੀਵਨ ਅਨੁਭਵ, ਪ੍ਰੇਰਨਾ ਸਰੋਤ ਅਤੇ ਉਸਦੇ ਪੇਸ਼ੇ ਦੇ ਅਨੁਭਵ ਦਾ ਉਸਦੀਆਂ ਸਿਰਜਨਾਵਾਂ ਉਤੇ ਪਿਆ ਪ੍ਰਭਾਵ ਅਤੇ ਉਸਦੀ ਸਮੁੱਚੀ ਰਚਨਾਤਮਕ ਪ੍ਰਾਪਤੀ ਨੂੰ ਗਹਿਰਾਈ ਤੋਂ ਜਾਣਨ ਲਈ ਉਸਦੇ ਸਾਂਸਕ੍ਰਿਤਕ ਪਿਛੋਕੜ ਨੂੰ ਸਮਝਣ ਦਾ ਜਤਨ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਵਿਸ਼ੈਗਤ ਅਧਿਐਨ' ਸਿਰਲੇਖ ਅਧੀਨ ਉਸਦੇ ਨਾਵਲਾਂ ਦੇ ਬਹੁਪਰਤੀ ਵਿਸ਼ਿਆਂ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਉਸ ਦੇ ਸਮੁੱਚੇ ਗਲਪ-ਬਿੰਬ ਵਿਚੋਂ ਵਿਸ਼ੇਸ਼ ਕਰਕੇ ਕਾਨੂੰਨ ਦਾ ਵਿਸ਼ਾ ਵਧੇਰੇ ਉਜਾਗਰ ਹੁੰਦਾ ਹੈ, ਜੋ ਉਸਦੇ ਹਰੇਕ ਨਾਵਲ ਦੇ ਪ੍ਰਸੰਗ ਦੀ ਪਿੱਠ-ਭੂਮੀ ਬਣਦਾ ਹੋਇਆ ਉਸਦੇ ਨਾਵਲਾਂ ਦਾ ਮੁੱਖ ਵਿਸ਼ਾ ਵੀ ਬਣਦਾ ਹੈ। ਕਾਨੂੰਨ ਵਰਗੇ ਵਿਸ਼ੇ ਰਾਹੀਂ ਨਾਵਲਕਾਰ ਨੇ ਜੀਵਨ ਦੇ ਹਰੇਕ ਖੇਤਰ ਨੂੰ ਰੂਪਮਾਨ ਕਰਦੇ ਹੋਏ ਨਿਆਂ ਪ੍ਰਣਾਲੀ ਦੇ ਪ੍ਰਸੰਗ ਵਿਚ ਸਮੁੱਚੇ ਸਮਾਜ ਦੀ ਤਸਵੀਰ ਪੇਸ਼ ਕੀਤੀ ਹੈ। ਇਸ ਵਿਚ ਨਾਵਲਕਾਰ ਨੇ ਸਾਧਾਰਨ ਮਨੁੱਖ ਤੋਂ ਲੈ ਕੇ ਸਮੁੱਚੀ ਵਿਵਸਥਾ ਦੇ ਮਨੁੱਖਾਂ ਦਾ ਸਮੁੱਚਾ ਅਨੁਭਵ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਉਸ ਦਾ ਜੀਵਨ ਅਨੁਭਵ ਉਸਦੀ ਸਮੁੱਚੀ ਰਚਨਾ ਦਾ ਥੀਮਿਕ ਪਾਸਾਰ ਵੀ ਬਣਦਾ ਹੈ ਤੇ ਵੱਖ-ਵੱਖ ਵਿਸ਼ਿਆਂ ਦੇ ਰੂਪ ਵਿਚ ਉਭਰਦੇ ਉਸਦੇ ਹਰੇਕ ਨਾਵਲ ਦਾ ਵਿਸ਼ਾ ਵਿਅਕਤੀਗਤ ਹੋਣ ਦੀ ਥਾਂ ਸਮੂਹਿਕ ਹੋ ਨਿਬੜਦਾ ਹੈ। ਨਾਵਲਕਾਰ ਵੱਲੋਂ ਮੁੱਖ ਤੌਰ ਤੇ ਨਿਆਂ-ਪ੍ਰਣਾਲੀ ਨਾਲ ਸਬੰਧਤ ਹਰੇਕ ਮਹਿਕਮੇ ਦੇ ਹਰੇਕ ਵਰਗ ਦੇ ਅਫ਼ਸਰ ਦੀ ਕਾਰਗੁਜ਼ਾਰੀ ਨੂੰ ਰੂਪਮਾਨ ਕੀਤਾ ਗਿਆ ਹੈ। ਭਾਵੇਂ ਮੁੱਢਲੇ ਨਾਵਲਾਂ ਵਿਚ ਮੁੱਖ ਤੌਰ 'ਤੇ ਬੇਰੁਜ਼ਗਾਰੀ, ਰਿਸ਼ਵਤਖੋਰੀ, ਭੂਮੀਹੀਣ ਤੇ ਭੂਮੀਪਤੀ ਵਰਗ ਨੂੰ ਪ੍ਰਸਾਰਿਤ ਕਰਨ ਦੇ ਨਾਲ ਨਾਲ ਪਿਛਲੇ ਨਾਵਲਾਂ ਵਿਚ ਪੁਲਿਸ ਪ੍ਰਬੰਧ, ਨਿਆਂ ਪ੍ਰਣਾਲੀ, ਜੇਲ੍ਹ ਪ੍ਰਬੰਧ, ਹਸਪਤਾਲਾਂ, ਮੀਡੀਏ, ਧਾਰਮਿਕ ਸੰਸਥਾਵਾਂ ਆਦਿ ਦੀ ਭ੍ਰਿਸ਼ਟ, ਬਦਨਾਮ, ਅਮਾਨਵੀ ਅਤੇ ਘ੍ਰਿਣਾਯੋਗ ਸਥਿਤੀ ਦਾ ਬਾਰੀਕਬੀਨੀ ਨਾਲ ਅਤਿ ਵਿਸ਼ਾਲ ਤੇ ਸੰਘਣਾ ਬਿੰਬ ਉਜਾਗਰ ਕੀਤਾ ਹੈ। ਇਸ ਲਈ ਉਸਦੇ ਸਮੁੱਚੇ ਨਾਵਲਾਂ ਦੇ ਵਿਭਿੰਨ ਵਿਸ਼ਿਆਂ ਤੱਕ ਪਹੁੰਚਣ ਲਈ ਸਮੁੱਚੀ ਵਿਵਸਥਾ ਦੀਆਂ ਵੱਖਰੀਆਂ ਵੱਖਰੀਆਂ ਪਰਤਾਂ ਨੂੰ ਨਾਵਲਾਂ ਦੇ ਵੱਖ-ਵੱਖ ਥੀਮਿਕ ਪਾਸਾਰਾਂ ਰਾਹੀਂ ਮੁੱਖ ਵਿਸ਼ੇ ਨਾਲ ਜੋੜ ਕੇ ਪਰਖਣ ਦਾ ਯਤਨ ਕੀਤਾ ਹੈ।

ਖੋਜ ਕਾਰਜ ਦੇ ਅੰਤ ਵਿਚ ਅਗਲੇਰੇ ਖੋਜਾਰਥੀਆਂ ਦੀ ਸਹਾਇਤਾ ਲਈ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ।

—ਸਿਮਰਜੀਤ ਕੌਰ (ਡਾ.)

# ਨਾਵਲ, ਪੰਜਾਬੀ ਨਾਵਲ ਅਤੇ ਮੀਤ ਦੇ ਨਾਵਲ

## (ੳ) ਨਾਵਲ ਦੀ ਪਰਿਭਾਸ਼ਾ : ਪ੍ਰਕਿਰਤੀ, ਇਤਿਹਾਸ ਅਤੇ ਪ੍ਰਵਿਰਤੀਆਂ

ਨਾਵਲ ਆਧੁਨਿਕ ਗਲਪ ਦਾ ਪ੍ਰਧਾਨ ਰੂਪਾਕਾਰ ਹੈ ਜਿਸਦੀ ਸਿਰਜਨਾਤਮਕ ਵਿਲੱਖਣਤਾ ਇਹ ਹੈ ਕਿ ਮਨੁੱਖੀ ਜੀਵਨ ਨੂੰ ਵਿਸਥਾਰ, ਡੂੰਘਾਈ ਅਤੇ ਯਥਾਰਥਵਾਦੀ ਦ੍ਰਿਸ਼ਟੀ ਤੋਂ ਅੰਕਿਤ ਕਰਨ ਦੀ ਸਮਰੱਥਾ ਰੱਖਦਾ ਹੈ। ਜਿਸ ਵਿਚ ਜੀਵਨ ਦੀ ਵਾਸਤਵਿਕ, ਕਠੋਰ ਤੇ ਨਿੱਗਰ ਭੂਮੀ ਅਤੇ ਆਧੁਨਿਕ ਜੀਵਨ ਦੀ ਜਟਿਲਤਾ ਨੂੰ ਅਸਲੀ ਰੂਪ ਵਿਚ ਪੇਸ਼ ਕਰਨ ਦਾ ਹੁਨਰ ਵੀ ਹੈ।

ਪੰਜਾਬੀ ਨਾਵਲ ਦਾ ਇਤਿਹਾਸ ਲਗਭਗ ਇਕ ਸਦੀ ਪੁਰਾਣਾ ਹੈ। ਇਸਦੇ ਸਮੁੱਚੇ ਇਤਿਹਾਸ ਨੂੰ ਸਿਲਸਿਲੇਵਾਰ ਜਾਣਨਾ ਕਠਿਨ ਕਾਰਜ ਹੈ, ਪਰੰਤੂ ਮਿੱਤਰ ਸੈਨ ਮੀਤ ਦੇ ਨਾਵਲ-ਜਗਤ ਦਾ ਸਰਵੇਖਣ ਤੇ ਮੁਲਾਂਕਣ ਕਰਨ ਤੋਂ ਪਹਿਲਾਂ ਨਾਵਲ ਦੇ ਇਤਿਹਾਸਕ ਵਿਕਾਸ ਬਾਰੇ ਸੰਖਿਪਤ ਧਾਰਨਾ ਦੇਣੀ ਅਵੱਸ਼ਕ ਜਾਪਦੀ ਹੈ, ਕਿਉਂਕਿ ਇਸਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਨੂੰ ਇਤਿਹਾਸਕ ਨਿਰੰਤਰਤਾ ਦੇ ਸੰਦਰਭ ਵਿਚ ਪਰਿਭਾਸ਼ਤ ਕਰਦੇ ਹੋਏ ਮੀਤ ਦੇ ਨਾਵਲੀ ਸਫ਼ਰ ਨੂੰ ਸਮਝਿਆ ਜਾ ਸਕਦਾ ਹੈ। ਪੰਜਾਬੀ ਨਾਵਲ ਦੇ ਇਤਿਹਾਸ ਤੇ ਸਰਸਰੀ ਝਾਤ ਪਾਉਣੀ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਮੀਤ ਦੇ ਸਮੁੱਚੇ ਨਾਵਲੀ ਸਫ਼ਰ ਨੂੰ ਕਿਸੇ ਇਕ ਪ੍ਰਵਿਰਤੀ ਜਾਂ ਕਿਸੇ ਇਕ ਵਿਧੀ ਅਧੀਨ ਨਹੀਂ ਪਰਖਿਆ ਜਾ ਸਕਦਾ। ਚਾਹੇ ਮੀਤ ਨੂੰ ਯਥਾਰਥਵਾਦੀ ਨਾਵਲਕਾਰ ਮੰਨਦੇ ਹਾਂ ਪਰੰਤੂ ਇਸਦੇ ਸਮੁੱਚੇ ਨਾਵਲਾਂ ਵਿਚ ਪੇਸ਼ ਹੋਏ ਯਥਾਰਥ ਨੂੰ ਪਰਖਣ ਲਈ ਨਾਵਲ ਦੀਆਂ ਸਮੁੱਚੀਆਂ ਪ੍ਰਵਿਰਤੀਆਂ ਨੂੰ ਲਾਗੂ ਕਰਨ ਦੀ ਲੋੜ ਜਾਪਦੀ ਹੈ।

'ਨਾਵਲ' ਸ਼ਬਦ ਰੋਮਨ ਭਾਸ਼ਾ ਦੇ ਸ਼ਬਦ 'ਨੋਵੇਲਾ' (Novella) ਤੋਂ ਬਣਿਆ ਹੈ। ਜਿਸਦਾ ਅੰਗਰੇਜ਼ੀ ਭਾਸ਼ਾ ਵਿਚ ਅਰਥ ਹੈ 'ਨਵਾਂ' ਜਾਂ 'ਅਨੋਖਾ'। ਅੰਗਰੇਜ਼ੀ ਵਿਚ ਇਹ 'Novel' ਅਤੇ ਹਿੰਦੀ ਵਿਚ ਇਸਨੂੰ 'ਉਪਨਿਆਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਇਸੇ ਸ਼ਬਦ ਦੀ ਵਰਤੋਂ ਸਾਹਿਤ ਦੇ ਪ੍ਰਮੁੱਖ ਰੂਪ ਲਈ ਜੋ ਜੀਵਨ ਦਾ ਪ੍ਰਤੀਬਿੰਬ ਹੈ, ਲਈ ਕੀਤੀ ਜਾਂਦੀ ਹੈ। ਨਾਵਲ ਦੀ ਪਰਿਭਾਸ਼ਾ ਨਿਸ਼ਚਿਤ ਕਰਨੀ ਬਹੁਤ ਕਠਿਨ ਹੈ ਕਿਉਂਕਿ ਨਾਵਲ ਸਾਹਿਤ ਦਾ ਇਤਿਹਾਸ ਬਹੁਤ ਲੰਮੇ ਸਮੇਂ ਤੱਕ ਫੈਲਿਆ ਹੋਇਆ ਹੈ। ਕਿਸੇ ਵੀ ਸਾਹਿਤਕ ਰੂਪ ਵਿਧਾ ਦਾ ਸੰਬੰਧ ਸਮਾਜ ਵਿਸ਼ੇਸ਼ ਦੀ ਪ੍ਰਕਿਰਿਆ ਨਾਲ ਹੁੰਦਾ ਹੈ। ਸੋ ਹਰ ਸਮੇਂ ਨਾਵਲ ਨੇ ਸਮਾਜ ਵਿਚ ਆਈਆਂ ਵਿਭਿੰਨਤਾਵਾਂ ਤੇ ਵਿਲੱਖਣਤਾਵਾਂ ਨੂੰ ਕਬੂਲਿਆ ਹੈ ਜਿਸ ਕਾਰਨ ਪਰਿਭਾਸ਼ਾਵਾਂ ਵੀ ਬਦਲਦੀਆਂ ਰਹੀਆਂ ਹਨ। ਸੋ ਨਾਵਲ

ਦੀ ਪਰਿਭਾਸ਼ਾ ਨੂੰ ਸਮਝਣ ਲਈ ਇੱਕਾ-ਦੁੱਕਾ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦੇਣੀਆਂ ਕਾਫੀ ਨਹੀਂ ਸਗੋਂ ਅਨੇਕਾਂ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਰਾਹੀਂ ਹੀ ਅਸੀਂ ਨਾਵਲ ਨੂੰ ਕੁਝ ਹੱਦ ਤੱਕ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਪ੍ਰਸਿੱਧ ਪੱਛਮੀ ਵਿਦਵਾਨ ਰੈਲਫ਼ ਫ਼ਾਕਸ ਨਾਵਲ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦਾ ਹੈ :

"ਨਾਵਲ ਮਹਿਜ਼, ਗਲਪਿਕ ਵਾਰਤਕ ਨਹੀਂ, ਇਹ ਮਨੁੱਖੀ ਜੀਵਨ ਦੀ ਵਾਰਤਕ ਹੈ। ਉਹ ਪਹਿਲੀ ਕਲਾ ਜਿਸਨੇ ਸਮੁੱਚੇ ਮਨੁੱਖ ਨੂੰ ਪ੍ਰਗਟਾਵਾ ਦੇਣ ਦਾ ਯਤਨ ਕੀਤਾ ਹੈ।"[1]

ਈ.ਐੱਮ.ਫਾਰਸਟਰ ਨੇ ਦੱਸਿਆ ਹੈ ਕਿ "ਨਾਵਲ ਨੂੰ ਹੋਰਨਾਂ ਕਲਾਵਾਂ ਨਾਲੋਂ ਨਿਖੇੜਨ ਵਾਲਾ ਪ੍ਰਮੁੱਖ ਲੱਛਣ ਇਸਦੀ ਗੁਪਤ ਜੀਵਨ ਨੂੰ ਦ੍ਰਿਸ਼ਟਮਾਨ ਕਰ ਦੇਣ ਦੀ ਸ਼ਕਤੀ ਹੈ। ਇਸ ਲਈ ਇਹ ਕਵਿਤਾ ਜਾਂ ਡਰਾਮੇ ਜਾਂ ਸਿਨੇਮੇ ਜਾਂ ਚਿੱਤਰਕਾਰੀ ਜਾਂ ਸੰਗੀਤ ਨਾਲੋਂ ਵੱਖਰੀ ਤਰ੍ਹਾਂ ਦੀ ਵਾਸਤਵਿਕਤਾ ਦਾ ਅਵਲੋਕਨ ਪ੍ਰਸਤੁਤ ਕਰਦਾ ਹੈ।"[2]

ਨਾਵਲ ਸਾਹਿਤ ਦਾ ਅਜਿਹਾ ਰੂਪ ਹੈ ਜੋ ਵਿਸਥਾਰਪੂਰਨ ਰੂਪ ਵਿਚ ਜੀਵਨ ਦੀ ਵਿਸਤ੍ਰਿਤ ਤਸਵੀਰ ਪੇਸ਼ ਕਰਦਾ ਹੈ। ਨਾਵਲ ਸਾਹਿਤ ਦਾ ਵਿਸਥਾਰਪੂਰਵਕ ਤੇ ਲੰਮੇਰਾ ਰੂਪ ਹੈ ਜੋ ਜੀਵਨ ਅਤੇ ਸਮਾਜ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਜਿਸ ਵਿਚ ਪਾਤਰਾਂ ਦੀ ਜ਼ਿੰਦਗੀ ਦੇ ਸਮਾਜਿਕ, ਰਾਜਨੀਤਿਕ, ਇਤਿਹਾਸਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਆਦਿ ਹਰੇਕ ਪੱਖ ਨੂੰ ਵੇਖਿਆ ਜਾ ਸਕਦਾ ਹੈ।

ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ, "ਨਾਵਲ ਆਧੁਨਿਕ ਕਾਲ ਦਾ ਮਹਾਂਕਾਵਿ ਹੈ ਕਿਉਂਕਿ ਇਸ ਵਿਚ ਮਹਾਂਕਾਵਿ ਵਾਂਗ ਜ਼ਿੰਦਗੀ ਦੀ ਵਿਸ਼ਾਲਤਾ ਸਮਾ ਸਕਦੀ ਹੈ। ਇਸਦਾ ਸੰਬੰਧ ਮਨੁੱਖੀ ਜ਼ਿੰਦਗੀ ਨਾਲ ਹੁੰਦਾ ਹੈ। ਇਸੇ ਵਿਚ ਹੀ ਇਸਦੀ ਮੌਲਿਕਤਾ ਹੈ।" ਲੁਕਾਚ ਅਨੁਸਾਰ, "ਨਾਵਲ ਦਾ ਮਹਾਂਕਾਵਿ ਰੂਪ ਬਾਹਰਲੇ ਸੰਸਾਰ ਤੋਂ ਮੁੱਖ ਪਾਤਰ ਵਿਚਲੀ ਉਪਜੀ ਬੇਗਾਨਗੀ ਤੋਂ ਉਪਜਦਾ ਹੈ।"[3]

ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ 'ਝਨਾਂ ਦੀ ਰਾਤ' ਵਿਚ ਮਹਾਂਕਾਵਿ ਬਾਰੇ ਦਿੱਤੇ ਵਿਚਾਰਾਂ ਤਹਿਤ ਉਪਰੋਕਤ ਪਰਿਭਾਸ਼ਾ ਦੀ ਪੁਸ਼ਟੀ ਸਹਿਜੇ ਹੋ ਜਾਵੇਗੀ ਕਿ ਮਹਾਂਕਾਵਿ ਦੇ ਕਿਹੜੇ ਵਿਸ਼ੇਸ਼ ਲੱਛਣ ਹਨ :

(ੳ) ਮਹਾਂਕਾਵਿ ਵਿਚ ਬਾਹਰਮੁਖਤਾ ਦਾ ਵਿਸ਼ਾਲ ਤੀਬਰ ਨਜ਼ਾਰਾ ਹੋਵੇ, ਜਿਹੜਾ ਕਿ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਅਸਲੀਅਤ ਦੇ ਬੇਨਜ਼ੀਰ ਅਰਥਾਂ ਵਾਲੇ ਅਨੰਤ ਅਨੁਪਾਤ ਅਤੇ ਸੁਮੇਲ ਸਾਹਮਣੇ ਲਿਆਵੇ।

(ਅ) ਮਹਾਂਕਾਵਿ ਵਿਚ ਅਨੰਤ ਅਪਕੜ ਨਿਰਾਕਾਰਤਾ ਦੇ ਨਿਰੰਤਰ ਮੰਡਲ ਬਣਨ ਅਰਥਾਤ ਅਸਲੀਅਤ ਦੇ ਬਾਹਰਲੇ ਦ੍ਰਿਸ਼ਾਂ ਦੇ ਨਾਲ-ਨਾਲ ਚਿੰਤਨ ਦੇ ਅਛੋਹ ਪ੍ਰਬੋਧ ਕੋਈ ਸੁੰਦਰ ਕਤਾਰ ਬਣਾਉਂਦੇ ਹੋਣ।

(ੲ) ਮਹਾਂਕਾਵਿ ਦਾ ਹਰ ਬਾਹਰੀ ਨਜ਼ਾਰਾ ਸਦੀਵੀਂ ਸਮੇਂ ਨਾਲ ਅਨਿੱਖੜ ਸਾਂਝ ਰੱਖੇ ਅਤੇ ਆਪਣੀ ਅਸਲੀਅਤ ਨੂੰ ਕਾਇਮ ਰੱਖਦਾ ਹੋਇਆ ਉਸਦਾ ਜਿਉਂਦਾ-ਜਾਗਦਾ ਪ੍ਰਤੀਕ ਹੋਵੇ।

(ਸ) ਮਹਾਂਕਾਵਿ ਵਿਚ ਵਿਅਕਤੀਗਤ ਅਤੇ ਸਮੂਹਿਕ ਫ਼ਿਤਰਤ, ਅਕਲ ਅਤੇ ਰੂਹ ਦੀਆਂ ਵੰਨਸੁਵੰਨੀਆਂ ਗਹਿਰਾਈਆਂ ਜ਼ਾਹਰ ਹੋਣ

ਉਪਰੋਕਤ ਚਾਰ ਪਹਿਲੂਆਂ ਦਾ ਮਹਾਂਕਾਵਿ ਵਿਚ ਕੁਦਰਤੀ ਸੁਹਜ-ਅਨੁਪਾਤ ਸੰਤੁਲਿਤ ਸ਼ਿੱਦਤ ਵਿਚ ਰਹਿਣਾ ਲਾਜ਼ਮੀ ਹੈ। ਇਹੋ ਮਹਾਂਕਾਵਿ ਦਾ ਸੱਚ ਹੈ। ਬਾਕੀ ਪੂਰਬ ਅਤੇ ਪੱਛਮ ਵਿਚ ਬਿਆਨ ਕੀਤੇ ਮਹਾਂਕਾਵਿ ਦੇ ਲੱਛਣ ਕੇਵਲ ਕਿਤਾਬੀ ਅਭਿਆਸ ਹਨ। ਅਸਲ ਵਿਚ ਇਹ ਚਾਰ ਪਹਿਲੂਆਂ ਵਾਲੀ ਅੰਤਰ-ਦ੍ਰਿਸ਼ਟੀ ਹੀ ਮਹਾਂਕਾਵਿ ਦੀ ਵਡਿੱਤਣ ਦੇ ਮਾਪ-ਦੰਡ ਨਿਸ਼ਚਿਤ ਕਰਦੀ ਹੈ। ਜਦੋਂ ਇਹਨਾਂ ਚਾਰ ਪਹਿਲੂਆਂ ਦਾ ਆਪਸੀ ਤਾਲ ਆਪਣੀ ਸਮਾਧੀ, ਰੂਪ, ਇਕਸੁਰਤਾ ਗੁਆ ਬੈਠੇ ਜਾਂ ਇਹਨਾਂ ਚਾਰ ਅੰਗਾਂ 'ਚੋਂ ਕਿਸੇ ਇਕ ਜਾਂ ਜਿਆਦਾ ਅੰਗਾਂ ਵਿਚ ਪ੍ਰਾਣ-ਤੀਬਰਤਾ ਘਟਣ ਦੇ ਸਿੱਟੇ ਵਜੋਂ ਖੜੋਤ (stagnation) ਆ ਜਾਵੇ ਤਾਂ ਮਹਾਂਕਾਵਿ ਦੀ ਸ਼ਾਨ ਸੀਮਤ ਪੈ ਜਾਂਦੀ ਹੈ।[4]

ਨਾਵਲ ਵਿਚ ਮਨੁੱਖੀ ਜ਼ਿੰਦਗੀ ਪੂਰੀ ਤਰ੍ਹਾਂ ਸਮਾ ਸਕਦੀ ਹੈ ਤੇ ਜ਼ਿੰਦਗੀ ਦੀ ਬਹੁ-ਵਿਸਥਾਰਤਾ ਨੂੰ ਸਾਹਿਤ ਦੇ ਇਸੇ ਰੂਪ ਵਿਚ ਵੱਖ-ਵੱਖ ਪਾਤਰਾਂ ਰਾਹੀਂ ਵੱਖ-ਵੱਖ ਘਟਨਾਵਾਂ ਦੁਆਰਾ ਦੇਖਿਆ ਜਾ ਸਕਦਾ ਹੈ।

ਡਾ. ਰਾਹੀ ਅਨੁਸਾਰ, "ਯਥਾਰਥਵਾਦੀ ਨਾਵਲ ਸ਼ਾਸਤ੍ਰੀਆਂ ਲਈ ਨਾਵਲ ਵਸਤੂ ਤੋਂ ਵਸਤੂ ਤੱਕ ਦੀ ਯਾਤਰਾ ਹੈ ਜਿਸਦੇ ਦਰਮਿਆਨ ਸਭ ਕਲਾ ਹੈ। ਰੂਪਵਾਦੀਆਂ ਤੇ ਸੰਰਚਨਾਵਾਦੀਆਂ ਲਈ ਨਾਵਲ ਗਲਪ ਤੋਂ ਗਲਪ ਤੱਕ ਦਾ ਸਫ਼ਰ ਹੈ, ਸੱਚ ਜਿਸਦੇ ਦਰਮਿਆਨ ਹੈ।"[5]

ਨਾਵਲ ਆਧੁਨਿਕ ਬਿਰਤਾਂਤ ਦੀ ਯਥਾਰਥਵਾਦੀ ਵਿਧਾ ਹੈ। ਇਸ ਸੰਬੰਧੀ ਡਾ. ਰਾਹੀ ਨੇ ਇਹ ਕਿਹਾ ਹੈ ਕਿ "ਵਿਧਾ ਸ਼ਾਸਤਰੀ ਜ਼ਾਵੀਏ ਤੋਂ ਨਾਵਲ ਇਕ ਲੰਮੀ ਗੱਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤ੍ਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਹੁੰਦਾ ਹੈ... ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਤਮਾਮ ਰੂਪਾਂ ਵਾਂਗ ਨਾਵਲ ਵੀ ਇਕ ਗਲਪਨਿਕ ਵਸਤੂ ਹੈ। ਪਰ ਵਾਸਤਵਿਕ ਹਵਾਲਿਆਂ ਦੀ ਕੰਗਰੋੜ ਕਰਕੇ ਯਥਾਰਥਕ ਹੋਣ ਦਾ ਜੋ ਪ੍ਰਭਾਵ ਨਾਵਲ ਤੋਂ ਮਿਲਦਾ ਹੈ, ਸਾਹਿਤ ਦੇ ਕਿਸੇ ਹੋਰ ਰੂਪ ਤੋਂ ਨਹੀਂ ਮਿਲਦਾ।"[6]

ਨਾਵਲ ਨਿਰਾ-ਪੁਰਾ ਵਸਤੂ-ਜਗਤ ਨਹੀਂ ਹੁੰਦਾ ਸਗੋਂ ਵਸਤੂ-ਜਗਤ ਵਰਗਾ ਲਗਦਾ ਹੈ। ਸਾਹਿਤ ਦੇ ਹੋਰ ਰੂਪਾਂ ਵਾਂਗ ਨਾਵਲਕਾਰ ਵੀ ਆਪਣੀ ਕਲਪਨਾ ਦੇ ਆਧਾਰ ਤੇ ਨਾਵਲ ਦੀ ਸਿਰਜਨਾ ਕਰਦਾ ਹੈ।

ਡਾ. ਜਗਬੀਰ ਸਿੰਘ ਅਨੁਸਾਰ, "ਨਾਵਲ ਦੀ ਗਲਪ ਵਿਧੀ ਪ੍ਰਮੁੱਖ ਰੂਪ ਵਿਚ ਅਨੁਕਰਣਾਤਮਕ ਹੈ ਜੋ ਪੂਰਬ-ਪ੍ਰਚੱਲਤ ਪੁਰਾਣ-ਕਥਾ ਜਾਂ ਰੁਮਾਂਸ-ਕਥਾ ਦੀ ਗਲਪ-ਵਿਧੀ ਨਾਲੋਂ ਮੌਲਿਕ ਤੌਰ ਤੇ ਭਿੰਨ ਹੋ ਨਿਬੜਦੀ ਹੈ। ਇਹੀ ਕਾਰਨ ਹੈ ਕਿ ਨਾਵਲ ਵਿਚੋਂ ਨਾ ਤਾਂ ਪੁਰਾਣ ਕਥਾ ਵਾਂਗ ਕਿਸੇ ਪਰਾ-ਮਨੁੱਖੀ ਹੋਂਦ ਦੀ ਅਲੌਕਿਕ ਕਥਾ ਸੁਣਾਈ ਜਾਂਦੀ ਹੈ ਅਤੇ ਨਾ ਹੀ ਰੁਮਾਂਸ-ਕਥਾ ਵਾਂਗ ਕਿਸੇ ਚਮਤਕਾਰੀ ਪ੍ਰਤਿਭਾ ਵਾਲੇ ਨਾਇਕ ਦੀ ਆਦਰਸ਼ ਪ੍ਰੇਰਿਤ ਕਥਾ ਦਾ ਵਿਧਾਨ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਹ ਤਾਂ ਸਾਧਾਰਣ ਮਨੁੱਖਾਂ ਨੂੰ

ਸਮਾਜਿਕ ਸੰਸਥਾਵਾਂ, ਰਿਸ਼ਤੇ-ਨਾਤਿਆਂ ਅਤੇ ਕਦਰਾਂ-ਕੀਮਤਾਂ ਦੇ ਯਥਾਰਥਕ ਮਾਹੌਲ ਵਿਚ ਰੱਖਕੇ ਪ੍ਰਸਤੁਤ ਕਰਨ ਦੀ ਚੇਸ਼ਟਾ ਕਰਦਾ ਹੈ।"[7]

ਨਾਵਲ ਸਾਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਰੂਪਮਾਨ ਕਰਦਾ ਹੈ। ਇਸੇ ਤਰ੍ਹਾਂ ਹੀ ਡਾ. ਟੀ.ਆਰ.ਵਿਨੋਦ ਲਿਖਦੇ ਹਨ ਕਿ "ਮਨੁੱਖੀ ਸੰਸਕ੍ਰਿਤੀ ਵਿਰਸੇ ਵਿਚ ਮਿਲੇ ਕੁਝ ਇਕ ਦੈਵੀ ਤੇ ਸਦੀਵੀ ਸੰਸਕਾਰਾਂ ਦਾ ਸਮੂਹ ਨਹੀਂ, ਸਗੋਂ ਨਿਰੰਤਰ ਪਰਿਵਰਤਨਸ਼ੀਲ ਪਰਸਪਰ ਵਿਰੋਧੀ ਵਿਵਿਧ ਤੇ ਜਟਿਲ ਭਾਵਾਂ ਦਾ ਮਿਸ਼ਰਣ ਹੈ। ਮਨੁੱਖ ਬਾਬਤ ਇਹ ਸੱਚ ਸਾਹਿਤ ਦੇ ਪ੍ਰਚੱਲਿਤ ਰੂਪਾਂ ਕਵਿਤਾ, ਨਾਟਕ ਅਤੇ ਪੁਰਾਣੇ ਬਿਰਤਾਂਤਾਂ ਵਿਚ ਪ੍ਰਗਟ ਨਹੀਂ ਹੋ ਸਕਦਾ ਸੀ। ਇਸਦੇ ਪ੍ਰਗਟਾਅ ਲਈ ਵਧੇਰੇ ਮੋਕਲ੍ਹੇ ਵਧੇਰੇ ਆਜ਼ਾਦ ਮਾਧਿਅਮ ਦੀ ਲੋੜ ਸੀ। ਇਸ ਲੋੜ ਦੀ ਪੂਰਤੀ ਉਪਨਿਆਸ ਨੇ ਕੀਤੀ ਮਨੁੱਖ ਦੀਆਂ ਸਾਧਾਰਨ, ਨਿੱਤ ਬਦਲਦੀਆਂ, ਵਿਸਤਾਰ ਫੜਦੀਆਂ, ਜਟਿਲ ਹੁੰਦੀਆਂ ਪਰਸਪਰ-ਵਿਰੋਧੀ ਭਾਵਨਾਵਾਂ ਦਾ ਹਾਲਾਤ ਦੇ ਪ੍ਰਸੰਗ ਵਿਚ ਚਿਤਰ, ਸ਼ਾਇਦ ਸਾਹਿਤ ਦਾ ਹੋਰ ਕੋਈ ਰੂਪ ਪ੍ਰਸਤੁਤ ਨਹੀਂ ਕਰ ਸਕਦਾ। ਇਹ ਸਮਰੱਥਾ ਉਪਨਿਆਸ ਵਿਚ ਹੀ ਹੈ।"[8]

ਨਾਵਲ ਆਪਣੇ ਆਪ ਨੂੰ ਪ੍ਰਚੱਲਿਤ ਰਹਿ ਚੁੱਕੇ ਸਾਹਿਤਕ ਰੂਪਾਂ ਤੋਂ ਨਿਖੇੜਦਾ ਵੀ ਹੈ ਤੇ ਆਪਣੇ ਆਪ ਵਿਚ ਸਮਾਉਂਦਾ ਵੀ ਹੈ। ਨਾਵਲ ਯਥਾਰਥ ਨੂੰ ਕਲਪਿਤ ਰੂਪ ਵਿਚ ਸਿਰਜਨਾ ਦੀ ਕਲਾ ਹੈ। ਇਸ ਵਿਚ ਵਾਪਰਦੀਆਂ ਘਟਨਾਵਾਂ ਆਮ ਮਨੁੱਖ ਨਾਲ ਵਾਪਰਦੀਆਂ ਹੋਣ ਕਰਕੇ ਮਨੁੱਖੀ ਜੀਵਨ ਨਾਲ ਡੂੰਘੀ ਸਾਂਝ ਰੱਖਦਾ ਹੈ। ਨਾਵਲ ਪੁਰਾਤਨ ਸਾਹਿਤਕ ਰੂਪਾਂ ਦੇ ਮੁਕਾਬਲੇ ਮਨੁੱਖੀ ਜੀਵਨ ਨਾਲ ਡੂੰਘੀ ਸਾਂਝ ਰੱਖਦਾ ਹੈ। ਨਾਵਲ ਪੁਰਾਤਨ ਸਾਹਿਤਕ ਰੂਪਾਂ ਦੇ ਮੁਕਾਬਲੇ ਮਨੁੱਖੀ ਜੀਵਨ ਨੂੰ ਚੰਗੀ ਤਰ੍ਹਾਂ ਰੂਪਮਾਨ ਕਰਦਾ ਹੈ।

ਹਰ ਨਾਵਲ ਦਾ ਰੂਪ ਉਸ ਵਿਚਲੇ ਤੱਤਾਂ ਤੇ ਆਧਾਰਿਤ ਹੀ ਹੁੰਦਾ ਹੈ। ਨਾਵਲਕਾਰ ਨਾਵਲ ਦੀ ਸਿਰਜਨਾ ਉਨੀ ਵਧੀਆ ਹੀ ਕਰ ਸਕਦਾ ਹੈ ਜਿੰਨਾ ਉਸ ਕੋਲ ਵਾਸਤਵਿਕ ਜੀਵਨ ਦਾ ਅਨੁਭਵ ਹੁੰਦਾ ਹੈ। ਨਾਵਲਕਾਰ ਚਾਹੇ ਜਿੰਨਾ ਮਰਜ਼ੀ ਸੱਚ ਪੇਸ਼ ਕਰਨ ਦੀ ਕੋਸ਼ਿਸ਼ ਕਰੇ, ਉਸ ਵਿਚੋਂ ਉਸਦੀ ਕਲਪਨਾ ਵੀ ਆਪ-ਮੁਹਾਰੇ ਸਮਾ ਜਾਂਦੀ ਹੈ। ਇਸ ਲਈ ਨਾਵਲਕਾਰ ਨਾਵਲ ਦੀ ਸਿਰਜਨਾ ਕਰਨ ਸਮੇਂ ਕਈ ਜੁਗਤਾਂ ਦੀ ਵਰਤੋਂ ਕਰਦਾ ਹੋਇਆ ਕਈ ਤੱਤਾਂ ਦੇ ਸੁਮੇਲ ਤੋਂ ਨਾਵਲ ਦੀ ਬਣਤਰ ਨੂੰ ਰੂਪ ਦਿੰਦਾ ਹੈ।

ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ, "ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ ਜੀਵਨ ਫ਼ਲਸਫਾ, ਪਾਤਰ, ਗੋਂਦ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।"[9]

ਜਦ ਕਿ ਟੀ.ਆਰ.ਵਿਨੋਦ ਨੇ ਨਾਵਲ ਦੇ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਨਾਵਲ ਦੀ ਪਰਿਭਾਸ਼ਾ ਦਾ ਪੰਜਾਬੀ ਵਿਚ ਅਨੁਵਾਦ ਇਸ ਤਰ੍ਹਾਂ ਕੀਤਾ ਹੈ :

"ਉਪਨਿਆਸ ਗੱਦ ਵਿਚ ਲਿਖੀ ਹੋਈ ਕਾਫੀ ਲੰਬੀ (ਅੱਜ ਕੱਲ੍ਹ ਇੰਨੀ ਕੁ ਲੰਬੀ ਕਿ ਇਕ ਜਾਂ ਦੋ ਜਿਲਦਾਂ ਬਣ ਸਕਣ) ਗਲਪਾਤਮਕ ਕਥਾ ਜਾਂ ਕਹਾਣੀ ਹੈ ਜਿਸ ਵਿਚ ਵੱਧ ਜਾਂ ਘੱਟ ਕਥਾਨਕ ਰਾਹੀਂ ਅਤੀਤ ਜਾਂ ਵਰਤਮਾਨ ਦੇ ਵਾਸਤਵਿਕ ਜੀਵਨ ਦੇ ਪ੍ਰਤੀਨਿਧ

ਪਾਤਰ ਅਤੇ ਕਾਰਜ ਪੇਸ਼ ਕੀਤੇ ਜਾਂਦੇ ਹਨ।"[10]

ਉਪਰੋਕਤ ਵੱਖ-ਵੱਖ ਵਿਦਵਾਨਾਂ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਨੂੰ ਜਾਣਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਅਜਿਹੀ ਸਾਹਿਤਕ ਲੰਬੀ ਕਹਾਣੀ ਹੈ ਜਿਸ ਵਿਚ ਸਮੁੱਚੇ ਜੀਵਨ ਦੀ ਤਸਵੀਰ ਪਾਤਰਾਂ, ਘਟਨਾਵਾਂ, ਵਾਰਤਾਲਾਪ, ਕਹਾਣੀ ਅਤੇ ਭਾਸ਼ਾ ਰਾਹੀਂ ਨਾਵਲਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਉਸ ਵਿਚੋਂ ਦਿਖਾਈ ਦਿੰਦਾ ਸੰਸਾਰ ਸੱਚ ਨਾ ਹੁੰਦਿਆਂ ਵੀ ਸੱਚ ਪ੍ਰਤੀਤ ਹੁੰਦਾ ਹੈ। ਪੰਜਾਬੀ ਨਾਵਲ ਦਾ ਜਨਮ ਕਿਹੜੀਆਂ ਵਿਸ਼ੇਸ਼ ਤੇ ਵਿਲੱਖਣ ਪਰਸਥਿਤੀਆਂ ਵਿਚੋਂ ਹੋਇਆ ਇਸ ਬਾਰੇ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਦਿੱਤੇ ਹਨ। ਬਹੁਤ ਵਿਦਵਾਨ ਪੰਜਾਬੀ ਨਾਵਲ ਨੂੰ ਪੱਛਮੀ ਪ੍ਰਭਾਵ ਅਧੀਨ ਉਪਜਿਆ ਮੰਨਦੇ ਹਨ ਜਦ ਕਿ ਕੁਝ ਵਿਦਵਾਨ ਪੰਜਾਬੀ ਨਾਵਲ ਦਾ ਜਨਮ ਮੱਧਕਾਲੀ ਬਿਰਤਾਂਤ ਸਾਹਿਤ ਤੋਂ ਹੋਇਆ ਮੰਨਦੇ ਹਨ। ਕਿਉਂਕਿ ਨਾਵਲ ਨੇ ਮੱਧਕਾਲੀ ਸਾਹਿਤ ਤੋਂ ਬਹੁਤ ਅੰਸ਼ ਪ੍ਰਾਪਤ ਕੀਤੇ ਹਨ ਜਿਵੇਂ ਕਥਾਨਕ ਰੂੜ੍ਹੀਆਂ, ਨਾਇਕ-ਨਾਇਕਾ ਅਤੇ ਖਲਨਾਇਕਾਂ ਦਾ ਸੰਕਲਪ ਆਦਿ ਮੱਧਕਾਲੀ ਬਿਰਤਾਂਤ ਤੋਂ ਹੀ ਚਲਿਆ ਆ ਰਿਹਾ ਹੈ ਜਿਸਨੂੰ ਨਾਵਲ ਨੇ ਪੂਰੀ ਤਰ੍ਹਾਂ ਅਪਣਾਇਆ ਹੈ, ਜਿਸ ਵਿਚ ਕਿੱਸਾ, ਵਾਰ, ਜੰਗਨਾਮਾ ਅਤੇ ਸਾਖੀਆਂ ਆਦਿ ਵਿਚੋਂ ਪ੍ਰਚੱਲਿਤ ਬਿਰਤਾਂਤਕ ਰਚਨਾ ਵਿਧੀਆਂ ਨੂੰ ਨਾਵਲ ਵਿਚੋਂ ਦੇਖਿਆ ਜਾ ਸਕਦਾ ਹੈ।

ਗੋਰਕੀ ਦਾ ਕਥਨ ਹੈ, "ਨਵੇਂ ਲੇਖਕ ਦੀ ਲਗਪਗ ਹਰ ਨਵੀਂ ਪੁਸਤਕ ਵਿਚ ਉਸ ਨਾਲੋਂ ਪਹਿਲਾਂ ਆਈਆਂ ਕਿਰਤਾਂ ਨਾਲ ਕੋਈ ਨਾ ਕੋਈ ਲੁਕਵਾਂ ਸੰਬੰਧ ਜ਼ਰੂਰ ਹੁੰਦਾ ਹੈ ਅਤੇ ਹਰ ਨਵੀਂ ਕਿਰਤ ਵਿਚ ਪੁਰਾਣੀ ਦੇ ਅੰਸ਼ ਮੌਜੂਦ ਹੁੰਦੇ ਹਨ।"[11]

ਪਰ ਇਹ ਵੀ ਦੇਖਿਆ ਜਾਂਦਾ ਹੈ ਕਿ ਪੰਜਾਬੀ ਨਾਵਲ ਪੱਛਮੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਉਪਜਿਆ ਹੈ, ਪਰੰਤੂ ਨਾਵਲ ਤੇ ਪੱਛਮ ਦਾ ਹੀ ਨਹੀਂ ਸਗੋਂ ਬੰਗਾਲੀ, ਹਿੰਦੀ ਤੇ ਉਰਦੂ ਸਾਹਿਤ ਦਾ ਪ੍ਰਭਾਵ ਵੀ ਪਿਆ।

ਡਾ. ਅਤਰ ਸਿੰਘ ਅਨੁਸਾਰ, "ਨਾਵਲ ਯੂਰਪ ਤੋਂ ਆਇਆ ਹੈ। ਇਹ ਇਕ ਅਜਿਹਾ ਰੂਪ ਹੈ ਜਿਸਨੂੰ ਅਸਾਂ ਆਪਣੀ ਸਭਿਆਚਾਰ ਚੇਤਨਾ ਦੇ ਅੰਦਰ ਗ੍ਰਹਿਣ ਕੀਤਾ ਹੈ ਅਤੇ ਅਜਿਹਾ ਕਰਨ ਲਈ ਇਸਨੂੰ ਤੋੜਿਆ-ਮਰੋੜਿਆ ਹੈ ਤੇ ਇਸਨੂੰ ਬਿਲਕੁਲ ਨਵੀਂ ਚੀਜ਼ ਬਣਾ ਲਿਆ ਹੈ ਜਿਸਨੂੰ ਅਸੀਂ ਪੰਜਾਬੀ ਨਾਵਲ ਜਾਂ ਭਾਰਤੀ ਨਾਵਲ ਕਹਾਂਗੇ।"[12]

ਨਾਵਲ ਦੇ ਜਨਮ ਬਾਰੇ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਜਿਥੇ ਪੰਜਾਬੀ ਨਾਵਲ ਪੱਛਮੀ ਪ੍ਰਭਾਵ ਅਤੇ ਮੱਧਕਾਲੀ ਬਿਰਤਾਂਤ ਸਾਹਿਤ ਦੇ ਸਾਂਝੇ ਪ੍ਰਭਾਵ ਤੋਂ ਪੈਦਾ ਹੋਇਆ ਉਥੇ ਭਾਰਤੀ ਰਾਜਨੀਤਿਕ ਅਤੇ ਇਤਿਹਾਸਕ ਸਥਿਤੀਆਂ ਦੀ ਉਪਜ ਵੀ ਹੈ, ਕਿਉਂਕਿ ਮੱਧਕਾਲੀ ਸਾਹਿਤ ਸਮੁੱਚੇ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਟਾਉਣ ਤੋਂ ਅਸਮਰੱਥ ਸੀ।

ਡਾ. ਹਿੰਮਤ ਸਿੰਘ ਅਨੁਸਾਰ, "ਨਾਵਲ ਰਚਣ ਲਈ ਲੇਖਕ ਨੂੰ ਜੀਵਨ ਦੀ ਵਿਸ਼ਾਲ ਸੂਝ ਹੋਣੀ ਚਾਹੀਦੀ ਹੈ। ਹਰ ਸਮਾਜ ਵਿਚ ਨਾਵਲ ਰਚਨਾ ਉਦੋਂ ਹੀ ਆਰੰਭ ਹੁੰਦੀ ਹੈ

ਜਦੋਂ ਸਮਾਜ ਵਿਚ ਚੇਤੰਨਤਾ ਆ ਜਾਵੇ। ਇਹ ਚੇਤੰਨਤਾ ਸਮਾਜ ਵਿਚ ਪੂੰਜੀਵਾਦੀ ਆਰਥਿਕ ਪ੍ਰਬੰਧ ਦੇ ਆ ਜਾਣ ਨਾਲ ਆਰੰਭ ਹੁੰਦੀ ਹੈ। ਇਸ ਲਈ ਨਾਵਲ ਕਲਾ ਨੂੰ ਅਸੀਂ ਪੂੰਜੀਵਾਦੀ ਸਮਾਜ ਦੀ ਉਪਜ ਹੀ ਮੰਨਦੇ ਹਾਂ।"[13]

ਸੋ ਪੰਜਾਬੀ ਨਾਵਲ ਦਾ ਮੁੱਢ ਭਾਵੇਂ ਯੂਰਪੀ ਨਾਵਲ ਦੇ ਪ੍ਰਭਾਵ ਅਧੀਨ ਹੋਇਆ ਮੰਨਿਆ ਜਾਂਦਾ ਹੈ ਪਰੰਤੂ ਇਕ ਮੱਤ ਇਹ ਵੀ ਹੈ ਕਿ ਪੰਜਾਬੀ ਨਾਵਲ ਦਾ ਜਨਮ ਈਸਾਈ ਮਿਸ਼ਨਰੀਆਂ ਦੁਆਰਾ ਲਿਖੇ ਤੇ ਅਨੁਵਾਦ ਕੀਤੇ ਨਾਵਲਾਂ ਤੋਂ ਹੋਇਆ। ਪੰਜਾਬੀ ਵਿਚ ਛਪਿਆ ਪਹਿਲਾ ਨਾਵਲ 'ਮਸੀਹੀ ਮੁਸਾਫ਼ਰ ਦੀ ਯਾਤਰਾ' (1859) ਹੈ ਜੋ ਕਿ ਜਾਨ੍ਹ ਬਨੀਅਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰੋਗ੍ਰੈਸ' ਦਾ ਅਨੁਵਾਦ ਰੂਪ ਹੈ। ਇਸ ਤੋਂ ਬਾਅਦ ਈਸਾਈ ਮਿਸ਼ਨਰੀਆਂ ਦੁਆਰਾ 'ਜਯੋਤਿਰੁਦਯ' (1882) ਨਾਵਲ ਪੰਜਾਬੀ ਵਿਚ ਪ੍ਰਕਾਸ਼ਿਤ ਹੋਇਆ। 'ਜਯੋਤਿਰੁਦਯ' ਦਾ ਅਰਥ 'ਜੋਤ ਦਾ ਉਦੈ' ਹੋਣਾ ਹੈ।

ਇਸ ਨਾਵਲ ਬਾਰੇ ਡਾ. ਰਾਹੀ ਦਾ ਵਿਚਾਰ ਹੈ ਕਿ "ਜਯੋਤਿਰੁਦਯ ਵਰਗੀਆਂ ਰਚਨਾਵਾਂ ਵਿਚ ਯਥਾਰਥਵਾਦੀ ਜੁਗਤਾਂ ਦੁਆਰਾ ਸਾਡੀ ਸਮਾਜਿਕ-ਸਭਿਆਚਾਰਕ ਜ਼ਿੰਦਗੀ ਦੀਆਂ ਕਮਜ਼ੋਰੀਆਂ ਉਘਾੜੀਆਂ ਗਈਆਂ ਹਨ। ਇਨ੍ਹਾਂ ਕਮਜ਼ੋਰੀਆਂ ਦੇ ਹਵਾਲੇ ਵਿਚ ਇਸਾਈਅਤ ਤੇ ਅੰਗਰੇਜ਼ੀ ਰਾਜ ਤੇ ਪੱਛਮੀ ਸਭਿਅਤਾ ਦੀ ਬਿਹਤਰੀ ਜਤਾਈ ਗਈ ਹੈ।"[14]

ਇਨ੍ਹਾਂ ਨਾਵਲਾਂ ਵਿਚ ਅੰਗਰੇਜ਼ੀ ਰਾਜ ਦੀ ਵਡਿਆਈ ਤੇ ਭਾਰਤੀ ਸਭਿਅਤਾ ਦੀ ਨਿੰਦਿਆ ਕੀਤੀ ਗਈ ਭਾਵੇਂ ਇਨ੍ਹਾਂ ਨਾਵਲਾਂ ਦਾ ਮਨੋਰਥ ਈਸਾਈ ਧਰਮ ਦਾ ਪ੍ਰਚਾਰ ਕਰਨਾ ਵੀ ਸੀ ਪਰੰਤੂ ਇਨ੍ਹਾਂ ਨਾਵਲਾਂ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਜਿਸਦਾ ਉਦੇਸ਼ ਸਿੱਖਾਂ ਵਿਚ ਧਾਰਮਿਕ ਭਾਵਨਾ ਨੂੰ ਉਜਾਗਰ ਕਰਨਾ ਤੇ ਸਮਾਜ ਵਿਚ ਆ ਰਹੀਆਂ ਕੁਰੀਤੀਆਂ ਨੂੰ ਖ਼ਤਮ ਕਰਨਾ ਸੀ ਜਿਸਦੇ ਆਸ਼ਿਆਂ ਨੂੰ ਮੁੱਖ ਰੱਖਕੇ ਭਾਈ ਵੀਰ ਸਿੰਘ ਤੇ ਉਸਦੇ ਸਮਕਾਲੀਆਂ ਨੇ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਚਿਤਰਦੇ ਹੋਏ ਸਿੱਖ ਧਰਮ ਪ੍ਰਤੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਨਾਵਲ ਲਿਖੇ।

ਆਧੁਨਿਕ ਪੰਜਾਬੀ ਨਾਵਲ ਦੇ ਇਤਿਹਾਸਕ ਪ੍ਰਸੰਗ ਵਿਚ ਪੰਜਾਬੀ ਨਾਵਲ ਦਾ ਪਹਿਲਾ ਮੌਲਿਕ ਨਾਵਲ ਭਾਈ ਵੀਰ ਸਿੰਘ ਦੁਆਰਾ ਰਚਿਤ 'ਸੁੰਦਰੀ' ਨਾਵਲ ਨੂੰ ਮੰਨਿਆ ਜਾਂਦਾ ਹੈ ਜੋ ਸਿੱਖ ਧਰਮ ਦੀ ਮਰਿਯਾਦਾ ਨੂੰ ਪੇਸ਼ ਕਰਦਾ ਹੈ। ਸਿੱਖ ਧਰਮ ਨਾਲ ਸੰਬੰਧਿਤ ਭਾਈ ਵੀਰ ਸਿੰਘ ਨੇ ਬਿਜੈ ਸਿੰਘ, ਸਤਵੰਤ ਕੌਰ ਤੇ ਬਾਬਾ ਨੌਧ ਸਿੰਘ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਇਉਂ ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਵਿਚ ਮੌਲਿਕ ਨਾਵਲ ਲਿਖਣ ਦਾ ਮੁੱਢ ਬੱਝਦਾ ਹੈ। ਦੂਜੇ ਪਾਸੇ ਸਿੰਘ ਸਭਾ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲ ਵੇਖੇ ਜਾ ਸਕਦੇ ਹਨ। ਭਾਈ ਮੋਹਨ ਸਿੰਘ ਵੈਦ ਨੇ ਇਕ ਸਿੱਖ ਘਰਾਣਾ, ਸੁਖਦੇਵ ਕੌਰ, ਸ੍ਰੇਸ਼ਟ ਕੁਲਾ ਦੀ ਚਾਲ, ਦੰਪਤੀ ਪਿਆਰ, ਸੁਭਾਗ ਕੌਰ ਅਤੇ ਚਰਨ ਸਿੰਘ ਸ਼ਹੀਦ ਨੇ ਸ਼ਰਾਬ ਕੌਰ, ਦੋ ਵਹੁਟੀਆਂ, ਰਣਜੀਤ

ਕੌਰ ਆਦਿ ਨਾਵਲ ਲਿਖੇ। ਇਸ ਮੁੱਢਲੇ ਨਾਵਲ ਨੂੰ ਸਮਝਣ ਲਈ ਡਾ. ਰਾਹੀ ਦੀ ਟਿੱਪਣੀ ਪਾਏਦਾਰ ਜਾਪਦੀ ਹੈ :

"ਭਾਈ ਵੀਰ ਸਿੰਘ ਅਤੇ ਮੋਹਨ ਸਿੰਘ ਵੈਦ ਆਦਿ ਦੇ ਨਾਵਲਾਂ ਵਿਚ ਸਿੱਖਾਂ ਵਿਚ ਬੜੀ ਤੇਜੀ ਨਾਲ ਫੈਲ ਰਹੀ ਜਿਸ ਰਹਿਤ-ਮਰਯਾਦਾ ਦੀ ਅਧੋਗਤੀ ਦਾ ਤੀਖਣ ਅਹਿਸਾਸ ਮਿਲਦਾ ਹੈ ਉਹ ਜਯੋਤਿਰੁਦਯ ਵਰਗੀਆਂ ਰਚਨਾਵਾਂ ਦੁਆਰਾ ਪ੍ਰਸਾਰੇ ਜਾ ਰਹੇ ਸੁਤੰਤਰਤਾ ਦੇ ਸੰਕਲਪ ਦਾ ਹੀ ਸਿੱਟਾ ਪ੍ਰਤੀਤ ਹੁੰਦਾ ਹੈ ਕਿਉਂਕਿ ਜਯੋਤਿਰੁਦਯ ਵਿਚ ਅੰਗਰੇਜ਼ੀ ਆਚਾਰ ਵਿਹਾਰ, ਪੱਛਮੀ ਪਹਿਰਾਵੇ, ਵਿਅਕਤੀਗਤ ਸੁੰਦਰਤਾ ਅਤੇ ਅੰਗਰੇਜ਼ੀ ਵਿਦਿਆ ਆਦਿ ਵਰਗੀਆਂ ਜਿਨ੍ਹਾਂ ਗੱਲਾਂ ਨੂੰ ਭਾਰਤੀਆਂ ਦੀ ਸੁਤੰਤਰਤਾ ਦਾ ਮਾਰਗ ਦੱਸਿਆ ਗਿਆ ਹੈ, ਉਹੀ ਗੱਲਾਂ ਭਾਈ ਵੀਰ ਸਿੰਘ ਅਤੇ ਮੋਹਨ ਸਿੰਘ ਵੈਦ ਆਦਿ ਦੇ ਨਾਵਲਾਂ ਵਿਚ ਸਭਿਆਚਾਰਕ ਪਤਨ ਦੀਆਂ ਹਾਲਤਾਂ ਪੈਦਾ ਕਰਨ ਦੀਆਂ ਜ਼ਿੰਮੇਵਾਰ ਠਹਿਰਾਈਆਂ ਗਈਆਂ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸਾਡੇ ਇਨ੍ਹਾਂ ਨਾਵਲਕਾਰਾਂ ਦੀ ਰਚਨਾ ਦਾ ਮੁੱਖ ਪ੍ਰਯੋਜਨ ਜਯੋਤਿਰੁਦਯ ਵਾਲੀ ਸੁਤੰਤਰਤਾ ਦਾ ਖੰਡਨ ਕਰਨਾ ਹੈ। ਇਸ ਸੁਤੰਤਰਤਾ ਦਾ ਬਦਲ ਭਾਈ ਵੀਰ ਸਿੰਘ ਸਿੱਖੀ ਦੇ ਪੁਰਾਣੇ ਗੌਰਵ ਦੀ ਪੁਨਰ-ਸੁਰਜੀਤੀ ਵਿਚ ਲੱਭਦਾ ਹੈ ਜੋ ਸ਼੍ਰੇਣਿਕ ਦ੍ਰਿਸ਼ਟੀਕੋਣ ਤੋਂ ਸਿੱਖਾਂ ਦੇ ਉਪਰਲੇ ਤਬਕੇ ਦੇ ਗਵਾਚੇ ਪ੍ਰਭੁਤਵ ਦੇ ਉਦਰੇਵੇਂ ਦਾ ਵੀ ਪ੍ਰਗਟਾਅ ਹੈ।"[15]

ਪੰਜਾਬੀ ਨਾਵਲ ਦੀ ਦੂਸਰੀ ਅਵਸਥਾ ਜਿਸ ਵਿਚ ਸਮਾਜਿਕ ਨਾਵਲ ਜਨਮ ਲੈਂਦਾ ਹੈ ਉਸ ਵਿਚ ਚਾਰ ਵਿਸ਼ੇਗਤ ਪ੍ਰਵਿਰਤੀਆਂ ਪ੍ਰਚੱਲਿਤ ਹੁੰਦੀਆਂ ਹਨ। ਪਹਿਲੀ ਵਿਅਕਤੀਵਾਦੀ ਸੁਧਾਰਵਾਦ, ਦੂਜੀ ਰੋਮਾਂਟਿਕ ਯਥਾਰਥਵਾਦੀ, ਤੀਜੀ ਪ੍ਰਗਤੀਵਾਦੀ ਅਤੇ ਚੌਥੀ ਯਥਾਰਥਵਾਦੀ ਹੈ। ਇਹਨਾਂ ਪ੍ਰਵਿਰਤੀਆਂ ਦੇ ਅਧੀਨ ਪ੍ਰਮੁੱਖ ਨਾਵਲਕਾਰ ਨਾਨਕ ਸਿੰਘ, ਕਰਨਲ ਨਰਿੰਦਰਪਾਲ ਸਿੰਘ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ ਅਤੇ ਸੋਹਣ ਸਿੰਘ ਸੀਤਲ ਆਦਿ ਨਾਵਲਕਾਰਾਂ ਨੇ ਧਰਮ/ਸੰਪ੍ਰਦਾਇਕ ਦ੍ਰਿਸ਼ਟੀ ਨੂੰ ਆਧਾਰ ਬਣਾਉਣ ਦੀ ਬਜਾਇ ਧਰਮ ਨਿਰਪੱਖ ਸੋਚ ਨੂੰ ਨਾਵਲੀ-ਜਗਤ ਦੀ ਉਸਾਰੀ ਦਾ ਮਾਧਿਅਮ ਬਣਾਇਆ।

ਡਾ. ਜਗਬੀਰ ਸਿੰਘ ਅਨੁਸਾਰ, "ਇਸ ਦੌਰ ਦੇ ਨਾਵਲਕਾਰਾਂ ਨੇ ਧਰਮ/ਸੰਪ੍ਰਦਾਇਕ ਦ੍ਰਿਸ਼ਟੀ ਨੂੰ ਆਧਾਰ ਬਣਾਉਣ ਦੀ ਬਜਾਇ ਧਰਮ-ਨਿਰਪੱਖ ਸੋਚ ਨੂੰ ਨਾਵਲੀ ਜਗਤ ਦੀ ਉਸਾਰੀ ਦਾ ਮਾਧਿਅਮ ਬਣਾਇਆ।"[16] ਨਾਵਲਕਾਰ ਨਾਨਕ ਸਿੰਘ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਸਮਕਾਲੀ ਸਮਾਜਿਕ, ਆਰਥਿਕ ਅਤੇ ਮੱਧ ਵਰਗ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੀ ਸਥਿਤੀ ਵਿਚ ਆ ਰਹੀਆਂ ਤਬਦੀਲੀਆਂ ਆਦਿ ਨੂੰ ਆਪਣੇ ਨਾਵਲਾਂ ਵਿਚ ਮੂਲ ਸਮੱਸਿਆਵਾਂ ਦੇ ਮੁਹਾਂਦਰੇ ਵਜੋਂ ਪੇਸ਼ ਕਰਦੇ ਹੋਏ ਸਮਾਜਿਕ ਕੁਰੀਤੀਆਂ ਨੂੰ ਸੁਧਾਰਨ ਲਈ ਯਤਨਸ਼ੀਲ ਰਹੇ। ਸੋ ਨਾਨਕ ਸਿੰਘ ਨੇ ਪੰਜਾਬੀ ਨਾਵਲ ਨੂੰ ਧਾਰਮਿਕ ਵਲਗਣ ਵਿਚੋਂ ਕੱਢ ਕੇ ਮਨੁੱਖੀ ਜੀਵਨ ਦੀ ਯਥਾਰਥਕਤਾ ਨਾਲ ਜੋੜਿਆ। ਨਾਨਕ ਸਿੰਘ ਨੇ ਸਮਾਜਿਕ

ਸਮੱਸਿਆਵਾਂ ਜਿਨ੍ਹਾਂ ਵਿਚੋਂ ਵਿਧਵਾ ਵਿਆਹ, ਛੂਤ-ਛਾਤ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬਾਲ ਵਿਆਹ, ਵੇਸਵਾਪੁਣੇ ਦਾ ਸੰਤਾਪ ਆਦਿ ਸਮੱਸਿਆਵਾਂ ਤੋਂ ਇਲਾਵਾ ਦੇਸ਼ ਦੀ ਵੰਡ ਨਾਲ ਸੰਬੰਧਿਤ ਨਾਵਲ ਵੀ ਲਿਖੇ।

ਡਾ. ਟੀ.ਆਰ. ਵਿਨੋਦ ਅਨੁਸਾਰ, "ਇਸ ਤਰ੍ਹਾਂ ਪੰਜਾਬੀ ਨਾਵਲ ਨਾਨਕ ਸਿੰਘ ਦੇ ਹੱਥਾਂ ਵਿਚ ਆ ਕੇ ਨਵੀਆਂ ਰਾਹਾਂ ਤੇ ਤੁਰਨ ਲੱਗਿਆ। ਇਸ ਵਿਚ ਅਧਿਆਤਮਿਕਤਾ ਦੀ ਥਾਂ ਭੌਤਿਕਤਾ ਆਈ। ਰੋਮਾਂਸ ਦੀ ਥਾਂ ਵਾਸਤਵਿਕਤਾ ਨੇ ਮੱਲੀ। ਸੰਕੋਚ ਦੀ ਥਾਂ ਵਿਸਥਾਰ ਨੇ ਲਈ, ਸਥੂਲਤਾ ਦੀ ਥਾਂ ਸੂਖਮਤਾ ਦਾ ਚਿਤਰਣ ਹੋਣ ਲੱਗਾ... ਜੀਵਨ ਨੂੰ ਸਮੁੱਚੇ ਰੂਪ ਵਿਚ ਆਸ਼ਾਵਾਦੀ ਦ੍ਰਿਸ਼ਟੀ ਨਾਲ ਵੇਖਦਿਆਂ ਹੋਇਆਂ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਦਾ ਖੁੱਲ੍ਹਾ ਅਤੇ ਨਿਝਕ ਬਿਆਨ ਕੀਤਾ।"[17]

ਦੂਜੀ ਪੀੜ੍ਹੀ ਵਿਚ ਅਜਿਹੇ ਨਾਵਲਕਾਰ ਆਉਂਦੇ ਹਨ ਜਿਨ੍ਹਾਂ ਨੇ ਵਿਸ਼ੇ ਅਤੇ ਤਕਨੀਕ ਦੇ ਪੱਖ ਤੋਂ ਅਸਲ ਵਿਚ ਨਵੇਂ ਨਾਵਲਾਂ ਦੀ ਰਚਨਾ ਕੀਤੀ। ਨਾਨਕ ਸਿੰਘ ਤੋਂ ਬਾਅਦ ਜਸਵੰਤ ਕੰਵਲ, ਨਰਿੰਦਰਪਾਲ ਸਿੰਘ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਸੋਹਣ ਸਿੰਘ ਸੀਤਲ ਆਦਿ ਨਾਵਲਕਾਰ ਆਉਂਦੇ ਹਨ। ਜਸਵੰਤ ਕੰਵਲ ਅਜਿਹਾ ਨਾਵਲਕਾਰ ਹੈ ਜਿਸਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਜੋ ਉਸਦੀ ਸਭ ਤੋਂ ਮਹਾਨ ਦੇਣ ਹੈ। ਉਸਦੇ ਪ੍ਰਮੁੱਖ ਨਾਵਲ 'ਹਾਣੀ' ਅਤੇ 'ਪੂਰਨਮਾਸ਼ੀ' ਪੇਂਡੂ ਜੀਵਨ ਦੀ ਸਾਧਾਰਨਤਾ ਭਾਵ ਕਿਰਸਾਨੀ ਜੀਵਨ ਦੀ ਤਸਵੀਰ ਪੇਸ਼ ਕਰਦੇ ਹਨ। ਸੱਚ ਨੂੰ ਫਾਂਸੀ, ਪਾਲੀ, ਰਾਤ ਬਾਕੀ ਹੈ, ਸਿਵਲ ਲਾਈਨਜ਼ ਆਦਿ ਨਾਵਲਾਂ ਰਾਹੀਂ ਪਰੰਪਰਾ ਅਤੇ ਆਧੁਨਿਕਤਾ ਵਿਚ ਯਥਾਰਥਕ ਸੁਮੇਲ ਰੂਪਮਾਨ ਕਰਦੇ ਹਨ ਜਿਨ੍ਹਾਂ ਵਿਚ ਸਮਾਜਵਾਦੀ ਵਿਚਾਰ ਅਤੇ ਨਕਸਵਾਦੀ ਵਿਚਾਰ ਦੇਖਣ ਨੂੰ ਮਿਲਦੇ ਹਨ। ਬਿਕਰਮ ਸਿੰਘ ਘੁੰਮਣ ਅਨੁਸਾਰ, "ਕੰਵਲ ਨੇ ਆਪਣੀ ਰਚਨਾ ਦੌਰਾਨ ਕਿਸੇ ਇਕ ਵਿਚਾਰਧਾਰਾ ਨੂੰ ਨਹੀਂ ਅਪਨਾਇਆ ਸਗੋਂ ਸਮਕਾਲੀਨ ਸਮਾਜਿਕ ਇਤਿਹਾਸਕ ਸਥਿਤੀਆਂ, ਪਰਸਥਿਤੀਆਂ ਦੇ ਲਿਹਾਜ ਨਾਲ ਉਸਦੀ ਵਿਚਾਰਧਾਰਾ ਵਿਚ ਪਰਿਵਰਤਨ ਆਉਂਦਾ ਰਿਹਾ ਹੈ।"[18]

ਸੁਰਿੰਦਰ ਸਿੰਘ ਨਰੂਲਾ ਇਸ ਦੌਰ ਦਾ ਇਕ ਹੋਰ ਨਾਵਲਕਾਰ ਹੈ। ਜਿਸ ਬਾਰੇ ਅਮਰਜੋਤ ਸੇਖੋਂ ਨੇ ਕਿਹਾ ਹੈ ਕਿ "ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਪ੍ਰਤਿਸ਼ਠਿਤ ਹੋਣ ਵਾਲੇ ਨਾਵਲਕਾਰਾਂ ਵਿਚੋਂ ਕਲਾ ਤੇ ਸਿਧਾਂਤ ਦੀ ਸਭ ਤੋਂ ਵਧੇਰੇ ਸੂਝ ਵਾਲਾ ਸੁਰਿੰਦਰ ਨਰੂਲਾ ਹੈ।"[19] ਉਸਨੇ ਪਿਉ ਪੁੱਤਰ, ਰੰਗ ਮਹੱਲ, ਸਿੱਲ ਅਲੂਣੀ, ਦੀਨ ਤੇ ਦੁਨੀਆ, ਲੋਕ ਦੁਸ਼ਮਣ, ਜਗਰਾਤਾ, ਦਿਲ ਦਰਿਆ ਆਦਿ ਨਾਵਲਾਂ ਦੀ ਰਚਨਾ ਕੀਤੀ। ਸਾਰੇ ਨਾਵਲਾਂ ਵਿਚ ਵੱਖ-ਵੱਖ ਵਿਸ਼ਿਆਂ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਪੰਜਾਬੀ ਨਾਵਲ ਨੂੰ ਧਾਰਮਿਕ ਅਤੇ ਸਮਾਜ-ਸੁਧਾਰਕ ਪ੍ਰਤਿਮਾਨਕ ਗਲਪ-ਬਿੰਬ ਪੇਸ਼ ਕਰਨ ਦੀ ਥਾਂ ਯਥਾਰਥਕ ਦ੍ਰਿਸ਼ਟੀਕੋਣ ਤੋਂ ਰੂਪਮਾਨ ਕੀਤਾ ਹੈ ਜਿਸ ਨਾਲ ਪੰਜਾਬੀ ਨਾਵਲ ਵਿਚ ਇਕ ਨਵਾਂ ਮੋੜ ਆਉਂਦਾ ਹੈ।

"ਨਰਿੰਦਰਪਾਲ ਸਿੰਘ ਨਾਨਕ ਸਿੰਘ ਦਾ ਸਮਕਾਲੀ ਵੀ ਤੇ ਉਤਰਾਧਿਕਾਰੀ ਵੀ ਹੈ। ਇਸ ਕਾਲ ਵਿਚ ਉਸਨੇ ਚਾਰ ਸਮਾਜਿਕ ਨਾਵਲ ਇਕ ਰਾਹ ਇਕ ਪੜਾ, ਅਮਨ ਦੇ ਰਾਹ,

ਤ੍ਰੀਆ ਜਾਲ ਲਿਖੇ ਹਨ, ਜਿਨ੍ਹਾਂ ਵਿਚੋਂ ਪਹਿਲੇ ਦੋ ਸਮਾਜਿਕ ਸਮੱਸਿਆਵਾਂ ਨਾਲ ਸੰਬੰਧਿਤ ਹਨ।"[20]

ਨਰਿੰਦਰਪਾਲ ਸਿੰਘ ਨੇ ਪੰਜਾਬੀ ਸਾਹਿਤ ਵਿਚ ਗਿਣਨਾਤਮਕ ਅਤੇ ਗੁਣਾਤਮਕ ਪੱਖ ਤੋਂ ਜ਼ਿਆਦਾਤਰ ਇਤਿਹਾਸਕ ਨਾਵਲਾਂ ਰਾਹੀਂ ਆਪਣਾ ਯੋਗਦਾਨ ਪੰਜਾਬੀ ਨਾਵਲ ਜਗਤ ਵਿਚ ਪਾਇਆ ਜਿਸ ਵਿਚ 'ਖੰਨਿਉ ਤਿੱਖੀ ਵਾਲਹੁ ਨਿੱਕੀ', 'ਏਤਿ ਮਾਰਗ ਜਾਣਾ' ਅਤੇ 'ਇਕ ਸਰਕਾਰ ਬਾਝੋਂ' ਆਦਿ ਨਾਵਲਾਂ ਰਾਹੀਂ ਜਿਥੇ ਉਸਨੇ ਸਿੱਖਾਂ ਦੀ ਦਲੇਰੀ, ਕੁਰਬਾਨੀ ਤੇ ਸੂਰਮਗਤੀ ਨੂੰ ਦਰਸਾਇਆ ਹੈ ਉਥੇ ਟਾਪੂ ਵਰਗੇ ਨਾਵਲ ਵਿਚ ਆਧੁਨਿਕ ਮਨੁੱਖ ਨੂੰ ਮਾਨਸਿਕ ਸ਼ਾਂਤੀ ਬਦਲੇ ਮਿਲੇ ਪਦਾਰਥਕ ਸੁੱਖਾਂ ਤੇ ਵਿਅੰਗ ਕਸਿਆ ਹੈ। ਸਮੁੱਚੇ ਰੂਪ ਵਿਚ ਨਰਿੰਦਰਪਾਲ ਦੀ ਨਾਵਲਕਾਰੀ ਵਿਕਾਸ ਦੀ ਨਿਰੰਤਰ ਪ੍ਰਕਿਰਿਆ ਵਿਚ ਤੁਰਦੀ ਰਹੀ ਜਿਸ ਕਰਕੇ ਉਹ ਨਾਨਕ ਸਿੰਘ ਵਾਂਗ ਵਧੇਰੇ ਸਾਰਥਿਕ ਨਾਵਲ ਲਿਖਣ ਵਾਲਾ ਨਾਵਲਕਾਰ ਹੈ।

ਪ੍ਰੋ. ਪਿਆਰਾ ਸਿੰਘ ਅਨੁਸਾਰ, "ਸੰਤ ਸਿੰਘ ਸੇਖੋਂ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਨਾਲ ਇਕ ਨਵਾਂ ਦੌਰ ਬੌਧਿਕਤਾ ਦੇ ਨਾਮ ਨਾਲ ਸ਼ੁਰੂ ਹੁੰਦਾ ਹੈ। ਸੇਖੋਂ ਨਾਲ ਪੰਜਾਬੀ ਨਾਵਲ ਇਕ ਹੋਰ ਵਿਕਾਸ ਦੇ ਪੜਾਅ ਤੇ ਪੁੱਜਦਾ ਹੈ ਜਿਸਨੂੰ ਆਲੋਚਨਾਤਮਕ ਯਥਾਰਥਵਾਦ ਵੀ ਕਿਹਾ ਜਾਂਦਾ ਹੈ।"[21]

ਸੰਤ ਸਿੰਘ ਸੇਖੋਂ ਦੇ ਨਾਵਲਾਂ ਨਾਲ ਪੰਜਾਬੀ ਜਗਤ ਵਿਚ ਨਵਾਂ ਦੌਰ ਆਉਂਦਾ ਹੈ ਕਿਉਂਕਿ ਇਸ ਦੌਰ ਦੇ ਨਾਵਲਾਂ ਵਿਚ ਸਮਾਜਿਕ ਸੰਦਰਭ ਅਤੇ ਆਦਰਸ਼ਵਾਦੀ ਰੰਗਤ ਪੇਸ਼ ਕਰਨ ਦੀ ਥਾਂ ਸੇਖੋਂ ਆਪਣੇ ਨਾਵਲਾਂ ਵਿਚ 'ਲਹੂ ਮਿੱਟੀ' ਅਤੇ 'ਬਾਬਾ ਅਸਮਾਨ' ਨਾਵਲਾਂ ਵਿਚ ਯਥਾਰਥ ਨੂੰ ਦ੍ਰਿਸ਼ਟਮਾਨ ਕਰਦਾ ਹੈ। 'ਲਹੂ ਮਿੱਟੀ' ਨਾਵਲ ਰਾਹੀਂ ਸੇਖੋਂ ਸਮਕਾਲੀ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਮਾਨਸਿਕ ਤੇ ਆਰਥਿਕ ਸੰਕਟਾਂ ਦੇ ਯਥਾਰਥ ਨੂੰ ਰੂਪਮਾਨ ਕਰਕੇ ਪਰੰਪਰਕ ਸਮੱਸਿਆਵਾਂ ਪੇਸ਼ ਕਰਨ ਵਾਲੇ ਨਾਵਲ ਦੀ ਰੀਤ ਨੂੰ ਤੋੜਦਾ ਹੈ।

ਸੋਹਣ ਸਿੰਘ ਸੀਤਲ ਵੀ ਯਥਾਰਥਵਾਦੀ ਨਾਵਲਾਂ ਦੀ ਰਚਨਾ ਕਰਨ ਵਾਲਾ ਨਾਵਲਕਾਰ ਹੈ ਜਿਸਨੇ ਆਪਣੇ ਨਾਵਲਾਂ ਵਿਚ ਜ਼ਿਆਦਾਤਰ ਮਾਝੇ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ ਰੂਪਮਾਨ ਕੀਤਾ ਹੈ। ਜਦਕਿ 1947 ਦੀ ਵੰਡ ਦੇ ਪ੍ਰਭਾਵ ਨੂੰ ਉਸਨੇ 'ਤੂਤਾਂ ਵਾਲਾ ਖੂਹ' ਨਾਵਲ ਵਿਚ ਛੋਟੀ ਕਿਸਾਨੀ ਦੀਆਂ ਸਮੱਸਿਆਵਾਂ, ਮਜਬੂਰੀਆਂ ਨੂੰ ਦੁਖਾਂਤਕ ਰੂਪ ਵਿਚ ਰੂਪਮਾਨ ਕੀਤਾ। ਉਸਦੇ ਨਾਵਲ 'ਜੁੱਗ ਬਦਲ ਗਿਆ' ਨੇ ਭਾਰਤੀ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਕੀਤਾ ਜਿਸ ਵਿਚ ਸਮੁੱਚੀ ਸਮਾਜਿਕ ਅਵਸਥਾ ਦੀ ਤਬਦੀਲੀ ਕਾਰਨ ਪੈਦਾ ਹੋਈਆਂ ਕੁਰੀਤੀਆਂ ਜਿਸ ਵਿਚ ਨਜਾਇਜ਼ ਔਲਾਦ ਤੇ ਜਾਤੀਗਤ ਸਮੱਸਿਆਵਾਂ ਨੂੰ ਸਮਾਜਿਕ ਸੰਦਰਭਾਂ ਰਾਹੀਂ ਦ੍ਰਿਸ਼ਟਮਾਨ ਕੀਤਾ।

ਨਾਨਕ ਸਿੰਘ ਅਤੇ ਜਸਵੰਤ ਕੰਵਲ ਦੇ ਬਾਅਦ ਪੰਜਾਬੀ ਨਾਵਲ ਦੇ ਖੇਤਰ ਵਿਚ ਗੁਰਦਿਆਲ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ ਜੋ ਨਿਰੋਲ ਯਥਾਰਥਵਾਦੀ ਨਾਵਲਕਾਰ

ਹੈ, ਜਿਸਨੇ ਪੰਜਾਬ ਦੀ ਜਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿਚ ਵਾਪਰਨ ਵਾਲੀ ਤਬਦੀਲੀ ਦੇ ਨਾਲ ਇਸ ਤਬਦੀਲੀ ਕਾਰਨ ਉਪਜੇ ਮਨੁੱਖੀ ਸੰਕਟ ਨੂੰ ਵੀ ਤ੍ਰਾਸਦੀ ਰਾਹੀਂ ਪੇਸ਼ ਕੀਤਾ ਹੈ। ਮਾਲਵੇ ਦੇ ਭਾਈਚਾਰੇ ਦੇ ਸਮਾਜਿਕ ਯਥਾਰਥ ਅਤੇ ਰਿਸ਼ਤੇ ਦੇ ਬਦਲਦੇ ਰੂਪ ਕਰਕੇ ਸੰਤਾਪ ਭੋਗ ਰਹੇ ਆਮ ਲੋਕਾਂ ਦੀ ਤਸਵੀਰ ਦ੍ਰਿਸ਼ਟਮਾਨ ਕਰਨ ਵਾਲਾ ਵੱਖਰਾ ਹਸਤਾਖਰ ਹੈ ਜਿਸਨੇ ਪਹਿਲੀ ਵਾਰੀ ਮੱਧ ਸ਼੍ਰੇਣੀ ਤੋਂ ਹੇਠਲੀ ਪੱਧਰ ਦੇ ਪੇਂਡੂ ਲੋਕਾਂ ਦਾ ਅਨੁਭਵ ਅਤੇ ਯਥਾਰਥ ਵਧੇਰੇ ਡੂੰਘਾਈ ਤੋਂ ਚਿਤਰਿਆ ਹੈ। ਉਸਦੇ ਪ੍ਰਸਿੱਧ ਨਾਵਲਾਂ ਵਿਚ ਮੜ੍ਹੀ ਦਾ ਦੀਵਾ, ਅਣਹੋਏ, ਅੱਧ ਚਾਨਣੀ ਰਾਤ, ਅੰਨੇ ਘੋੜੇ ਦਾ ਦਾਨ, ਆਥਣ ਉੱਗਣ ਅਤੇ ਪਰਸਾ ਆਦਿ ਸ਼ਾਮਿਲ ਹਨ। ਗੁਰਦਿਆਲ ਸਿੰਘ ਦਾ ਨਾਵਲ 'ਅੱਧ ਚਾਨਣੀ ਰਾਤ' ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰ ਚੁੱਕਾ ਹੈ। ਸਮੁੱਚੇ ਰੂਪ ਵਿਚ ਗੁਰਦਿਆਲ ਸਿੰਘ ਸਮੁੱਚੇ ਪੰਜਾਬੀ ਨਾਵਲ ਦੀ ਗੌਰਵਸ਼ਾਲੀ ਪ੍ਰਾਪਤੀ ਹੈ। ਇਸ ਲਈ ਉਸਦੀ ਰਚਨਾ-ਦ੍ਰਿਸ਼ਟੀ ਅਤੇ ਬਿਰਤਾਂਤ ਸਿਰਜਣਾ ਆਪਣੇ ਆਪ ਵਿਚ ਮਿਸਾਲ ਹੈ।

ਕਰਤਾਰ ਸਿੰਘ ਦੁੱਗਲ ਪੰਜਾਬੀ ਨਾਵਲ ਵਿਚ ਮਨੋਵਿਗਿਆਨਕ ਨਾਵਲ ਦੇ ਖੇਤਰ ਵਿਚ ਵੱਖਰੀ ਪਛਾਣ ਰੱਖਦਾ ਹੈ। ਉਸਦੇ ਪ੍ਰਮੁੱਖ ਨਾਵਲਾਂ ਦੇ ਵਿਸ਼ੇ ਮਨੁੱਖੀ ਹੋਂਦ ਨਾਲ ਜੁੜੇ ਮਸਲਿਆਂ ਤੇ ਸੰਦਰਭਾਂ ਦੇ ਮਨੋਵਿਗਿਆਨਕ ਪਰਿਪੇਖਾਂ ਨੂੰ ਉਜਾਗਰ ਕਰਦੇ ਹਨ। ਉਸਦੇ ਪ੍ਰਸਿੱਧ ਨਾਵਲਾਂ ਵਿਚੋਂ ਆਂਦਰਾਂ, ਨਹੁੰ ਤੇ ਮਾਸ, ਇਕ ਦਿਲ ਵਿਕਾਊ ਹੈ, ਆਦਿ ਨਾਵਲਾਂ ਰਾਹੀਂ ਦੁੱਗਲ ਨੇ ਪੰਜਾਬੀ ਨਾਵਲ ਨੂੰ ਨਵੀਆਂ ਲੀਹਾਂ ਤੇ ਤੋਰਿਆ।

ਸੁਰਜੀਤ ਸਿੰਘ ਸੇਠੀ ਵੀ ਇਸੇ ਦੌਰ ਦਾ ਚਰਚਿਤ ਯਥਾਰਥਵਾਦੀ ਤੇ ਪ੍ਰਯੋਗਵਾਦੀ ਨਾਵਲਕਾਰ ਹੈ। ਚਾਹੇ ਉਹ ਨਾਟਕਕਾਰ ਦੇ ਤੌਰ ਤੇ ਵਧੇਰੇ ਚਰਚਿਤ ਰਿਹਾ ਪਰੰਤੂ ਬਤੌਰ ਨਾਵਲਕਾਰ ਵੀ ਉਸਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਨਵੇਂ ਤਜਰਬੇ ਕੀਤੇ। ਉਸਦੇ ਪ੍ਰਮੁੱਖ ਨਾਵਲ ਰੇਤ ਦਾ ਪਹਾੜ, ਕੰਧੀ ਉੱਤੇ ਰੁੱਖੜਾ, ਇਕ ਖਾਲੀ ਪਿਆਲਾ ਆਦਿ ਤਾਂ ਬਹੁਤ ਹੀ ਚਰਚਿਤ ਰਹੇ।

"ਸੇਠੀ ਦੇ ਵਿਸ਼ੇ ਸਾਡੇ ਜੀਵਨ ਦੀ ਪ੍ਰਤੀਨਿਧਤਾ ਕਰਦੇ ਹਨ ਪਰ ਉਸਦਾ ਦ੍ਰਿਸ਼ਟੀਕੋਣ ਵਿਅਕਤੀਵਾਦੀ ਤੇ ਨਿਭਾ ਕਲਾਤਮਕ ਹੁੰਦਾ ਹੈ। ਉਹ ਸਪੱਸ਼ਟ ਤੌਰ ਤੇ ਪਰਚਾਰਵਾਦੀ ਆਸ਼ਾ ਨਹੀਂ ਅਪਣਾਉਂਦਾ ਭਾਵੇਂ ਮੂਲ ਰੂਪ ਵਿਚ ਉਸਦੀ ਰਚਨਾ ਦੀ ਸੇਧ ਸਦਾ ਸਾਰਥਕ ਹੁੰਦੀ ਹੈ।"[22]

ਰਾਮ ਸਰੂਪ ਅਣਖੀ, ਸੋਹਣ ਸਿੰਘ ਸੀਤਲ ਅਤੇ ਗੁਰਦਿਆਲ ਸਿੰਘ ਦੀ ਯਥਾਰਥਵਾਦੀ ਧਾਰਾ ਨੂੰ ਹੋਰ ਨਿਖਾਰਦਾ ਹੈ। ਉਸਦੇ ਪ੍ਰਮੁੱਖ ਨਾਵਲ ਅੱਧਾ ਆਦਮੀ, ਸੁਲਗਦੀ ਰਾਤ, ਕੱਖਾਂ ਕਾਨਿਆਂ ਦੇ ਪੁਲ, ਕੋਠੇ ਖੜਕ ਸਿੰਘ, ਦੁੱਲੇ ਦੀ ਢਾਬ ਅਤੇ ਪਰਤਾਪੀ ਨਾਵਲਾਂ ਵਿਚੋਂ 'ਕੋਠੇ ਖੜਕ ਸਿੰਘ' ਨੂੰ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੈ ਜਿਸ ਵਿਚ ਆਜ਼ਾਦੀ ਤੋਂ ਬਾਅਦ ਕਿਰਸਾਨੀ ਦੀ ਹੋਈ ਦੁਰਦਸ਼ਾ ਦਾ ਯਥਾਰਥਕ ਵਰਨਣ ਹੈ।

ਨਰਿੰਜਨ ਤਸਨੀਮ ਨਾਵਲੀ ਜਗਤ ਦੇ ਇਸ ਦੌਰ ਵਿਚ ਇਕ ਹੋਰ ਉੱਘਾ ਹਸਤਾਖ਼ਰ ਹੈ ਜਿਸਦੇ ਪ੍ਰਸਿੱਧ ਨਾਵਲ ਕਸਕ, ਪਰਛਾਵੇਂ, ਤ੍ਰੇੜਾਂ ਤੇ ਰੂਪ, ਜੁੱਗਾਂ ਤੋਂ ਪਾਰ ਆਦਿ ਵਿਚੋਂ

'ਗੁਆਚੇ ਅਰਥ' ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲ ਚੁੱਕਾ ਹੈ, ਜਿਸ ਵਿਚ ਉਸਨੇ ਪੰਜਾਬੀ ਵਿਚ ਪੈਦਾ ਹੋਈਆਂ ਸਮੱਸਿਆਵਾਂ ਦੇ ਕਾਰਨ ਵੱਲ ਇਸ਼ਾਰਾ ਕੀਤਾ ਹੈ।

ਸੁਖਬੀਰ ਪੰਜਾਬੀ ਨਾਵਲ ਜਗਤ ਦਾ ਮਹੱਤਵਪੂਰਨ ਨਾਵਲਕਾਰ ਹੈ ਜਿਸਨੇ ਆਪਣੇ ਨਾਵਲਾਂ ਵਿਚ ਮਹਾਂਨਗਰੀ ਜ਼ਿੰਦਗੀ ਦੀ ਤਸਵੀਰ ਵਿਸਥਾਰਪੂਰਵਕ ਰੂਪਮਾਨ ਕੀਤੀ ਹੈ। ਉਸਨੇ ਆਪਣੇ ਪ੍ਰਮੁੱਖ ਨਾਵਲਾਂ, ਪਾਣੀ ਤੇ ਪੁਲ, ਰਾਤ ਦਾ ਚਿਹਰਾ, ਸੜਕਾਂ ਤੇ ਕਮਰੇ ਆਦਿ ਰਾਹੀਂ ਆਧੁਨਿਕ ਯੁੱਗ ਵਿਚ ਆਈ ਤਬਦੀਲੀ, ਰਿਸ਼ਤਿਆਂ ਵਿਚ ਆਈ ਕੁੜੱਤਣ ਅਤੇ ਸਮੁੱਚੇ ਸਭਿਆਚਾਰ ਨੂੰ ਸਿਰਜਕੇ ਆਪਣੀ ਪਛਾਣ ਆਧੁਨਿਕਤਾਵਾਦੀ ਪੰਜਾਬੀ ਨਾਵਲਕਾਰ ਦੇ ਤੌਰ ਤੇ ਬਣਾਈ ਹੈ।

ਓਮ ਪ੍ਰਕਾਸ਼ ਗਾਸੋ ਪੰਜਾਬੀ ਨਾਵਲ ਜਗਤ ਵਿਚ ਮਲਵਈ ਭਾਸ਼ਾ ਵਿਚ ਨਾਵਲ ਦੀ ਸਿਰਜਨਾ ਕਰਨ ਵਾਲਾ ਨਾਵਲਕਾਰ ਹੈ। ਉਸਨੇ ਸੁਪਨੇ ਤੇ ਸੰਸਕਾਰ, ਕੱਪੜਵਾਸ, ਮਿੱਟੀ ਦਾ ਮੁੱਲ ਅਤੇ ਲੋਹ ਲਾਖੇ ਨਾਵਲ ਲਿਖੇ। ਇਨ੍ਹਾਂ ਨਾਵਲਾਂ ਵਿਚ ਸਮਾਜਿਕ, ਰਾਜਨੀਤਿਕ ਤੇ ਆਰਥਿਕ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਭਾਸ਼ਾ ਭਾਵੇਂ ਮਾਲਵੇ ਦੀ ਹੈ ਪਰ ਉਸਦਾ ਬਿਆਨ ਢੰਗ ਬੜਾ ਨਵਾਂ ਤੇ ਰੌਚਕ ਹੈ। ਉਸ ਉਤੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਭਾਵ ਡੂੰਘਾ ਤੇ ਗੂੜ੍ਹਾ ਹੈ ਅਤੇ ਉਸਦੇ ਕਈ ਪਾਤਰ ਅਭੁੱਲ ਬਣ ਜਾਣ ਦੀ ਸਮਰੱਥਾ ਰੱਖਦੇ ਹਨ। ਚੰਗੀ ਸੁਲਝੀ ਹੋਈ ਸ਼ੈਲੀ ਦੇ ਨਾਲ-ਨਾਲ ਉਸਨੂੰ ਨਾਵਲ ਦੀ ਤਕਨੀਕ ਦੀ ਵੀ ਪੂਰਨ ਸੋਝੀ ਹੈ।[23]

ਸੁਖਬੀਰ ਨੇ ਆਪਣੇ ਨਾਵਲਾਂ ਵਿਚ ਚੇਤਨਾ-ਪ੍ਰਵਾਹ ਤਕਨੀਕ ਦੀ ਵਰਤੋਂ ਕਰਕੇ ਪੰਜਾਬੀ ਨਾਵਲ ਜਗਤ ਵਿਚ ਆਪਣੀ ਵੱਖਰੀ ਥਾਂ ਬਣਾਈ ਹੈ। ਉਸਨੇ ਆਪਣੇ ਪ੍ਰਮੁੱਖ ਨਾਵਲਾਂ ਪਾਣੀ ਤੇ ਪੁਲ, ਰਾਤ ਦਾ ਚਿਹਰਾ ਅਤੇ ਸੜਕਾਂ ਤੇ ਕਮਰੇ ਆਦਿ ਰਾਹੀਂ ਪੰਜਾਬੀ ਨਾਵਲ ਵਿਚ ਪੰਜਾਬ ਤੋਂ ਬਾਹਰ ਦੇ ਵਿਰਸੇ ਦੀ ਗੱਲ ਕੀਤੀ ਹੈ। ਉਸਨੇ ਆਪਣੇ ਮਹਾਂਨਗਰ ਦੇ ਅਨੁਭਵ ਨੂੰ ਸੜਕਾਂ ਤੇ ਕਮਰੇ ਵਿਚ ਰੂਪਮਾਨ ਕੀਤਾ ਹੈ।

ਸੁਖਬੀਰ ਮਨੋਵਿਗਿਆਨ ਦੀ ਆਧੁਨਿਕ ਵਿਧੀ ਨਾਲ ਪਾਤਰਾਂ ਦੇ ਮਨ ਦੀਆਂ ਚਿੰਤਾਵਾਂ, ਨਿਰਾਸ਼ਾ ਅਤੇ ਵਿਸ਼ਾਦ ਨੂੰ ਵਿਸ਼ੇਸ਼ ਸਥਿਤੀਆਂ ਰਾਹੀਂ ਸਿਰਜਦਾ ਹੈ। "ਆਪਣੇ ਪਾਤਰਾਂ ਲਈ ਅਥਾਹ ਹਮਦਰਦੀ, ਉਨ੍ਹਾਂ ਦੀਆਂ ਮਜ਼ਬੂਰੀਆਂ ਦਾ ਕਰੁਣਾਮਈ ਯਥਾਰਥਕ ਚਿਤਰ, ਰਸਿਕ ਗਦ ਸ਼ੈਲੀ ਵਿਚ ਰੌਚਕ ਬਿਰਤਾਂਤਕ ਵਰਨਣ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਸਮਰੱਥਾ ਰੱਖਦੇ ਹਨ।"[24]

ਇਸਤਰੀ ਨਾਵਲਕਾਰਾਂ ਨੇ ਵੀ ਪੰਜਾਬੀ ਨਾਵਲ ਜਗਤ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ, ਜਿਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਲਜੀਤ ਕੌਰ ਬੱਲੀ ਆਦਿ ਇਸਤਰੀ ਨਾਵਲਕਾਰਾਂ ਨੇ ਇਸਤਰੀ ਦੀ ਵੇਦਨਾ ਤੇ ਸੰਵੇਦਨਾ ਤੇ ਪੀੜ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਦ੍ਰਿਸ਼ਟਮਾਨ ਕੀਤਾ ਹੈ।

ਅੰਮ੍ਰਿਤਾ ਪ੍ਰੀਤਮ ਆਧੁਨਿਕ ਪੰਜਾਬੀ ਸਾਹਿਤ ਵਿਚ ਸਭ ਤੋਂ ਵਧੇਰੇ ਲੋਕਪ੍ਰਿਯ

ਇਸਤਰੀ ਨਾਵਲਕਾਰ ਦੇ ਤੌਰ ਤੇ ਜਾਣੀ ਜਾਂਦੀ ਹੈ। ਬੇਸ਼ੱਕ ਉਸਨੇ ਕਵਿਤਰੀ ਦੇ ਤੌਰ ਤੇ ਵੀ ਵਿਸ਼ੇਸ਼ ਸਨਮਾਨ ਹਾਸਲ ਕੀਤਾ ਪਰੰਤੂ ਪੰਜਾਬੀ ਨਾਵਲ ਜਗਤ ਵਿਚ ਵੀ ਮਹੱਤਵਪੂਰਨ ਸਥਾਨ ਪ੍ਰਾਪਤ ਕਰਨ ਵਾਲੀ ਨਾਵਲਕਾਰ ਹੈ। ਉਸਦੀਆਂ ਜ਼ਿਆਦਾਤਰ ਰਚਨਾਵਾਂ ਔਰਤ ਦੀਆਂ ਅੰਦਰੂਨੀ ਤੇ ਬਾਹਰੀ ਸਮੱਸਿਆਵਾਂ ਨੂੰ ਰੂਪਮਾਨ ਕਰਦੀਆਂ ਹਨ। ਉਸਦੇ ਪ੍ਰਸਿੱਧ ਨਾਵਲ ਪਿੰਜਰ, ਡਾ. ਦੇਵ, ਇੱਕ ਸੀ ਅਨੀਤਾ, ਜੇਬ ਕਤਰੇ, ਪੋਸਟ ਮਾਰਟਮ, ਚੱਕ ਨੰਬਰ ਛੱਤੀ ਆਦਿ ਨਾਵਲਾਂ ਰਾਹੀਂ ਆਧੁਨਿਕ ਮਨੁੱਖ ਦੇ ਮਾਨਸਿਕ ਦਵੰਦ ਅਤੇ ਅਜੋਕੇ ਸਮਾਜ ਵਿਚ ਵਿਚਰ ਰਹੀ ਔਰਤ ਦੀ ਤ੍ਰਾਸਦੀ ਨੂੰ ਰੂਪਮਾਨ ਕਰਦੀ ਹੈ।

ਦਲੀਪ ਕੌਰ ਟਿਵਾਣਾ ਪੰਜਾਬੀ ਨਾਵਲ ਜਗਤ ਵਿਚ ਹਮੇਸ਼ਾ ਸਰਗਰਮ ਰਹਿਣ ਵਾਲੀ ਨਾਵਲਕਾਰ ਹੈ। ਉਹ ਆਪਣੇ ਬਹੁਤੇ ਨਾਵਲਾਂ ਵਿਚ ਬਗਾਵਤ ਕਰਨ ਵਾਲੀ ਪੜ੍ਹੀ-ਲਿਖੀ ਔਰਤ ਅਤੇ ਮਰਦ-ਪ੍ਰਧਾਨ ਸਮਾਜ ਵਿਚ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੀ ਔਰਤ ਦੀ ਦਾਸਤਾਨ ਨੂੰ ਵਿਅੰਗ ਰਾਹੀਂ ਵੀ ਪੇਸ਼ ਕਰਦੀ ਹੈ। ਉਸਦੇ ਪ੍ਰਸਿੱਧ ਨਾਵਲ ਅਗਨੀ ਪ੍ਰੀਖਿਆ, ਇਹ ਹਮਾਰਾ ਜੀਵਣਾ, ਦੂਸਰੀ ਸੀਤਾ, ਹਸਤਾਖਰ, ਲੰਘ ਗਏ ਦਰਿਆ ਅਤੇ ਕਥਾ ਕਹੋ ਉਰਵਸ਼ੀ, ਆਦਿ ਨਾਵਲਾਂ ਵਿਚ ਪੁਰਾਤਨਤਾ ਅਤੇ ਆਧੁਨਿਕਤਾ ਦੇ ਸੁਮੇਲ ਰਾਹੀਂ ਸਮੁੱਚੇ ਸਮਾਜ ਦੀ ਤਸਵੀਰਕਸੀ ਕਰਨ ਵਾਲੀ ਪ੍ਰਸਿੱਧ ਇਸਤਰੀ ਨਾਵਲਕਾਰ ਹੈ।

"ਟਿਵਾਣਾ ਦੇ ਗਲਪ ਜਗਤ ਦਾ ਇਕ ਹੋਰ ਬੜਾ ਪਹਿਚਾਨਣਯੋਗ ਤੱਥ ਇਹ ਹੈ ਕਿ ਉਹ ਸਭਿਆਚਾਰ ਨੂੰ ਇਕਾਲਕ ਦ੍ਰਿਸ਼ਟੀ ਦੁਆਰਾ ਵੇਖਣ ਤੋਂ ਬਿਨਾਂ ਇਸਨੂੰ ਦੁਕਾਲਿਕ ਦ੍ਰਿਸ਼ਟੀ ਤੋਂ ਦੇਖਣ ਤੋਂ ਇਨਕਾਰੀ ਹੈ। ਉਹ ਸਭਿਆਚਾਰ ਦੇ ਠਹਿਰੇ ਹੋਏ, ਜੜ੍ਹ ਰੂਪ ਵਿਚ ਦਿਲਚਸਪੀ ਰੱਖਦੀ ਹੈ।"[25]

ਅਜੀਤ ਕੌਰ ਵੀ ਅਜਿਹੀ ਇਸਤਰੀ ਨਾਵਲਕਾਰ ਹੈ ਜਿਸਨੇ ਨਾਰੀਵਾਦੀ ਚਿੰਤਨ ਨੂੰ ਲੈ ਕੇ ਹੀ ਸਮੁੱਚੀ ਰਚਨਾ ਦੀ ਸਿਰਜਨਾ ਕੀਤੀ ਹੈ। ਉਸਦੇ ਪ੍ਰਮੁੱਖ ਨਾਵਲ ਪੋਸਟ ਮਾਰਟਮ, ਫਾਲਤੂ ਔਰਤ, ਧੁੱਪ ਵਾਲਾ ਸ਼ਹਿਰ ਆਦਿ ਨਾਵਲਾਂ ਵਿਚ ਔਰਤ ਅਤੇ ਮਰਦ ਦੇ ਅਣਸੁਖਾਵੇਂ ਸੰਬੰਧਾਂ ਅਤੇ ਇਕ ਦੂਜੇ ਪ੍ਰਤੀ ਵਫ਼ਾਦਾਰੀ ਅਤੇ ਬੇਵਫ਼ਾਦਾਰੀ ਨੂੰ ਦਰਸਾਉਂਦੇ ਹਨ।

ਬਲਜੀਤ ਕੌਰ ਬੱਲੀ ਨੇ ਵੀ ਆਪਣੇ ਕਈ ਨਾਵਲਾਂ ਰਾਹੀਂ ਪੰਜਾਬੀ ਨਾਵਲ ਜਗਤ ਦੇ ਖੇਤਰ ਵਿਚ ਆਪਣੀ ਪਛਾਣ ਕਾਇਮ ਕੀਤੀ ਹੈ। ਉਸਦਾ ਮੁੱਢਲਾ ਨਾਵਲ ਠਰੀ ਰਾਤ ਕਾਫ਼ੀ ਚਰਚਿਤ ਨਾਵਲ ਹੈ, ਜਿਸ ਵਿਚ ਕਿਰਸਾਨੀ ਦੀ ਯਥਾਰਥਵਾਦੀ ਤਸਵੀਰ ਪੇਸ਼ ਕੀਤੀ ਗਈ ਹੈ। ਕੁਝ ਹੋਰ ਨਾਵਲ ਆਪਣੀ ਛਾਵੇਂ, ਧੁੱਪ ਦੀ ਵਾਟ ਅਤੇ ਗੁਆਚੇ ਸੂਰਜ ਆਦਿ ਰਾਹੀਂ ਉਸਨੇ ਔਰਤ ਮਰਦ ਦੇ ਰਿਸ਼ਤੇ ਤੋਂ ਉਪਰ ਉੱਠ ਕੇ ਸਮੁੱਚੀ ਮਾਨਵੀ ਜਾਤੀ ਦੀ ਗੱਲ ਕੀਤੀ ਹੈ।

ਕਰਮਜੀਤ ਸਿੰਘ ਕੁੱਸਾ ਇਸ ਦੌਰ ਦਾ ਇਕ ਹੋਰ ਨਾਵਲਕਾਰ ਹੈ ਜਿਸਨੇ ਮਾਲਵੇ ਦੇ ਸਭਿਆਚਾਰਕ ਪਿਛੋਕੜ ਰਾਹੀਂ ਛੋਟੀ ਕਿਰਸਾਨੀ ਦੇ ਜੀਵਨ ਯਥਾਰਥ ਨੂੰ ਰੂਪਮਾਨ ਕੀਤਾ ਹੈ। ਉਸਦੇ ਪ੍ਰਸਿੱਧ ਨਾਵਲ ਬੁਰਕੇ ਵਾਲੇ ਲੁਟੇਰੇ, ਰਾਤ ਦੇ ਰਾਹੀ, ਰੋਹੀ ਬੀਆਬਾਨ,

ਅੱਗ ਦੇ ਗੀਤ ਅਤੇ ਜ਼ਖ਼ਮੀ ਦਰਿਆ ਹਨ। ਕੁੱਸੇ ਦਾ ਨਾਵਲ 'ਰੋਹੀ ਬੀਆਬਾਨ' ਵਿਚ ਜ਼ਮੀਨ ਦੇ ਘਟਣ ਕਾਰਨ ਹੇਠਲੀ ਕਿਰਸਾਨੀ ਦੀ ਮਜ਼ਦੂਰਾਂ ਵਾਲੀ ਹੋ ਰਹੀ ਸਥਿਤੀ ਦਾ ਵਰਨਣ ਕਰਨ ਦੇ ਨਾਲ-ਨਾਲ ਜਾਤੀਗਤ ਸੰਸਕਾਰ ਵਿਚ ਫਸੀ ਕਿਰਸਾਨੀ ਨੂੰ ਵੀ ਰੂਪਮਾਨ ਕੀਤਾ ਹੈ।

ਕੁੱਸਾ ਦੇ ਦੌਰਾਨ ਹੀ ਇਕ ਹੋਰ ਨਾਵਲਕਾਰ ਸਵਰਨ ਚੰਦਨ ਆਉਂਦਾ ਹੈ ਜਿਸਦੇ ਪ੍ਰਮੁੱਖ ਨਾਵਲ ਨਵੇਂ ਰਿਸ਼ਤੇ, ਕੱਚੇ ਘਰ, ਕੱਖ ਕਾਨ ਦੇ ਦਰਿਆ, ਕਦਰਾਂ-ਕੀਮਤਾਂ ਅਤੇ ਕੰਜਕਾਂ ਹਨ, ਜਿਨਾਂ ਵਿਚ ਉਸਨੇ ਸਮਾਜ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਯਥਾਰਥਵਾਦੀ ਸ਼ੈਲੀ ਰਾਹੀਂ ਚਿਤਰਿਆ ਹੈ।

ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਦਰਸ਼ਨ ਸਿੰਘ ਧੀਰ, ਸ.ਸ.ਸੋਜ਼, ਜੋਗਿੰਦਰ ਕੈਰੋਂ, ਇੰਦਰ ਸਿੰਘ ਖਾਮੋਸ਼ ਅਤੇ ਮਿੱਤਰ ਸੈਨ ਮੀਤ, ਜਸਵੀਰ ਮੰਡ ਰਘਬੀਰ ਢੰਡ ਆਦਿ ਨਾਵਲਕਾਰਾਂ ਪੰਜਾਬੀ ਨਾਵਲ ਵਿਚ ਭਿੰਨ-ਭਿੰਨ ਵਿਸ਼ਿਆਂ ਰਾਹੀਂ ਵੱਖ-ਵੱਖ ਸਮੱਸਿਆਵਾਂ ਦਾ ਨਿਰਪੱਖ ਵਿਸ਼ਲੇਸ਼ਣ ਕੀਤਾ ਹੈ।

ਦਰਸ਼ਨ ਸਿੰਘ ਧੀਰ ਦੇ ਪ੍ਰਮੁੱਖ ਨਾਵਲ, ਆਪਣੇ-ਆਪਣੇ ਰਾਹ, ਸੰਘਰਸ਼, ਧੁੰਦਲਾ ਸੂਰਜ, ਲਕੀਰਾਂ ਤੇ ਮਨੁੱਖ ਅਤੇ ਘਰ ਤੇ ਕਮਰੇ ਆਦਿ ਨਾਵਲਾਂ ਵਿਚੋਂ 'ਘਰ ਤੇ ਕਮਰੇ' ਨਾਵਲ ਪਰਵਾਸੀ ਜ਼ਿੰਦਗੀ ਨਾਲ ਸੰਬੰਧਿਤ ਹੈ। ਉਸਨੂੰ ਅਸੀਂ ਪਰਵਾਸੀ ਨਾਵਲਕਾਰ ਵੀ ਕਹਿ ਸਕਦੇ ਹਾਂ ਕਿਉਂਕਿ ਉਸਨੇ ਆਪਣੀ ਸਾਹਿਤਕ ਕਲਮ ਇੰਗਲੈਂਡ ਦੀ ਧਰਤੀ ਤੋਂ ਚਲਾਉਣੀ ਸ਼ੁਰੂ ਕੀਤੀ ਹੈ ਪਰੰਤੂ ਸਮੁੱਚੇ ਨਾਵਲਾਂ ਵਿਚ ਦੁਆਬੇ ਦੇ ਸਭਿਆਚਾਰ ਨੂੰ ਰੂਪਮਾਨ ਕੀਤਾ ਹੈ।

ਜੋਗਿੰਦਰ ਸਿੰਘ ਕੈਰੋਂ ਨੇ ਮਾਝੇ ਦੀ ਧਰਤੀ ਨਾਲ ਸੰਬੰਧਿਤ ਨਾਵਲ 'ਨਾਦ ਬਿੰਦ' ਲਿਖਿਆ ਅਤੇ ਦੂਸਰਾ ਨਾਵਲ 'ਸਭਨਾ ਜਿੱਤੀਆਂ ਬਾਜ਼ੀਆਂ' ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਸ.ਸ.ਸੋਜ਼ ਨੇ ਪੰਜਾਬੀ ਸਾਹਿਤ ਨੂੰ 'ਕੋਲਾਜ' ਅਤੇ 'ਮਰਸੀਆਂ' ਨਾਵਲ ਦਿੱਤੇ ਜਿਸ ਵਿਚ ਉਸਨੇ ਭ੍ਰਿਸ਼ਟਾਚਾਰ ਵਰਗੇ ਵਿਸ਼ੇ ਨੂੰ ਲੈ ਕੇ ਨਾਵਲ ਨੂੰ ਵੱਖਰੀ ਦੇਣ ਦਿੱਤੀ।

ਇਸੇ ਤਰ੍ਹਾਂ ਹੀ ਇੰਦਰ ਸਿੰਘ ਖਾਮੋਸ਼ ਨੇ ਆਪਣੇ ਨਾਵਲ 'ਰਿਸ਼ਤਿਆਂ ਦੇ ਰੰਗ' ਰਾਹੀਂ ਦੋ ਪੀੜ੍ਹੀਆਂ ਦੇ ਪਰਿਵਾਰਕ ਜੀਵਨ ਦਾ ਵੇਰਵਾ ਦਿੱਤਾ ਹੈ ਅਤੇ 'ਚਾਨਣ ਦਾ ਜੰਗਲ' ਵਿਚ ਉਸਨੇ ਵਿਦਿਅਕ ਢਾਂਚੇ ਵਿਚ ਆਈ ਗਿਰਾਵਟ ਨੂੰ ਰੂਪਮਾਨ ਕੀਤਾ ਹੈ ਜਦਕਿ 'ਇੱਕ ਤਾਜ ਮਹਿਲ ਹੋਰ' ਨਾਵਲ ਵਿਚ ਪੇਂਡੂ ਕਿਰਸਾਨੀ ਅਤੇ ਸ਼ਹਿਰੀ ਅਮੀਰ ਵਰਗ ਵਿਚ ਪਈ ਵਿੱਥ ਨੂੰ ਚਿਤਰਿਆ ਹੈ।

ਪੰਜਾਬੀ ਨਾਵਲ ਦੇ ਖੇਤਰ ਵਿਚ ਯੋਗਦਾਨ ਪਾਉਣ ਲਈ ਅਨੇਕਾਂ ਨਵੇਂ ਨਾਵਲਕਾਰ ਆਪਣੇ ਨਾਵਲਾਂ ਦੀ ਸਿਰਜਨਾ ਕਰ ਰਹੇ ਹਨ ਜਿਨ੍ਹਾਂ ਵਿਚ ਪਰਵਾਸੀ ਪੰਜਾਬੀ ਲੇਖਕ ਵੀ ਸ਼ਾਮਿਲ ਹਨ ਜੋ ਆਪਣਾ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਉਹਨਾਂ ਨੇ ਆਪਣੇ ਪਰਵਾਸੀ ਅਨੁਭਵ ਅਤੇ ਪੰਜਾਬੀ ਸਭਿਆਚਾਰ ਦੀ ਖਤਮ ਹੋ ਰਹੀ ਪਛਾਣ ਬਾਰੇ ਵੀ ਗਿਲਾ ਕੀਤਾ ਹੈ, ਜਿਨ੍ਹਾਂ ਵਿਚ ਸਵਰਨ ਚੰਦਨ, ਦਰਸ਼ਨ ਧੀਰ, ਹਰਜੀਤ ਅਟਵਾਲ ਆਦਿ ਸ਼ਾਮਿਲ

ਹਨ।

ਉਪਰੋਕਤ ਨਾਵਲਕਾਰ ਮਿੱਤਰ ਸੈਨ ਮੀਤ ਦੇ ਸਮਕਾਲੀ ਨਾਵਲਕਾਰ ਵੀ ਹਨ, ਜਿਨ੍ਹਾਂ ਨੇ ਆਪੋ ਆਪਣੀ ਸਮਰੱਥਾ ਦਾ ਉਪਰਾਲਾ ਕੀਤਾ ਹੈ।

ਪੰਜਾਬੀ ਨਾਵਲ ਬਾਰੇ ਸਰਸਰੀ ਝਾਤ ਮਾਰਨ ਤੋਂ ਬਾਅਦ ਮੁੱਖ ਰੂਪ ਵਿਚ ਪੰਜਾਬੀ ਨਾਵਲ ਦੀਆਂ ਮੂਲ ਪ੍ਰਵਿਰਤੀਆਂ ਬਣਦੀਆਂ ਹਨ (ਧਾਰਮਿਕ, ਸੁਧਾਰਵਾਦੀ, ਪ੍ਰਗਤੀਵਾਦੀ ਰੋਮਾਂਟਿਕ, ਪਦਾਰਥਵਾਦੀ, ਆਜ਼ਾਦੀ ਤੋਂ ਬਾਅਦ ਉਪਜੀ ਮਾਨਵਵਾਦੀ, ਸੁਧਾਰਵਾਦੀ, ਯਥਾਰਥਵਾਦੀ, ਮਨੋਵਿਗਿਆਨਕ, ਪ੍ਰਯੋਗਵਾਦੀ, ਚੇਤਨਾ ਪ੍ਰਵਾਹ, ਆਂਚਲਿਕਤਾ, ਦਸਤਾਵੇਜ਼ੀ ਨਾਵਲ ਦੀ ਪ੍ਰਵਿਰਤੀ) ਜਿਨ੍ਹਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਤੋਂ ਪੈਦਾ ਹੋ ਕੇ ਅਨੇਕਾਂ ਪ੍ਰਵਿਰਤੀਆਂ ਦਾ ਸਫ਼ਰ ਤਹਿ ਕਰਦਾ ਹੋਇਆ ਅਜੋਕੇ ਰੂਪ ਵਿਚ ਪਹੁੰਚਿਆ ਹੈ। ਇਥੇ ਪ੍ਰਤੱਖ ਹੋ ਜਾਂਦਾ ਹੈ ਕਿ ਮੁੱਢਲੇ ਨਾਵਲ ਵਿਚੋਂ ਆਦਰਸ਼ਵਾਦ ਭਾਰੂ ਰਿਹਾ, ਉਸਤੋਂ ਬਾਅਦ ਸਮੇਂ ਦੇ ਅਨੁਸਾਰ ਅਜਿਹੇ ਨਾਵਲਾਂ ਦੀ ਰਚਨਾ ਹੋਈ ਜਿਸ ਵਿਚ ਸਮਾਜਿਕ ਸਮੱਸਿਆਵਾਂ ਨੂੰ ਦ੍ਰਿਸ਼ਟੀਕੋਣ ਤੋਂ ਨਾਵਲ ਦਾ ਵਿਸ਼ਾ ਬਣਾਇਆ ਗਿਆ। ਮੀਤ ਪੰਜਾਬੀ ਦੇ ਉਹਨਾਂ ਨਾਵਲਕਾਰਾਂ ਵਿਚੋਂ ਪਹਿਲਾ ਨਹੀਂ ਤਾਂ ਪ੍ਰਮੁੱਖ ਜ਼ਰੂਰ ਹੈ ਜਿਸਨੇ ਪੰਜਾਬੀ ਨਾਵਲ ਨੂੰ ਆਦਰਸ਼ਵਾਦੀ ਅਤੇ ਧਾਰਮਿਕ ਪਰੰਪਰਾ ਤੇ ਵਿਵਰਜਿਤ ਵਿਸ਼ਿਆਂ ਨਾਲੋਂ ਵੱਖਰੇ ਸੰਦਰਭ ਵਿਚ ਸਮਕਾਲੀ ਸਮਾਜ ਦੀ ਅਤੇ ਸਮਾਜ ਦੇ ਵੱਖ-ਵੱਖ ਪਹਿਲੂਆਂ ਵਿਚ ਫੈਲੀ ਭ੍ਰਿਸ਼ਟਾਚਾਰੀ ਦੀ ਚਰਚਾ ਕੀਤੀ। ਮੀਤ ਨੇ ਸਮੁੱਚੀਆਂ ਨਾਵਲੀ ਪ੍ਰਵਿਰਤੀਆਂ ਨੂੰ ਆਧਾਰ ਬਣਾ ਕੇ ਵਿਅੰਗਾਤਮਕ ਵਿਧੀ ਰਾਹੀਂ ਸਮਾਜ ਦੇ ਕੋਹਜੇ ਅਤੇ ਲੁਕੇ ਪੱਖਾਂ ਨੂੰ ਆਪਣੇ ਨਾਵਲੀ ਸਫ਼ਰ ਦੌਰਾਨ ਰੂਪਮਾਨ ਕੀਤਾ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਮੁੱਢਲੇ ਨਾਵਲਾਂ ਦੇ ਕਾਫ਼ੀ ਵਕਫ਼ੇ ਦੇ ਬਾਅਦ ਇਕ ਪ੍ਰਤਿਭਾਸ਼ੀਲ ਤੇ ਚਰਚਿਤ ਨਾਵਲਕਾਰ ਦੇ ਤੌਰ ਤੇ ਪਛਾਣ ਆਪਣੇ ਤੀਸਰੇ ਨਾਵਲ 'ਤਫ਼ਤੀਸ਼' ਨਾਲ ਹੀ ਬਣਾਈ। ਇਹ ਨਾਵਲ ਸਮੁੱਚੇ ਪੰਜਾਬੀ ਨਾਵਲ ਜਗਤ ਵਿਚ ਇਕ ਵੱਖਰੇ ਵਿਸ਼ੇ ਵਾਲਾ ਨਾਵਲ ਸਾਬਤ ਹੋਇਆ ਹੈ। ਇਸ ਨਾਵਲ ਦਾ ਥੀਮ ਪੁਲਿਸ ਦੇ ਭ੍ਰਿਸ਼ਟ ਚਰਿੱਤਰ ਰਾਹੀਂ ਵੱਖਰੇ-ਵੱਖਰੇ ਪੇਸ਼ੇ ਵਾਲੇ ਲੋਕਾਂ ਦੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ। ਇਸੇ ਲੜੀ ਨਾਲ ਸੰਬੰਧਿਤ ਨਾਵਲ 'ਕਟਹਿਰਾ' ਵਿਚ ਨਿਆਂ-ਪ੍ਰਣਾਲੀ ਦੇ ਵਿਸ਼ੇ ਦੀ ਸਿਰਜਨਾ ਕਰਕੇ ਮੀਤ ਨੇ ਇਕ ਸਥਾਪਤ ਨਾਵਲਕਾਰ ਵਾਲੀ ਮੁਹਾਰਤ ਹਾਸਲ ਕੀਤੀ ਹੈ। ਲੇਖਕ ਨੇ ਆਪਣੇ ਮਿਆਰ ਨੂੰ ਲਗਾਤਾਰ ਕਾਇਮ ਰੱਖਦਿਆਂ ਹੋਇਆਂ ਦਸ ਵਰ੍ਹਿਆਂ ਪਿਛੋਂ ਇਕ ਹੋਰ ਨਾਵਲ 'ਕੌਰਵ-ਸਭਾ' ਪੰਜਾਬੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਸਮੁੱਚੀ ਰਾਜਸੀ ਵਿਵਸਥਾ ਨੂੰ ਆਪਣੇ ਨਾਵਲ ਦੀ ਰਚਨਾ ਵਸਤੂ ਬਣਾ ਕੇ ਆਪਣੇ ਸਮੁੱਚੇ ਅਨੁਭਵ ਤੇ ਪ੍ਰੋੜ ਨਾਵਲੀ-ਦ੍ਰਿਸ਼ਟੀ ਦਾ ਪ੍ਰਮਾਣਿਕ ਦਸਤਾਵੇਜ ਪੇਸ਼ ਕੀਤਾ ਹੈ। ਉਸਦਾ ਛੇਵਾਂ ਨਾਵਲ 'ਸੁਧਾਰ-ਘਰ' ਜਿਥੇ ਪਹਿਲੇ ਨਾਵਲਾਂ ਦਾ ਹਿੱਸਾ ਹੈ ਉਥੇ ਆਪਣੇ-ਆਪ ਵਿਚ ਵੀ ਇਕ ਪੂਰਾ ਨਾਵਲ ਹੈ। ਇਸ ਵਿਚ ਪਹਿਲੇ ਨਾਵਲਾਂ ਦਾ ਡੂੰਘਾ ਤੇ ਗਹਿਰਾ ਵਿਸਥਾਰ ਵੇਖਣ ਨੂੰ ਮਿਲਦਾ ਹੈ ਅਤੇ ਇਹ ਆਪਣਾ ਇਕ

ਵੱਖਰਾ ਸੰਸਾਰ ਵੀ ਉਭਾਰਦਾ ਹੈ। ਇਸਦਾ ਮੁੱਖ ਵਿਸ਼ਾ ਜੇਲ੍ਹ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸੰਬੰਧੀ ਹੈ। ਸੋ ਮੀਤ ਦੇ ਸਮੁੱਚੇ ਨਾਵਲ ਦਾ ਮੁੱਖ ਝਰੋਖਾ ਨਿਆਂ-ਪ੍ਰਣਾਲੀ ਹੈ। ਮੀਤ ਕਾਨੂੰਨੀ ਲੜੀਵਾਰ ਨਾਵਲਾਂ ਵਿਚ ਅਜਿਹੇ ਯਥਾਰਥ ਨੂੰ ਦਰਸਾਉਣ ਉਤੇ ਕੇਂਦਰਿਤ ਰਹਿੰਦਾ ਹੈ ਕਿ ਇਨਸਾਫ ਲੈਣਾ ਅਤਿ ਦਾ ਮਹਿੰਗਾ, ਔਖਾ, ਲੰਮਾ ਤੇ ਪੇਚੀਦਾ ਮਸਲਾ ਹੈ। ਆਮ ਆਦਮੀ ਇਨਸਾਫ ਲੈਣ ਲਈ ਕਚਹਿਰੀਆਂ ਦੇ ਚੱਕਰ ਕੱਟਦਾ ਹੀ ਰੁਲ ਜਾਂਦਾ ਹੈ। ਇਨਸਾਫ ਦੀ ਉਡੀਕ ਕਰਦੀਆਂ ਪੀੜ੍ਹੀਆਂ ਬਦਲ ਜਾਂਦੀਆਂ ਹਨ। ਤਫ਼ਤੀਸ਼ ਤੋਂ ਲੈ ਕੇ 'ਸੁਧਾਰ-ਘਰ' ਤੱਕ ਪਹੁੰਚਦਿਆਂ ਲੋਕਾਂ ਲਈ ਬੰਟੀ ਦੇ ਕਤਲ ਦੀ ਘਟਨਾ ਜਾਂ ਵਾਰਦਾਤ ਭੁੱਲੀ ਵਿਸਰੀ ਸ਼ੈਅ ਬਣ ਜਾਂਦੀ ਹੈ।

## (ਅ) ਮਿੱਤਰ ਸੈਨ ਮੀਤ ਦੀ ਦੂਸਰੇ ਨਾਵਲਕਾਰਾਂ ਨਾਲੋਂ ਵੱਖਰਤਾ ਵਿਲੱਖਣਤਾ ਤੇ ਸਮਕਾਲੀਨਤਾ

ਅੱਜ ਦੇ ਸਮੇਂ ਵਿਚ ਚਰਚਿਤ ਨਾਵਲਕਾਰ ਮਿੱਤਰ ਸੈਨ ਮੀਤ ਨੇ ਪੰਜਾਬੀ ਨਾਵਲ ਵਿਚ ਉਦੋਂ ਪ੍ਰਵੇਸ਼ ਕੀਤਾ ਜਦੋਂ ਨਕਸਲਵਾਦੀ ਲਹਿਰ ਪੂਰੇ ਜ਼ੋਰਾਂ ਤੇ ਚਲ ਰਹੀ ਸੀ ਤੇ ਇਸੇ ਪ੍ਰਭਾਵ ਕਾਰਨ ਉਸਨੇ 'ਅੱਗ ਦੇ ਬੀਜ' (1971) ਤੇ 'ਕਾਫ਼ਲਾ' (1986) ਦੋ ਨਾਵਲਾਂ ਦੀ ਸਿਰਜਨਾ ਕੀਤੀ ਜਿਨ੍ਹਾਂ ਨੂੰ ਸਾਧਾਰਨ ਪਾਠਕਾਂ ਨੇ ਤਾਂ ਪੜ੍ਹਿਆ ਪਰੰਤੂ ਇਹਨਾਂ ਦਾ ਲੇਖਾ-ਜੋਖਾ ਬਹੁਤ ਘੱਟ ਵਿਦਵਾਨਾਂ ਨੇ ਕੀਤਾ। ਜਿਨ੍ਹਾਂ ਵਿਚੋਂ ਸੁਖਦੇਵ ਸਿੰਘ ਖਾਹਰਾ ਦਾ ਨਾਂ ਲਿਆ ਜਾ ਸਕਦਾ ਹੈ ਜਿਸਨੇ ਮੀਤ ਦੇ ਮੁੱਢਲੇ ਨਾਵਲਾਂ ਬਾਰੇ ਇਹ ਟਿੱਪਣੀ ਕੀਤੀ ਹੈ:

"ਮੀਤ ਦੀ ਰਚਨਾ ਦ੍ਰਿਸ਼ਟੀ ਦੇ ਸਰੋਤ ਨਾਨਕ ਸਿੰਘ ਦੇ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦੀ ਅਤੇ ਗੁਰਦਿਆਲ ਸਿੰਘ ਤੇ ਸੀਤਲ ਦੇ ਹਕੀਕਤ ਪਸੰਦੀ ਵਾਲੇ ਰੁਝਾਵਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੀ ਹੈ।"[26]

ਸੋ ਮੀਤ ਨੇ ਆਪਣੇ ਨਾਵਲ ਵਿਚ ਦੂਜੇ ਨਾਵਲਕਾਰਾਂ ਵਾਂਗ ਹੀ ਸੁਧਾਰਵਾਦੀ ਤੇ ਪ੍ਰਗਤੀਵਾਦੀ ਪਰੰਪਰਾ ਨੂੰ ਵਿਸਥਾਰ ਵਿਚ ਵਿਚਾਰਿਆ ਤੇ ਗਹਿਰਾਈ ਪ੍ਰਦਾਨ ਕੀਤੀ। ਇਥੇ ਨਾਵਲ ਵਿਚ ਜੋ ਵਿਭਿੰਨ ਤੱਤ ਆਉਂਦੇ ਹਨ, ਉਸ ਦੇ ਆਧਾਰ ਤੇ ਸੰਖੇਪ ਵਿਚ ਮੀਤ ਦੇ ਨਾਵਲ ਜਗਤ ਨੂੰ ਪਰਖਣ ਦੀ ਕੋਸ਼ਿਸ਼ ਕਰਾਂਗੇ।

ਮਿੱਤਰ ਸੈਨ ਮੀਤ ਦੇ ਤੀਸਰੇ ਨਾਵਲ 'ਤਫ਼ਤੀਸ਼' ਦੇ ਛਪਣ ਨਾਲ ਪੰਜਾਬੀ ਨਾਵਲ ਵਿਚ ਮੀਤ ਦਾ ਬਤੌਰ ਨਾਵਲਕਾਰ ਜ਼ਿਕਰ ਹੀ ਨਹੀਂ ਹੁੰਦਾ ਬਲਕਿ ਉਸਦੀ ਗਿਣਤੀ ਪੰਜਾਬੀ ਦੇ ਪ੍ਰਮੁੱਖ ਨਾਵਲਕਾਰਾਂ ਵਿਚ ਹੋਣ ਲਗਦੀ ਹੈ। ਜਿਸ ਤੋਂ ਮਗਰੋਂ ਪੇਸ਼ੇ ਦੇ ਤੌਰ ਤੇ ਉਸਦੀ ਸਾਹਿਤ ਸੰਵੇਦਨਾ ਨੂੰ ਕਾਨੂੰਨ ਵਿਚਲੀਆਂ ਅਜਿਹੀਆਂ ਪਰਸਥਿਤੀਆਂ ਨੇ ਪ੍ਰਭਾਵਿਤ ਕੀਤਾ ਕਿ ਉਸਨੇ ਆਪਣੇ ਲੜੀਵਾਰ ਨਾਵਲਾਂ 'ਕਟਹਿਰਾ', 'ਕੌਰਵ ਸਭਾ' ਅਤੇ 'ਸੁਧਾਰ ਘਰ' ਦੇ ਮੁੱਖ ਵਿਸ਼ੇ ਕਾਨੂੰਨ ਨੂੰ ਸੁਧਾਰਨ ਵਾਲੇ ਹੀ ਚੁਣੇ।

ਮੀਤ ਦੀ ਸਭ ਤੋਂ ਵਿਸ਼ੇਸ਼ ਵਿਲੱਖਣਤਾ ਇਹ ਨਜ਼ਰ ਆਉਂਦੀ ਹੈ ਕਿ ਉਸਨੇ 'ਤਫ਼ਤੀਸ਼' ਨਾਵਲ ਤੋਂ ਲੈ ਕੇ 'ਸੁਧਾਰ-ਘਰ' ਤੱਕ ਇਕੋ ਵਿਸ਼ੇ ਨੂੰ ਕੇਂਦਰ ਮੰਨ ਕੇ ਅਨੇਕਾਂ ਨਵੇਂ ਵਿਸ਼ਿਆਂ

ਨੂੰ ਛੂਹਿਆ ਹੈ। ਵਿਸ਼ੇ ਪੱਖੋਂ ਬਹੁ-ਵਿਸਥਾਰਤਾ ਇਸ ਨਾਵਲਕਾਰ ਦੇ ਹਿੱਸੇ ਹੀ ਆਈ ਹੈ, ਹੋਰ ਕਿਸੇ ਨਾਵਲਕਾਰ ਦੇ ਨਹੀਂ, ਸ਼ਾਇਦ ਹੀ ਅਜਿਹਾ ਕੋਈ ਨਾਵਲਕਾਰ ਗਲਪ ਸਾਹਿਤ ਦੇ ਖੇਤਰ ਵਿਚੋਂ ਮਿਲਦਾ ਹੋਵੇ, ਜਿਸਨੇ ਇਕੋ ਵਿਸ਼ੇ ਨੂੰ ਲੈ ਕੇ ਬਹੁ-ਵਿਸਥਾਰਤਾ ਵਿਚ ਲਿਖਿਆ ਹੋਵੇ।

ਇਸ ਨਾਵਲਕਾਰ ਦੇ ਨਾਵਲਾਂ ਵਿਚਲੀ ਰਚਨਾ-ਵਸਤੂ ਤੇ ਰਚਨਾ-ਵਿਧੀ ਬਾਰੇ ਡਾ. ਟੀ.ਆਰ.ਵਿਨੋਦ ਦੇ ਵਿਚਾਰ ਹਨ, "ਮੀਤ ਦੇ ਪ੍ਰਕਾਸ਼ਿਤ ਹੋ ਚੁੱਕੇ ਨਾਵਲਾਂ ਵਿਚਲੀ ਰਚਨਾ-ਵਸਤੂ ਨਵੀਂ ਕਿਸਮ ਦੀ ਰਚਨਾ-ਵਿਧੀ ਰਾਹੀਂ ਜਿਸ ਨਰੋਏ ਨਜ਼ਰੀਏ ਤੋਂ ਪੇਸ਼ ਹੋਈ ਹੈ, ਉਸਦੇ ਨਾਲ 1990 ਤੋਂ ਬਾਅਦ ਦੀ ਪੰਜਾਬੀ ਨਾਵਲ ਕਲਾ ਵਿਚ ਉਸੇ ਤਰ੍ਹਾਂ ਦਾ ਅਨੂਠਾ ਪ੍ਰਤੀਕਰਮ ਹੋਇਆ ਹੈ ਜਿਸ ਤਰ੍ਹਾਂ ਦਾ ਗੁਰਦਿਆਲ ਸਿੰਘ ਦੇ ਪਹਿਲੇ ਦੋ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅਣਹੋਏ' ਨਾਲ ਹੋਇਆ ਸੀ।"[27]

ਸੋ ਮੀਤ ਨੇ ਆਪਣੇ ਨਾਵਲਾਂ ਰਾਹੀਂ ਸਮੁੱਚੀ ਕਾਨੂੰਨੀ ਵਿਵਸਥਾ ਨੂੰ ਆਪਣੇ ਨਾਵਲਾਂ ਦੀ ਰਚਨਾ-ਵਸਤੂ ਬਣਾ ਕੇ ਆਪਣੇ ਸਮੁੱਚੇ ਅਨੁਭਵ ਤੇ ਪ੍ਰੋੜ ਨਾਵਲੀ ਦ੍ਰਿਸ਼ਟੀ ਦਾ ਪ੍ਰਮਾਣਿਕ ਦਸਤਾਵੇਜ਼ ਪੇਸ਼ ਕੀਤਾ ਹੈ।

ਨਾਵਲਕਾਰ ਦੀ ਨਾਵਲੀ ਦ੍ਰਿਸ਼ਟੀ ਇਹ ਹੈ ਕਿ ਉਸਨੇ ਆਪਣੇ ਨਾਵਲਾਂ ਵਿਚ ਆਂਚਲਿਕਤਾ ਨੂੰ ਗਲਪ ਸਿਰਜਨ ਦਾ ਮਾਡਲ ਨਹੀਂ ਬਣਾਇਆ ਤੇ ਨਾ ਹੀ ਇਸਤਰੀ-ਪੁਰਸ਼ ਦੇ ਕਾਮ-ਸੰਬੰਧਾਂ ਨੂੰ ਚਿਤਰਨ ਵਿਚ ਕੋਈ ਦਿਲਚਸਪੀ ਦਿਖਾਉਂਦਾ ਹੈ। ਉਸਦੀ ਵਿਸ਼ੇਸ਼ ਖੂਬੀ ਇਹ ਹੈ ਕਿ ਉਸਨੇ ਮੌਲਿਕਤਾ ਅਨੁਸਾਰ ਚੇਤੰਨ ਬੁੱਧੀ ਦੁਆਰਾ ਆਪਣੇ ਸਮੇਂ ਦੇ ਸੰਕਟ ਨੂੰ ਵਧੇਰੇ ਤਿੱਖੀ ਨੀਝ ਨਾਲ ਵੇਖਿਆ ਤੇ ਅਨੁਭਵਿਆ ਹੈ ਜੋ ਉਸਦੀ ਸਮੁੱਚੀ ਨਾਵਲੀ ਦ੍ਰਿਸ਼ਟੀ ਦਾ ਧੁਰਾ ਬਣਦੀ ਹੈ। ਕਿਉਂਕਿ ਉਸਦੇ ਨਾਵਲਾਂ ਵਿਚ ਕਾਨੂੰਨ ਦਾ ਵਿਸ਼ਾ ਬਹੁ-ਦਿਸ਼ਾਵੀ ਪਾਸਾਰਾਂ ਵਿਚੋਂ ਵਿਚਰਦਾ ਵਿਕਾਸਸ਼ੀਲ ਰਹਿੰਦਾ ਹੈ। ਇਹ ਜਿਨ੍ਹਾਂ ਉਪਰਲੀਆਂ ਪਰਤਾਂ ਦੇ ਦੇਖਣ ਤੋਂ ਆਮ ਜਨਤਾ ਦੀ ਸੁਰੱਖਿਆ ਕਰਨ ਵਾਲਾ ਦਿਖਾਈ ਦਿੰਦਾ ਹੈ ਉਨ੍ਹੀਆਂ ਹੀ ਇਸ ਦੀਆਂ ਹੇਠਲੀਆਂ ਪਰਤਾਂ ਵਿਚ ਘਿਨਾਉਣੇ ਪੱਖ ਵੀ ਕਾਰਜਸ਼ੀਲ ਰਹਿੰਦੇ ਹਨ, ਜਿਨ੍ਹਾਂ ਨੂੰ ਨਾਵਲਕਾਰ ਨੇ ਆਮ ਲੋਕਾਂ ਸਾਹਮਣੇ ਨੰਗਾ ਕੀਤਾ ਹੈ।

ਹਰ ਸਾਹਿਤਕਾਰ ਦੀ ਹਰ ਰਚਨਾ ਕਿਸੇ ਨਾ ਕਿਸੇ ਪੱਖੋਂ ਵਿਲੱਖਣ ਜਾਂ ਵਿਸ਼ੇਸ਼ ਹੁੰਦੀ ਹੈ ਪਰ ਕੋਈ ਰਚਨਾ ਪੁਰਾਤਨ ਪਰੰਪਰਾ ਵਿਚ ਨਵੇਂ ਪ੍ਰਯੋਗ ਲੈ ਕੇ ਆਉਂਦੀ ਹੈ ਭਾਵੇਂ ਉਹ ਵਿਸ਼ੇ ਪੱਖੋਂ ਹੋਵੇ ਤੇ ਭਾਵੇਂ ਰਚਨਾ ਵਿਧੀ ਪੱਖੋਂ। ਮੀਤ ਦੇ ਲੜੀਵਾਰ ਨਾਵਲ ਵੀ ਕੁਝ ਨਵੇਂ ਪ੍ਰਯੋਗ ਲੈ ਕੇ ਪੰਜਾਬੀ ਨਾਵਲ ਜਗਤ ਵਿਚ ਪ੍ਰਵੇਸ਼ ਕਰਦੇ ਹਨ। ਜਿਨ੍ਹਾਂ ਦੀ ਦੂਸਰੇ ਨਾਵਲਾਂ ਤੋਂ ਵਿਲੱਖਣਤਾ ਪਰਖਣ ਲਈ ਪੰਜਾਬੀ ਨਾਵਲ ਜਗਤ ਦੇ ਕੁਝ ਕਾਨੂੰਨ ਨਾਲ ਸੰਬੰਧਿਤ ਉਪਰ ਸੰਖੇਪ ਝਾਤ ਪਾਉਣੀ ਅਨਿਵਾਰੀ ਜਾਪਦੀ ਹੈ।

ਪੰਜਾਬੀ ਨਾਵਲ ਜਗਤ ਵਿਚ ਕੁਝ ਨਾਵਲਾਂ ਵਿਚ ਕਾਨੂੰਨ ਦੀ ਗੱਲ ਤਾਂ ਅਵੱਸ਼ ਹੋਈ ਹੈ ਪਰ ਕਾਨੂੰਨ ਨੂੰ ਵਿਸਥਾਰ ਨਾਲ ਚਿਤਰਨ ਅਤੇ ਉਸ ਵਿਚ ਆ ਚੁੱਕੀਆਂ ਤਰੁੱਟੀਆਂ

ਨੂੰ ਉਭਾਰਨ ਦਾ ਉਪਰਾਲਾ ਮਿੱਤਰ ਸੈਨ ਮੀਤ ਨੇ ਹੀ ਕੀਤਾ ਹੈ।

ਨਿਆਂ ਪ੍ਰਣਾਲੀ ਦੀ ਗੱਲ ਨਾਵਲ ਦੇ ਮੁੱਢ ਤੋਂ ਹੀ ਚਲਦੀ ਆਈ ਹੈ ਜਿਵੇਂ ਭਾਈ ਵੀਰ ਸਿੰਘ ਦੇ ਨਾਵਲਾਂ (ਬਾਬਾ ਨੌਧ ਸਿੰਘ), ਨਾਨਕ ਸਿੰਘ (ਚਿੱਟਾ ਲਹੂ), ਜਸਵੰਤ ਕੰਵਲ (ਰਾਤ ਬਾਕੀ ਹੈ), ਗੁਰਦਿਆਲ ਸਿੰਘ (ਅਣਹੋਏ) ਆਦਿ ਨਾਵਲਕਾਰਾਂ ਨੇ ਨਿਆਂ ਪ੍ਰਬੰਧ ਨੂੰ ਸਮਾਜ ਸੁਧਾਰ ਦੇ ਰੂਪ ਵਿਚ ਸਿਆਸਤ ਅਤੇ ਨਿਆਂ ਪ੍ਰਬੰਧ ਦੀਆਂ ਖਾਮੀਆਂ ਨੂੰ ਵਿਅੰਗਮਈ ਦ੍ਰਿਸ਼ਟੀ ਤੋਂ ਰੂਪਮਾਨ ਤਾਂ ਕੀਤਾ ਹੈ ਪਰੰਤੂ ਮੀਤ ਦੇ ਨਾਵਲਾਂ ਵਿਚ ਪੇਸ਼ ਨਰੋਇਆ ਨਿਆਂ ਸੰਕਲਪ ਵਿਸ਼ਾਲਤਾ ਤੇ ਵਿਸ਼ਲੇਸ਼ਣ ਨੂੰ ਦ੍ਰਿਸ਼ਟਮਾਨ ਕਰਦਾ ਸਿਰਫ਼ ਪਹਿਲੇ ਨਾਵਲਾਂ ਵਾਂਗ ਵਿਚਾਰਾਂ ਦੀ ਪੁਸ਼ਟੀ ਤੱਕ ਹੀ ਸੀਮਤ ਨਹੀਂ ਹੈ। ਇਨ੍ਹਾਂ ਨਾਵਲਾਂ ਵਿਚ ਨਿਆਂ ਦਾ ਬਾਹਰੀ (ਪ੍ਰਤੱਖ) ਰੂਪ ਹੀ ਉਭਰਦਾ ਹੈ ਜਦ ਕਿ ਮੀਤ ਦੇ ਨਾਵਲਾਂ ਵਿਚ ਪੇਸ਼ ਨਿਆਂ ਪ੍ਰਣਾਲੀ ਦੀ ਅਸਲੀ ਹਕੀਕਤ ਮੂਲੋਂ ਹੀ ਵੱਖਰੀ ਤੇ ਪਾਠਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਹੈ। ਪੇਸ਼ੇ ਦੇ ਤੌਰ ਤੇ ਸਰਕਾਰੀ ਵਕੀਲ ਹੋਣ ਕਾਰਨ ਨਾਵਲਕਾਰ ਨਿਆਂ ਪ੍ਰਣਾਲੀ ਨਾਲ ਸੰਬੰਧਿਤ ਹਰ ਮਹਿਕਮੇ ਬਾਰੇ ਡੂੰਘਾ ਅਨੁਭਵ ਰੱਖਦਾ ਹੈ ਤੇ ਇਸੇ ਅਨੁਭਵ ਦੇ ਆਧਾਰ ਤੇ ਉਸਨੇ ਆਪਣੀਆਂ ਸਮੁੱਚੀਆਂ ਰਚਨਾਵਾਂ ਵਿਚ ਕਾਨੂੰਨ ਦੀ ਛੋਟੀ ਤੋਂ ਛੋਟੀ ਖ਼ਾਮੀ ਨੂੰ ਵੀ ਰੂਪਮਾਨ ਕੀਤਾ ਹੈ।

ਦੂਸਰੇ ਨਾਵਲਕਾਰਾਂ ਨਾਲੋਂ ਉਸਦੀ ਵੱਖਰਤਾ ਇਹ ਵੀ ਰਹੀ ਹੈ ਕਿ ਉਸਨੇ ਮੌਜੂਦਾ ਸਿਸਟਮ ਵਿਚ ਰਾਜ-ਸੱਤਾ ਦੇ ਉਸਾਰੇ ਥੰਮਾਂ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਤੋਂ ਇਲਾਵਾ ਪ੍ਰੈੱਸ ਆਦਿ ਨੂੰ ਸਰਮਾਏਦਾਰੀ ਦਾ ਪੱਖ ਪੂਰਦੇ ਅਤੇ ਸਿਆਸੀ ਦਬਾ ਹੇਠ ਆ ਚੁੱਕੇ ਇਨ੍ਹਾਂ ਥੰਮਾਂ ਨੂੰ ਬੜੀ ਜੁਗਤ ਨਾਲ ਪੇਸ਼ ਕੀਤਾ ਹੈ। ਉਸਨੇ ਕਿਸੇ ਇਕ ਵਿਅਕਤੀ ਜਾਂ ਮਹਿਕਮੇ ਦਾ ਹੀ ਨਹੀਂ ਸਗੋਂ ਸਮੁੱਚੇ ਮਹਿਕਮਿਆਂ ਵਿਚ ਹੋ ਰਹੇ ਘਪਲਿਆਂ ਨੂੰ ਆਮ ਲੋਕਾਂ ਦੇ ਸਾਹਮਣੇ ਲਿਆਂਦਾ ਹੈ। ਉਸਨੇ ਜਨਤਾ ਨਾਲ ਹੋ ਰਹੇ ਵਿਤਕਰੇ ਨੂੰ ਇਸ ਸੰਦਰਭ ਵਿਚ ਚਿਤਰਿਆ ਹੈ ਕਿ ਅੱਜ ਦਾ ਕਾਨੂੰਨ ਲੋਕ-ਰਾਜ ਦੇ ਮੱਥੇ ਤੇ ਕਲੰਕ ਸਾਬਤ ਹੁੰਦਾ ਹੈ। ਨਾਵਲ ਇਕ ਅਜਿਹੀ ਸਾਹਿਤਕ ਰਚਨਾ ਹੈ ਜਿਹੜਾ ਕਿ ਜੀਵਨ ਵਿਚੋਂ ਲਈਆਂ ਗਈਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ ਅਤੇ ਇਹ ਸਮੱਸਿਆਵਾਂ ਸਾਧਾਰਨ ਲੋਕਾਂ ਦੀਆਂ ਹੁੰਦੀਆਂ ਹਨ। ਇਸ ਲਈ ਇਹਨਾਂ ਸਮੱਸਿਆਵਾਂ ਦੀ ਪੇਸ਼ਕਾਰੀ ਲਈ ਨਾਵਲ ਵਿਚ ਪਾਤਰ ਬੜੇ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਜੇਕਰ ਕਿਸੇ ਨਾਵਲ ਵਿਚ ਕਿਸੇ ਖ਼ਾਸ ਪਾਤਰ ਦਾ ਮਹੱਤਵਪੂਰਨ ਰੋਲ ਹੋਵੇ ਤਾਂ ਉਹ ਨਾਵਲ ਪਾਤਰ ਪ੍ਰਧਾਨ ਕਹਾਉਂਦਾ ਹੈ।

ਬੇਸ਼ੱਕ ਨਾਵਲ ਦੀ ਵਿਧਾ ਦਾ ਜਨਮ ਹੀ ਯਥਾਰਥ ਦੀ ਸਾਹਿਤਕ ਸਿਰਜਨਾ ਨਾਲ ਜੁੜਿਆ ਹੋਇਆ ਹੈ ਪਰੰਤੂ ਮੀਤ ਦੇ ਨਾਵਲ ਜਗਤ ਵਿਚ ਇਹ ਖ਼ਾਸੀਅਤ ਉਭਰਦੀ ਹੈ ਕਿ ਉਸਨੇ ਪਰੰਪਰਾਵਾਦੀ ਯਥਾਰਥ ਨਾਲ ਜੁੜਦੇ ਹੋਏ ਵੀ ਭਵਿੱਖ ਮੁਖੀ ਯਥਾਰਥ ਨੂੰ ਸਿਰਜਿਆ ਹੈ। 'ਕਟਹਿਰਾ' ਨਾਵਲ ਵਿਚ ਗੁਰਮੀਤ ਵਰਗੇ ਪ੍ਰਗਤੀਵਾਦੀ ਪਾਤਰਾਂ ਦੀ ਸਿਰਜਨਾ ਰਾਹੀਂ ਉਹ ਸਮਾਜਵਾਦੀ ਵਿਚਾਰਧਾਰਾ ਅਨੁਸਾਰ ਧਰਮ ਨਿਰਪੱਖ, ਲੋਕ-ਰਾਜ

ਦੇ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਲਈ ਲੋੜ ਤੇ ਜ਼ੋਰ ਦਿੰਦਾ ਹੈ ਤੇ ਉਹ ਵੀ ਸੁਚੇਤ ਪੱਧਰ ਤੇ ਜੋ ਉਸਦੀ ਪ੍ਰਾਪਤੀ ਵੀ ਕਹੀ ਜਾ ਸਕਦੀ ਹੈ।

'ਕਟਹਿਰਾ' ਨਾਵਲ ਦੀ ਪ੍ਰਾਪਤੀ ਇਹ ਨਹੀਂ ਕਿ ਉਹ ਭ੍ਰਿਸ਼ਟ ਅਫ਼ਸਰਸ਼ਾਹੀ ਜਾਂ ਨਿਆਂਪਾਲਿਕਾ ਦੇ ਅਸਲ ਕਿਰਦਾਰ ਨੂੰ ਚੰਗਾ ਬਣਾਉਣ ਤੱਕ ਸੀਮਤ ਰਹਿੰਦਾ ਹੈ ਸਗੋਂ ਉਸਦੀ ਪ੍ਰਾਪਤੀ ਇਹ ਹੈ ਕਿ ਉਹ ਪੂਰੇ ਸਮਾਜਿਕ, ਰਾਜਨੀਤਿਕ ਪ੍ਰਬੰਧ ਨੂੰ ਇਕਾਈ ਦੇ ਰੂਪ ਵਿਚ ਦੇਖਦਾ ਹੋਇਆ ਆਪਣੀ ਮਹੀਨ ਦ੍ਰਿਸ਼ਟੀ ਨਾਲ ਇਹ ਪੇਸ਼ ਕਰਦਾ ਹੈ ਕਿ ਹਰ ਅਫ਼ਸਰ, ਹਰ ਮੁਲਜ਼ਮ, ਹਰ ਮੁਲਾਜ਼ਮ, ਹਰ ਗਵਾਹ, ਹਰ ਵਕੀਲ, ਹਰ ਪੁਲਿਸ ਵਾਲਾ ਗੱਲ ਕੀ ਨਾਵਲ ਦਾ ਹਰ ਪਾਤਰ ਇਸ ਪ੍ਰਬੰਧ ਹੱਥੋਂ ਬੇਵੱਸ ਤੇ ਦੁਖੀ ਹੈ। ਸੁਰਜੀਤ ਜੱਜ ਇਸ ਨਾਵਲ ਬਾਰੇ ਆਪਣੇ ਲੇਖ ਵਿਚ ਲਿਖਦਾ ਹੈ ਕਿ "ਇਸ ਤੰਦੂਆ ਜਾਲ ਦਾ ਜਿੰਨਾ ਸਪੱਸ਼ਟ ਚਿਤਰਨ ਮੀਤ ਨੇ ਕੀਤਾ ਹੈ ਉਸਦੀ ਮਿਸਾਲ ਇਸ ਤੋਂ ਪਹਿਲਾਂ ਦੇ ਪੰਜਾਬੀ ਨਾਵਲ ਵਿਚ ਲੱਭਣੀ ਮੁਸ਼ਕਲ ਹੈ।"[28]

ਮੀਤ ਦੀ ਵੱਖਰਤਾ ਸਭ ਤੋਂ ਵੱਡੀ ਉਸਦੇ ਨਾਵਲਾਂ ਵਿਚ ਆਏ ਸਮੁੱਚੇ ਪਾਤਰਾਂ ਵਿਚ ਵੀ ਪਈ ਹੈ ਜਿਸ ਵਿਚ ਮੀਤ ਨੇ ਹਰੇਕ ਵਰਗ, ਹਰੇਕ ਮਹਿਕਮੇ, ਇਥੋਂ ਤੱਕ ਕਿ ਦਿਸਦੀ ਦੁਨੀਆਂ ਦੇ ਲੋਕਾਂ ਨੂੰ ਸਿਰਜਤ ਦੁਨੀਆਂ ਵਿਚ ਦਰਸਾਇਆ ਹੈ। ਚਾਹੇ ਉਹ ਕਾਨੂੰਨ ਦੇ ਰਖਵਾਲੇ ਹਨ, ਚਾਹੇ ਕਾਨੂੰਨ ਤੋਂ ਮੱਦਦ ਲੈਣ ਵਾਲੇ ਤੇ ਭਾਵੇਂ ਸਿਹਤ ਮਹਿਕਮੇ ਨਾਲ ਸੰਬੰਧਿਤ ਡਾਕਟਰ, ਭਾਵੇਂ ਪੱਤਰਕਾਰ, ਭਾਵੇਂ ਧਰਮ ਦੇ ਰਖਵਾਲੇ, ਵਿਦਿਆਰਥੀ, ਮਾਲਕ, ਨੌਕਰ, ਔਰਤ ਜਾਂ ਮਰਦ, ਬਜ਼ੁਰਗ, ਬੱਚੇ, ਪੜ੍ਹੇ-ਲਿਖੇ ਅਤੇ ਅਨਪੜ੍ਹ ਹਰ ਪਾਤਰ ਦੇ ਪੂਰੇ ਜੀਵਨ ਪਿਛੋਕੜ ਨੂੰ ਇੰਨੇ ਵਿਸਥਾਰ ਨਾਲ ਚਿਤਰਿਆ ਹੈ ਕਿ ਉਸਦੇ ਹਰੇਕ ਨਾਵਲ ਦਾ ਹਰੇਕ ਪਾਤਰ ਆਪਣੀ-ਆਪਣੀ ਅਹਿਮੀਅਤ ਰੱਖਦੇ ਹਨ ਭਾਵੇਂ ਮੀਤ ਦੇ ਨਾਵਲਾਂ ਵਿਚ ਪਾਤਰਾਂ ਦੀ ਬਹੁਤਾਤ ਹੈ ਤੇ ਕਈ ਆਲੋਚਕਾਂ ਨੇ ਇਸ ਪਾਤਰਾਂ ਦੀ ਬਹੁਤਾਤ ਨੂੰ ਮੀਤ ਦਾ ਦੋਸ਼ ਮੰਨਿਆ ਹੈ, ਪਰੰਤੂ ਉਹ ਹਰ ਪਾਤਰ ਨੂੰ ਇਕ ਸੰਸਥਾ ਦੇ ਪ੍ਰਤੀਕ ਵਜੋਂ ਉਭਾਰਦਾ ਹੈ। ਇਹ ਵੀ ਲੇਖਕ ਦਾ ਆਪਣਾ ਵਿਲੱਖਣ ਤੇ ਮੌਲਿਕ ਅੰਦਾਜ਼ ਹੈ।

ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ-ਸਭਾ' ਬਾਰੇ ਸੁਰਿੰਦਰ ਕੁਮਾਰ ਦਵੇਸ਼ਵਰ ਦਾ ਕਹਿਣਾ ਹੈ ਕਿ "ਇੱਕੀਵੀਂ ਸਦੀ ਦੀ ਸ਼ੁਰੂਆਤ ਪੰਜਾਬੀ ਨਾਵਲ ਲਈ ਸ਼ੁਭ ਸੁਭਾਅ ਵਾਲੀ ਵੀ ਹੈ ਅਤੇ ਮਾਣ ਕਰਨਯੋਗ ਵੀ। ਪਿਛਲੇ ਦੋ ਢਾਈ ਸਾਲਾਂ ਵਿਚ ਕੁਝ ਅਜਿਹੇ ਨਾਵਲ ਪ੍ਰਕਾਸ਼ਤ ਹੋਏ ਹਨ ਜਿਨ੍ਹਾਂ ਵਿਚਲੇ ਅਨੁਭਵ ਦੀ ਪ੍ਰਮਾਣਿਕਤਾ, ਸ਼ਿਲਪ ਦੀ ਪਰਪੱਕਤਾ ਤੇ ਦ੍ਰਿਸ਼ਟੀ ਦੀ ਗੰਭੀਰਤਾ ਨੇ ਪੰਜਾਬੀ ਨਾਵਲ ਦੀ ਪਹਿਚਾਣ ਵਿਚ ਹੋਰ ਵਾਧਾ ਕੀਤਾ ਹੈ। ਅਜਿਹੇ ਨਾਵਲਾਂ ਵਿਚੋਂ ਹੀ ਮਿੱਤਰ ਸੈਨ ਮੀਤ ਦਾ 'ਕੌਰਵ-ਸਭਾ' (2003) ਨਾਵਲ ਹੈ ਜਿਹੜਾ ਪੂੰਜੀਵਾਦੀ ਨੀਂਹ 'ਤੇ ਉਸਰੀ ਸਾਡੀ ਲੋਕਰਾਜੀ ਪ੍ਰਣਾਲੀ ਦੀਆਂ ਤਿੰਨੇ ਬੁਨਿਆਦੀ ਸੰਸਥਾਵਾਂ - ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਵਿਚਲੇ ਖਲਨਾਇਕੀ ਚਰਿੱਤਰ ਨੂੰ ਉਸਦੀ ਸਮੁੱਚਤਾ, ਜਟਿਲਤਾ ਤੇ ਗਤੀਸ਼ੀਲਤਾ ਵਿਚ ਸਾਕਾਰ ਕਰਦਾ ਹੈ।"[29]

ਸੋ ਮਿੱਤਰ ਸੈਨ ਮੀਤ ਦੀ ਵਿਲੱਖਣਤਾ ਦਾ ਮੂਲ ਆਧਾਰ ਉਸਦੇ ਨਾਵਲਾਂ ਦੇ ਵਿਸ਼ਿਆਂ ਉੱਪਰ ਟਿਕਿਆ ਹੋਇਆ ਹੈ। ਉਸਨੇ ਕਾਨੂੰਨ ਵਰਗੇ ਰੁੱਖੇ ਵਿਸ਼ੇ ਨੂੰ ਦਿਲਚਸਪ ਬਣਾ ਕੇ ਰੂਪਮਾਨ ਕੀਤਾ ਹੈ। ਉਸਦੇ ਨਾਵਲਾਂ ਦੇ ਵਿਸ਼ਿਆਂ ਰਾਹੀਂ ਦੂਜਾ ਰੱਬ ਸਮਝੀ ਜਾਂਦੀ ਨਿਆਂਪਾਲਿਕਾ ਨੂੰ ਆਪਣੇ ਨੇੜੇ ਦੇ ਅਨੁਭਵ ਰਾਹੀਂ ਗਹਿਰਾਈ, ਸੂਖਮਤਾ ਅਤੇ ਬੇਬਾਕੀ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ ਜਿਸਦੀ ਮਿਸਾਲ ਪੰਜਾਬੀ ਨਾਵਲ ਵਿਚ ਹੋਰ ਕਿਧਰੇ ਨਹੀਂ ਮਿਲਦੀ। ਉਸਨੇ ਪਹਿਲੀ ਵਾਰ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੇ ਨਵੀਨ ਵਿਸ਼ਿਆਂ ਨਾਲ ਸੰਬੰਧਿਤ ਲੜੀਵਾਰ ਨਾਵਲਾਂ ਨੂੰ ਵਿਵੇਕਪੂਰਨ ਢੰਗ ਨਾਲ ਚਿਤਰਿਆ ਹੈ।

'ਤਫ਼ਤੀਸ਼' ਨਾਵਲ ਤੇ ਸਰਸਰੀ ਝਾਤ ਮਾਰਿਆਂ ਤਾਂ ਇਕ ਮਾਸੂਮ ਬੱਚੇ ਬੰਟੇ ਦੇ ਗੁੰਮ ਹੋਣ ਤੇ ਉਸਦੀ ਭਾਲ ਰਾਹੀਂ ਬਿਰਤਾਂਤ ਸਿਰਜਦਾ ਹੈ ਪਰ ਨਾਵਲਕਾਰ ਦੀ ਖ਼ਾਸੀਅਤ ਇਹ ਰਹੀ ਹੈ ਕਿ ਇਕ ਸਾਧਾਰਨ ਜਿਹੀ ਘਟਨਾ ਨੂੰ ਮਨੁੱਖੀ ਜ਼ਿੰਦਗੀ ਦੇ ਗੰਭੀਰ ਸਰੋਕਾਰਾਂ ਨਾਲ ਜੋੜ ਕੇ ਪ੍ਰਸਤੁਤ ਕਰਦਾ ਹੈ ਜੋ ਕਾਨੂੰਨੀ ਵਿਵਸਥਾ ਦੇ ਅਨੇਕਾਂ ਸੰਦਰਭਾਂ ਨੂੰ ਉਜਾਗਰ ਕਰਦੀ ਹੈ। ਨਾਵਲਕਾਰ ਦੀ ਇਹ ਵੀ ਪ੍ਰਾਪਤੀ ਹੈ ਕਿ ਇਕ ਛੋਟੀ ਜਿਹੀ ਘਟਨਾ ਨੂੰ ਅਨੇਕਾਂ ਪਰਤਾਂ ਰਾਹੀਂ ਉਸਾਰਦਾ ਆਪਣੀ ਮਹੀਨ ਦ੍ਰਿਸ਼ਟੀ ਰਾਹੀਂ ਨਿਆਂ ਪ੍ਰਣਾਲੀ ਦੀਆਂ ਪਰਤਾਂ ਫਰੋਲਦਾ ਤੁਰਿਆ ਜਾਂਦਾ ਹੈ।

ਮੀਤ ਦੇ ਸਮੁੱਚੇ ਨਾਵਲ ਜਗਤ ਦੀ ਜੇਕਰ ਵਿਧੀ ਵੇਖੀਏ ਤਾਂ ਮੋਟੇ ਤੌਰ ਤੇ ਆਲੋਚਨਾਤਮਕ ਯਥਾਰਥਵਾਦ ਦੀ ਵਿਧੀ ਪ੍ਰਵਾਨ ਕੀਤੀ ਜਾ ਸਕਦੀ ਹੈ। ਉਸਾਰੂ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਹੀ ਉਹ ਆਪਣੀ ਸਮੁੱਚੀ ਰਚਨਾ ਸਮੱਗਰੀ ਪੇਸ਼ ਕਰਦਾ ਹੈ ਕਿਉਂਕਿ ਉਹ ਸਮਾਂ ਵਿਹਾ ਚੁੱਕੇ ਵਿਸ਼ਿਆਂ ਨੂੰ ਤਿਆਗਦਾ ਹੋਇਆ ਅਜੋਕੇ ਸਮਾਜ ਵਿਚ ਪ੍ਰਤੱਖ ਯਥਾਰਥ ਦੇ ਧੁਰ ਅੰਦਰਲੀ ਸਚਾਈ ਨੂੰ ਟਟੋਲ ਕੇ ਨਿਸ਼ਚਿਤ ਬੌਧਿਕ ਪਰਿਪੇਖ ਵਿਚ ਉਸਦਾ ਵਿਸ਼ਲੇਸ਼ਣ ਕਰਦਾ ਹੈ। ਉਸਦੇ 'ਕੌਰਵ-ਸਭਾ' ਨਾਵਲ ਦੀ ਵਿਧੀ ਬਾਰੇ ਡਾ. ਜਗਬੀਰ ਦੇ ਵਿਚਾਰ ਜਾਣੇ ਜਾ ਸਕਦੇ ਹਨ :

"ਮੌਜੂਦਾ ਨਿਆਂ-ਪ੍ਰਣਾਲੀ ਨੂੰ ਕੇਂਦਰ ਵਿਚ ਰੱਖਕੇ ਸਿਰਜਿਆ ਗਿਆ ਇਹ ਨਾਵਲ ਆਲੋਚਨਾਤਮਕ ਯਥਾਰਥਵਾਦ ਦੀ ਪ੍ਰਮਾਣਿਕ ਵਿਧੀ ਅਤੇ ਨਾਇਕ ਵਿਹੂਣੇ ਦਸਤਾਵੇਜੀ ਬਿਰਤਾਂਤ ਰਾਹੀਂ, ਪੰਜਾਬ ਦੀ ਵਰਤਮਾਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਵਸਥਾ ਦਾ ਭਰਵਾਂ ਬਿੰਬ ਉਸਾਰਦਾ ਹੈ। ਇਸਦੀ ਬਿਰਤਾਂਤ ਸ਼ੈਲੀ ਘਟਨਾਵਾਂ ਅਤੇ ਸਥਿਤੀਆਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦੀ ਹੋਈ ਯਥਾਰਥ ਦੀ ਵਰਤਮਾਨ ਹਕੀਕਤ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਹੁੰਦੀ ਹੈ। ਇਕ ਤਰ੍ਹਾਂ ਨਾਲ ਯਥਾਰਥ ਦੀ ਵਰਤਮਾਨ ਹਕੀਕਤ 'ਕੌਰਵ-ਸਭਾ' ਨਾਵਲ ਦਾ ਉਹ ਪ੍ਰਸੰਗ ਹੈ ਜੋ ਇਸਦੇ ਆਰ-ਪਾਰ ਫੈਲਿਆ ਹੋਇਆ ਹੈ ਅਤੇ ਜਿਸਦੇ ਮਾਧਿਅਮ ਰਾਹੀਂ ਇਹ ਨਾਵਲ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ।"[30]

ਮੀਤ ਆਪਣੇ ਵਿਲੱਖਣ ਅਨੁਭਵ ਰਾਹੀਂ ਯਥਾਰਥ ਦਾ ਬਹੁ-ਪਰਿਪੇਖੀ ਦ੍ਰਿਸ਼ ਉਸਾਰਦਾ

ਹੈ ਅਤੇ ਸੁਹਿਰਦ ਪਾਠਕਾਂ ਦੀ ਸੰਵੇਦਨਸ਼ੀਲਤਾ ਨੂੰ ਟੁੰਬਣ ਦਾ ਉਪਰਾਲਾ ਕਰਦਾ ਹੋਇਆ ਪਾਠਕਾਂ ਨੂੰ ਪ੍ਰਭਾਵਿਤ ਹੀ ਨਹੀਂ ਕਰਦਾ ਸਗੋਂ ਉਸਦੇ ਮਨ ਵਿਚ (ਅਸਲੀਅਤ) ਯਥਾਰਥ ਦੀ ਵਾਸਤਵਿਕਤਾ ਬਾਰੇ ਨਵੀਂ ਚੇਤਨਾ ਵੀ ਜਗਾਉਂਦਾ ਹੈ।

ਮੀਤ ਦੀ ਵਿਸ਼ੇਸ਼ ਅਹਿਮੀਅਤ ਇਹ ਹੈ ਕਿ ਉਹ ਕਿਸੇ ਇਕ ਸਮੱਸਿਆ ਜਾਂ ਲਹਿਰ ਦਾ ਪ੍ਰਭਾਵ ਨਹੀਂ ਕਬੂਲਦਾ ਸਗੋਂ ਸਮੁੱਚੀ ਵਿਵਸਥਾ ਤੇ ਸਮੁੱਚੇ ਜੀਵਨ ਦੇ ਵੇਰਵਿਆਂ ਨੂੰ ਯਥਾਰਥਵਾਦੀ ਰੂਪ ਵਿਚ ਕ੍ਰਾਂਤੀਕਾਰੀ/ਪ੍ਰਗਤੀਵਾਦੀ ਵਿਚਾਰਾਂ ਦੀ ਸਾਰਥਿਕਤਾ ਨੂੰ ਕਬੂਲਦਾ ਹੈ। ਉਸਦੇ ਮੁੱਢਲੇ ਨਾਵਲ ਬੇਸ਼ੱਕ ਨਕਸਲਵਾਦੀ ਲਹਿਰ ਦੇ ਪ੍ਰਭਾਵ ਨੂੰ ਕਬੂਲਦੇ ਹਨ ਪਰੰਤੂ ਇਹਨਾਂ ਨਾਵਲਾਂ ਵਾਲੀ ਪ੍ਰਗਤੀਵਾਦੀ ਦ੍ਰਿਸ਼ਟੀ ਪਿਛਲੇਰੇ ਨਾਵਲਾਂ ਵਿਚ ਕ੍ਰਾਂਤੀਕਾਰੀ ਦ੍ਰਿਸ਼ਟੀ ਪਰਿਵਰਤਿਤ ਹੋ ਰਹੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਜੇ ਦੇਖਿਆ ਜਾਏ ਤਾਂ ਸਮੁੱਚਾ ਪੰਜਾਬੀ ਸਾਹਿਤ ਆਦਰਸ਼-ਮੁਖੀ ਰਿਹਾ ਹੈ। ਸਮੇਂ-ਸਮੇਂ ਆਦਰਸ਼ਾਂ ਦੇ ਸਰੋਕਾਰ ਬਦਲਦੇ ਰਹੇ ਹਨ ਕਿਉਂਕਿ ਕਿਸੇ ਆਦਰਸ਼ ਤੋਂ ਬਿਨਾਂ ਰਚਨਾ ਕਰ ਸਕਣਾ ਨਿਸ਼ਚੇ ਹੀ ਮੁਸ਼ਕਿਲ ਕਾਰਜ ਹੁੰਦਾ ਹੈ ਪਰ ਮੀਤ ਨੇ ਬੀਤੇ ਤੇ ਝੁਰਨ ਜਾਂ ਕੋਈ ਖੋਖਲੇ ਆਦਰਸ਼ ਸਿਰਜਣ ਦੀ ਥਾਂ ਆਪਣੇ ਅਨੁਭਵ ਦੀ ਵਿਧੀ ਰਾਹੀਂ ਆਪਣੀ ਸਮਝ ਤੇ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ। ਉਸਦਾ ਸਮੁੱਚਾ ਨਾਵਲ ਜਗਤ ਇਸਦੀ ਜਿਉਂਦੀ-ਜਾਗਦੀ ਮਿਸਾਲ ਹੈ।

ਜੇਕਰ ਮੀਤ ਦੇ ਹੁਣ ਤੱਕ ਦੇ ਛੇ ਪ੍ਰਕਾਸ਼ਤ ਹੋ ਚੁੱਕੇ ਨਾਵਲਾਂ ਨੂੰ ਲੜੀਵਾਰ ਦੇਖੀਏ ਤਾਂ ਉਸਦੀ ਨਾਵਲੀ ਯਾਤਰਾ ਦਾ ਸਫ਼ਰ 'ਤਫ਼ਤੀਸ਼' ਅਤੇ 'ਕਟਹਿਰਾ' ਤੋਂ ਸ਼ੁਰੂ ਹੋ ਕੇ 'ਕੌਰਵ ਸਭਾ' ਅਤੇ 'ਸੁਧਾਰ-ਘਰ' ਤੱਕ ਪਹੁੰਚੀ ਯਾਤਰਾ ਦੇ ਗ੍ਰਾਫ਼ ਨੂੰ ਵਿਕਾਸਮੁਖੀ ਦਿਸ਼ਾ ਵਿਚ ਨਿਰੰਤਰ ਅੱਗੇ ਵਧਦਾ ਵੇਖਿਆ ਜਾ ਸਕਦਾ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਮੀਤ ਪਹਿਲਾ ਨਾਵਲਕਾਰ ਹੈ ਜਿਸਦੇ ਹਰੇਕ ਨਾਵਲ ਤੇ ਪੰਜਾਬੀ ਦੇ ਪ੍ਰਬੁੱਧ ਆਲੋਚਕਾਂ, ਵਿਦਵਾਨਾਂ ਅਤੇ ਪਾਠਕਾਂ ਨੇ ਨਿੱਠ ਕੇ ਚਰਚਾ ਕੀਤੀ ਹੈ। ਮੀਤ ਦੇ ਮੁੱਢਲੇ ਨਾਵਲਾਂ 'ਅੱਗ ਦੇ ਬੀਜ', 'ਕਾਫ਼ਲਾ' ਤੋਂ ਇਲਾਵਾ 'ਤਫ਼ਤੀਸ਼' ਤੇ 'ਕਟਹਿਰਾ' ਬਾਰੇ ਡਾ. ਸੁਖਦੇਵ ਸਿੰਘ ਖਾਹਰਾ ਦੀ ਪੁਸਤਕ 'ਨਾਵਲਕਾਰ ਮਿੱਤਰ ਸੈਨ ਮੀਤ' ਅਤੇ 'ਕੌਰਵ-ਸਭਾ' ਨਾਵਲ ਤੇ 'ਕੌਰਵ-ਸਭਾ ਦਾ ਆਲੋਚਨਾਤਮਕ ਅਧਿਐਨ' ਪੁਸਤਕਾਂ ਵੀ ਸੰਪਾਦਿਤ ਕੀਤੀਆਂ ਜਦ ਕਿ 'ਕੌਰਵ-ਸਭਾ' ਨਾਵਲ ਤੇ ਅਮਰਜੀਤ ਸਿੰਘ ਗਰੇਵਾਲ ਦੀ ਪੁਸਤਕ 'ਕੌਰਵ ਸਭਾ ਦੇ ਪ੍ਰਸੰਗ' ਵੀ ਆ ਚੁੱਕੀ ਹੈ। ਡਾ. ਟੀ.ਆਰ.ਵਿਨੋਦ ਨੇ 'ਮਿੱਤਰ ਸੈਨ ਮੀਤ ਆਫ਼ ਫਿਕਸ਼ਨ' ਅੰਗਰੇਜ਼ੀ ਵਿਚ ਉਸਦੇ ਸਮੁੱਚੇ ਨਾਵਲਾਂ ਦੀ ਵਿਚਾਰ ਚਰਚਾ ਕਰਨ ਵਾਲੀ ਪੁਸਤਕ ਤੋਂ ਇਲਾਵਾ ਨਜ਼ਰੀਆ ਅੰਕ ਵੀ ਮੀਤ ਦੇ ਸਮੁੱਚੇ ਨਾਵਲਾਂ ਤੇ ਝਾਤ ਪਾਉਂਦਾ ਹੈ। ਡਾ. ਅਤਰ ਸਿੰਘ, ਜੋਗਿੰਦਰ ਸਿੰਘ ਰਾਹੀ ਤੋਂ ਇਲਾਵਾ ਹਰਿਭਜਨ ਸਿੰਘ ਭਾਟੀਆ ਦੀ ਪੁਸਤਕ 'ਕੌਰਵ ਸਭਾ ਦੀਆਂ ਪਰਤਾਂ' ਵਿਚ ਵੱਖ-ਵੱਖ ਵਿਦਵਾਨਾਂ ਦੇ ਲੇਖ ਛਪੇ ਹਨ।

ਉਪਰੋਕਤ ਵਿਦਵਾਨਾਂ ਦੀ ਨਜ਼ਰ ਵਿਚ ਮੀਤ ਇਕ ਬਹੁ-ਚਰਚਿਤ ਹੀ ਨਹੀਂ ਸਗੋਂ ਪ੍ਰਬੁੱਧ ਨਾਵਲਕਾਰ ਦੀ ਉਪਾਧੀ ਪ੍ਰਾਪਤ ਕਰਨ ਵਾਲਾ ਨਾਵਲਕਾਰ ਹੈ। ਇਸ ਤੋਂ ਇਲਾਵਾ

ਮੀਤ ਦੇ ਨਾਵਲ ਐੱਮ.ਏ. ਦੇ ਸਿਲੇਬਸ ਦਾ ਹਿੱਸਾ ਬਣਨ ਦੇ ਨਾਲ-ਨਾਲ ਐੱਮ.ਫਿਲ. ਤੇ ਪੀ-ਐੱਚ.ਡੀ. ਦੇ ਵਿਦਿਆਰਥੀਆਂ ਦੇ ਖੋਜ-ਕਾਰਜ ਦੇ ਖੇਤਰ ਬਣ ਚੁੱਕੇ ਹਨ। ਮੀਤ ਦੇ ਲੜੀਵਾਰ ਨਾਵਲਾਂ ਨੂੰ ਕੇਵਲ ਪੰਜਾਬੀ ਨਾਲ ਜੁੜੇ ਪਾਠਕਾਂ ਤੇ ਵਿਦਵਾਨਾਂ ਨੇ ਹੀ ਨਹੀਂ ਪੜ੍ਹਿਆ ਸਗੋਂ ਸਿਆਸੀ ਆਗੂਆਂ, ਜੱਜਾਂ ਅਤੇ ਪੁਲਿਸ ਅਫ਼ਸਰਾਂ ਨੇ ਵੀ ਆਪਣੀ ਪੜ੍ਹਤ ਦਾ ਹਿੱਸਾ ਬਣਾਇਆ ਹੈ। ਕਹਿਣ ਤੋਂ ਭਾਵ ਸਾਧਾਰਨ ਪਾਠਕ ਤੇ ਵਿਦਵਾਨਾਂ, ਖੋਜਾਰਥੀਆਂ ਤੇ ਆਲੋਚਕਾਂ ਦੀ ਚੇਤਨਾ ਦਾ ਹਿੱਸਾ ਬਣਨਾ ਲੇਖਕ ਦੀਆਂ ਕਿਰਤਾਂ ਦੀ ਵਿਲੱਖਣਤਾ ਨੂੰ ਜ਼ਾਹਿਰ ਕਰਦਾ ਹੈ ਅਤੇ ਨਾਵਲਕਾਰ ਦੀ ਵਿਸ਼ੇਸ਼ ਵਿਲੱਖਣਤਾ ਇਹ ਹੈ ਕਿ ਉਸਨੇ ਖ਼ੁਦ ਵਕੀਲ ਹੁੰਦਿਆਂ ਆਪਣੀ ਜਮਾਤ ਦੀਆਂ ਅੰਦਰੂਨੀ ਤੇ ਬਾਹਰੀ ਕਮਜ਼ੋਰੀਆਂ ਨੂੰ ਦ੍ਰਿੜ੍ਹਤਾ ਨਾਲ ਪਾਠਕ ਵਰਗ ਸਾਹਮਣੇ ਪੇਸ਼ ਕੀਤਾ ਜੋ ਅਤਿ ਸਲਾਹੁਣਯੋਗ ਹੈ।

## ਹਵਾਲੇ ਤੇ ਟਿੱਪਣੀਆਂ


1. ਰੈਲਫ਼ ਫ਼ਾੱਕਸ, **ਨਾਵਲ ਅਤੇ ਲੋਕ ਜੀਵਨ**, ਪੰਨਾ 70
2. **ਉਹੀ**, ਪੰਨਾ 70
3. ਉਧਰਿਤ ਡਾ. ਸਵਿੰਦਰ ਸਿੰਘ ਉਪਲ, **ਪੰਜਾਬੀ ਨਾਵਲ ਵਿਧੀ ਤੇ ਵਿਚਾਰ**, ਪੰਨਾ 9
4. ਹਰਿੰਦਰ ਸਿੰਘ ਮਹਿਬੂਬ, **ਝਨਾਂ ਦੀ ਰਾਤ**, ਪੰਨਾ xxvii-xxviii.
5. ਜੋਗਿੰਦਰ ਸਿੰਘ ਰਾਹੀ, **ਪੰਜਾਬੀ ਨਾਵਲ**, ਪੰਨਾ 23
6. ਉਹੀ, **ਮਸਲੇ ਗਲਪ ਦੇ**, ਪੰਨਾ 10
7. ਡਾ. ਜਗਬੀਰ ਸਿੰਘ, **ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ**, ਪੰਨਾ 9
8. ਡਾ. ਟੀ.ਆਰ.ਵਿਨੋਦ, **ਸੰਸਕ੍ਰਿਤੀ ਤੇ ਪੰਜਾਬੀ ਨਾਵਲ**, ਪੰਨਾ
9. ਡਾ. ਸਵਿੰਦਰ ਸਿੰਘ ਉੱਪਲ, **ਪੰਜਾਬੀ ਨਾਵਲ ਵਿਧੀ ਤੇ ਵਿਚਾਰ**, ਪੰਨਾ 34
10. ਡਾ. ਟੀ.ਆਰ.ਵਿਨੋਦ, **ਪੰਜ ਨਾਵਲ ਇੱਕ ਮੁਲੰਕਣ**, ਪੰਨਾ 11
11. ਐੱਮ ਖਰਾਪਚੈਂਕੋ, **ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ ਦਾ ਵਿਕਾਸ**, ਪੰਨਾ 322
12. ਕਰਨੈਲ ਸਿੰਘ ਥਿੰਦ, **ਪੰਜਾਬੀ ਨਾਵਲ ਸਰਵੇਖਣ ਤੇ ਮੁਲਾਂਕਣ**, ਪੰਨਾ 71
13. ਪ੍ਰੋ. ਕਸੇਲ ਅਤੇ ਡਾ. ਪ੍ਰਮਿੰਦਰ ਸਿੰਘ, **ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ**, ਪੰਨਾ 461
14. ਜੋਗਿੰਦਰ ਸਿੰਘ ਰਾਹੀ, **ਮਸਲੇ ਗਲਪ ਦੇ**, ਪੰਨਾ 43
15. ਉਹੀ, **ਸਮਾਂ ਤੇ ਸੰਵਾਦ**, ਪੰਨਾ 71
16. ਜਗਬੀਰ ਸਿੰਘ, **ਪੰਜਾਬੀ ਗਲਪ ਸੰਸਾਰ**, ਪੰਨਾ 43
17. ਡਾ. ਟੀ. ਆਰ. ਵਿਨੋਦ, **ਪੰਜਾਬੀ ਨਾਵਲ ਅਧਿਐਨ**, ਪੰਨਾ 11
18. ਬਿਕਰਮ ਸਿੰਘ ਘੁੰਮਣ, **ਆਧੁਨਿਕ ਪੰਜਾਬੀ ਸਾਹਿਤ**, ਪੰਨਾ 187
19. ਅਮਰਜੋਤ ਸੇਖੋਂ, **ਪੰਜਾਬੀ ਨਾਵਲ ਦਾ ਇਤਿਹਾਸ**, ਪੰਨਾ 205
20. ਪ੍ਰੋ. ਕਸੇਲ ਅਤੇ ਡਾ. ਪਰਮਿੰਦਰ ਸਿੰਘ, **ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ**, ਪੰਨਾ 623
21. ਪ੍ਰੋ. ਪਿਆਰਾ ਸਿੰਘ, **ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ**, ਪੰਨਾ 46
22. ਪ੍ਰੋ. ਕਸੇਲ ਅਤੇ ਡਾ. ਪ੍ਰਮਿੰਦਰ ਸਿੰਘ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨਾ 638
23. **ਉਹੀ**, ਪੰਨਾ 644
24. **ਉਹੀ**, ਪੰਨਾ 646

25. ਬ੍ਰਹਮਜਗਦੀਸ਼ ਸਿੰਘ, **ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ**, ਪੰਨਾ 100
26. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 7
27. ਹਰਿਭਜਨ ਭਾਟੀਆ, **ਕੌਰਵ ਸਭਾ ਦੀਆਂ ਪਰਤਾਂ**, ਪੰਨਾ 11
28. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 181
29. ਸੁਰਿੰਦਰ ਕੁਮਾਰ ਦਵੇਸ਼ਵਰ, **ਸਮਾਜ ਸੱਤਾ ਤੇ ਸਮਕਾਲੀ ਨਾਵਲ**, ਪੰਨਾ 90
30. ਜਗਬੀਰ ਸਿੰਘ, **ਸਮਕਾਲੀ ਪੰਜਾਬੀ ਬਿਰਤਾਂਤ**, ਪੰਨਾ 69

# ਮਿੱਤਰ ਸੈਨ ਮੀਤ : ਜੀਵਨ ਅਨੁਭਵ ਤੇ ਪ੍ਰੇਰਨਾ ਸਰੋਤ

ਹਰ ਸਾਹਿਤਕ ਰਚਨਾ ਬਾਰੇ ਜਾਣਨ ਤੋਂ ਪਹਿਲਾਂ ਉਸਦੇ ਲੇਖਕ ਬਾਰੇ ਜਾਣਨਾ ਬਹੁਤ ਜਰੂਰੀ ਹੈ। ਕਈ ਲੇਖਕ ਆਪਣੇ ਨਿੱਜੀ ਜੀਵਨ ਵਿਚ ਵਾਪਰੀ ਕਿਸੇ ਅਹਿਮ ਘਟਨਾ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਦੀ ਸਿਰਜਨਾ ਕਰਦੇ ਹਨ। ਅਜਿਹੇ ਲੇਖਕ ਦੀਆਂ ਸਾਹਿਤਕ ਕਿਰਤਾਂ ਨੂੰ ਗਹਿਰਾਈ ਤੋਂ ਜਾਣਨ ਲਈ ਉਸਦੇ ਸਮੁੱਚੇ ਜੀਵਨ ਬਾਰੇ ਜਾਣਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਲੇਖਕ ਨੇ ਜੋ ਜੀਵਨ ਵਿਚੋਂ ਅਨੁਭਵ ਗ੍ਰਹਿਣ ਕੀਤੇ ਉਸੇ ਅਨੁਭਵ ਦੇ ਅਨੁਸਾਰ ਹੀ ਆਪਣੀਆਂ ਰਚਨਾਵਾਂ ਦੀ ਸਿਰਜਨਾ ਕੀਤੀ। ਕਿਉਂਕਿ ਲੇਖਕ ਦੁਆਰਾ ਰਚਿਆ ਗਿਆ ਸਾਹਿਤ ਆਪਣੇ ਵੇਲੇ ਦੀਆਂ ਸਮੱਸਿਆਵਾਂ ਦਾ ਹੀ ਪ੍ਰਗਟਾਵਾ ਹੁੰਦਾ ਹੈ, ਚਾਹੇ ਉਹ ਆਰਥਿਕ, ਸਮਾਜਿਕ, ਧਾਰਮਿਕ ਜਾਂ ਰਾਜਨੀਤਿਕ ਹੀ ਕਿਉਂ ਨਾ ਹੋਣ।

ਸਾਹਿਤਕ ਰਚਨਾ ਬਾਰੇ ਜਾਣਨ ਤੋਂ ਪਹਿਲਾਂ ਪਾਠਕ ਨੂੰ ਜਿੰਨੀ ਜਾਣਕਾਰੀ ਸਾਹਿਤਕਾਰ ਦੇ ਵਿਅਕਤਿਤਵ ਬਾਰੇ ਵਧੇਰੇ ਹੋਵੇਗੀ ਉਨ੍ਹੀ ਉਸਦੀ ਰਚਨਾ ਦੀਆਂ ਅੰਤਰੀਵ ਡੂੰਘਾਣਾਂ, ਉਸਦੀ ਰਚਨਾ ਦੀਆਂ ਕਲਾਤਮਕ ਜੁਗਤਾਂ ਅਤੇ ਸਾਹਿਤਕਾਰ ਦੀ ਰਚਨਾ ਦ੍ਰਿਸ਼ਟੀ ਨੂੰ ਜਾਣਨ ਦੇ ਵਧੇਰੇ ਸਮਰੱਥ ਹੋਵੇਗਾ। ਇਸ ਲਈ ਕਿਸੇ ਸਾਹਿਤਕਾਰ ਦੀ ਰਚਨਾ ਬਾਰੇ ਜਾਣਨਾ ਅਵੱਸ਼ਕ ਜਾਪਦਾ ਹੈ। ਇਸ ਲਈ ਇਸ ਅਧਿਆਇ ਵਿਚ ਅਸੀਂ ਨਾਵਲਕਾਰ ਮਿੱਤਰ ਸੈਨ ਮੀਤ ਦੇ ਬਚਪਨ, ਮੁੱਢਲੀ ਪੜ੍ਹਾਈ, ਉਸਦੇ ਬਣੇ ਪ੍ਰੇਰਨਾ-ਸਰੋਤ ਅਤੇ ਉਸਦੇ ਸਮੁੱਚੇ ਅਨੁਭਵ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ।

**(ੳ) ਬਚਪਨ ਤੇ ਮੁੱਢਲੀ ਸਿੱਖਿਆ :**

ਮਿੱਤਰ ਸੈਨ ਮੀਤ ਦਾ ਜਨਮ ਨਿਮਨ ਵਰਗੀ ਪਰਿਵਾਰ ਵਿਚ 20 ਅਕਤੂਬਰ, 1952 ਵਿਚ ਪਿੰਡ ਭੋਤਨਾ (ਸੰਗਰੂਰ) ਵਿਚ ਹੋਇਆ। ਆਪ ਦੇ ਪਿਤਾ ਕਿੱਤੇ ਵਜੋਂ ਪਟਵਾਰੀ ਸਨ। ਉਸਨੇ ਆਪਣੇ ਬਚਪਨ ਦੇ ਅੱਠ ਨੌਂ ਸਾਲ ਪਿੰਡ ਵਿਚ ਹੀ ਬਿਤਾਏ। ਉਸਦਾ ਲੜਕਪਨ ਕੁੱਲੀਆਂ ਵਿਚ ਰਹਿੰਦੇ ਧਾਨਕਿਆਂ ਤੇ ਸਾਂਸੀਆਂ ਦੇ ਬੱਚਿਆਂ ਵਿਚਕਾਰ ਖੇਡਦਿਆਂ ਤੇ ਉਹਨਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਵੇਖਦਿਆਂ ਉਹਨਾਂ ਦੇ ਨਾਲ ਬੀਤਿਆ। ਮੀਤ ਨੇ ਮੁੱਢਲੀ ਪੜ੍ਹਾਈ ਪਿੰਡ ਵਿਚ ਹੀ ਕੀਤੀ। 1972 ਵਿਚ ਬੀ.ਏ. (ਆਨਰਜ਼ ਇਨ ਮੈਥ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਗੋਲਡ ਮੈਡਲ ਨਾਲ ਪਹਿਲੇ ਸਥਾਨ ਤੇ ਰਹਿ ਕੇ ਕੀਤੀ। ਵਿਦਿਆ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਦਿਆਂ ਦਿਨੇ ਨੌਕਰੀ ਤੇ ਸ਼ਾਮ ਦੀਆਂ ਕਲਾਸਾਂ ਲਗਾ ਕੇ ਐੱਲ.ਐੱਲ.ਬੀ. 1976 ਵਿਚ ਦੂਜੇ ਸਥਾਨ 'ਤੇ ਰਹਿਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਐੱਲ.ਐੱਲ.ਬੀ. ਦੀ ਪੜ੍ਹਾਈ ਦੌਰਾਨ ਗਿਆਨੀ ਤੇ ਬੀ.ਐੱਡ. ਦੀ ਡਿਗਰੀ ਵੀ ਹਾਸਲ ਕੀਤੀ। ਜਨਵਰੀ 1979 ਵਿਚ ਸਰਕਾਰੀ ਵਕੀਲ ਬਣੇ। ਪੜ੍ਹਾਈ

ਕਰਨ ਦੇ ਬਾਵਜੂਦ ਆਪਣੇ ਅੰਦਰਲੇ ਸਾਹਿਤਕਾਰ ਤੋਂ ਭੱਜ ਨਾ ਸਕੇ ਤੇ ਹਮੇਸ਼ਾ ਆਪਣੀ ਰਚਨਾ ਦੀ ਸਿਰਜਨਾ ਨਾਲ ਜੁੜੇ ਰਹੇ। ਵਕੀਲੀ ਦੇ ਪੇਸ਼ੇ ਦੌਰਾਨ ਪਟਿਆਲਾ, ਰਾਜਪੁਰਾ, ਨਾਭਾ, ਰਾਮਪੁਰਾ ਫੂਲ ਅਤੇ ਜਗਰਾਉਂ ਰਹਿਣ ਤੋਂ ਬਾਅਦ ਹੁਣ ਉਹ ਲੁਧਿਆਣੇ ਆਪਣੀ ਪਤਨੀ ਸ੍ਰੀਮਤੀ ਰਾਜ ਰਾਣੀ ਅਤੇ ਬੇਟੇ ਵਨੀਤ ਨਾਲ ਆਪਣੀ ਨੌਕਰੀ ਤੇ ਸਾਹਿਤਕ ਸਫ਼ਰ ਕਰ ਰਹੇ ਹਨ।

ਗੁਰਦਿਆਲ ਸਿੰਘ ਅਨੁਸਾਰ, "ਜਿਸ ਇਲਾਕੇ ਵਿਚ ਮਨੁੱਖ ਦਾ ਜਨਮ ਹੁੰਦਾ ਹੈ ਉਸਦੇ ਆਲੇ-ਦੁਆਲੇ, ਮਾਤਾ-ਪਿਤਾ, ਸਾਕ-ਸਬੰਧੀਆਂ, ਆਂਢ-ਗੁਆਂਢ ਤੋਂ ਜਿੰਨੀ ਤੇ ਜਿਹੋ ਜਿਹੀ ਜਾਣਕਾਰੀ, ਵਿਚਾਰ, ਭਾਵਨਾਵਾਂ ਤੇ ਵਰਤ-ਵਿਹਾਰ ਦੇ ਢੰਗ-ਤਰੀਕੇ ਸਿੱਖਦਾ ਹੈ। ਇਹ ਸਭ ਮਿਲਕੇ ਉਸਦਾ ਅਨੁਭਵ ਬਣਦੇ ਹਨ, ਸਮਾਜਿਕ ਜੀਵਨ ਦੇ ਹਰ ਤਰ੍ਹਾਂ ਦੇ ਰਸਮ ਰਿਵਾਜ, ਲੜਾਈ-ਝਗੜਿਆਂ ਦੇ ਬੰਧਨਾਂ ਆਦਿ ਰਾਹੀਂ ਜੋ ਵੀ ਰਚਨਾਵਾਂ, ਖਿਆਲ, ਵਿਚਾਰ ਵਿਕਸਤ ਹੁੰਦੇ ਹਨ, ਉਹ ਸਭ ਅਨੁਭਵ ਵਿਚ ਸ਼ਾਮਿਲ ਹੁੰਦੇ ਹਨ।"[1]

ਸੋ ਮੰਨਿਆ ਜਾਂਦਾ ਹੈ ਕਿ ਵਿਅਕਤੀ ਅੰਦਰ ਕਲਾਤਮਕ ਅਤੇ ਰਚਨਾਤਮਕ ਪ੍ਰਤਿਭਾ ਦਾ ਹੋਣਾ ਇਕ ਕੁਦਰਤੀ ਵਰਤਾਰਾ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤੀਆਂ ਹਾਲਤਾਂ ਵਿਚੋਂ ਵਿਅਕਤੀ ਦੀ ਮਾਨਸਿਕਤਾ ਉਸਦੇ ਅਨੁਭਵ ਰਾਹੀਂ ਹੀ ਵਿਕਸਤ ਹੁੰਦੀ ਹੈ ਕਿਉਂਕਿ ਕਿਸੇ ਵੀ ਵਿਅਕਤੀ ਦਾ ਪਰੰਪਰਾਗਤ ਵਿਰਸੇ ਅਤੇ ਸਮਕਾਲੀ ਪਰਸਥਿਤੀਆਂ ਨਾਲ ਉਸਦਾ ਡੂੰਘਾ ਸਰੋਕਾਰ ਹੁੰਦਾ ਹੈ। ਇਸ ਕਰਕੇ ਵਸਤੂ ਅਤੇ ਵਰਤਾਰਿਆਂ ਨੂੰ ਸਮਝਣ ਵਾਲੀ ਉਸਦੀ ਵਿਚਾਰਧਾਰਾ ਦਾ ਵਿਕਾਸ ਹੀ ਸਮਾਜਿਕ ਸੰਦਰਭ ਵਿਚ ਪ੍ਰਵਾਨ ਚੜ੍ਹਦਾ ਹੈ। ਹਰ ਇਕ ਵਿਅਕਤੀ ਨੂੰ ਦੂਜੇ ਨਾਲੋਂ ਵਿਲੱਖਣ ਬਣਾਉਣ ਵਾਲਾ ਉਸਦਾ ਜੀਵਨ ਅਨੁਭਵ ਹੀ ਹੁੰਦਾ ਹੈ ਜਿਸ ਵਿਚ ਉਸਦੇ ਵਿਅਕਤਿਤਵ ਦੇ ਲਈ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਵਿਅਕਤੀ ਸ਼ੁਰੂ ਤੋਂ ਹੀ ਆਪਣੇ ਆਲੇ-ਦੁਆਲੇ ਤੋਂ ਸਦਾ ਪ੍ਰਭਾਵਿਤ ਹੁੰਦਾ ਰਹਿੰਦਾ ਹੈ ਤੇ ਉਸ ਤਰ੍ਹਾਂ ਦਾ ਹੀ ਉਸਦਾ ਅਨੁਭਵ ਬਣਦਾ ਹੈ।

### (ਅ) ਮਿੱਤਰ ਸੈਨ ਮੀਤ ਦੀ ਰਚਨਾਤਮਕ ਸ਼ਖ਼ਸੀਅਤ ਦੇ ਪ੍ਰੇਰਨਾ ਸਰੋਤ :

ਮਿੱਤਰ ਸੈਨ ਮੀਤ ਦੀ ਸ਼ਖ਼ਸੀਅਤ ਨੇ ਜਿਥੇ ਆਪਣੇ ਆਲੇ-ਦੁਆਲੇ ਦੇ ਪ੍ਰਭਾਵ ਨੂੰ ਕਬੂਲਿਆ, ਉਥੇ ਉਸਦੀ ਸ਼ਖ਼ਸੀਅਤ ਨੂੰ ਨਿਖਾਰਨ ਵਿਚ ਪਿੰਡ ਦੇ ਜੀਵਨ, ਜੀਵਨ ਦੀਆਂ ਕਦਰਾਂ-ਕੀਮਤਾਂ, ਸਦਾਚਾਰਕ ਤੇ ਨੈਤਿਕ ਮਰਿਆਦਾ ਪਿੰਡਾਂ ਦੇ ਰੀਤੀ-ਰਿਵਾਜਾਂ ਦਾ ਯੋਗਦਾਨ ਰਿਹਾ ਹੈ, ਉਥੇ ਉਸਨੂੰ ਭੂਮੀ ਸੰਪੰਨ ਤੇ ਭੂਮਹੀਹੀਣ ਲੋਕਾਂ ਨਾਲ ਵਿਚਰਨ ਦਾ ਮੌਕਾ ਵੀ ਮਿਲਿਆ ਜਿਸਦਾ ਵਰਨਣ ਉਸਦੇ ਆਪਣੇ ਮੁੱਢਲੇ ਨਾਵਲਾਂ ਵਿਚ ਕੀਤਾ ਹੈ, ਜਿਸ ਬਾਰੇ ਨਾਵਲਕਾਰ ਖ਼ੁਦ ਲਿਖਦਾ ਹੈ :

"ਇਸ ਤਰ੍ਹਾਂ ਮੇਰਾ ਲੜਕਪਨ ਦਲਿਤ ਸਾਥੀਆਂ, ਉਨ੍ਹਾਂ ਦੀਆਂ ਕੁਲੀਆਂ ਵਿਚਕਾਰ, ਉਨ੍ਹਾਂ ਦੇ ਦੁੱਖਾਂ ਤਕਲੀਫਾਂ ਨਾਲ ਸਾਂਝਾਂ ਪਾਉਂਦੇ ਬੀਤਿਆ। ਇਸ ਆਲੇ-ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਮੁੱਢਲਾ ਗਿਆਨ ਬਖ਼ਸ਼ਿਆ ਜਿਹੜਾ ਹੁਣ ਤੱਕ ਮੇਰੀਆਂ ਰਚਨਾਵਾਂ ਵਿਚ ਮੇਰਾ ਸਹਾਈ ਹੈ... ਇਹੋ ਲੋਕ ਮੇਰੀ ਲਿਖਣ ਸਮੱਗਰੀ ਦਾ ਮੁੱਖ

ਸੋਮਾ ਹਨ, ਮੇਰੇ ਪ੍ਰੇਰਨਾ ਸਰੋਤ ਅਤੇ ਮੇਰੇ ਦ੍ਰਿਸ਼ਟੀਕੋਣ ਦੇ ਸਿਰਜਕ ਹਨ।"[2]

ਇਸ ਤਰ੍ਹਾਂ ਲੇਖਕ ਦੇ ਨਿੱਜੀ ਵੇਰਵੇ ਤੋਂ ਸਪੱਸ਼ਟ ਹੈ ਕਿ ਉਸਦੇ ਆਲੇ-ਦੁਆਲੇ ਹੁੰਦੀਆਂ ਸਰਗਰਮੀਆਂ ਨੇ ਬਚਪਨ ਤੋਂ ਹੀ ਉਸਦੇ ਦਿਲ ਵਿਚ ਸਾਹਿਤਕਾਰ ਨੂੰ ਜਨਮ ਦੇ ਦਿੱਤਾ ਸੀ ਜਿਸ ਕਰਕੇ ਲੋਕਾਂ ਦੇ ਦੁੱਖਾਂ ਨੂੰ ਆਪਣੇ ਦੁੱਖਾਂ ਨਾਲ ਸਾਂਝਾ ਕਰਨ ਲਈ ਆਪਣੀ ਲੇਖਣੀ ਦ੍ਰਿਸ਼ਟੀ ਰਾਹੀਂ ਆਪਣੀਆਂ ਰਚਨਾਵਾਂ ਦੀ ਸਿਰਜਨਾ ਕੀਤੀ।

ਐੱਮ.ਖਰਾਪਚੈਂਕੋ ਅਨੁਸਾਰ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਕਲਾਕਾਰ ਦੀ ਪ੍ਰਤਿਭਾ ਜੋ ਕੁਝ ਜੀਵਨ ਵਿਚ ਵਾਪਰ ਰਿਹਾ ਉਸਨੂੰ ਸਾਡੇ ਨਾਲੋਂ ਵਧੇਰੇ ਸੂਖ਼ਮਤਾ ਨਾਲ ਤੇ ਵਧੇਰੇ ਡੂੰਘਾਈ ਵਿਚ ਦੇਖਣ ਦੀ ਉਸਦੀ ਸਮਰੱਥਾ ਵਿਚ ਲੁਕੀ ਹੋਈ ਹੈ, ਜੋ ਕਿ ਇਹ ਉਸਨੂੰ ਹੋਰਨਾਂ ਦੇ ਧਿਆਨ ਵਿਚ ਨਹੀਂ ਆਉਂਦਾ, ਮਹਿਸੂਸ ਕਰਨ ਤੇ ਵੇਖਣ ਦੀ ਸਮਰੱਥਾ ਹੈ, ਜੀਵਨ ਵੱਲੋਂ ਉਸ ਉਤੇ ਪਾਏ ਪ੍ਰਭਾਵਾਂ ਨਾਲੋਂ ਡੂੰਘੇ ਰੂਪ ਵਿਚ ਜਜ਼ਬਾਤੀ ਪ੍ਰਤੀਕਰਮ ਵਰਤਾਰਿਆਂ ਤੇ ਘਟਨਾਵਾਂ ਦੀ ਸਤਹਿ ਤੋਂ ਹੇਠ ਉਤਰ ਜਾਣ ਦੀ ਸਮਰੱਥਾ ਉਹਨਾਂ ਨੂੰ ਵੱਖ-ਵੱਖ ਪੱਖਾਂ ਤੋਂ ਸਮਝਣਾ ਇਹ ਸਾਰੀਆਂ ਗੱਲਾਂ ਇਕ ਅਸਲੀ ਕਲਾਤਮਕ ਪ੍ਰਤਿਭਾ ਦੇ ਜਨਮ ਅਧਿਕਾਰ ਦੇ ਹਿੱਸੇ ਹਨ।"[3]

ਉਪਰੋਕਤ ਟਿੱਪਣੀ ਤੋਂ ਸਪੱਸ਼ਟ ਹੈ ਕਿ ਸਾਹਿਤਕਾਰ ਦਾ ਮਨ ਆਮ ਵਿਅਕਤੀ ਤੋਂ ਵਧੇਰੇ ਸੰਵੇਦਨਸ਼ੀਲ ਹੋਣ ਕਾਰਨ ਉਹ ਸਮਾਜ ਵਿਚ ਵਾਪਰਦੀ ਹਰ ਘਟਨਾ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਅਤੇ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਕਿਉਂਕਿ ਸਾਹਿਤਕਾਰ ਆਮ ਵਿਅਕਤੀ ਨਾਲੋਂ ਵਿਲੱਖਣ ਬੁੱਧੀ ਦੇ ਮਾਲਕ ਹੁੰਦੇ ਹਨ। ਸਾਧਾਰਨ ਵਿਅਕਤੀ ਕਿਸੇ ਘਟਨਾ ਨੂੰ ਉਸ ਬਾਰੀਕੀ ਨਾਲ ਨਹੀਂ ਘੋਖਦਾ ਜਿੰਨਾ ਕਿ ਕੋਈ ਕਲਾਕਾਰ ਬੁੱਧੀ ਦਾ ਮਾਲਕ ਉਸਦੀ ਪਰਖ ਪੜਚੋਲ ਕਰਦਾ ਹੈ। ਇਕ ਚੰਗਾ ਅਤੇ ਸੂਝਵਾਨ ਸਾਹਿਤਕਾਰ ਹੀ ਸਮਾਜ ਵਿਚ ਸਥਾਪਤ ਕਦਰਾਂ-ਕੀਮਤਾਂ ਦੇ ਗੁਣਾਂ-ਔਗੁਣਾਂ ਨੂੰ ਪਰਖਦਾ ਅਤੇ ਨਵੀਆਂ ਸੇਧਾਂ ਦਿੰਦਾ ਹੈ।

ਮੀਤ ਨੇ ਆਪਣੇ ਬਚਪਨ ਦੇ ਅਨੁਭਵ ਰਾਹੀਂ ਜਿਸ ਯਥਾਰਥ ਨੂੰ ਪਛਾਣਿਆ ਉਸੇ ਯਥਾਰਥ ਨੂੰ ਹੀ ਬੜੀ ਸੂਝ ਨਾਲ ਗਲਪ ਸ਼ਕਤੀ ਭਰਵੇਂ ਤੇ ਗਤੀਸ਼ੀਲ ਬਿੰਬ ਵਿਚ ਪੇਸ਼ ਕੀਤਾ। ਉਸਦੇ ਨਿੱਜੀ ਅਨੁਭਵ ਦੇ ਆਧਾਰ ਤੇ ਲਿਖੀਆਂ ਰਚਨਾਵਾਂ ਹੀ ਉਸਦੇ ਭਾਵਨਾਤਮਿਕ, ਮਾਨਸਿਕ ਤੇ ਬੌਧਿਕ ਵਿਕਾਸ ਦੀਆਂ ਸੂਚਕ ਜਾਪਦੀਆਂ ਹਨ। ਇਸ ਲਈ ਉਹਨਾਂ ਦੀ ਸਵੈ-ਟਿੱਪਣੀ ਦੇਖਣਯੋਗ ਹੈ :

"ਇਹ ਲੋਕਾਂ ਦੀ ਭੈੜੀ ਹਾਲਤ ਮਨ ਵਿਚ ਪ੍ਰਸ਼ਨ ਪੈਦਾ ਕਰਦੀ ਸੀ ਕਿ ਇਹ ਨਰਕ ਕਿਉਂ ਭੋਗ ਰਹੇ ਹਨ ?"[4]

ਸੋ ਇਨ੍ਹਾਂ ਪ੍ਰਸ਼ਨਾਂ ਨੇ ਉਸਦੀ ਮਾਨਸਿਕਤਾ ਨੂੰ ਝੰਜੋੜਿਆ ਹੀ ਨਹੀਂ ਸਗੋਂ ਉਸਨੂੰ ਇਕ ਚਿੰਤਕ ਵੀ ਬਣਾ ਦਿੱਤਾ। ਇਹਨਾਂ ਲੋਕਾਂ ਦੇ ਜੀਵਨ ਦੀਆਂ ਕਠੋਰ ਸਮੱਸਿਆਵਾਂ ਨੂੰ ਮਨ ਵਿਚ ਲੈ ਕੇ ਹੀ ਕਲਮ ਚੁੱਕੀ। ਲੇਖਕ ਦਾ ਨਿੱਜੀ ਅਨੁਭਵ ਸਮੂਹਿਕ ਅਨੁਭਵ ਦਾ ਹੀ ਫਲ ਹੁੰਦਾ ਹੈ। ਲੇਖਕ ਦਾ ਆਪਣੇ ਸਮੂਹ, ਆਪਣੇ ਆਲੇ-ਦੁਆਲੇ ਵੱਲ ਜਿਤਨਾ ਜ਼ਿਆਦਾ

ਵਾਹ-ਵਾਸਤਾ ਹੋਵੇਗਾ ਉਤਨਾ ਹੀ ਉਸਦਾ ਨਿੱਜੀ ਅਨੁਭਵ ਵਿਸ਼ਾਲ ਤੇ ਡੂੰਘਾ ਹੋਵੇਗਾ।

ਗੁਰਦਿਆਲ ਸਿੰਘ ਇਸ ਤੱਥ ਨੂੰ ਸਪੱਸ਼ਟ ਕਰਦਾ ਲਿਖਦਾ ਹੈ :

"ਇਕ ਪ੍ਰਤਿਭਾਵਾਨ ਲੇਖਕ ਜਦੋਂ ਆਪਣੇ ਨਿੱਜੀ ਅਨੁਭਵ ਦਾ ਡਲ਼ਾ (ਰੋੜਾ) ਸਮੂਹਕ (ਸਮਾਜਿਕ) ਅਨੁਭਵ ਦੇ ਛੱਪੜ, ਤਲਾਅ ਵਿਚ ਵਗਾਹ ਮਾਰਦਾ ਹੈ ਤਾਂ ਉਸ ਨਾਲ ਪੈਦਾ ਹੋਈਆਂ ਅਨੇਕਾਂ ਲਹਿਰਾਂ ਕੇਵਲ ਡਲ਼ੇ ਤੱਕ ਸੀਮਤ ਨਹੀਂ ਰਹਿੰਦੀਆਂ ਅਤੇ ਉਹ ਅਨੇਕਾਂ ਰੂਪਾਂ ਵਿਚ ਅੱਗੇ ਪਿੱਛੇ ਤਲਾਅ ਦੇ ਕੰਢਿਆਂ ਤੱਕ ਫੈਲ ਜਾਂਦੀਆਂ ਹਨ। ਡਲ਼ਾ ਕੇਵਲ ਸਾਧਨ ਮਾਤਰ ਹੀ ਰਹਿ ਜਾਂਦਾ ਹੈ। ਕਿਰਿਆ ਸਮੁੱਚੇ ਤਲਾਅ ਦਾ ਮੂਲ ਗੁਣ ਹੈ। ਪਰ ਗਲਪ ਰਚਨਾ ਵਿਚ ਇਸ ਕਿਰਿਆ ਦਾ ਮੂਲ ਉਤੇਜਿਕ ਨਿੱਜੀ ਅਨੁਭਵ ਹੀ ਹੈ ਜੋ ਡਲ਼ੇ ਵਾਂਗ ਜਦੋਂ ਇਸ ਛੱਪੜ, ਤਲਾਅ ਵਿਚਕਾਰ ਡਿੱਗਦਾ ਹੈ ਤਾਂ ਸੈਆਂ ਲਹਿਰਾਂ ਵਿਸ਼ਾਲ ਪਾਸਾਰਾਂ ਹੀ ਇਸ ਜੀਵਨ ਦਾ ਯਥਾਰਥ ਰੂਪ ਕਰਨ ਦੇ ਸਮਰੱਥ ਹੁੰਦਾ ਹੈ।"[5]

ਉਪਰੋਕਤ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ ਕਿ ਮੀਤ ਦੀ ਗਲਪ ਰਚਨਾ ਵਿਚ ਸਮਾਈ ਹੋਈ ਉਸਦੀ ਸ਼ਖ਼ਸੀਅਤ ਨੂੰ ਉਭਾਰਨ ਵਾਲੀਆਂ ਪਰਸਥਿਤੀਆਂ ਉਸਦੇ ਜੀਵਨ ਦੀ ਤਰਜ਼ਮਾਨੀ ਕਰਦੀਆਂ ਹਨ। ਉਸਦਾ ਸਾਹਿਤ ਸਿਰਫ ਉਸਦੇ ਨਿੱਜੀ ਪਿਛੋਕੜ ਦਾ ਸਿਰਜਕ ਨਹੀਂ ਸਗੋਂ ਸਾਹਿਤ ਦੀ ਸੰਸਕ੍ਰਿਤੀ ਦਾ ਅੰਗ ਬਣਦਾ ਹੈ, ਜਿਸ ਵਿਚ ਉਸਦਾ ਨਿੱਜੀ ਅਨੁਭਵ ਹੀ ਨਹੀਂ ਸਗੋਂ ਉਸਦਾ ਦ੍ਰਿਸ਼ਟੀਕੋਣ, ਵਿਚਾਰ, ਗਿਆਨ, ਸਮੂਹਕ ਅਨੁਭਵ ਅਤੇ ਸਮਾਜਿਕ ਯਥਾਰਥ ਦੀ ਸੋਝੀ ਆਦਿ ਉਸਦੇ ਗਲਪ ਸਿਰਜਨ ਦੀ ਪ੍ਰਕਿਰਿਆ ਦਾ ਮੂਲ ਆਧਾਰ ਬਣਦੇ ਹਨ। ਬਚਪਨ ਵਿਚ ਦੇਖਿਆ ਦਲਿਤਾਂ ਦਾ ਦੁਖਾਂਤ ਅਨੁਭਵ ਸਮਾਂ ਪਾ ਕੇ ਉਸਦੀ ਸਾਹਿਤ ਸਿਰਜਨਾ ਦਾ ਪ੍ਰੇਰਨਾ ਸੋਮਾ ਬਣ ਗਿਆ। ਉਸਦੀਆਂ ਆਲੇ-ਦੁਆਲੇ ਦੀਆਂ ਅਜਿਹੀਆਂ ਸਰਗਰਮੀਆਂ ਨੇ ਉਸਦੀ ਮਨੁੱਖੀ ਸ਼ਖ਼ਸੀਅਤ ਵਿਚ ਸੁਹਿਰਦਤਾ, ਹਮਦਰਦੀ ਅਤੇ ਮਿਲਵਰਤੋਂ ਦੀਆਂ ਭਾਵਨਾਵਾਂ ਦਾ ਸੰਚਾਰ ਪੈਦਾ ਕੀਤਾ।

### (ੲ) ਜ਼ਿੰਦਗੀ ਦਾ ਸਮੁੱਚਾ ਅਨੁਭਵ ਤੇ ਰਚਨਾ ਸੰਸਾਰ :

ਮਿੱਤਰ ਸੈਨ ਮੀਤ ਨੇ ਆਪਣੀ ਰਚਨਾਕਾਰੀ ਦਾ ਆਰੰਭ 1968 ਵਿਚ ਦਸਵੀਂ ਜਮਾਤ ਵਿਚ ਪੜ੍ਹਦੇ ਹੋਏ ਕੀਤਾ। ਆਪਣੀ ਕਲਮ ਬਿਰਤਾਂਤ ਦੇ ਲਘੂ ਰੂਪ ਕਹਾਣੀ ਤੋਂ ਚਲਾਉਣੀ ਸ਼ੁਰੂ ਕੀਤੀ ਤੇ ਪਹਿਲੀਆਂ ਕਹਾਣੀਆਂ 'ਬਾਲ ਸੰਦੇਸ਼' ਮੈਗਜ਼ੀਨ ਅਤੇ 'ਸਰਦਲ' ਵਿਚ ਧੜਾਧੜ ਛਪਾਈਆਂ। ਉਸਦੇ ਕਾਲਜ ਪੜ੍ਹਨ ਸਮੇਂ ਨਕਸਲਵਾਦੀ ਲਹਿਰ ਪੂਰੇ ਜ਼ੋਰਾਂ ਤੇ ਚਲ ਰਹੀ ਸੀ। ਉਧਰ ਸੰਤ ਰਾਮ ਉਦਾਸੀ ਦੇ ਗੀਤ, ਪਾਸ਼ ਦੀਆਂ ਕਵਿਤਾਵਾਂ ਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਤੋਂ ਇਲਾਵਾ ਕਾਲਜ ਸਮੇਂ ਇਨਕਲਾਬੀ ਮਿੱਤਰਾਂ ਦੇ ਕਾਫ਼ਲੇ ਵਿਚ ਸ਼ਾਮਿਲ ਹੋਣਾ ਵੀ ਉਸਦਾ ਇਕ ਅਨੁਭਵ ਰਿਹਾ ਹੈ ਜਿਸਦਾ ਲੇਖਕ ਨੇ ਬਹੁਤ ਪ੍ਰਭਾਵ ਕਬੂਲਿਆ ਕਿਉਂਕਿ ਕੋਈ ਵੀ ਲੇਖਕ ਸਾਹਿਤਕ ਰੂੜ੍ਹੀਆਂ ਨਾਲੋਂ ਟੁੱਟ ਕੇ ਨਵੀਂ ਸਿਰਜਨਾ ਨਹੀਂ ਕਰਦਾ। ਇਸ ਕਰਕੇ ਉਹ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੋਇਆ ਆਪਣੀ ਕਲਪਨਾ ਦੇ ਸਹਾਰੇ ਪੁਰਾਣੇ ਸਾਹਿਤਕ ਰੂਪਾਂ ਨੂੰ ਜਾਣਨ ਤੋਂ ਬਾਅਦ ਹੀ ਨਵੇਂ ਸਾਹਿਤ ਦੀ ਸਿਰਜਨਾ ਕਰਦਾ ਹੈ।

ਨਾਰਥੋਫਰਾਈ ਦਾ ਕਥਨ ਹੈ ਕਿ "ਸਾਹਿਤ ਨੁਹਾਰ ਜ਼ਿੰਦਗੀ 'ਚੋਂ ਨਹੀਂ ਸਿਰਫ ਸਾਹਿਤਕ ਪਰੰਪਰਾ ਵਿਚੋਂ ਪ੍ਰਗਟ ਹੁੰਦਾ ਹੈ।"[6]

ਇਸ ਟਿੱਪਣੀ ਤੋਂ ਜ਼ਾਹਿਰ ਹੈ ਕਿ ਨਾਵਲਕਾਰ ਜਿਥੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋਇਆ ਹੈ ਉਥੇ ਉਸਨੇ ਆਪਣੇ ਤੋਂ ਪਹਿਲੇ ਸਾਹਿਤਕਾਰਾਂ ਸੰਤ ਰਾਮ ਉਦਾਸੀ ਦੇ ਗੀਤਾਂ, ਸ਼ਿਵ ਕੁਮਾਰ ਦੀਆਂ ਕਵਿਤਾਵਾਂ ਅਤੇ ਗੁਰਸ਼ਰਨ ਭਾਅ ਜੀ ਦੇ ਨਾਟਕਾਂ ਆਦਿ ਦਾ ਪ੍ਰਭਾਵ ਗਹਿਰਾਈ ਤੋਂ ਕਬੂਲਿਆ ਜੋ ਉਸਦੀ ਵਿਚਾਰਧਾਰਾ ਬਦਲਣ ਦਾ ਸਬੱਬ ਬਣਿਆ। ਮੀਤ ਨੇ ਉਹਨਾਂ ਦਾ ਕੇਵਲ ਪ੍ਰਭਾਵ ਹੀ ਨਹੀਂ ਕਬੂਲਿਆ ਸਗੋਂ ਉਹਨਾਂ ਦੀ ਵਿਚਾਰਧਾਰਾ ਨੂੰ ਗਤੀਸ਼ੀਲਤਾ ਵੀ ਦਿੱਤੀ ਜੋ ਉਸਦੀ ਮੁੱਢਲੀ ਰਚਨਾ ਵਿਚ ਦੇਖਣ ਨੂੰ ਮਿਲਦੀ ਹੈ। ਹਰੇਕ ਲੇਖਕ ਦੀ ਆਪਣੀ ਨਿੱਜੀ ਪਹੁੰਚ ਹੈ ਕਿ ਉਹ ਪ੍ਰਾਪਤ ਸਾਹਿਤਕ ਪਰੰਪਰਾ ਨੂੰ ਕਿਵੇਂ ਜਾਂਚਦਾ ਤੇ ਕਿਵੇਂ ਪ੍ਰਭਾਵ ਕਬੂਲ ਕੇ ਉਸਨੂੰ ਅੱਗੋਂ ਨਵੇਂ ਰੂਪ ਵਿਚ ਪੇਸ਼ ਕਰਦਾ ਹੈ। ਅਜਿਹੇ ਕਬੂਲੇ ਪ੍ਰਭਾਵ ਬਾਰੇ ਨਾਵਲਕਾਰ ਖ਼ੁਦ ਬਿਆਨ ਕਰਦਾ ਹੈ :

"ਬਰਨਾਲੇ ਵਿਚ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਸਕੂਲਾਂ ਵਿਚ ਰਾਮ ਸਰੂਪ ਅਣਖੀ, ਇੰਦਰ ਸਿੰਘ ਖਾਮੋਸ਼, ਓਮ ਪ੍ਰਕਾਸ਼ ਗਾਸੋ ਅਤੇ ਬਸੰਤ ਰਤਨ ਵਰਗੇ ਨਾਵਲਕਾਰਾਂ ਦੇ ਪ੍ਰਭਾਵ ਨੇ ਵੀ ਉਸਦੇ ਮਨ ਵਿਚ ਸਾਹਿਤਕ ਰੁਚੀਆਂ ਦੇ ਬੀਜ ਬੀਜਣ ਵਿਚ ਸਹਾਇਤਾ ਕੀਤੀ... ਮਨ ਵਿਚ ਪਿਛੜੇ ਵਰਗ ਲਈ ਕੁਝ ਦਰਦ ਪਹਿਲਾਂ ਹੀ ਸੀ। ਇਸ ਲਹਿਰ ਨੇ ਦਰਦ ਨੂੰ ਨਵੇਂ ਰੂਪ ਵਿਚ ਢਾਲ ਦਿੱਤਾ, ਬੰਦੂਕ ਨਾ ਚੱਕ ਹੋਈ ਕਲਮ ਦਾ ਰੁਖ ਇਧਰ ਕਰ ਲਿਆ।"[7]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਾਵਲਕਾਰ ਦੇ ਸਾਂਸਕ੍ਰਿਤਕ ਪਿਛੋਕੜ ਉਪਰ ਝਾਤ ਮਾਰਿਆਂ ਸਾਨੂੰ ਸਹਿਜੇ ਹੀ ਇਹ ਗੱਲ ਪਤਾ ਲੱਗ ਜਾਂਦੀ ਹੈ ਕਿ ਉਸਨੇ ਬਚਪਨ ਵਿਚ ਦੇਖੇ ਦਲਿਤਾਂ ਦੀਆਂ ਦੁੱਖਾਂ-ਤਕਲੀਫ਼ਾਂ ਤੇ ਉਹਨਾਂ ਦੀਆਂ ਥੁੜਾਂ ਨੇ ਮੀਤ ਨੂੰ ਇਨਕਲਾਬੀ ਵਿਚਾਰਧਾਰਾ ਨਾਲ ਜੋੜ ਦਿੱਤਾ। ਸੋ ਸਮਾਜਿਕ ਹਾਲਾਤਾਂ ਅਨੁਸਾਰ ਪ੍ਰਾਪਤ ਕੀਤੇ ਅਨੁਭਵ ਨੂੰ ਲੇਖਕ ਭਾਵੇਂ ਆਪਣੀ ਕਲਪਨਾ ਸ਼ਕਤੀ ਰਾਹੀਂ ਰੂਪਮਾਨ ਕਰਦਾ ਹੈ ਪਰੰਤੂ ਕਿਸੇ ਵੀ ਸਾਹਿਤਕਾਰ ਦੀ ਕਲਪਨਾ ਸ਼ਕਤੀ ਇੰਨੀ ਸੁਤੰਤਰ ਨਹੀਂ ਹੁੰਦੀ ਕਿ ਉਹ ਆਪਣੇ ਸਮਾਜਿਕ ਆਲੇ-ਦੁਆਲੇ ਨਾਲੋਂ ਬਿਲਕੁਲ ਟੁੱਟਕੇ ਲਿਖੇ। ਸੋ ਹਰੇਕ ਸਾਹਿਤਕਾਰ ਦੀ ਰਚਨਾ ਕਲਪਨਾ ਦੀ ਉਪਜ ਹੋਣ ਦੇ ਬਾਵਜੂਦ ਵੀ ਉਸ ਰਚਨਾ ਵਿਚ ਸਮਕਾਲੀਨ ਸਮੇਂ ਦਾ ਸੱਚ ਸ਼ਾਮਿਲ ਹੁੰਦਾ ਹੈ ਜਿਸ ਕਰਕੇ ਸਾਹਿਤ ਰਚਨਾਵਾਂ ਵਿਚ ਰੂਪਮਾਨ ਕੀਤਾ ਗਿਆ ਸੱਚ ਹਮੇਸ਼ਾ ਸਮਕਾਲੀਨ ਸਮੇਂ ਵਿਚ ਵੀ ਪਾਠਕਾਂ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਇਸ ਕਰਕੇ ਲੇਖਕ ਅਤੇ ਉਸ ਦੁਆਰਾ ਰਚੇ ਸਾਹਿਤ ਦਾ ਮੁਲਾਂਕਣ ਉਸ ਸਮਕਾਲੀਨ ਸਮੇਂ ਵਿਚ ਰੱਖਕੇ ਕਰਨਾ ਚਾਹੀਦਾ ਹੈ ਜਿਸ ਸਮੇਂ ਉਹ ਰਚਨਾ ਰਚੀ ਗਈ ਹੋਵੇ। ਮਿੱਤਰ ਸੈਨ ਮੀਤ ਨੇ ਆਪਣੇ ਸਮਕਾਲੀਨ ਸਮੇਂ ਬਾਰੇ 'ਕੌਰਵ ਸਭਾ ਦੀ ਸਿਰਜਨ ਪ੍ਰਕਿਰਿਆ ਦਾ ਇਤਿਹਾਸ' ਲੇਖ ਵਿਚ ਆਪਣੇ ਮਨ ਦੀ ਦਸ਼ਾ ਪੇਸ਼ ਕੀਤੀ ਹੈ :

"ਭੁੱਖੇ ਨੰਗੇ ਲੋਕਾਂ ਦੀ ਦਸ਼ਾ ਸੁਧਾਰਨ ਦੀ ਢਾਹ ਮੈਨੂੰ ਇਨਕਲਾਬੀ ਵਿਚਾਰਧਾਰਾ ਵੱਲ

ਲੈ ਤੁਰੀ ਤੇ ਮੈਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।"[8]

ਵਿਚਾਰਧਾਰਾਈ ਵੇਰਵੇ ਤੋਂ ਸਪੱਸ਼ਟ ਹੈ ਕਿ ਉਸਦੀ ਜੀਵਨ ਦ੍ਰਿਸ਼ਟੀ, ਰਚਨਾ-ਦ੍ਰਿਸ਼ਟੀ ਵਿਚ ਰੂਪਾਂਤਰਤ ਹੋ ਗਈ ਅਤੇ ਉਹ ਸਿਰਜਨ ਪ੍ਰਕਿਰਿਆ ਵਿਚ ਕਿਰਿਆਸ਼ੀਲ ਹੋ ਗਿਆ। ਇਸ ਤਰ੍ਹਾਂ ਉਸਨੇ ਆਪਣੀਆਂ ਸਾਹਿਤਕ ਕਿਰਤਾਂ ਵਿਚ ਉਹੀ ਸਿਰਜਿਆ ਜੋ ਉਸਨੇ ਖ਼ੁਦ ਦੇਖਿਆ, ਅਨੁਭਵ ਕੀਤਾ ਤੇ ਜਿਸ ਤੋਂ ਉਹ ਪ੍ਰਭਾਵਿਤ ਹੋਇਆ।

"ਲੇਖਕ ਦਾ ਨਿੱਜੀ ਅਨੁਭਵ ਹਰ ਸਾਹਿਤਕ ਰਚਨਾ ਦਾ ਸਭ ਤੋਂ ਮਹੱਤਵਪੂਰਨ ਅੰਸ਼ ਹੈ। ਜਿਸ ਤੋਂ ਬਿਨਾਂ ਮਨੁੱਖੀ ਜੀਵਨ ਦੀ ਹੋਂਦ ਤੇ ਸਮਾਜਿਕ ਸਮੱਸਿਆਵਾਂ ਦੇ ਭੇਤਾਂ ਨੂੰ ਤੇ ਇਨ੍ਹਾਂ ਦੇ ਸਮਾਧਾਨ ਤੱਕ ਪਹੁੰਚਣ ਦੀ ਪ੍ਰਕਿਰਿਆ ਨੂੰ ਜਾਣ ਸਕਣਾ ਸੰਭਵ ਨਹੀਂ।"[9]

ਕਿਸੇ ਵੀ ਲੇਖਕ ਦਾ ਨਿੱਜੀ ਅਨੁਭਵ, ਸਮੂਹਿਕ ਅਨੁਭਵ ਦਾ ਹੀ ਫਲ ਹੁੰਦਾ ਹੈ। ਲੇਖਕ ਦਾ ਆਪਣੇ ਸਮੂਹ ਆਲੇ-ਦੁਆਲੇ ਵੱਲ ਜਿਤਨਾ ਜ਼ਿਆਦਾ ਵਾਹ-ਵਾਸਤਾ ਹੋਵੇਗਾ ਉਤਨਾ ਹੀ ਉਸਦਾ ਨਿੱਜੀ ਅਨੁਭਵ ਵਿਸ਼ਾਲ ਤੇ ਡੂੰਘਾ ਹੋਣ ਦੇ ਨਾਲ-ਨਾਲ ਮੌਲਿਕ ਵੀ ਹੋਵੇਗਾ। ਅਨੁਭਵ ਮੌਲਿਕ ਤੇ ਗਹਿਰਾ ਹੋਣ ਕਰਕੇ ਹੀ ਲੇਖਕ ਆਪਣੀ ਰਚਨਾ ਦੇ ਪਾਤਰਾਂ ਦੇ ਅੰਦਰਲੇ-ਬਾਹਰਲੇ ਜੀਵਨ ਨਾਲ ਡੂੰਘੀ ਪਛਾਣ ਦਾ ਪ੍ਰਮਾਣ ਆਪਣੀ ਕਿਰਤ ਰਾਹੀਂ ਦੇਵੇਗਾ।

ਕਹਾਣੀਆਂ ਛਪਣ ਦੇ ਉਤਸ਼ਾਹ ਨੇ ਅਤੇ ਮੁੱਢਲੇ ਸਮੇਂ ਵਿਚ ਹੀ ਬੀਜੇ ਜਾ ਚੁੱਕੇ ਨਾਵਲਕਾਰੀ ਦੇ ਬੀਜ ਨੇ ਅਤੇ ਆਲੇ-ਦੁਆਲੇ ਦੇ ਸਾਹਿਤਕ ਮਾਹੌਲ ਨੇ ਉਸਨੂੰ ਸਾਹਿਤ ਦੇ ਪਿੜ ਵਿਚ ਸਥਾਪਤ ਕਰ ਦਿੱਤਾ ਤੇ ਆਪਣੇ ਵਿਦਿਆਰਥੀ ਜੀਵਨ ਸਮੇਂ ਉਸਨੇ ਤਿੰਨ ਕਹਾਣੀ-ਸੰਗ੍ਰਹਿ ਪੁਨਰਵਾਸ (1987), ਲਾਮ (1988), ਠੋਸ ਸਬੂਤ (1992) ਪੰਜਾਬੀ ਸਾਹਿਤ ਨੂੰ ਦਿੱਤੇ। 1971 ਵਿਚ ਉਸਦਾ ਪਹਿਲਾ ਨਾਵਲ 'ਅੱਗ ਦੇ ਬੀਜ' ਗੁਰਸ਼ਰਨ ਸਿੰਘ ਨੇ ਪ੍ਰਕਾਸ਼ਿਤ ਕੀਤਾ। ਉਸ ਵੇਲੇ ਨਕਸਲਵਾਦੀ ਲਹਿਰ ਪੂਰੇ ਜ਼ੋਰਾਂ ਤੇ ਚਲ ਰਹੀ ਸੀ। ਜਿਸਦਾ ਪ੍ਰਭਾਵ ਉਸਦੇ ਮੁੱਢਲੇ ਨਾਵਲਾਂ ਵਿਚ ਦੇਖਣ ਨੂੰ ਮਿਲਦਾ ਹੈ। ਸੋ ਮੀਤ ਦਾ ਪਲੇਠਾ ਨਾਵਲ 'ਅੱਗ ਦੇ ਬੀਜ' ਜਿਥੇ ਨਕਸਲਵਾਦੀ ਲਹਿਰ ਦੀ ਉਪਜ ਹੈ ਉਥੇ ਗਹਿਰਾਈ ਤੋਂ ਵੇਖੀਏ ਤਾਂ ਘੱਟ ਜ਼ਮੀਨ ਵਾਲੇ ਕਿਰਸਾਨਾਂ ਦੀ ਨਿੱਘਰ ਰਹੀ ਮਾਲੀ ਹਾਲਤ, ਉਸ ਸਮੇਂ ਦੀਆਂ ਪੂੰਜੀਵਾਦੀ, ਆਰਥਿਕ, ਸਾਂਸਕ੍ਰਿਤਕ ਵਿਵਸਥਾ ਦੇ ਅੰਤਰਗਤ ਪੜ੍ਹੀ-ਲਿਖੀ ਨਿਮਨ ਸ਼੍ਰੇਣੀ ਦੀ ਬੇਰੁਜ਼ਗਾਰ ਅਵਸਥਾ ਨੂੰ ਵੀ ਰੂਪਮਾਨ ਕਰਦਾ ਹੈ।

ਅਵਤਾਰ ਸਿੰਘ ਕਹਿੰਦਾ ਹੈ ਕਿ " 'ਅੱਗ ਦੇ ਬੀਜ' ਮਾਰੂ ਵਿਦਿਅਕ ਪ੍ਰਣਾਲੀ ਦੇ ਭ੍ਰਿਸ਼ਟਾਚਾਰ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ।"[10]

ਉਪਰੋਕਤ ਵਿਚਾਰ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮੀਤ ਆਪ ਮੱਧਵਰਗੀ ਸੀ ਜੋ ਉਸ ਸਮੇਂ ਦੇ ਆਰਥਿਕ ਸੰਕਟ ਵਿਚ ਪੈਦਾ ਹੋਏ ਸਮਾਜਿਕ, ਆਰਥਿਕ ਤੇ ਰਾਜਸੀ ਮਸਲਿਆਂ ਪ੍ਰਤੀ ਕਲਾ ਰਾਹੀਂ ਜਾਗ੍ਰਿਤੀ ਲਿਆਉਣਾ ਚਾਹੁੰਦਾ ਹੈ।

ਮਿੱਤਰ ਸੈਨ ਮੀਤ ਨੇ ਆਪਣਾ ਦੂਸਰਾ ਨਾਵਲ 'ਕਾਫ਼ਲਾ' (1986) ਵੀ ਬੇਸ਼ੱਕ

ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ ਪਰ ਇਹ 'ਅੱਗ ਦੇ ਬੀਜ' ਤੋਂ ਅਗਲੇਰੇ ਪੜਾਅ ਦੀ ਰਚਨਾ ਹੈ ਜਿਸ ਵਿਚ ਮੱਧਵਰਗੀ ਕਿਰਸਾਨੀ ਦੀ ਥਾਂ ਭੂਮੀਹੀਣ ਕਿਰਤੀਆਂ ਦੀ ਜਾਗੀਰਦਾਰਾਂ, ਸਰਦਾਰਾਂ ਅਤੇ ਚੌਧਰੀਆਂ ਹੱਥੋਂ ਹਰ ਪੱਖੋਂ ਹੋ ਰਹੇ ਆਰਥਿਕ, ਸਭਿਆਚਾਰਕ ਤੇ ਜਿਨਸੀ ਸ਼ੋਸ਼ਣ ਦੀ ਪੇਸ਼ਕਾਰੀ ਕਰਦਾ ਹੋਇਆ ਆਪਣੀ ਨਾਵਲੀ ਦ੍ਰਿਸ਼ਟੀ ਵਿਚ ਵਧੇਰੇ ਪਰਪੱਕਤਾ ਰਾਹੀਂ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨੂੰ ਆਧਾਰ ਬਣਾ ਕੇ ਪੀੜਿਤ ਧਿਰਾਂ ਦੇ ਏਕੇ ਤੇ ਸੰਘਰਸ਼ ਰਾਹੀਂ ਇਨਕਲਾਬ ਲਿਆਉਣ ਦਾ ਯਤਨ ਕਰਦਾ ਹੈ।

ਇਹਨਾਂ ਨਾਵਲਾਂ ਵਿਚ ਮੀਤ ਨੇ ਨਕਸਲਵਾਦੀ ਲਹਿਰ ਦੇ ਪ੍ਰਭਾਵ ਦੇ ਨਾਲ-ਨਾਲ ਜਾਗੀਰਦਾਰੀ ਪ੍ਰਬੰਧ ਦੀਆਂ ਕੂਟਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਵੀ ਚੇਤੰਨ ਰੂਪ ਵਿਚ ਦ੍ਰਿਸ਼ਟਮਾਨ ਕੀਤਾ ਪਰੰਤੂ ਸਾਹਿਤਕ ਜਗਤ ਵਿਚ ਇਹਨਾਂ ਨਾਵਲਾਂ ਨੂੰ ਚੇਤੰਨ ਜਗਤ ਵਲੋਂ ਕੋਈ ਗੰਭੀਰ ਅਤੇ ਨਿੱਗਰ ਹੁੰਘਾਰਾ ਨਹੀਂ ਮਿਲਿਆ। ਭਾਵ ਮੀਤ ਨਾਵਲਕਾਰ ਦੇ ਰੂਪ ਵਿਚ ਆਲੋਚਕਾਂ ਅਤੇ ਪਾਠਕਾਂ ਦਾ ਧਿਆਨ ਖਿੱਚ ਸਕਣ ਵਿਚ ਸਫ਼ਲ ਨਹੀਂ ਹੋਏ।

ਕਿਸੇ ਵੀ ਸਾਹਿਤਕਾਰ ਦੀਆਂ ਸਾਹਿਤਕ ਕਿਰਤਾਂ ਵਿਚ ਉਸਦੇ ਆਲੇ-ਦੁਆਲੇ ਨੂੰ ਸਹਿਜੇ ਹੀ ਵੇਖਿਆ ਅਤੇ ਅਨੁਭਵ ਕੀਤਾ ਜਾ ਸਕਦਾ ਹੈ। ਸਾਹਿਤਕਾਰ ਦਾ ਜਾਤੀ-ਜਮਾਤੀ ਖਾਸਾ ਵੀ ਉਸਦੀਆਂ ਸਾਹਿਤਕ ਕ੍ਰਿਤਾਂ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ।

"ਮਨੁੱਖ ਦੀ ਸੋਚ, ਸਮਝ ਤੇ ਦਾਰਸ਼ਨਿਕ ਵਿਚਾਰਾਂ ਦੇ ਸਮੁੱਚੇ ਆਧਾਰ ਉਸਦੇ ਸਮਾਜਿਕ-ਇਤਿਹਾਸਕ ਜੀਵਨ ਵਿਚੋਂ ਪੈਦਾ ਹੋਣ ਵਾਲੇ ਉਹ ਸਭ ਮਸਲੇ ਅਤੇ ਸਮੱਸਿਆਵਾਂ ਹੀ ਰਹੀਆਂ ਹਨ ਜਿਹੜੀਆਂ ਉਸਦੇ ਭੌਤਿਕ ਜੀਵਨ ਨਾਲ ਇਸ ਤਰ੍ਹਾਂ ਜੁੜੀਆਂ ਹੁੰਦੀਆਂ ਹਨ ਕਿ ਉਨ੍ਹਾਂ ਸਭ ਦਾ ਸੰਬੰਧ ਮਨੁੱਖੀ ਹੋਂਦ ਨਾਲ ਹੈ।"[11]

ਇਸ ਤਰ੍ਹਾਂ ਮੀਤ ਨੇ ਆਪਣੇ ਨਾਵਲ ਜਗਤ ਵਿਚ ਕੇਵਲ ਨਿੱਜੀ ਅਨੁਭਵ ਨੂੰ ਹੀ ਨਹੀਂ ਸਗੋਂ ਮਨੁੱਖੀ ਜੀਵਨ ਦੀ ਹਰ ਸਮੱਸਿਆ ਨੂੰ ਸਮਾਜਿਕ ਆਧਾਰ ਤੇ ਨਿਰਖਿਆ-ਪਰਖਿਆ ਹੈ ਜਿਸ ਬਾਰੇ ਨਾਵਲਕਾਰ ਖ਼ੁਦ ਲਿਖਦਾ ਹੈ :

"ਸਰਕਾਰੀ ਵਕੀਲ ਪੁਲਿਸ ਅਤੇ ਨਿਆਂਪਾਲਿਕਾ ਵਿਚ ਕੜੀ ਦੇ ਤੌਰ ਤੇ ਕੰਮ ਕਰਦਾ ਹੈ। ਸੁਭਾਵਕ ਹੀ ਉਸਨੂੰ ਦੋਹਾਂ ਸੰਸਥਾਵਾਂ ਦੇ ਕੰਮ-ਕਾਜ ਦਾ ਗਹਿਰਾ ਅਧਿਐਨ ਹੋ ਜਾਂਦਾ ਹੈ... ਪੁਲਿਸ ਮਹਿਕਮੇ ਦਾ ਅੰਗ ਹੋਣ ਕਾਰਨ ਮੈਨੂੰ ਅੱਤਵਾਦ ਨਾਲ ਜੁੜੇ ਲੋਕਾਂ ਦੇ ਵਿਚਾਰਾਂ ਅਤੇ ਕਿਰਦਾਰਾਂ ਨੂੰ ਸਮਝਣ ਦਾ ਮੌਕਾ ਮਿਲਿਆ।"[12] ਅਜਿਹੀਆਂ ਸਮੱਸਿਆਵਾਂ ਨੂੰ ਲੈ ਕੇ ਹੀ ਉਸਨੇ 'ਲਾਮ', 'ਖ਼ਾਨਾਪੂਰਤੀ' ਅਤੇ 'ਦਹਿਸ਼ਤਗਰਦ' ਕਹਾਣੀਆਂ ਲਿਖੀਆਂ।

ਕਾਨੂੰਨ ਦੀ ਪੜ੍ਹਾਈ ਕਰਨ ਤੱਕ ਇਨਕਲਾਬੀ ਸੋਚ, ਵਿਗਿਆਨ ਫਲਸਫ਼ੇ ਅਤੇ ਵਿਸ਼ਲੇਸ਼ਣਕਾਰੀ ਬਿਰਤੀ ਉਸਦੇ ਗਿਆਨ ਤੋਂ ਅਨੁਭਵ ਵਿਚ ਢਲਕੇ ਉਸਦੇ ਪਿਛਲੇ ਨਾਵਲਾਂ ਵਿਚ ਆਈ। ਸੋ ਮੀਤ ਦਾ ਕਲਮੀ ਸਫ਼ਰ ਭਾਵੇਂ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਬਕਾਇਦਾ ਤੌਰ ਤੇ ਸ਼ੁਰੂ ਹੋ ਗਿਆ ਸੀ ਪਰੰਤੂ ਉਸਦੀ ਪ੍ਰਤਿਭਾਸ਼ੀਲ ਤੇ ਚਰਚਿਤ ਨਾਵਲਕਾਰ ਦੇ ਤੌਰ ਤੇ ਪਛਾਣ ਉਸਦੇ ਤੀਸਰੇ ਨਾਵਲ 'ਤਫ਼ਤੀਸ਼' (1990) ਨਾਲ ਹੀ

ਹੋਈ। ਇਸ ਨਾਵਲ ਰਾਹੀਂ ਆਪਣੇ ਪੇਸ਼ੇ ਦੇ ਅਨੁਭਵ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੈ।

ਹਰੇਕ ਲੇਖਕ ਦੀ ਨਿੱਜੀ ਸ਼ਖ਼ਸੀਅਤ ਅੰਦਰ ਸਭ ਤੋਂ ਵੱਧ ਪ੍ਰਭਾਵ ਉਸਦੇ ਆਲੇ-ਦੁਆਲੇ (ਪਰਿਵਾਰ, ਪਿੰਡ, ਸਮਾਜ) ਦਾ ਹੁੰਦਾ ਹੈ। ਪਰ ਹਰੇਕ ਲੇਖਕ ਆਪਣੀ ਸਮਰੱਥਾ ਅਨੁਸਾਰ ਬਾਹਰੀ ਪ੍ਰਭਾਵ ਨੂੰ ਕਬੂਲਦਾ ਹੈ। ਸੋ ਵਿਅਕਤੀ ਦੇ ਵਿਕਾਸ ਵਿਚ ਵਿਅਕਤੀ ਦੀ ਸਰੀਰਕ ਤੰਦਰੁਸਤੀ ਉਸਦਾ ਸਮਾਜ ਪ੍ਰਤੀ ਦ੍ਰਿਸ਼ਟੀਕੋਣ ਅਤੇ ਉਸਦਾ ਸੰਸਕ੍ਰਿਤੀ ਪ੍ਰਤੀ ਦ੍ਰਿਸ਼ਟੀਕੋਣ ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਹਨਾਂ ਤਿੰਨਾਂ ਨਿਰਧਾਰਤ ਕਾਰਨਾਂ ਤੋਂ ਬਿਨਾਂ ਵਿਅਕਤੀ ਦੇ ਵਿਅਕਤਿਤਵ ਦਾ ਵਿਕਾਸ ਅਸੰਭਵ ਹੈ। "ਕਿਉਂਕਿ ਵਿਅਕਤਿਤਵ ਕੋਈ ਸਥਿਰ ਧਾਰਨਾ ਨਹੀਂ ਹੈ। ਇਹ ਗਤੀਸ਼ੀਲ ਧਾਰਨਾ ਹੈ ਕਿਉਂਕਿ ਵਿਅਕਤੀ ਦਾ ਵਿਅਕਤਿਤਵ ਸਿੱਖਿਆ ਸਾਧਨਾਂ ਦੀ ਉਪਲਬਧਤਾ ਅਤੇ ਹੋਰ ਅਨੇਕਾਂ ਮੌਕਿਆਂ ਅਨੁਸਾਰ ਬਦਲਦਾ ਰਹਿੰਦਾ ਹੈ।"[13] ਜਿਸਦਾ ਵੇਰਵਾ ਨਾਵਲਕਾਰ ਆਪਣੇ ਪੇਸ਼ੇ ਤੇ ਰਚਨਾ ਬਾਰੇ ਖ਼ੁਦ ਦਿੰਦਾ ਹੈ।

"ਇਕ ਲੇਖਕ ਲਈ ਵਕਾਲਤ ਤੋਂ ਵਧੀਆ ਕੋਈ ਕਿੱਤਾ ਹੋ ਹੀ ਨਹੀਂ ਸਕਦਾ। ਵਕੀਲ ਹਰ ਸਮੇਂ ਗਿਆਨ ਦੇ ਸਮੁੰਦਰ ਵਿਚ ਵਿਚਰਦਾ ਹੈ। ਕੇਸ ਤਿਆਰ ਕਰਦੇ ਸਮੇਂ ਉਸਦਾ ਹਰ ਵਰਗ, ਹਰ ਜਮਾਤ ਅਤੇ ਹਰ ਕਿੱਤੇ ਨਾਲ ਸੰਬੰਧਿਤ ਵਿਅਕਤੀਆਂ ਨਾਲ ਵਾਹ ਪੈਂਦਾ ਹੈ। ਮੁਕੱਦਮਾ ਜਿੱਤਣ ਲਈ ਵਕੀਲ ਨੂੰ ਸਮੱਸਿਆ ਦੀ ਤਹਿ ਤੱਕ ਜਾਣਾ ਪੈਂਦਾ ਹੈ... ਮੈਂ ਲੇਖਕ ਪਹਿਲਾਂ ਹੁੰਦਾ ਹਾਂ ਤੇ ਵਕੀਲ ਪਿੱਛੋਂ ... ਜੇ ਮੈਂ ਸਰਕਾਰੀ ਵਕੀਲ ਨਾ ਹੁੰਦਾ ਤਾਂ ਸ਼ਾਇਦ ਮਨੁੱਖੀ ਵੇਦਨਾ ਨੂੰ ਏਨੀ ਗਹਿਰਾਈ ਨਾਲ ਨਾ ਸਮਝ ਸਕਦਾ।"[14]

ਅਨੁਭਵ ਗਹਿਰਾ ਤੇ ਮੌਲਿਕ ਹੋਣ ਕਾਰਨ ਹੀ ਲੇਖਕ ਆਪਣੀ ਰਚਨਾ ਦੇ ਪਾਤਰਾਂ ਦੇ ਅੰਦਰਲੇ ਬਾਹਰਲੇ ਜੀਵਨ ਨਾਲ ਡੂੰਘੀ ਪਛਾਣ ਦਾ ਪ੍ਰਮਾਣ ਆਪਣੀ ਕਿਰਤ ਰਾਹੀਂ ਦਿੰਦਾ ਹੈ। ਉਪਰੋਕਤ ਵੇਰਵੇ ਤੋਂ ਜ਼ਾਹਿਰ ਹੈ ਕਿ ਮੀਤ ਦੇ ਤੀਸਰੇ ਨਾਵਲ 'ਤਫ਼ਤੀਸ਼' ਦਾ ਵਿਸ਼ਾ ਬੇਸ਼ੱਕ ਪੁਲਿਸ ਸਭਿਆਚਾਰ ਨੂੰ ਬਾਰੀਕੀ ਤੋਂ ਘੋਖਣਾ ਹੈ ਪਰੰਤੂ ਇਸ ਨਾਵਲ ਦੇ ਮੂਲ ਵਿਸ਼ਿਆਂ ਰਾਹੀਂ ਮਨੁੱਖੀ ਜੀਵਨ ਦੇ ਬਹੁਪਰਤੀ ਪੱਖਾਂ ਦੀ ਬਾਰੀਕੀ ਨਾਲ ਕੀਤੀ ਘੋਖ ਨੂੰ ਵੀ ਬੜੇ ਕਲਾਤਮਕ ਢੰਗ ਨਾਲ ਗਲਪ ਬਿੰਬ ਵਿਚ ਢਾਲਿਆ ਹੈ। ਕਿਉਂਕਿ ਪੁਲਿਸ ਦੁਆਰਾ ਲੋਕਾਂ ਨਾਲ ਕੀਤੇ ਜਾਂਦੇ ਵਿਤਕਰੇ ਨੂੰ ਦੇਖਦੇ ਹੋਏ ਉਸਦੇ ਮਨ ਅੰਦਰ ਕੋਈ ਰਚਨਾਤਮਕ ਕਾਰਜ ਕਰਨ ਦੀ ਤੀਬਰ ਇੱਛਾ ਪੈਦਾ ਹੋਈ ਤੇ ਇਹ ਅਹਿਸਾਸ ਹੋਇਆ ਕਿ ਪੁਲਿਸ ਤੋਂ ਦੁਖੀ ਆਮ ਲੋਕਾਂ ਦੇ ਦੁੱਖਾਂ-ਸੁੱਖਾਂ ਨੂੰ ਆਪਣੀ ਲਿਖਤ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ। ਸੋ ਉਸਦੀ ਜੀਵਨ ਦ੍ਰਿਸ਼ਟੀ, ਰਚਨਾ ਦ੍ਰਿਸ਼ਟੀ ਵਿਚ ਰੂਪਾਂਤਰਤ ਹੋ ਗਈ। 'ਤਫ਼ਤੀਸ਼' ਨਾਵਲ ਵਿਚ ਇਕ ਬੱਚੇ ਬੰਟੀ ਦੇ ਕਾਤਲਾਂ ਦੀ ਤਫ਼ਤੀਸ ਦੇ ਝਰੋਖੇ ਵਿਚੋਂ ਸਮੁੱਚੇ ਸਮਾਜ ਦੀ ਤਫ਼ਤੀਸ ਕਰਦਾ ਹੈ।

ਮਿੱਤਰ ਸੈਨ ਮੀਤ ਤੋਂ ਪਹਿਲਾਂ ਵੀ ਭਾਵੇਂ ਪੰਜਾਬੀ ਨਾਵਲ ਵਿਚ ਨਿਆਂ ਦੀ ਗੱਲ ਕੀਤੀ ਗਈ ਸੀ ਪਰੰਤੂ ਮੀਤ ਨੇ ਆਪਣੇ ਜੀਵਨ ਅਨੁਭਵ ਤੇ ਵਕੀਲੀ ਦੇ ਪੇਸ਼ੇ ਵਜੋਂ ਆਪਣੀ

ਤੀਖਣ ਬੁੱਧੀ ਨਾਲ ਨਿਆਂ ਪ੍ਰਣਾਲੀ ਨਾਲ ਸੰਬੰਧਿਤ ਹਰ ਮਹਿਕਮੇ ਨੂੰ ਵੱਖ-ਵੱਖ ਕੜੀਆਂ ਰਾਹੀਂ ਜਿਵੇਂ ਪੁਲਿਸ, ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਨੂੰ ਬਾਰੀਕਬੀਨੀ ਨਾਲ ਚਿਤਰਿਆ ਹੈ ਜੋ ਗਲਪ ਦੇ ਖੇਤਰ ਵਿਚ ਪ੍ਰਚੱਲਿਤ ਵਿਸ਼ਿਆਂ ਅਤੇ ਮੁੱਦਿਆਂ ਨਾਲੋਂ ਮੂਲੋਂ ਹੀ ਵੱਖਰਾ ਤੇ ਨਵਾਂ ਹੈ। ਆਪਣੇ ਇਸ ਅਨੁਭਵ ਬਾਰੇ ਲੇਖਕ ਇਸ ਤਰ੍ਹਾਂ ਦੱਸਦਾ ਹੈ :

"ਮੈਂ ਖੋਜ ਭਰਪੂਰ ਅਤੇ ਇਨਫਰਮੇਟਿਵ ਸਾਹਿਤ ਰਚਣ ਵਿਚ ਵਿਸ਼ਵਾਸ ਰੱਖਦਾ ਹਾਂ। ਭਾਰਤੀ ਨਿਆਂ ਪ੍ਰਬੰਧ ਦਾ ਮੈਂ ਖ਼ੁਦ ਇਕ ਪੁਰਜਾ ਹਾਂ। ਇਸ ਸੰਬੰਧੀ ਕਾਫ਼ੀ ਅਧਿਐਨ ਕੀਤਾ ਅਤੇ ਪਿਛਲੇ ਕਰੀਬ 20 ਸਾਲਾਂ ਤੋਂ ਇਸਦੇ ਰੂ-ਬ-ਰੂ ਹੋ ਕੇ ਤਜਰਬਾ ਵੀ ਹਾਸਲ ਕਰ ਰਿਹਾ ਹਾਂ... ਇਸੇ ਸਮਰੱਥਾ ਅਤੇ ਨਿਆਂ ਪ੍ਰਬੰਧ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਮੈਂ ਇਕ ਵੱਡੀ ਯੋਜਨਾ ਉਲੀਕੀ। ਇਸ ਲੜੀ ਰਾਹੀਂ ਇਸ ਪ੍ਰਬੰਧ ਨੂੰ ਘੋਖਣ ਦਾ ਸੁਪਨਾ ਲਿਆ।"[15]

ਸੋ ਖੋਜ ਕਰਕੇ ਲਿਖਣ ਵਾਲਾ ਮਿੱਤਰ ਸੈਨ ਮੀਤ ਪਹਿਲਾ ਨਾਵਲਕਾਰ ਹੈ ਜਿਸਨੇ ਆਪਣੇ ਅਨੁਭਵ ਰਾਹੀਂ 'ਤਫ਼ਤੀਸ਼' ਤੋਂ ਮਗਰੋਂ ਚੌਥਾ ਨਾਵਲ 'ਕਟਹਿਰਾ' (1993), ਪੰਜਵਾਂ ਨਾਵਲ 'ਕੌਰਵ-ਸਭਾ' (2003) ਅਤੇ ਛੇਵਾਂ ਨਾਵਲ 'ਸੁਧਾਰ-ਘਰ' (2001) ਲਿਖੇ ਜੋ ਇਕੋ ਲੜੀ ਦੀਆਂ ਵੱਖ-ਵੱਖ ਕੜੀਆਂ ਹਨ। ਜਿਸ ਵਿਚ ਉਸਨੇ ਆਪਣੇ ਵਕੀਲੀ ਪੇਸ਼ੇ ਰਾਹੀਂ ਮਨੁੱਖੀ ਜ਼ਿੰਦਗੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਚੇਤੰਨ ਬੁੱਧੀ ਨਾਲ ਕੀਤਾ ਹੈ।

ਹਰੇਕ ਸਾਹਿਤਕਾਰ ਦਾ ਅਨੁਭਵ ਸਰਵ ਸਮਿਆਂਕ ਵਿਚ ਸਫ਼ਰ ਕਰਦਾ ਹੈ (ਜਿਸ ਤਰ੍ਹਾਂ ਗੋਰਕੀ ਦਾ ਨਾਵਲ 'ਮਾਂ' ਹੈ ਉਸਨੂੰ ਲੋਕ ਉਦੋਂ ਵੀ ਪੜ੍ਹਦੇ ਸੀ ਤੇ ਅੱਜ ਵੀ ਪੜ੍ਹਦੇ ਹਨ) ਕਿਉਂਕਿ ਹਰ ਲੇਖਕ ਦਾ ਅਨੁਭਵ, ਸਾਹਿਤ ਅਤੇ ਵਿਚਾਰਧਾਰਾ ਇਕੋ ਸਮੇਂ ਵਿਚ ਕਿਰਿਆਸ਼ੀਲ ਰਹਿੰਦੇ ਹਨ। ਸਾਹਿਤਕਾਰ ਦੀ ਗ੍ਰਹਿਣ ਸ਼ਕਤੀ ਆਪਣੇ ਅਨੁਭਵ ਨੂੰ ਗ੍ਰਹਿਣ ਕਰਨ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ ਤੇ ਪ੍ਰਭਾਵਿਤ ਹੁੰਦੀ ਰਹਿੰਦੀ ਹੈ। ਉਸੇ ਤਰ੍ਹਾਂ ਉਸਦੇ ਵਿਚਾਰਾਂ ਵਿਚ ਤਬਦੀਲੀ ਆਉਂਦੀ ਜਾਂਦੀ ਹੈ।

ਰੈਲਫ਼ ਫ਼ਾੱਕਸ ਦਾ ਵਿਚਾਰ ਹੈ ਕਿ "ਨਾਵਲਕਾਰ ਉਦੋਂ ਤੱਕ ਆਪਣੀ ਵਿਅਕਤੀਗਤ ਹੋਣੀ ਦੀ ਕਹਾਣੀ ਨਹੀਂ ਲਿਖ ਸਕਦਾ ਜਦੋਂ ਤੱਕ ਉਸ ਕੋਲ ਸਮੁੱਚਤਾ ਦੀ ਅਡੋਲ ਮਹਾਂ-ਦ੍ਰਿਸ਼ਟੀ ਨਾ ਹੋਵੇ।"[16]

ਮੀਤ ਕੋਲ ਇਹ ਅਡੋਲ ਮਹਾਂਦ੍ਰਿਸ਼ਟੀ ਹੈ ਜਿਸਨੇ ਦਿਸਦੀ ਦੁਨੀਆਂ ਨੂੰ ਸਿਰਜਤ ਦੁਨੀਆਂ ਵਿਚ ਢਾਲਿਆ ਹੈ ਜੋ ਉਪਰੋਂ ਇਕ ਅਰਥੀ ਜਾਪਦੀ ਹੈ ਪਰੰਤੂ ਵਿਚੋਂ ਬਹੁਅਰਥੀ ਹੈ। ਨਾਵਲਕਾਰ ਆਪਣੀ ਮਹਾਂਦ੍ਰਿਸ਼ਟੀ ਰਾਹੀਂ ਉਸ ਸੱਚ ਨੂੰ ਸਮੁੱਚੀ ਰਚਨਾ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ ਜੋ ਸਮਾਜ, ਵਰਤਮਾਨ ਸਮੇਂ ਅਤੇ ਸਥਿਤੀ ਰਾਹੀਂ ਦਿਸ ਰਿਹਾ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਮਿੱਤਰ ਸੈਨ ਮੀਤ ਨੇ ਸਾਡੀ ਨਿਆਂ ਪ੍ਰਣਾਲੀ ਦੇ ਭਿੰਨ-ਭਿੰਨ ਪੱਖਾਂ ਦੀਆਂ ਬਾਰੀਕੀਆਂ ਨੂੰ ਇਕ ਕਲਾਕਾਰ ਦੀ ਸੂਝ ਨਾਲ ਨਾਵਲਾਂ ਵਿਚ ਪੇਸ਼ ਕੀਤਾ। ਉਹ ਨਿਰਸੰਦੇਹ ਵੱਡੀ ਪ੍ਰਾਪਤੀ ਹੈ... ਮੀਤ ਕੋਲ ਵਰਤਮਾਨ ਨਿਆਂ ਵਿਵਸਥਾ ਦਾ ਡੂੰਘਾ ਅਨੁਭਵ ਤਾਂ ਹੈ ਹੀ, ਉਸ ਕੋਲ ਇਸ ਵਿਵਸਥਾ ਦੇ ਅੰਦਰਲੇ ਨੂੰ ਫਰੋਲਣ ਵਾਲੀ

ਤੀਜੀ ਅੱਖ ਵੀ ਹੈ ਅਤੇ ਆਪਣੀ ਪਰਖ-ਪੜਤਾਲ ਨੂੰ ਗਲਪੀ ਬਿੰਬ ਵਿਚ ਢਾਲ ਸਕਣ ਦੇ ਯੋਗ ਮਸ਼ਕਰੀ ਦੀ ਵਿਧਾ ਵੀ।"[17]

ਸੋ 'ਕਟਹਿਰਾ' ਨਾਵਲ ਕੋਰਟ ਕਚਹਿਰੀਆਂ, ਜੱਜਾਂ, ਵਕੀਲਾਂ, ਮੁਜਰਮਾਂ, ਗਵਾਹਾਂ ਦੀ ਪੇਸ਼ਕਾਰੀ ਨੂੰ ਬੜੀ ਸੁਚੱਜਤਾ ਨਾਲ ਸਿਰਜਦਾ ਹੈ। ਲੇਖਕ ਨੇ ਇਸ ਨਾਵਲ ਨੂੰ "ਨਿਆਂ ਪ੍ਰਬੰਧ, ਕਾਨੂੰਨ ਵਿਗਿਆਨ, ਜ਼ੁਰਮ ਵਿਗਿਆਨ ਅਤੇ ਭਾਰਤ ਦੀ ਅਜੋਕੀ ਸਥਿਤੀ ਦੇ ਅਹਿਮ ਪਹਿਲੂਆਂ ਦਾ ਵਿਸਥਾਰ ਸਹਿਤ ਖੋਜ ਭਰਪੂਰ ਢੰਗ ਨਾਲ ਚਿਤਰਨ ਵਾਲੀ ਰਚਨਾ ਕਿਹਾ ਹੈ।"[18]

ਇਸ ਵੇਰਵੇ ਤੋਂ ਜ਼ਾਹਿਰ ਹੈ ਕਿ ਨਾਵਲਕਾਰ ਨੇ ਪਿਛਲੇਰੇ ਨਾਵਲਾਂ ਦੀ ਸਿਰਜਨਾ ਤੋਂ ਪਹਿਲਾਂ ਬਕਾਇਦਾ ਖੋਜ-ਮੂਲਕ ਢੰਗ ਨਾਲ ਸਮੱਗਰੀ ਇਕੱਠੀ ਕੀਤੀ ਹੈ। ਸੋ ਮੀਤ ਅਜਿਹਾ ਨਾਵਲਕਾਰ ਹੈ ਜੋ ਸਿਰਜਨਾ ਕਰਕੇ ਸੋਚਦਾ ਨਹੀਂ ਸਗੋਂ ਸਿਰਜਨਾ ਕਰਨ ਤੋਂ ਪਹਿਲਾਂ ਖੋਜ-ਮੂਲਕ ਦ੍ਰਿਸ਼ਟੀ ਤੋਂ ਸੋਚਦਾ ਹੈ।

ਨਾਵਲਕਾਰ ਦਾ ਬਹੁ-ਚਰਚਿਤ ਨਾਵਲ 'ਕੌਰਵ-ਸਭਾ' ਜਿਥੇ 'ਤਫ਼ਤੀਸ਼', 'ਕਟਹਿਰਾ' ਨਾਵਲਾਂ ਦੇ ਵਿਸ਼ਾ-ਵਸਤੂ ਨਾਲ ਸਾਂਝ ਰੱਖਦਾ ਹੈ, ਉਥੇ ਆਪਣੀ ਵੱਖਰੀ ਪਛਾਣ ਬਣਾਉਂਦਾ ਹੋਇਆ ਸਮੁੱਚੀ ਵਿਵਸਥਾ ਨੂੰ ਦ੍ਰਿਸ਼ਟਮਾਨ ਕਰਦਾ ਹੈ। ਮੀਤ ਦੇ ਪਹਿਲੇ ਨਾਵਲਾਂ ਵਿਚ ਬਹੁ-ਵਿਸਥਾਰਤਾ ਤੇ ਇਸ ਨਾਵਲ ਵਿਚ ਯਥਾਰਥ ਨੂੰ ਸੰਘਣੇਪਣ ਰਾਹੀਂ ਚਿਤਰਿਆ ਗਿਆ ਹੈ ਕਿਉਂਕਿ 'ਕੌਰਵ-ਸਭਾ' ਨਾਵਲ ਵਿਚ ਨਾਵਲਕਾਰ ਦਾ ਲਗਭਗ ਤਿੰਨ ਦਹਾਕਿਆਂ ਦਾ ਅਨੁਭਵ ਸਮਾਇਆ ਹੋਇਆ ਹੈ, ਜਿਸ ਬਾਰੇ ਲੇਖਕ ਖ਼ੁਦ ਦੱਸਦਾ ਹੈ :

"ਮੁੱਢਲਾ ਗਿਆਨ ਹਾਸਲ ਕਰਨ ਲਈ ਮੈਂ ਆਪਣੇ ਅਹੁਦੇ ਦੀ ਵਰਤੋਂ ਕਰਕੇ ਥਾਣੇ ਗਿਆ। ਮੁਜ਼ਰਿਮਾਂ ਨੂੰ ਕੁਰਸੀਆਂ ਘੋਟੇ ਅਤੇ ਰੱਸੇ ਲਗਦੇ ਦੇਖੇ, ਗੰਦੇ ਹਵਾਲਾਤਾਂ ਅਤੇ ਬੈਰਕਾਂ ਦੀ ਘੋਖ ਕੀਤੀ। ਮੇਰੀ ਧਾਰਨਾ ਹੈ ਕਿ ਕਿਸੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਪ੍ਰਬੰਧ ਦੇ ਹਰ ਛੋਟੇ-ਵੱਡੇ ਪਹਿਲੂ ਦਾ ਬਾਰੀਕੀ ਨਾਲ ਅਧਿਐਨ ਹੋਣਾ ਚਾਹੀਦਾ ਹੈ।"[19]

ਮੀਤ ਦਾ ਵਿਸ਼ਾਲ ਅਧਿਐਨ ਅਤੇ ਗਹਿਰਾ ਅਨੁਭਵ ਉਸਦੀ ਸਮੁੱਚੀ ਰਚਨਾ ਨੂੰ ਮਹਾਨ ਬਣਾਉਂਦਾ ਹੈ। ਉਸਨੇ ਸਮੁੱਚੇ ਨਾਵਲਾਂ ਦਾ ਵਿਸ਼ਾ, ਘਟਨਾਵਾਂ ਅਤੇ ਪਾਤਰ ਵੀ ਆਪਣੇ ਅਨੁਭਵ ਵਿਚੋਂ ਲਏ ਹਨ ਕਿਉਂਕਿ "ਲੇਖਕ ਦਾ ਨਿੱਜੀ ਅਨੁਭਵ ਹੀ ਉਸਦੀ ਸਿਰਜਣਾ ਪ੍ਰਕ੍ਰਿਆ ਦਾ ਮੂਲ ਧੁਰਾ ਹੁੰਦਾ ਹੈ।"[20]

ਨਿੱਜੀ ਅਨੁਭਵ ਦੇ ਆਧਾਰ ਤੇ ਇਥੇ ਮਹਾਨ ਗਲਪਕਾਰ ਮੈਕਸਿਮ ਗੋਰਕੀ ਦੀ ਮਿਸਾਲ ਦਿੱਤੀ ਜਾ ਸਕਦੀ ਹੈ "ਜਿਸਨੇ ਬਚਪਨ ਤੋਂ ਜਵਾਨੀ ਤੱਕ ਘੋਰ ਕਸ਼ਟਦਾਇਕ ਹਾਲਾਤ ਦੇ ਗੁਰਬਤ ਵਿਚ ਬਤਾਏ ਉਹੀ ਅਨੁਭਵ ਉਸਦੇ ਪ੍ਰਸਿੱਧ ਨਾਵਲਾਂ 'ਤਿੰਨ ਜਣੇ', 'ਫੋਮਾ ਗੁਰਦਈਫ' ਤੇ 'ਮਾਂ' ਵਿਚ ਪ੍ਰਤੱਖ ਦਿਖਾਈ ਦਿੰਦੇ ਹਨ। ਇਹਨਾਂ ਨਾਵਲਾਂ ਵਿਚ ਨਿੱਘਰੇ ਦਲਿਤ ਤੇ ਥੁੜੇ ਹੋਏ ਲੋਕਾਂ ਦੇ ਇੰਨੇ ਯਥਾਰਥ ਚਿੱਤਰ ਪੇਸ਼ ਹੋਏ ਹਨ ਕਿ ਉਸਦੀ ਗਲਪਕਾਰੀ ਦੀ ਮੁਹਾਰਤ ਉਤੇ ਹੈਰਾਨੀ ਹੁੰਦੀ ਹੈ ਤੇ ਇਹ ਗੱਲ ਪ੍ਰਮਾਣਿਤ ਹੁੰਦੀ ਹੈ ਕਿ ਜੇ ਉਹਨੇ ਇਹਨਾਂ ਪਾਤਰਾਂ ਜਿਹੀ ਜ਼ਿੰਦਗੀ ਕਿਸੇ ਰੂਪ ਵਿਚ, ਕਿਸ ਹੱਦ ਤੱਕ ਨਾ ਹੰਢਾਈ ਹੁੰਦੀ ਤਾਂ ਉਹ

ਅਜਿਹੇ ਚਿੱਤਰ ਸਿਰਜਣ ਦੇ ਸਮਰੱਥ ਨਾ ਹੁੰਦਾ।"[21]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਮਿੱਤਰ ਸੈਨ ਮੀਤ ਬਾਰੇ ਕਿਹਾ ਜਾ ਸਕਦਾ ਹੈ ਕਿ ਜੇਕਰ ਉਸਦੀ ਆਤਮਾ ਬੇਇਨਸਾਫ਼ੀ ਨੂੰ ਦੇਖਕੇ ਨਾ ਤੜਫਦੀ, ਸ਼ਾਇਦ ਉਹ ਨਾ ਲਿਖਦਾ ਕਿਉਂਕਿ ਉਹ ਖ਼ੁਦ ਲਿਖਦਾ ਹੈ, "ਲੋਕਾਂ ਦੀ ਆਖਰੀ ਆਸ ਅਦਾਲਤਾਂ ਉਪਰ ਹੁੰਦੀ ਹੈ। ਇਨਸਾਫ਼ ਪ੍ਰਾਪਤੀ ਦੇ ਜਦੋਂ ਸਾਰੇ ਰਾਹ ਬੰਦ ਹੋ ਜਾਣ ਤਾਂ ਲੋਕ ਅਦਾਲਤ ਦਾ ਦਰਵਾਜਾ ਖਟਖਟਾਉਂਦੇ ਹਨ। ਜੇ ਇਥੇ ਵੀ ਇਨਸਾਫ਼ ਦੀ ਸੰਭਾਵਨਾ ਖ਼ਤਮ ਹੋ ਜਾਵੇ ਤਾਂ ਲੋਕ ਕਿਧਰ ਨੂੰ ਜਾਣ ? ਆਪਣੀ ਇਹੋ ਚਿੰਤਾ ਪ੍ਰਗਟਾਉਣ ਲਈ ਅਤੇ ਲੋਕਾਂ ਨੂੰ ਇਹ ਸਮਝਾਉਣ ਲਈ ਕਿ ਉਹ ਇਸ ਭੁਲੇਖੇ ਵਿਚ ਨਾ ਰਹਿਣ ਕਿ ਅਦਾਲਤਾਂ ਵਿਚ ਇਨਸਾਫ਼ ਮਿਲਦਾ ਹੈ।"[22] ਇਨ੍ਹਾਂ ਨਾਵਲਾਂ ਦੀ ਰਚਨਾ ਕੀਤੀ ਹੈ।

ਨਾਵਲਕਾਰ ਖ਼ੁਦ ਨੂੰ ਆਪਣੇ ਨਿੱਜੀ ਅਨੁਭਵ ਰਾਹੀਂ ਦੱਸ ਰਿਹਾ ਹੈ ਅਤੇ ਆਪਣੀ ਜੁਝਾਰੂ ਵਿਚਾਰਧਾਰਾ ਅਨੁਸਾਰ ਭਾਰਤੀ ਨਿਆਂ ਪ੍ਰਣਾਲੀ ਦੇ ਭ੍ਰਿਸ਼ਟਾਚਾਰੀ ਖਲਨਾਇਕਾਂ ਦੁਆਰਾ ਇਨਸਾਫ਼ ਵਿਚ ਬੇਇਨਸਾਫ਼ੀ ਦੀ ਅਸਲੀਅਤ ਨੂੰ ਦਰਸਾਉਣ ਲਈ ਨਾਵਲਾਂ ਵਿਚ ਅਨੇਕਾਂ ਗਲਪ-ਬਿੰਬਾਂ ਰਾਹੀਂ ਅਜੋਕੇ ਸਿਸਟਮ ਦੇ ਖਿਲਾਫ਼ ਪਾਠਕ ਦੀ ਮਾਨਸਿਕਤਾ ਨਾਲ ਸੰਵਾਦ ਰਚਾਉਂਦਾ ਹੋਇਆ ਭ੍ਰਿਸ਼ਟਾਚਾਰ ਦੇ ਵਿਰੁੱਧ ਇਕ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਪੈਦਾ ਕਰਦਾ ਹੈ ਤੇ ਪੀੜਤ ਲੋਕਾਂ ਲਈ ਹਮਦਰਦੀ ਜਤਾਉਂਦਾ ਹੈ। ਲੇਖਕ ਬਿਆਨ ਕਰਦਾ ਹੈ :

"ਪੀੜਿਤ ਧਿਰ ਲਈ ਹਮਦਰਦੀ ਦਾ ਇਹ ਬੀਜ ਮੇਰੇ ਸਤਾਈ ਸਾਲ ਦੇ ਸਰਕਾਰੀ ਵਕੀਲ ਦੇ ਕੌੜੇ ਤਜਰਬੇ ਵਿਚੋਂ ਉਪਜਿਆ ਹੈ। ਸਰਕਾਰੀ ਵਕੀਲ ਦਾ ਫ਼ਰਜ਼ ਪੀੜਿਤ ਧਿਰ ਦਾ ਕਾਨੂੰਨੀ ਪੱਖ ਪੂਰਨਾ ਹੈ। ਲੱਖ ਜਤਨਾਂ ਦੇ ਬਾਵਜੂਦ ਕਾਨੂੰਨੀ ਖ਼ਾਮੀਆਂ ਕਾਰਨ ਜਦੋਂ ਸਹੀ ਦੋਸ਼ੀ ਬਰੀ ਹੋ ਜਾਂਦਾ ਹੈ ਤਾਂ ਪੀੜਿਤ ਧਿਰ ਦੇ ਨਾਲ-ਨਾਲ ਮੈਨੂੰ ਵੀ ਗੁੱਸਾ ਆਉਂਦਾ ਹੈ। ਇਹੋ ਪੀੜ ਅਤੇ ਗੁੱਸਾ ਪ੍ਰਗਟਾਉਣ ਲਈ ਮੈਂ ਇਹ ਨਾਵਲ ਸਿਰਜਿਆ ਹੈ।"[23]

ਉਪਰੋਕਤ ਵੇਰਵੇ ਰਾਹੀਂ ਜਿਥੇ ਨਾਵਲਕਾਰ ਖ਼ੁਦ ਦੇ ਨਿੱਜੀ ਅਨੁਭਵ ਨੂੰ ਦੱਸ ਰਿਹਾ ਹੈ ਉਥੇ ਉਸਦੀ ਵੱਡੀ ਕਲਾ ਕਾਨੂੰਨ ਅਤੇ ਨਿਆਂ ਨੂੰ ਗਲਪ ਰੂਪ ਵਿਚ ਢਾਲਣ ਦੀ ਕਲਾ ਵੀ ਸਾਹਮਣੇ ਆਉਂਦੀ ਹੈ।

ਵੈਸੇ ਤਾਂ ਸਮੁੱਚਾ ਪੰਜਾਬੀ ਸਾਹਿਤ ਆਦਰਸ਼ਮੁਖੀ ਰਿਹਾ ਹੈ। ਸਮੇਂ-ਸਮੇਂ ਆਦਰਸ਼ਾਂ ਦੇ ਸਰੋਕਾਰ ਬਦਲਦੇ ਰਹੇ ਹਨ ਕਿਉਂਕਿ ਕਿਸੇ ਆਦਰਸ਼ ਤੋਂ ਬਿਨਾਂ ਰਚਨਾ ਕਰ ਸਕਣਾ ਨਿਸ਼ਚੇ ਹੀ ਮੁਸ਼ਕਲ ਕਾਰਜ ਹੁੰਦਾ ਹੈ। ਪਰ ਮਿੱਤਰ ਸੈਨ ਮੀਤ ਨੇ ਬੀਤੇ ਤੇ ਝੂਰਨ ਜਾਂ ਕੋਈ ਖੋਖਲੇ ਆਦਰਸ਼ ਸਿਰਜਣ ਦੀ ਥਾਂ ਆਪਣੇ ਅਨੁਭਵ ਦੀ ਵਿਧੀ ਰਾਹੀਂ ਆਪਣੀ ਸਮਝ ਤੇ ਸਮਰੱਥਾ ਦਾ ਸਬੂਤ ਦਿੱਤਾ ਹੈ। ਉਸਦਾ ਸਮੁੱਚਾ ਨਾਵਲ ਇਸਦੀ ਜਿਉਂਦੀ-ਜਾਗਦੀ ਮਿਸਾਲ ਹੈ।

'ਸੁਧਾਰ-ਘਰ' ਨਾਵਲ ਲੇਖਕ ਦੇ ਪਹਿਲੇ ਦੋ ਨਾਵਲਾਂ 'ਤਫ਼ਤੀਸ਼' ਤੇ 'ਕਟਹਿਰਾ'

ਦਾ ਤੀਜਾ ਹਿੱਸਾ ਵੀ ਹੈ। ਇਹ ਨਾਵਲ ਤਫ਼ਤੀਸ਼ ਤੇ ਕਟਹਿਰਾ ਤੋਂ ਅੱਗੇ ਤੁਰਦਾ ਹੈ ਤੇ ਆਪਣੇ ਆਪ ਵਿਚ ਵੀ ਪੂਰਾ ਨਾਵਲ ਹੈ। ਇਸਨੂੰ ਲੰਬੇ ਇਤਿਹਾਸਕ ਕਾਲ ਵਿਚ ਇਕ ਨਿਰੰਤਰਤਾ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ ਅਤੇ ਇਕ ਕਾਲ ਖੰਡ ਵਿਚ ਰੱਖਕੇ ਵੀ, ਕਿਉਂਕਿ ਇਸ ਵਿਚ ਪਹਿਲੇ ਨਾਵਲਾਂ ਦਾ ਡੂੰਘਾ ਤੇ ਗਹਿਰਾ ਵਿਸਥਾਰ ਵੀ ਵੇਖਣ ਨੂੰ ਮਿਲਦਾ ਹੈ ਅਤੇ ਇਹ ਆਪਣਾ ਇਕ ਵੱਖਰਾ ਸੰਸਾਰ ਵੀ ਉਭਾਰਦਾ ਹੈ। ਇਸ ਨਾਵਲ ਦਾ ਮੁੱਖ ਵਿਸ਼ਾ ਜੇਲ੍ਹ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸੰਬੰਧੀ ਹੈ ਪਰੰਤੂ ਜੇਲ੍ਹ ਦੀ ਦੁਨੀਆਂ ਰਾਹੀਂ ਸਮੁੱਚੇ ਸਮਾਜ ਵਿਚ ਚਲਦੇ ਦੁਰਾਚਾਰ ਦੇ ਜਮਾਤੀ ਸੰਦਰਭ ਨੂੰ ਪੇਸ਼ ਕਰਦਾ ਹੈ। 'ਸੁਧਾਰ-ਘਰ' ਬਾਰੇ ਲੇਖਕ ਦਾ ਵਿਚਾਰ ਹੈ :

"ਆਪਣੇ ਅਹੁਦੇ ਕਾਰਨ ਮੈਨੂੰ ਜੇਲ੍ਹ ਅਧਿਕਾਰੀਆਂ ਨਾਲ ਮਿਲ ਬੈਠਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਸਮਝਣ ਦਾ ਮੌਕਾ ਮਿਲਦਾ ਰਹਿੰਦਾ ਹੈ...ਮੈਂ ਜੇਲ੍ਹ ਪ੍ਰਸ਼ਾਸਨ ਨਾਲ ਜੁੜੇ ਵਿਅਕਤੀਆਂ ਦੀਆਂ ਸਮੱਸਿਆਵਾਂ ਨੂੰ ਵੀ ਨਾਵਲ ਵਿਚ ਸ਼ਿੱਦਤ ਨਾਲ ਪੇਸ਼ ਕਰਨ ਦਾ ਮਨ ਬਣਾ ਲਿਆ। ਮੇਰੇ ਅਧਿਐਨ ਦਾ ਇਹ ਸਿੱਟਾ ਨਿਕਲਿਆ ਕਿ ਕੈਦੀਆਂ ਉਪਰ ਹੁੰਦੇ ਅਤਿਆਚਾਰਾਂ ਲਈ ਵਿਅਕਤੀ ਦੀ ਥਾਂ ਸਟੇਟ ਜ਼ਿੰਮੇਵਾਰ ਹੈ... ਇਸ ਤਰ੍ਹਾਂ ਮੈਂ ਕੈਦੀਆਂ ਦੇ ਨਾਲ-ਨਾਲ ਜੇਲ੍ਹ ਕਰਮਚਾਰੀਆਂ ਦੀਆਂ ਸਮੱਸਿਆਵਾਂ ਪੇਸ਼ ਕਰਕੇ ਨਵੀਨਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ।"[24]

ਸੋ ਨਾਵਲਕਾਰ ਨੇ ਨਿੱਜੀ ਅਨੁਭਵ ਗ੍ਰਹਿਣ ਕਰਨ ਤੋਂ ਇਲਾਵਾ ਕੁਝ ਚਿੰਤਕਾਂ ਦੀਆਂ ਕਿਰਤਾਂ ਦਾ ਅਧਿਐਨ ਵੀ ਕੀਤਾ ਤੇ ਉਸਦੀ ਜੀਵਨ ਦ੍ਰਿਸ਼ਟੀ ਆਲੋਚਨਾਤਮਕ ਯਥਾਰਥਵਾਦੀ ਬਣ ਗਈ। ਲੇਖਕ ਦੱਸਦਾ ਹੈ :

"ਸੁਧਾਰ ਘਰ ਨਾਵਲ ਲਿਖਣ ਤੋਂ ਪਹਿਲਾਂ ਜੇਲ-ਪ੍ਰਬੰਧ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਮੈਂ ਜੇਲ੍ਹ ਮੈਨੂਅਲ ਦੇ ਨਾਲ-ਨਾਲ ਮੇਰੀ ਟੇਲਰ ਦੀ ਪੁਸਤਕ 'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ' ਮੋਹਨ ਭਾਸਕਰ ਦੀ ਪੁਸਤਕ 'ਮੈਂ ਸਾਂ ਪਾਕਿਸਤਾਨ ਵਿਚ ਭਾਰਤ ਦਾ ਜਾਸੂਸ' ਅਤੇ 'ਪਰਬਤੋਂ ਭਾਰੀ ਮੌਤ' ਪੜ੍ਹੇ। ਕਿਰਨ ਬੇਦੀ ਅਤੇ ਕੁਲਦੀਪ ਨਈਅਰ ਦੇ ਜੇਲ੍ਹਾਂ ਬਾਰੇ ਅਨੁਭਵ ਦਾ ਅਧਿਐਨ ਕੀਤਾ। ਜੇਲ੍ਹ ਪ੍ਰਬੰਧਾਂ ਬਾਰੇ ਸੁਪਰੀਮ ਕੋਰਟ ਵੱਲੋਂ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ' ਨਾਂ ਦੇ ਦੋ ਬਹੁਤ ਹੀ ਅਹਿਮ ਫੈਸਲਿਆਂ ਦਾ ਨਿੱਠ ਕੇ ਮੁਤਾਲਿਆ ਕੀਤਾ। ਇਸ ਤਰ੍ਹਾਂ ਅਨੁਭਵ ਦੇ ਨਾਲ-ਨਾਲ ਅਧਿਐਨ ਵੀ ਬਹੁਤ ਜ਼ਰੂਰੀ ਹੈ।"[25]

ਉਪਰੋਕਤ ਵੇਰਵਾ ਜਿਥੇ ਮੀਤ ਦੇ ਵਕੀਲ ਪੇਸ਼ੇ ਨਾਲ ਸੰਬੰਧਿਤ ਹੋਣ ਦਾ ਵੱਡਾ ਸਬੂਤ ਹੈ ਉਥੇ ਉਸਦੇ ਗਹਿਰੇ ਅਧਿਐਨ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ ਹੈ ਜਿਸਦੇ ਦੌਰਾਨ ਉਸਨੇ ਨਿਆਂ, ਪੁਲਿਸ, ਰਾਜਨੀਤੀ, ਸਿਹਤ ਸਹੂਲਤਾਂ, ਜ਼ੁਲਮ, ਹੱਕ-ਸੱਚ ਆਦਿ ਦੀ ਜਿਸ ਢੰਗ ਨਾਲ ਸਮੱਗਰੀ ਇਕੱਠੀ ਕੀਤੀ ਤੇ ਘਟਨਾਵਾਂ ਨੂੰ ਲੜੀਬੱਧ/ਤਰਤੀਬ ਘੋਖਣਾ, ਉਹਨਾਂ ਦੇ ਕਾਰਨਾਂ ਦਾ ਪਤਾ ਲਗਾਉਣਾ ਤੇ ਫਿਰ ਗਤੀਮਾਨ ਰੂਪ ਵਿਚ ਵਿਚਰਦੀਆਂ ਦਿਖਾਉਂਦਾ ਹੈ। ਉਸਦਾ ਸਮੁੱਚਾ ਨਾਵਲ ਜਗਤ ਇਹ ਵੀ ਦਰਸਾਉਂਦਾ ਹੈ ਕਿ ਸਮਾਜ ਵਿਚ ਕੀ ਹੋ

ਰਿਹਾ ਹੈ ? ਕਿਉਂਕਿ ਉਸਦੇ ਨਾਵਲਾਂ ਵਿਚ ਪੇਸ਼ ਹੋਏ ਬਹੁਤੇ ਪਾਤਰ ਅਜਿਹੇ ਹਨ ਜੋ ਉਸ ਨਾਲ ਜ਼ਿੰਦਗੀ ਵਿਚ ਹੰਢੇ ਵਰਤੇ ਹਨ। ਪਰ ਉਹ ਨਾਵਲਾਂ ਦੇ ਪਾਤਰਾਂ ਨਾਲ ਨਿੱਜੀ ਅਨੁਭਵ ਤੋਂ ਇਲਾਵਾ ਅਧਿਐਨ ਕਰਨ ਤੇ ਵੀ ਜ਼ੋਰ ਦਿੰਦਾ ਹੋਇਆ ਪ੍ਰਚੱਲਿਤ ਗਲਪਮਈ ਧਾਰਨਾਵਾਂ ਨੂੰ ਰੱਦ ਕਰਦਾ ਹੈ।

"ਮੈਂ ਪਿਛਲੇ 18 ਸਾਲਾਂ ਤੋਂ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਗਲਪੀ ਰੂਪ ਦੇਣ ਲਈ ਯਤਨਸ਼ੀਲ ਹਾਂ ਮੈਂ ਪ੍ਰਜੈਕਟ ਬਣਾ ਕੇ ਅਤੇ ਇਕ ਯੋਜਨਾ ਤਹਿਤ ਲਿਖਦਾ ਹਾਂ। ਮੈਂ ਉਨ੍ਹਾਂ ਲੇਖਕਾਂ ਨਾਲ ਸਹਿਮਤ ਨਹੀਂ ਜਿਹੜੇ ਰਾਹ ਆਪ ਚੁਣਦੇ ਹਨ। ਮੇਰਾ ਹਰ ਪਾਤਰ ਅਤੇ ਨਾਵਲਾਂ ਵਿਚ ਘਟਦੀ ਹਰ ਘਟਨਾ ਇਕ ਨਿਸ਼ਚਿਤ ਉਦੇਸ਼ ਨੂੰ ਸਪੱਸ਼ਟ ਕਰਨ ਲਈ ਅਹਿਮ ਅਤੇ ਨਿਸ਼ਚਿਤ ਭੂਮਿਕਾ ਨਿਭਾਉਂਦੇ ਹਨ। ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮੈਂ ਇਸਨੂੰ ਕਈ ਕਈ ਵਾਰ ਸੋਧਦਾ ਹਾਂ... ਇਸ ਤਰ੍ਹਾਂ ਸਹਿਜ ਪ੍ਰਗਟਾਵੇ ਲਈ ਅਨੁਭਵ ਅਤੇ ਅਧਿਐਨ ਦੇ ਨਾਲ-ਨਾਲ ਕਰੜੀ ਮਿਹਨਤ ਵੀ ਕਰਨੀ ਪੈਂਦੀ ਹੈ।"[26]

ਇਸ ਤਰ੍ਹਾਂ ਨਾਵਲਕਾਰ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਪਾਤਰਾਂ ਨੂੰ ਉਸਨੇ ਏਨਾ ਨੇੜੇ ਦੇ ਅਨੁਭਵ ਤੋਂ ਦੇਖਿਆ ਤੇ ਜਾਣਿਆ ਹੈ ਕਿ ਉਹਨਾਂ ਦਾ ਅੰਦਰ ਬਾਹਰ ਕੁਝ ਵੀ ਉਸਤੋਂ ਗੁੱਝਾ ਨਹੀਂ ਰਿਹਾ। ਉਸਦੇ ਨਾਵਲਾਂ ਦੇ ਸਾਰੇ ਪਾਤਰ ਹੀ ਸਥਾਪਤੀ ਲਈ ਲਗਾਤਾਰ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ ਜਿਸਦੇ ਪਿੱਛੇ ਨਾਵਲਕਾਰ ਦੀ ਸੂਝ ਹੀ ਨਹੀਂ ਸਗੋਂ ਕਰੜੀ ਮਿਹਨਤ ਵੀ ਕੰਮ ਕਰਦੀ ਹੈ।

ਜਿਥੇ ਨਾਵਲਕਾਰ ਮਿੱਤਰ ਸੈਨ ਮੀਤ ਦੇ ਬਚਪਨ, ਮੁੱਢਲੀ ਪੜ੍ਹਾਈ, ਸਮੁੱਚੇ ਆਲੇ-ਦੁਆਲੇ ਦੇ ਸਾਹਿਤਕ ਮਾਹੌਲ ਤੋਂ ਪ੍ਰੇਰਨਾ ਲਈ ਉਥੇ ਉਸਨੇ ਆਪਣੇ ਪੇਸ਼ੇ (ਵਕੀਲੀ) ਤੋਂ ਗ੍ਰਹਿਣ ਕੀਤਾ ਨਿੱਜੀ ਅਨੁਭਵ ਵੀ ਉਸਦੇ ਨਾਵਲਾਂ ਦਾ ਵਿਚਾਰਧਾਰਾ ਦਾ ਧੁਰਾ ਬਣਦਾ ਹੈ। ਉਸਦਾ ਦ੍ਰਿਸ਼ਟੀਕੋਣ, ਵਿਚਾਰ, ਗਿਆਨ, ਸਮੂਹਿਕ ਅਨੁਭਵ ਅਤੇ ਸਮਾਜਿਕ ਯਥਾਰਥ ਦੀ ਸੋਝੀ ਆਦਿ ਉਸਦੇ ਗਲਪ ਸਿਰਜਨ ਦੀ ਪ੍ਰਕਿਰਿਆ ਦਾ ਮੂਲ ਆਧਾਰ ਵੀ ਬਣਦੇ ਹਨ।ਸੋ ਸਮੁੱਚੇ ਅਧਿਐਨ ਉਪਰੰਤ ਅਸੀਂ ਇਸ ਨਿਸ਼ਕਰਸ਼ ਉਤੇ ਪੁੱਜਦੇ ਹਾਂ ਕਿ ਮਿੱਤਰ ਸੈਨ ਮੀਤ ਨੇ ਇਕ ਵਿਸ਼ੇਸ਼ ਪ੍ਰਕਾਰ ਦੇ ਜੀਵਨ ਅਨੁਭਵ ਦੁਆਰਾ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਰਾਹੀਂ ਆਪਣੇ ਨਾਵਲਾਂ ਦੀ ਲੜੀ ਵਿਚ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਨਾਵਲ ਜਗਤ ਵਿਚ ਹਰੇਕ ਪੱਖੋਂ ਵਿਲੱਖਣਤਾ ਹਾਸਲ ਕੀਤੀ ਜੋ ਉਸਦੇ ਨਾਵਲਾਂ ਨੂੰ ਪੜ੍ਹਨ ਲਈ ਕੇਵਲ ਆਲੋਚਕਾਂ ਜਾਂ ਵਿਦਵਾਨਾਂ ਨੂੰ ਹੀ ਨਹੀਂ ਸਗੋਂ ਸਾਧਾਰਨ ਪਾਠਕਾਂ ਲਈ ਵੀ ਖਿੱਚ ਦਾ ਕੇਂਦਰ ਬਣਦੀ ਹੈ।

ਉਪਰੋਕਤ ਚਰਚਾ ਦੇ ਆਧਾਰਿਤ ਅਸੀਂ ਨਾਵਲਕਾਰ ਦੇ ਜੀਵਨ, ਸਮਾਜਿਕ ਤੇ ਰਾਜਨੀਤਿਕ ਗਤੀਵਿਧੀਆਂ ਨੂੰ ਪਰਖਿਆ ਹੈ। ਜਿਨ੍ਹਾਂ ਸਦਕਾ ਉਹ ਪੰਜਾਬੀ ਨਾਵਲ ਵਿਚ ਵਿਸ਼ੇਸ਼ ਨਾਵਲੀ ਰਚਨਾ ਸਿਰਜਦਾ ਹੈ ਤੇ ਆਪਣੀ ਵੱਖਰੀ ਹੋਂਦ ਸਥਾਪਤ ਕਰਦਾ ਹੈ। ਵਕੀਲੀ ਪੇਸ਼ੇ ਦਾ ਅਨੁਭਵ ਤੇ ਜੀਵਨ ਸੰਘਰਸ਼ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਨਾਵਲਕਾਰ ਨੂੰ ਡੂੰਘੀ ਸੂਝ, ਚਿੰਤਨ ਤੇ ਆਤਮਕ ਮਨੋਬਲ ਰਾਹੀਂ ਵਿਰੋਧਾਤਮਕ ਪ੍ਰਸਥਿਤੀਆਂ ਨੂੰ

ਉਲੇਖਣ ਲਈ ਪ੍ਰੇਰਦੀਆਂ ਹਨ। ਨਾਵਲਕਾਰ ਦੀ ਇਹ ਸੂਝ ਰਚਨਾਤਮਕ ਦ੍ਰਿਸ਼ਟੀ 'ਚ ਢਲ ਕੇ ਅਜੋਕੀ ਸਮਾਜਿਕ ਤੇ ਰਾਜਨੀਤਿਕ ਵਿਵਸਥਾ ਦੇ ਵਿਦਰੋਹੀ ਰੂਪ ਵਿਚ ਆਲੋਚਨਾਤਮਕ ਤੇ ਵਿਅੰਗਾਤਮਕ ਸੋਚ ਦਾ ਪ੍ਰਗਟਾਵਾ ਕਰਨ ਦੇ ਸਮਰੱਥ ਹੁੰਦੀ ਹੈ। ਮੀਤ ਆਪਣੇ ਨਿਵੇਕਲੇ ਦ੍ਰਿਸ਼ਟੀਕੋਣ ਕਰਕੇ ਪੰਜਾਬੀ ਗਲਪ ਸਾਹਿਤ ਵਿਚ ਸਥਾਪਤ ਲੀਹਾਂ ਨੂੰ ਅਪਨਾਉਂਦਿਆਂ ਨਵੇਂ ਦ੍ਰਿਸ਼ਟੀਕੋਣ ਵਿਚਾਰਧਾਰਾ ਤੇ ਅਮਲੀ ਵਿਧਾ ਅਪਣਾਉਣ, ਪੁਰਾਣੇ ਪ੍ਰਤੀਮਾਨ/ਨਵੇਂ ਪ੍ਰਤੀਮਾਨ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਗੁਰਦਿਆਲ ਸਿੰਘ, **ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ**, ਪੰਨਾ 5
2. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਮਿੱਤਰ ਸੈਨ ਮੀਤ**, ਪੰਨੇ 128-129
3. ਐੱਮ ਖ਼ਰਾਪਚੈਂਕੋ, **ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ ਦਾ ਵਿਕਾਸ**, ਪੰਨਾ 9
4. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 129
5. ਗੁਰਦਿਆਲ ਸਿੰਘ, **ਲੇਖਕ ਦਾ ਅਨੁਭਵ ਤੇ ਸਿਰਜਣ ਪਰਕਿਰਿਆ**, ਪੰਨਾ 60
6. ਉਧਰਿਤ, ਮਹਿਲ ਸਿੰਘ, **ਮੁੱਢਲਾ ਪੰਜਾਬੀ ਨਾਵਲ ਇਤਿਹਾਸਕ ਅਧਿਐਨ**, ਪੰਨਾ 19
7. ਹਰਿਭਜਨ ਸਿੰਘ ਭਾਟੀਆ, **ਕੌਰਵ-ਸਭਾ ਦੀਆਂ ਪਰਤਾਂ**, ਪੰਨਾ 185
8. ਪੰਜਾਬੀ ਮਾਸਕ, **ਅਕਸ**, ਪੰਨਾ 28
9. ਗੁਰਦਿਆਲ ਸਿੰਘ, **ਲੇਖਕ ਦਾ ਅਨੁਭਵ ਤੇ ਸਿਰਜਣ ਪਰਕਿਰਿਆ**, ਪੰਨਾ 27
10. ਮਿੱਤਰ ਸੈਨ ਮੀਤ, **ਅੱਗ ਦੇ ਬੀਜ**, ਪੰਨਾ 2
11. ਗੁਰਦਿਆਲ ਸਿੰਘ, **ਲੇਖਕ ਦਾ ਅਨੁਭਵ ਤੇ ਸਿਰਜਣ ਪਰਕਿਰਿਆ**, ਪੰਨਾ 10
12. ਹਰਿਭਜਨ ਸਿੰਘ ਭਾਟੀਆ, **ਕੌਰਵ-ਸਭਾ ਦੀਆਂ ਪਰਤਾਂ**, ਪੰਨਾ 186
13. ਡਾ. ਹਿੰਮਤ ਸਿੰਘ ਸਿਨ੍ਹਾ, **ਸੰਸਕ੍ਰਿਤੀ ਦਰਸ਼ਨ**, ਪੰਨਾ 30
14. ਹਰਿਭਜਨ ਸਿੰਘ ਭਾਟੀਆ, **ਕੌਰਵ-ਸਭਾ ਦੀਆਂ ਪਰਤਾਂ**, ਪੰਨਾ 187
15. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 187
16. ਰੈਲਫ਼ ਫ਼ਾੱਕਸ, **ਨਾਵਲ ਅਤੇ ਲੋਕ ਜੀਵਨ**, ਪੰਨਾ 89
17. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ viii.
18. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 190
19. ਹਰਿਭਜਨ ਸਿੰਘ ਭਾਟੀਆ, **ਕੌਰਵ-ਸਭਾ ਦੀਆਂ ਪਰਤਾਂ**, ਪੰਨਾ 190
20. ਗੁਰਦਿਆਲ ਸਿੰਘ, **ਲੇਖਕ ਦਾ ਅਨੁਭਵ ਤੇ ਸਿਰਜਨ ਪ੍ਰਕਿਰਿਆ**, ਪੰਨਾ 58
21. **ਉਹੀ**, ਪੰਨਾ 26
22. ਹਰਿਭਜਨ ਸਿੰਘ ਭਾਟੀਆ, **ਕੌਰਵ-ਸਭਾ ਦੀਆਂ ਪਰਤਾਂ**, ਪੰਨਾ 190
23. **ਉਹੀ**, ਪੰਨਾ 194
24. **ਉਹੀ**, ਪੰਨਾ 199
25. **ਉਹੀ**, ਪੰਨਾ 192
26. **ਉਹੀ**, ਪੰਨਾ 204

# ਮਿੱਤਰ ਸੈਨ ਮੀਤ ਦੇ ਨਾਵਲ : ਵਿਸ਼ੈਗਤ ਅਧਿਐਨ

## (1) ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਮੂਲ ਵਿਸ਼ੇ

ਪੰਜਾਬੀ ਸਾਹਿਤ ਵਿਚ ਨਾਵਲ ਇਕ ਅਜਿਹਾ ਸਾਹਿਤ ਰੂਪ ਹੈ ਜੋ ਮਨੁੱਖ ਦੀ ਸਮੁੱਚੀ ਜ਼ਿੰਦਗੀ ਨੂੰ ਵਿਸਥਾਰ ਵਿਚ ਚਿਤਰਨ ਦੀ ਅਥਾਹ ਸਮਰੱਥਾ ਰੱਖਦਾ ਹੈ। ਨਾਵਲ ਦੇ ਜ਼ਰੀਏ ਨਾਵਲਕਾਰ ਪਾਠਕ ਦੀ ਸਾਂਝ ਸਮੁੱਚੇ ਸਮਾਜ ਨਾਲ ਇਸ ਤਰ੍ਹਾਂ ਕਰਵਾਉਂਦਾ ਹੈ ਕਿ ਪਾਠਕ ਆਪਣੀਆਂ ਨਿੱਜੀ ਸਮੱਸਿਆਵਾਂ ਤੋਂ ਉੱਪਰ ਉਠਕੇ ਸਮੁੱਚੇ ਸਮਾਜ ਦੀਆਂ ਸਮੱਸਿਆਵਾਂ ਨਾਲ ਜੁੜ ਜਾਂਦਾ ਹੈ।

ਨਾਵਲਕਾਰ ਸਮੁੱਚੇ ਜਗਤ ਨੂੰ ਆਪਣੇ ਨਜ਼ਰੀਏ ਨਾਲ ਦੇਖਦਾ ਪਰਖਦਾ ਹੈ ਪਰੰਤੂ ਸਮੁੱਚੇ ਸਮਾਜ ਨੂੰ ਦ੍ਰਿਸ਼ਟਮਾਨ ਨਹੀਂ ਕਰ ਸਕਦਾ ਕਿਉਂਕਿ ਮਨੁੱਖੀ ਜੀਵਨ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਲਈ ਲੇਖਕ ਆਪਣੇ ਅਨੁਭਵ ਅਨੁਸਾਰ ਜੋ ਵੇਖਦਾ ਹੈ ਉਸਨੂੰ ਗ੍ਰਹਿਣ ਕਰਦਾ ਹੈ ਤੇ ਨਾਵਲ ਰਾਹੀਂ ਆਪਣੇ ਵਿਚਾਰਾਂ ਨੂੰ ਰੂਪਮਾਨ ਕਰਦਾ ਹੈ ਜੋ ਨਾਵਲ ਵਿਚ ਉਸਦੇ ਵਿਸ਼ੇ ਬਣਕੇ ਉਭਰਦੇ ਹਨ। ਨਾਵਲ ਵਿਚ ਵਿਸ਼ਾ ਇੱਕ ਨਹੀਂ ਹੋ ਸਕਦਾ ਕਿਉਂਕਿ ਮਨੁੱਖੀ ਜੀਵਨ ਬਹੁਤੇ ਪੱਖਾਂ ਨਾਲ ਜੁੜਿਆ ਹੋਇਆ ਹੈ। ਜੀਵਨ ਦਾ ਹਰ ਪੱਖ ਆਪਣੇ-ਆਪ ਵਿਚ ਵਿਸ਼ਾ ਹੈ। ਇਸ ਕਰਕੇ ਲੇਖਕ ਵਿਸ਼ਾ ਭਾਵੇਂ ਇਕ ਹੀ ਚੁਣਦਾ ਹੈ, ਪਰੰਤੂ ਵਿਸ਼ੇ ਦੀ ਪੂਰਤੀ ਅਨੇਕਾਂ ਹੋਰ ਉੱਪ-ਵਿਸ਼ਿਆਂ ਦੀ ਸਿਰਜਨਾ ਕਰਨੀ ਪੈਂਦੀ ਹੈ।

ਪ੍ਰਸਿੱਧ ਵਿਦਵਾਨ ਤੇ ਨਾਵਲਕਾਰ ਆਰਨਲਡ ਬੈਨਟ ਅਨੁਸਾਰ, "ਹਰ ਨਾਵਲ ਇਕ ਦਰਜਨ ਸ਼ਬਦਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਹਰ ਨਾਵਲ ਨੂੰ ਜੇ ਇਕ ਦਰਜਨ ਸ਼ਬਦਾਂ ਵਿਚ ਬਿਆਨ ਕੀਤਾ ਜਾਏ ਤਾਂ ਇਹ ਉਸ ਨਾਵਲ ਦਾ ਵਿਸ਼ਾ ਹੋਵੇਗਾ। ਵਿਸ਼ਾ ਨਾਵਲਕਾਰ ਦਾ ਆਪਣੇ ਪਾਠਕਾਂ ਪ੍ਰਤੀ ਸੰਦੇਸ਼ ਹੈ ਜਾਂ ਉਹ ਉਦੇਸ਼ ਹੈ ਜਿਸਨੂੰ ਮੁੱਖ ਰੱਖਕੇ ਨਾਵਲਕਾਰ ਰਚਨਾ ਕਰਦਾ ਹੈ। ਵਿਸ਼ਾ ਭਾਵ ਹੈ, ਕੇਂਦਰੀ ਮੁੱਖ ਭਾਵ ਜਿਸ ਉਤੇ ਨਾਵਲ ਦਾ ਢਾਂਚਾ ਉਸਾਰਿਆ ਗਿਆ ਹੈ। ਵਿਸ਼ੇ ਨੂੰ ਜੇ ਨਾਵਲ ਦੀ ਰੂਹ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਇਹ ਨਾਵਲਿਸਟ ਦਾ ਤਸੱਵਰ ਹੈ ਜਿਸਦੇ ਦੁਆਲੇ ਸਾਰੇ ਨਾਵਲ ਨੇ ਘੁੰਮਣਾ ਹੈ।"[1]

ਸੋ ਵਿਸ਼ਾ ਭਾਵੇਂ ਵੱਡਾ ਹੋਵੇ ਜਾਂ ਛੋਟਾ ਉਸਦਾ ਮਨੋਰਥ ਜ਼ਰੂਰ ਕੋਈ ਨਾ ਕੋਈ ਹੁੰਦਾ ਹੈ। ਵਿਸ਼ੇ ਤੋਂ ਭਾਵ ਨਾਵਲ ਦੀ ਅਜਿਹੀ ਕੇਂਦਰੀ ਸਮੱਸਿਆ ਤੋਂ ਹੈ ਜਿਸ ਦੇ ਦੁਆਲੇ ਪੂਰਾ ਨਾਵਲ ਘੁੰਮਦਾ ਹੈ। ਸਾਹਿਤ ਦਾ ਰੂਪ ਭਾਵੇਂ ਕੋਈ ਵੀ ਹੋਵੇ ਉਹ ਕੇਵਲ ਮਨੁੱਖੀ ਭਾਵਾਂ ਦੀ ਤਰਜ਼ਮਾਨੀ ਜਾਂ ਮਨੁੱਖ ਦੇ ਜਜ਼ਬਿਆਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਹਰੇਕ

ਸਾਹਿਤਕ ਰਚਨਾ ਦਾ ਕੋਈ ਖ਼ਾਸ ਉਦੇਸ਼ ਜ਼ਰੂਰ ਹੁੰਦਾ ਹੈ। ਸਾਹਿਤਕਾਰ ਆਪਣੇ ਨਿੱਜੀ ਅਨੁਭਵ ਅਨੁਸਾਰ ਵਿਸ਼ਾ ਚੁਣਦਾ ਹੈ ਤੇ ਉਸਨੂੰ ਆਪਣੀ ਵਿਚਾਰਧਾਰਾ ਤੇ ਕਲਪਨਾ ਦੇ ਸਹਾਰੇ ਨਿਭਾਉਂਦਾ ਹੈ। ਜੇਕਰ ਉਸਦੀ ਸੋਚ ਆਪਣੇ ਤੱਕ ਸੀਮਤ ਹੋਵੇਗੀ ਤਾਂ ਸ਼ਾਇਦ ਉਸਦਾ ਵਿਸ਼ਾ ਵੀ ਆਪਣੇ ਤੱਕ ਹੀ ਸੀਮਤ ਹੋਵੇਗਾ। ਪਰੰਤੂ ਜੇਕਰ ਉਸਦੀ ਵਿਚਾਰਧਾਰਾ, ਸੋਚ ਪੂਰਨ ਤੌਰ ਤੇ ਮਨੁੱਖੀ ਜ਼ਿੰਦਗੀ ਦੇ ਸਮੁੱਚੇ ਵਿਕਾਸ ਦੀ ਪ੍ਰਕਿਰਿਆ ਨਾਲ ਸੰਬੰਧਿਤ ਹੋਵੇਗੀ ਤਾਂ ਉਸਦੀ ਰਚਨਾ ਨੂੰ ਸਮੁੱਚਾ ਪਾਠਕ ਵਰਗ ਸਵੀਕਾਰ ਕਰੇਗਾ।

ਵਿਸ਼ੇ ਦੀ ਚੋਣ ਕਰਨ ਲਈ ਲੇਖਕ ਨੂੰ ਕਈ ਤਰ੍ਹਾਂ ਦੀ ਘਾਲਣਾ ਘਾਲਣੀ ਪੈਂਦੀ ਹੈ। ਆਪਣੀ ਜ਼ਿੰਦਗੀ ਦੇ ਅਨੁਭਵ ਅਨੁਸਾਰ ਚੰਗਾ ਸਾਹਿਤਕਾਰ ਹਮੇਸ਼ਾ ਆਪਣੇ ਸਮਕਾਲੀ ਸਮਾਜ ਵਿਚੋਂ ਵਿਸ਼ਾ ਚੁਣਦਾ ਹੈ। "ਸਿਆਣਾ ਨਾਵਲਕਾਰ ਉਹ ਹੈ ਜੋ ਵਿਸ਼ੇ ਨੂੰ ਆਪਣੇ ਸਮਕਾਲੀ ਜੀਵਨ ਵਿਚੋਂ ਚੁਣੇ। ਸਮਾਜਿਕ ਸਮੱਸਿਆਵਾਂ, ਮਨੁੱਖੀ ਜੀਵਨ ਦੀਆਂ ਘਾਟਾਂ ਊਣਤਾਈਆਂ ਅਤੇ ਹੋਰ ਕਿਤਨਾ ਕੁਝ ਹੈ ਜਿਸਨੂੰ ਨਾਵਲ ਦੇ ਵਿਸ਼ੇ ਦੇ ਤੌਰ ਤੇ ਚੁਣਿਆ ਜਾ ਸਕਦਾ ਹੈ। ਇਸ ਵਿਸ਼ੇ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਉਹ ਪਾਠਕਾਂ ਨੂੰ ਪੁਰਾਣੀਆਂ, ਗਲ-ਸੜ ਚੁੱਕੀਆਂ, ਬੋਸੀਦਾ ਹੋ ਚੁੱਕੀਆਂ ਰਵਾਇਤਾਂ ਨੂੰ ਨਫ਼ਰਤ ਕਰਨਾ ਸਿਖਾਏ ਤੇ ਉਹਨਾਂ ਨੂੰ ਅੱਗੇ ਵਧਣ ਤੇ ਜੀਵਨ ਨੂੰ ਉਸਾਰੂ ਬਣਾਉਣ ਲਈ ਪਰੇਰੇ।"[2]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਜਿਸ ਨਾਵਲਕਾਰ ਨੂੰ ਸਮੁੱਚੀ ਜ਼ਿੰਦਗੀ ਦਾ ਅਨੁਭਵ ਹੁੰਦਾ ਹੈ ਜਾਂ ਜੋ ਆਪਣੇ ਤੋਂ ਪਹਿਲਾਂ ਰਚੇ ਸਾਹਿਤ ਤੋਂ ਪ੍ਰਾਪਤ ਕਰਦਾ ਹੈ ਫਿਰ ਉਸਨੂੰ ਆਪਣੀ ਕਲਪਨਾ ਸ਼ਕਤੀ ਅਨੁਸਾਰ ਆਪਣੇ ਸਮੁੱਚੇ ਅਨੁਭਵ ਨੂੰ ਆਪਣੀ ਸਾਹਿਤਕ ਕਿਰਤ ਵਿਚ ਰੂਪਮਾਨ ਕਰਦਾ ਹੈ। ਉਹੀ ਨਾਵਲ ਜਾਂ ਸਾਹਿਤਕ ਰਚਨਾ ਪਾਠਕ ਵਰਗ ਵਿਚ ਪ੍ਰਵਾਨ ਮੰਨੀ ਜਾਂਦੀ ਹੈ। ਸੋ ਲੇਖਕ ਨੂੰ ਹਮੇਸ਼ਾ ਵਿਸ਼ਾ ਆਪਣੇ ਅਨੁਭਵ, ਵਿਚਾਰਧਾਰਾ ਅਨੁਸਾਰ ਚੁਣਨਾ ਚਾਹੀਦਾ ਹੈ।

ਨਾਵਲ ਦਾ ਮਹੱਤਵਪੂਰਨ ਤੱਤ ਵਿਸ਼ਾ ਤੇ ਲੇਖਕ ਦਾ ਦ੍ਰਿਸ਼ਟੀਕੋਣ ਹੁੰਦਾ ਹੈ, ਜਿਸ ਰਾਹੀਂ ਨਾਵਲਕਾਰ ਸਮੇਂ ਦੇ ਸੱਚ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਦੇ ਵਿਸ਼ੇ ਵਿਲੱਖਣ ਤੇ ਨਿਵੇਕਲੇ ਚੁਣੇ ਹਨ ਜਿਸ ਨਾਲ ਪ੍ਰਚੱਲਿਤ ਨਾਨਕ ਸਿੰਘ, ਜਸਵੰਤ ਸਿੰਘ ਅਤੇ ਗੁਰਦਿਆਲ ਸਿੰਘ ਵਜੋਂ ਸਿਰਜੇ ਗਲਪੀ ਇਤਿਹਾਸ ਵਿਚ ਇਕ ਨਵਾਂ ਮੋੜ ਲਿਆਂਦਾ ਹੈ ਕਿਉਂਕਿ ਉਸਨੇ ਆਪਣੇ ਨਾਵਲਾਂ ਵਿਚ ਆਂਚਲਿਕਤਾ ਨੂੰ ਗਲਪ ਸਿਰਜਨ ਦਾ ਮਾਡਲ ਨਹੀਂ ਬਣਾਇਆ ਤੇ ਨਾ ਹੀ ਇਸਤਰੀ ਪੁਰਸ਼ ਦੇ ਕਾਮ ਸੰਬੰਧਾਂ ਨੂੰ ਚਿਤਰਨ ਵਿਚ ਕੋਈ ਦਿਲਚਸਪੀ ਦਿਖਾਈ ਹੈ। ਉਸਦੀ ਵਿਸ਼ੇਸ਼ ਖ਼ੂਬੀ ਇਹ ਹੈ ਕਿ ਉਸਨੇ ਮੌਲਿਕਤਾ ਅਨੁਸਾਰ ਚੇਤੰਨ ਬੁੱਧੀ ਦੁਆਰਾ ਆਪਣੇ ਸਮੇਂ ਦੇ ਸੰਕਟ ਨੂੰ ਵਧੇਰੇ ਤਿੱਖੀ ਨੀਝ ਨਾਲ ਵੇਖਿਆ ਤੇ ਅਨੁਭਵਿਆ ਹੈ ਜੋ ਉਸਦੀ ਸਮੁੱਚੀ ਨਾਵਲੀ ਦ੍ਰਿਸ਼ਟੀ ਦਾ ਧੁਰਾ ਬਣਦੀ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਸਾਹਿਤਕਾਰ ਦੀ ਰਚਨਾ ਜਿਹੜੀ ਜੀਵਨ ਪਰਸਥਿਤੀਆਂ ਨੂੰ ਮੂਰਤੀਮਾਨ ਕਰਦੀ ਹੈ, ਉਹ ਜੀਵਨ ਦਾ ਨਿਰੋਲ ਵਸਤੂਗਤ ਤੱਥ ਨਹੀਂ

ਹੁੰਦਾ ਸਗੋਂ ਸਾਹਿਤਕਾਰ ਦੁਆਰਾ ਦੇਖੀ ਸਮਝੀ ਅਤੇ ਵਿਉਂਤੀ ਜੀਵਨ ਪਰਸਥਿਤੀ ਹੁੰਦੀ ਹੈ। ਸਾਹਿਤਕਾਰ ਨੇ ਇਕ ਖ਼ਾਸ ਦ੍ਰਿਸ਼ਟੀਕੋਣ ਤੋਂ ਉਸਨੂੰ ਪੇਸ਼ ਕਰਨਾ ਹੁੰਦਾ ਹੈ।"[3]

ਮਿੱਤਰ ਸੈਨ ਮੀਤ ਨੇ ਆਪਣੇ ਵਿਸ਼ਾਲ ਅਨੁਭਵ ਨੂੰ ਇਕ ਖ਼ਾਸ ਦ੍ਰਿਸ਼ਟੀਕੋਣ ਤੇ ਖ਼ਾਸ ਵਸਤੂ ਸਮੱਗਰੀ ਰਾਹੀਂ ਪੇਸ਼ ਕੀਤਾ ਹੈ, ਜਿਸਦਾ ਅਨੁਭਵ ਉਸ ਕੋਲ ਵਿਸ਼ਾਲ ਰੂਪ ਵਿਚ ਉਪਲੱਬਧ ਹੈ। ਮਿੱਤਰ ਸੈਨ ਮੀਤ ਗਲਪ ਦੇ ਖੇਤਰ ਵਿਚ ਨਿਵੇਕਲੇ ਵਿਸ਼ਿਆਂ ਨੂੰ ਲੈ ਕੇ ਤੁਰਨ ਵਾਲਾ ਨਾਵਲਕਾਰ ਹੈ, ਜਿਸਨੇ ਆਪਣੇ ਕਿੱਤੇ ਵਿਸ਼ੇਸ਼ ਦੇ ਪ੍ਰਮਾਣਿਕ ਅਨੁਭਵਾਂ ਨੂੰ ਆਪਣੇ ਨਾਵਲਾਂ ਦੇ ਵਿਸ਼ਿਆਂ ਰਾਹੀਂ ਆਪਣੇ ਪਾਠਕਾਂ ਦੇ ਸਨਮੁਖ ਕੀਤਾ ਹੈ ਜੋ ਉਸਦਾ ਨਿਵੇਕਲਾ ਤੇ ਮੌਲਿਕ ਹੁਨਰ ਹੈ। ਉਸਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਪਰੰਪਰਾ ਵਿਚ ਵੱਡਾ ਪਰਿਵਰਤਨ ਦਿਖਾਈ ਦਿੰਦਾ ਹੈ। ਮੀਤ ਦੇ ਮੁੱਢਲੇ ਨਾਵਲ ਭਾਵੇਂ ਆਦਰਸ਼ਵਾਦੀ ਯਥਾਰਥ ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਰਚੇ ਗਏ ਹਨ ਪਰੰਤੂ ਉਸਦੇ ਬਾਅਦ ਵਾਲੇ ਨਾਵਲਾਂ ਵਿਚ ਜੋ ਪਰਿਵਰਤਨ ਦਿਖਾਈ ਦਿੰਦਾ ਹੈ, ਉਸ ਨਾਲ ਮਿੱਤਰ ਸੈਨ ਮੀਤ ਨੂੰ ਪੰਜਾਬੀ ਨਾਵਲ ਦੇ ਖੇਤਰ ਵਿਚ ਵਿਸ਼ੇ ਅਤੇ ਬਣਤਰ ਪੱਖੋਂ ਮੌਲਿਕਤਾ ਪ੍ਰਾਪਤ ਕਰਨ ਵਾਲਿਆਂ ਵਿਚ ਮਹੱਤਵਪੂਰਨ ਸਥਾਨ ਦਿੱਤਾ ਜਾ ਸਕਦਾ ਹੈ ਕਿਉਂਕਿ ਕਾਨੂੰਨ ਵਰਗੇ ਵਿਸ਼ੇ ਬਾਰੇ ਉਸਦਾ ਅਧਿਐਨ ਇਕ ਲੰਮੇ ਅਰਸੇ ਉਤੇ ਆਧਾਰਿਤ ਹੈ।

ਹਰੇਕ ਯੁੱਗ ਦਾ ਸਾਹਿਤ ਆਪਣੇ ਸਮੇਂ ਦੀ ਸੰਸਕ੍ਰਿਤੀ, ਰਾਜਨੀਤੀ, ਧਰਮ, ਅਰਥ ਅਤੇ ਹਰੇਕ ਸਮਾਜਿਕ ਦਸ਼ਾ ਆਦਿ ਦਾ ਡੂੰਘਾ ਅਸਰ ਕਬੂਲਦਾ ਹੈ। ਜਿਸ ਕਰਕੇ ਹਰੇਕ ਸਮੇਂ ਦੇ ਸੱਚ ਦੀ ਸਾਹਿਤ ਵਿਚ ਬੜੀ ਅਹਿਮੀਅਤ ਹੈ। ਸੂਝ ਤੇ ਬਾਰੀਕਬੀਨੀ ਨਾਲ ਰਚਿਆ ਗਿਆ ਸਾਹਿਤ ਸਾਹਿਤਕਾਰ ਦੀ ਅਹਿਮੀਅਤ ਨੂੰ ਘਟਣ ਨਹੀਂ ਦਿੰਦਾ। ਨਾਵਲ ਦੇ ਖੇਤਰ ਵਿਚ ਮਿੱਤਰ ਸੈਨ ਮੀਤ ਵੀ ਅਜਿਹਾ ਨਾਵਲਕਾਰ ਹੈ ਜਿਸਨੇ ਸਮੇਂ ਦੇ ਸੱਚ ਨੂੰ ਆਪਣੀਆਂ ਲਿਖਤਾਂ ਵਿਚ ਰੂਪਮਾਨ ਕੀਤਾ ਹੈ।

ਮਿੱਤਰ ਸੈਨ ਮੀਤ ਨੇ ਲਿਖਣ ਦੀ ਸ਼ੁਰੂਆਤ ਬਿਰਤਾਂਤ ਦੇ ਲਘੂ ਰੂਪ ਕਹਾਣੀ ਤੋਂ ਕੀਤੀ ਤੇ ਤਿੰਨ ਕਹਾਣੀ-ਸੰਗ੍ਰਹਿ ਪੁਨਰਵਾਸ, ਲਾਮ, ਠੋਸ ਸਬੂਤ ਅਤੇ ਮਿਸਾਲ ਵਜੋਂ ਛੇ ਨਾਵਲ ਅੱਗ ਦੇ ਬੀਜ, ਕਾਫ਼ਲਾ, ਤਫ਼ਤੀਸ਼, ਕਟਹਿਰਾ, ਕੌਰਵ-ਸਭਾ ਅਤੇ ਸੁਧਾਰ-ਘਰ ਆਪਣੇ ਵੱਖਰੇ ਅੰਦਾਜ ਵਿਚ ਪੰਜਾਬੀ ਸਾਹਿਤ ਨੂੰ ਦਿੱਤੇ।

### (ੳ) ਅੱਗ ਦੇ ਬੀਜ - ਸਮਾਜਿਕ, ਆਰਥਿਕ, ਰਾਜਨੀਤਿਕ ਤੇ ਵਿਦਿਅਕ ਪ੍ਰਣਾਲੀ ਦੇ ਨਿਘਾਰ ਖਿਲਾਫ਼ ਆਵਾਜ਼

ਮਿੱਤਰ ਸੈਨ ਮੀਤ ਦਾ ਪਲੇਠਾ ਨਾਵਲ 'ਅੱਗ ਦੇ ਬੀਜ' ਵਿਆਪਕ ਪੱਧਰ ਉਪਰ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਰੁਜ਼ਗਾਰੀ, ਮਿਹਨਤ, ਲਿਆਕਤ ਅਤੇ ਯੋਗਤਾ ਦੀ ਹੋ ਰਹੀ ਬੇਕਦਰੀ ਤੇ ਖੱਜਲ-ਖੁਆਰੀ ਅਤੇ ਆਰਥਿਕ ਪੱਖ ਤੋਂ ਸੁਧਰਨ ਦੇ ਸੁਪਨਿਆਂ ਦਾ ਟੁੱਟਣਾ ਆਦਿ ਵਿਸ਼ਿਆਂ ਨੂੰ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਦਰਸਾਉਣ ਵਾਲਾ ਨਾਵਲ ਹੈ। ਇਹ ਉਸ ਸਮੇਂ ਰਚਿਆ ਗਿਆ ਨਾਵਲ ਹੈ ਜਦੋਂ ਭਾਰਤ ਅਤੇ ਪੰਜਾਬ ਵਿਚ ਜੁਝਾਰੂ

ਚਰਿੱਤਰ ਦੀ ਨਕਸਲਵਾਦੀ ਰਾਜਨੀਤਿਕ ਲਹਿਰ ਦਾ ਪ੍ਰਭਾਵ ਪੂਰੇ ਜੋਬਨ ਤੇ ਸੀ। ਇਸ ਲਹਿਰ ਨੇ ਆਪਣੇ ਸਮਕਾਲੀ ਸਾਹਿਤ ਤੇ ਵੀ ਪੂਰਾ ਪ੍ਰਭਾਵ ਪਾਇਆ। ਜਿਸ ਬਾਰੇ ਡਾ. ਰਾਹੀ ਦੇ ਵਿਚਾਰਾਂ ਨੂੰ ਵਿਚਾਰਿਆ ਜਾ ਸਕਦਾ ਹੈ ਕਿ :

"ਲਹਿਰਾਂ ਨਾਲ ਸੰਬੰਧਿਤ ਨਾਵਲਕਾਰਾਂ ਵਿਚ ਭਾਈ ਵੀਰ ਸਿੰਘ ਵਾਲੀ ਸੰਪਰਦਾਇਕਤਾ ਤੋਂ ਚਲ ਕੇ ਨਾਨਕ ਸਿੰਘ ਵਾਲੀ ਅਸੰਪਰਦਾਇਕਤਾ ਰਾਹੀਂ ਹੁੰਦੇ ਹੋਏ ਜਸਵੰਤ ਸਿੰਘ ਕੰਵਲ ਵਾਲੀ ਸ਼੍ਰੈਣਿਕ ਦ੍ਰਿਸ਼ਟੀ ਤੱਕ ਪੁੱਜੇ ਜਾਣਾ ਮਨੁੱਖੀ ਰਿਸ਼ਤਿਆਂ ਤੇ ਸਮੱਸਿਆਵਾਂ ਦੇ ਇਲੌਕਿਕ ਸਰੂਪ ਦੀ ਫੈਲਦੀ ਹੋਈ ਸੋਝੀ ਦਾ ਪ੍ਰਮਾਣ ਹੈ।... ਨਰੂਲਾ, ਸੇਖੋਂ, ਗੁਰਚਰਨ ਸਿੰਘ, ਸੀਤਲ, ਤਸਨੀਮ, ਸੇਠੀ, ਸੁਖਬੀਰ, ਕਰਮਜੀਤ ਕੁੱਸਾ, ਜਸਬੀਰ ਮੰਡ, ਮਿੱਤਰ ਸੈਨ ਮੀਤ, ਦਲੀਪ ਕੌਰ ਟਿਵਾਣਾ ਤੇ ਸ.ਸੋਜ਼ ਆਦਿ ਦੀਆਂ ਰਚਨਾਵਾਂ ਵਿਚ ਇਹ ਹਿਤ ਚੇਤਨਾ ਮਨੁੱਖ ਦੀਆਂ ਕਮਜ਼ੋਰੀਆਂ ਨੂੰ ਵੀ ਹਮਦਰਦੀ ਨਾਲ ਸਮਝਣ ਤੇ ਸਿਰਜਣ ਦੀ ਦ੍ਰਿਸ਼ਟੀ ਵਿਚ ਵਿਸਤਾਰ ਲੈਂਦੀ ਹੈ। ਇਸ ਵਿਸਤਾਰ ਨਾਲ ਸਾਡੇ ਨਾਵਲ ਵਿਚ ਸਾਧਾਰਨ ਮਨੁੱਖ ਦੇ ਮਾਨਸਿਕ ਤੇ ਸਾਂਸਕ੍ਰਿਤਕ ਵਿਚਾਰ ਦੀ ਵਾਸਤਵਿਕਤਾ ਨੂੰ ਪ੍ਰਾਕ੍ਰਿਤਿਕਵਾਦ ਤੋਂ ਲੈ ਕੇ ਸੁਪਨ ਕਥਾ ਤੱਕ ਫੈਲੀਆਂ ਵਿਭਿੰਨ ਵੰਨਗੀਆਂ ਵਿਚ ਸਿਰਜਣ ਦੀ ਆਲੋਚਨਾਤਮਕ ਦ੍ਰਿਸ਼ਟੀ ਦਾ ਉਦੈ ਹੁੰਦਾ ਹੈ। ... ਇਸ ਨਾਲ ਪੰਜਾਬੀ ਨਾਵਲ ਵਿਚ ਮਨੁੱਖ ਦੀਆਂ ਛੋਟੀਆਂ ਵੱਡੀਆਂ ਭ੍ਰਾਂਤੀਆਂ ਸੰਦੇਹ-ਦ੍ਰਿਸ਼ਟੀ ਨਾਲ ਸਿਰਜ ਕੇ ਯਥਾਰਥ ਤੱਕ ਪੁੱਜਣ ਦੀ ਨਾਵਲੀ ਪ੍ਰਵਿਰਤੀ ਵਿਕਸਤ ਹੋਈ ਹੈ।"[4]

ਸੋ ਮਿੱਤਰ ਸੈਨ ਮੀਤ ਨੇ ਵੀ ਆਪਣਾ ਪਹਿਲਾ ਨਾਵਲ ਭਾਵੇਂ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਸਿਰਜਿਆ ਪਰੰਤੂ ਫਿਰ ਵੀ ਇਹ ਉਸ ਸਮੇਂ ਦੇ ਵਿਸ਼ੇਸ਼ ਹਾਲਾਤਾਂ ਦੀ ਗੱਲ ਕਰਨ ਕਰਕੇ ਵਿਸ਼ੇਸ਼ ਮਹੱਤਵ ਰੱਖਦਾ ਹੋਇਆ ਉਸ ਸਮੇਂ ਦੇ ਸਰਦਾਰਾਂ ਵਿਰੁੱਧ ਬਗਾਵਤ ਛੇੜਨੀ ਚਾਹੁੰਦਾ ਹੈ ਜਿਸ ਬਾਰੇ ਨਾਟਕਕਾਰ ਗੁਰਸ਼ਰਨ ਸਿੰਘ ਨੇ ਲਿਖਿਆ ਹੈ :

"ਪੰਜਾਬੀ ਸਾਹਿਤ ਦੀਆਂ ਬਦਲਦੀਆਂ ਪਰਿਸਥਿਤੀਆਂ ਵਿਚ ਨੌਜਵਾਨ ਲੇਖਕ ਮਿੱਤਰ ਸੈਨ ਮੀਤ ਦਾ ਨਾਵਲ 'ਅੱਗ ਦੇ ਬੀਜ' ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਵਾਧਾ ਹੈ ...ਇਸ ਨਾਵਲ ਦੇ ਬੀਜ ਬਗਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ ਜਿਸਨੇ ਇਸ ਨਕਾਰਾ ਸਮਾਜਿਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ।"[5]

ਸੋ ਮੀਤ ਦਾ ਇਹ ਨਾਵਲ ਸਮਾਜਿਕ ਬੁਰਾਈਆਂ ਦੇ ਖਿਲਾਫ਼ ਲੜਨ ਵਾਲੇ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦਾ ਹੋਇਆ ਸਮਾਜਿਕ ਤਬਦੀਲੀ ਲਿਆਉਣਾ ਚਾਹੁੰਦਾ ਹੈ, ਜਿਸ ਬਾਰੇ ਇੰਦਰ ਸਿੰਘ ਖਾਮੋਸ਼ ਲਿਖਦੇ ਹਨ :

"ਸਮਾਜਿਕ ਵਰਗ ਵੰਡ ਪ੍ਰਤੀ ਚੇਤਨ, ਸੰਵੇਦਨਾਸ਼ੀਲ, ਪ੍ਰਤਿਭਾਵਾਨ ਲੇਖਕ ਮਿੱਤਰ ਸੈਨ ਮੀਤ ਕਲਾ ਨੂੰ ਕ੍ਰਾਂਤੀਆਂ ਜਗਾਉਣ ਦੇ ਸਾਧਨ ਵਜੋਂ ਵਰਤਣ ਦਾ ਹਾਮੀ ਹੈ। ਉਸਦੇ ਪਲੇਠੇ ਨਾਵਲ 'ਅੱਗ ਦੇ ਬੀਜ' ਵਿਚੋਂ ਅਸੀਂ ਉਸ ਅੰਦਰ ਬੈਠੇ ਸੰਭਾਵਨਾਵਾਂ ਭਰਪੂਰ ਨਵੇਂ ਯੁੱਗ ਦੇ ਨਾਵਲਕਾਰ ਦੇ ਦਰਸ਼ਨ ਕਰ ਸਕਦੇ ਹਾਂ।"[6]

ਮਿੱਤਰ ਸੈਨ ਮੀਤ ਨੇ ਸਿਰਫ ਉਸ ਸਮੇਂ ਦੇ ਕਰੂਰ ਯਥਾਰਥ ਨੂੰ ਹੀ ਨਹੀਂ ਚਿਤਰਿਆ ਬਲਕਿ ਇਸ ਨਾਵਲ ਰਾਹੀਂ ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਹਾਲਾਤਾਂ ਨੂੰ ਵੀ ਇਸ ਦੇ ਕੇਂਦਰੀ ਵਸਤੂ ਵਜੋਂ ਰੂਪਮਾਨ ਕੀਤਾ ਹੈ। ਨਾਵਲ ਦੇ ਸ਼ੁਰੂ ਵਿਚ ਪੜ੍ਹਿਆ ਲਿਖਿਆ ਕਰਤਾਰ ਆਪਣੀ ਮੰਦੀ ਆਰਥਿਕ ਹਾਲਤ ਦੇ ਕਾਰਨ ਵੀ ਐਮ.ਏ. ਪਾਸ ਕਰਨ ਦੇ ਅਤੇ ਰਿਸ਼ਵਤ ਦੇਣ ਦੇ ਬਾਵਜੂਦ ਵੀ ਨੌਕਰੀ ਤੋਂ ਵਾਂਝਾ ਰਹਿ ਜਾਂਦਾ, ਇਸੇ ਤਰ੍ਹਾਂ ਇਸ ਨਾਵਲ ਦੀ ਕੇਂਦਰੀ ਪਾਤਰ ਪਰਮਜੀਤ ਵੀ ਐਮ.ਏ. ਕਰਨ ਤੋਂ ਬਾਅਦ ਆਪਣੇ ਘਰ ਦੀ ਆਰਥਿਕ ਤੰਗੀ ਤੋਂ ਅੱਕ ਕੇ ਹੋਟਲ ਵਿਚ ਕਾਲ ਗਰਲ ਬਣਨ ਲਈ ਮਜ਼ਬੂਰ ਹੋ ਜਾਂਦੀ ਹੈ। ਲਿਆਕਤ ਅਤੇ ਹੁਨਰ ਦੇ ਨਾਲ ਪੜ੍ਹਾਈ ਹੋਣ ਦੇ ਬਾਵਜੂਦ ਵੀ ਨੌਕਰੀ ਨਾ ਮਿਲਣਾ, ਭ੍ਰਿਸ਼ਟਾਚਾਰੀ ਦਾ ਬੋਲਬਾਲਾ ਸਾਹਮਣੇ ਆਉਂਦਾ ਹੈ। ਅਮੀਰ ਸਰਦਾਰ ਜਿਥੇ ਜ਼ਿਆਦਾ ਪੈਸੇ ਮਿਲਦੇ ਹਨ ਉਹਨਾਂ ਦੀ ਸਿਫਾਰਸ਼ ਕਰਦਾ ਹੈ, ਉਹ ਰਾਜਨੀਤਿਕ ਲੋਕਾਂ ਅਤੇ ਪੇਂਡੂ ਲੋਕਾਂ ਵਿਚਾਲੇ ਵਿਚੋਲਗਿਰੀ ਦਾ ਕੰਮ ਕਰਦਾ ਹੈ ਜਿਸ ਨਾਲ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦੇ ਹਨ।

ਸੋ 'ਅੱਗ ਦੇ ਬੀਜ' ਨਾਵਲ ਜਿਥੇ ਰਾਜਨੀਤਿਕ ਅਤੇ ਅਮੀਰ ਸਰਦਾਰ ਵਿਚ ਫੈਲ ਚੁੱਕੀ ਭ੍ਰਿਸ਼ਟਾਚਾਰੀ ਨੂੰ ਰੂਪਮਾਨ ਕਰਦਾ ਹੈ, ਉਥੇ ਸਰਦਾਰ ਦੁਆਰਾ ਤਿੰਨ-ਤਿੰਨ ਵਿਆਹ ਕਰਵਾਉਣ ਕਾਰਨ ਔਰਤ ਨੂੰ ਭੋਗ-ਵਿਲਾਸ ਦੀ ਵਸਤੂ ਸਮਝਣ, ਔਰਤ ਦੁਆਰਾ ਪਤੀ ਨੂੰ ਪਰਮੇਸ਼ਰ ਸਮਝਣ ਵਰਗੇ ਵਿਸ਼ੇ ਵੀ ਰੂਪਮਾਨ ਕੀਤੇ ਹਨ। ਪੈਸੇ ਕਾਰਨ ਟੁੱਟ ਰਹੇ ਰਿਸ਼ਤਿਆਂ ਦੀ ਦਾਸਤਾਨ ਵੀ ਹੈ। ਇਸ ਨਾਵਲ ਦਾ ਇਕ ਪਾਸਾਰ ਸਾਡੀ ਸਿੱਖਿਆ ਪ੍ਰਣਾਲੀ ਵਿਚ ਆਏ ਨਿਘਾਰ ਨੂੰ ਵੀ ਰੂਪਮਾਨ ਕਰਦਾ ਹੈ ਜੋ ਬਿਨਾਂ ਲਿਆਕਤ ਤੇ ਹੁਨਰ ਵਾਲੇ ਪੈਸੇ ਵਾਲੇ ਵਿਦਿਆਰਥੀਆਂ ਨੂੰ ਅਹਿਮੀਅਤ ਦਿੰਦੀ ਹੈ, ਜੋ ਕਰਤਾਰ ਅਤੇ ਪਰਮਜੀਤ ਵਰਗੇ ਗਰੀਬ ਵਿਦਿਆਰਥੀਆਂ ਨੂੰ ਆਪਣੇ ਮਾਂ ਪਿਉ ਦੀ ਜਾਇਦਾਦ ਵੇਚਣ ਤੱਕ ਮਜ਼ਬੂਰ ਕਰਦੀ ਹੈ। ਜਦ ਕਿ ਉਹਨਾਂ ਨੂੰ ਪੜ੍ਹ-ਲਿਖਕੇ ਫਿਰ ਵੀ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ।

'ਅੱਗ ਦੇ ਬੀਜ' ਵਿਚ ਇਕ ਹੋਰ ਪਾਸਾਰ ਜੋ ਉਭਰਦਾ ਹੈ ਉਹ ਹੈ ਹੋਟਲ ਸਨਅਤ ਦੇ ਸਭਿਆਚਾਰ ਦਾ ਜੋ ਸਰਮਾਏਦਾਰੀ ਦੇ ਲਖਾਇਕ ਹਨ। ਜਿਥੇ ਅਮੀਰ, ਅਫ਼ਸਰ, ਰਾਜਨੀਤਿਕ ਲੋਕ ਆਪਣੇ ਪੈਸੇ ਦੇ ਜ਼ੋਰ ਤੇ ਹੋਟਲ ਵਿਚ ਐਸ਼ੋ-ਇਸ਼ਰਤ ਕਰਦੇ ਹਨ। ਨਾਵਲ ਦਾ ਦੂਜਾ ਪੱਖ ਇਹ ਉਭਰਦਾ ਹੈ ਕਿ ਗਰੀਬ ਘਰਾਂ ਦੀਆਂ ਲੜਕੀਆਂ ਨੂੰ ਬਹੁਤ ਥੋੜੇ ਪੈਸਿਆਂ ਵਿਚ ਆਪਣੀ ਦੇਹ ਦਾ ਵਪਾਰ ਕਰਨਾ ਪੈਂਦਾ ਹੈ ਜਿਸਦਾ ਫਾਇਦਾ ਹੋਟਲ ਦੇ ਮਾਲਕਾਂ ਨੂੰ ਜਾਂਦਾ ਹੈ। ਇਥੇ ਨਾਵਲਕਾਰ ਇਕੋ ਸਮੇਂ ਅਨੇਕਾਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ, ਜਿਸ ਤਰ੍ਹਾਂ ਇਕ ਪਾਸੇ ਆਯਾਸ਼ੀ ਕਰਨ ਵਾਲੇ ਅਮੀਰਾਂ ਦਾ ਜੀਵਨ ਪ੍ਰਵਾਹ ਅਤੇ ਦੂਜੇ ਪਾਸੇ ਗਰੀਬ ਪੜ੍ਹਾਈ ਕਰਨ ਵਾਲੇ ਬੇਰੁਜ਼ਗਾਰ ਕਰਤਾਰ ਤੇ ਪਰਮਜੀਤ ਵਰਗੇ ਲੋਕ ਜੋ ਆਪਣੀ ਜਾਇਦਾਦ ਵੇਚਣ ਤੋਂ ਬਾਅਦ ਨੌਕਰੀ ਪ੍ਰਾਪਤ ਕਰਨ ਦੀ ਉਮੀਦ ਵਿਚ ਆਪਣੇ ਜਿਸਮ ਵੇਚਣ ਲਈ ਮਜ਼ਬੂਰ ਹਨ। ਇਹ ਚਾਹੇ ਅੱਜ ਤੋਂ ਕਈ ਦਹਾਕੇ ਪਹਿਲਾਂ

ਲਿਖਿਆ ਗਿਆ ਪਰੰਤੂ ਅੱਜ ਵੀ ਇਸਦੀ ਸਾਰਥਿਕਤਾ ਉਸੇ ਤਰ੍ਹਾਂ ਕਾਇਮ ਹੈ ਕਿਉਂਕਿ ਗਰੀਬ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਬਦਲਾਅ ਨਹੀਂ ਆਇਆ, ਮਜ਼ਬੂਰੀ ਵੱਸ ਪੜ੍ਹੇ-ਲਿਖੇ ਨੌਜਵਾਨ ਨੌਕਰੀ ਨਾ ਮਿਲਣ ਕਰਕੇ ਆਪਣੇ ਪਿਉ ਦਾਦੇ ਦੀ ਜਾਇਦਾਦ ਵੇਚ ਕੇ ਜਾਂ ਤਾਂ ਬਾਹਰਲੇ ਦੇਸ਼ਾਂ ਨੂੰ ਜਾ ਰਹੇ ਹਨ ਜਾਂ ਇਥੇ ਹੀ ਰਿਸ਼ਵਤ ਦੇ ਰਹੇ ਹਨ ਪਰੰਤੂ ਨੌਕਰੀਆਂ ਨਹੀਂ ਮਿਲਦੀਆਂ, ਇਸੇ ਤਰ੍ਹਾਂ ਪੜ੍ਹੀਆਂ ਲਿਖੀਆਂ ਕੁੜੀਆਂ ਵੀ ਬੇਰੁਜ਼ਗਾਰੀ ਦੇ ਕਾਰਨ ਅੱਜ ਵੀ ਆਪਣਾ ਜਿਸਮ ਵੇਚਣ ਲਈ ਮਜ਼ਬੂਰ ਹਨ।

ਸੋ ਨਾਵਲਕਾਰ ਨੇ ਉਪਰੋਕਤ ਬੇਇਨਸਾਫ਼ੀ ਪ੍ਰਤੀ ਨੌਜਵਾਨ ਪੀੜ੍ਹੀ ਦੇ ਮਨਾਂ ਵਿਚ ਬਗਾਵਤ ਦੇ ਬੀਜਾਂ ਨੂੰ ਬੀਜਣ ਦੀ ਕੋਸ਼ਿਸ਼ ਕੀਤੀ ਹੈ। ਉਸਨੂੰ ਉਮੀਦ ਹੈ ਕਿ ਇਕ ਦਿਨ ਭਾਂਬੜ ਬਣ ਕੇ ਬੇਰੁਜ਼ਗਾਰੀ, ਕੰਗਾਲੀ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਵਿਤਕਰੇ ਨੂੰ ਖਤਮ ਕਰ ਦੇਵੇਗੀ। ਇਸ ਪ੍ਰਕਾਰ ਇਹ ਨਾਵਲ ਮਨੁੱਖ ਦੀ ਵੀਰਾਨ ਹੋ ਚੁੱਕੀ ਜ਼ਿੰਦਗੀ ਦਾ ਪ੍ਰਤਿਬਿੰਬਤ ਪੱਖ ਸਿਰਜਦਾ ਹੋਇਆ ਖੂਬਸੂਰਤ ਜ਼ਿੰਦਗੀ ਜਿਉਣ ਦੀ ਤਾਂਘ ਨੂੰ ਰੂਪਮਾਨ ਕਰਦਾ ਹੈ, ਜਿਸ ਬਾਰੇ ਅਵਤਾਰ ਸਿੰਘ ਦੇ ਵਿਚਾਰ ਹਨ :

" 'ਅੱਗ ਦੇ ਬੀਜ' ਮਾਰੂ ਵਿਦਿਅਕ ਪ੍ਰਣਾਲੀ ਤੇ ਭ੍ਰਿਸ਼ਟਾਚਾਰ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ। ਨਾਵਲ ਰੋਟੀ ਰੋਜ਼ੀ ਲਈ ਤਾਂਘਦੇ ਗਰਮ ਖੂਨ ਚੋਂ ਪੁੰਗਰਨ ਵਾਲੀਆਂ ਸੰਗੀਨਾਂ ਬੀਜਦਾ ਹੈ ਜੋ ਮੱਕਾਰ, ਅਕ੍ਰਿਤਘਣ, ਸ਼ੈਤਾਨ ਤੇ ਲੂੰਬੜਚਾਲ ਰਜਵਾੜੇਸ਼ਾਹੀ ਦੇ ਸੀਨਿਆਂ ਵਿਚ ਉਤਰਨ ਵਾਲੀਆਂ ਹਨ। ਸਰਮਾਏਦਾਰਾਂ ਤੋਂ ਨੀਤ ਦੇ ਭੁੱਖੜ ਰਾਜਨੀਤਿਕਾਂ ਦਾ ਕਿਰਦਾਰ ਲੋਕ ਕਟਹਿਰੇ ਵਿਚ ਲਿਆ ਕੇ ਉਨ੍ਹਾਂ ਪ੍ਰਤੀ ਨਫ਼ਰਤ ਉਜਾਗਰ ਕਰਦਾ ਹੈ। ਮੀਤ ਦਾ ਇਹ ਕਦਮ ਵਿਦਰੋਹ ਦਾ ਪਹਿਲਾ ਪੜਾਅ ਹੈ।"[7]

ਨਾਵਲਕਾਰ ਦੀ ਪ੍ਰਾਪਤੀ ਲੋੜਾਂ-ਥੁੜ੍ਹਾਂ ਦੇ ਸਤਾਏ ਲੋਕਾਂ ਦੀ ਜ਼ਿੰਦਗੀ ਦੀ ਪੀੜਾ ਨੂੰ ਸਰਮਾਏਦਾਰੀ ਸਿਸਟਮ ਵਿਚ ਪੀੜ੍ਹੀ-ਦਰ-ਪੀੜ੍ਹੀ ਤੁਰੀ ਆ ਰਹੀ ਅਮੀਰੀ ਨੂੰ ਦਰਸਾਉਣ ਵਿਚ ਹੈ ਜੋ ਨੌਜਵਾਨ ਵਰਗ ਅਮੀਰੀ (ਸਰਮਾਏਦਾਰੀ) ਦਾ ਸਤਾਇਆ ਹੈ ਉਸਦੇ ਮਨ ਵਿਚ ਨਫ਼ਰਤ ਪੈਦਾ ਕਰਦਾ ਹੈ, ਜਿਸਦੇ ਪ੍ਰਤੀਨਿਧ ਪਾਤਰ ਕਰਤਾਰ ਅਤੇ ਪਰਮਜੀਤ ਹਨ ਜੋ ਆਪਣੀ ਜਿਉਂਈ ਜਾ ਰਹੀ ਜ਼ਿੰਦਗੀ ਦਾ ਕਾਰਨ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਨੂੰ ਮੰਨਦੇ ਹਨ। ਇਸ ਨਾਵਲ ਵਿਚਲੀ ਮੱਧ ਦਰਜੇ ਵਾਲੀ ਕਿਰਸਾਨੀ ਕੋਲ ਭੂਮੀ ਘਟਣ ਦੀ ਸਮੱਸਿਆ ਨੂੰ ਸੰਤ ਸਿੰਘ ਸੇਖੋਂ ਨੇ ਆਪਣੇ ਨਾਵਲ 'ਲਹੂ ਮਿੱਟੀ' ਵਿਚ ਰੂਪਮਾਨ ਕੀਤਾ ਹੈ, ਜਦ ਕਿ ਮੀਤ ਨੇ ਇਸ ਨਾਵਲ ਵਿਚ ਉਸ ਸਮੱਸਿਆ ਵਿਰੁੱਧ ਬਗਾਵਤ ਕਰਨ ਦਾ ਹੀਆ ਕੀਤਾ ਹੈ, ਜਿਸ ਤੋਂ ਉਸਦੇ ਪਰੰਪਰਾਵਾਦੀ ਅਤੇ ਨਵੀਨ ਚੇਤਨਾ ਵਾਲਾ ਨਾਵਲਕਾਰ ਹੋਣ ਦਾ ਝਉਲਾ ਪੈਂਦਾ ਹੈ। ਕਿਉਂਕਿ 'ਅੱਗ ਦੇ ਬੀਜ' ਨਾਵਲ ਵਿਚ ਕੇਵਲ ਘੱਟ ਜ਼ਮੀਨ ਵਾਲੇ ਮੱਧ ਵਰਗੀ ਕਿਰਸਾਨਾਂ ਦੀਆਂ ਸਮੱਸਿਆਵਾਂ ਨੂੰ ਚਿਤਰਿਆ ਹੀ ਨਹੀਂ ਸਗੋਂ ਸਮਾਜਿਕ ਤੇ ਆਰਥਿਕ ਨਾ-ਬਰਾਬਰੀ ਦੇ ਵਿਰੁੱਧ ਨਿਆਂ ਪ੍ਰਾਪਤ ਕਰਨ ਲਈ ਸਰਮਾਏਦਾਰੀ ਖਿਲਾਫ਼ ਬਗਾਵਤ ਕਰਨ ਤੇ ਆਪਣੇ ਹੱਕ ਪ੍ਰਾਪਤ ਕਰਨ ਦੀ ਨਾਵਲਕਾਰ ਆਸ ਕਰਦਾ ਹੈ ਕਿ ਜਦੋਂ ਅੱਗ ਦੀ ਚੰਗਿਆੜੀ ਭੜਕੇਗੀ ਸਮਾਜ ਵਿਚ ਨਾ-ਬਰਾਬਰੀ

ਦਾ ਕਲਿਆਣ (ਖ਼ਾਤਮਾ) ਹੋਵੇਗਾ।

ਇਸ ਤਰ੍ਹਾਂ ਹੀ ਨਾਨਕ ਸਿੰਘ ਦਾ ਨਾਵਲ 'ਆਦਮਖੋਰ' ਵੇਖਿਆ ਜਾ ਸਕਦਾ ਹੈ ਜਿਸ ਵਿਚ ਨਾਨਕ ਸਿੰਘ ਸਮਾਜ ਦੀਆਂ ਸਾਰੀਆਂ ਉਲਝਣਾਂ ਦਾ ਮੁੱਖ ਕਾਰਨ ਆਰਥਿਕ ਨਾ-ਬਰਾਬਰੀ ਨੂੰ ਮੰਨਦਾ ਹੈ। ਸਰਮਾਏਦਾਰਾਂ ਨੂੰ ਲੇਖਕ ਆਦਮਖੋਰ ਆਖਦਾ ਹੈ ਜਿਹੜੇ ਜਨ-ਸਾਧਾਰਨ ਦਾ ਖ਼ੂਨ ਚੂਸਕੇ ਅਮੀਰ ਹੁੰਦੇ ਹਨ। ਨਾਨਕ ਸਿੰਘ ਦਾ ਨਾਵਲ 'ਨਸੂਰ' ਵੀ ਪੂੰਜੀਵਾਦੀ ਵਰਗ ਦੇ ਕੁਕਰਮਾਂ ਦੀ ਪੇਸ਼ਕਾਰੀ ਕਰਦਾ ਹੈ। ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਨਾਵਲਕਾਰ ਦੱਬੇ-ਲਤਾੜੇ ਲੋਕਾਂ ਪ੍ਰਤੀ ਹਮਦਰਦੀ ਅਤੇ ਲੁੱਟ-ਖਸੁੱਟ ਕਰਨ ਵਾਲਿਆਂ ਪ੍ਰਤੀ ਨਫ਼ਰਤ ਬੜੇ ਉਘੜਵੇਂ ਰੂਪ ਵਿਚ ਪੇਸ਼ ਕਰਦਾ ਹੈ। ਸੋ ਮੀਤ ਦੇ ਨਾਵਲਾਂ ਨੂੰ ਨਾਨਕ ਸਿੰਘ ਦੇ ਨਾਵਲਾਂ ਦੀ ਪਰੰਪਰਾ ਵਿਚ ਰੱਖਕੇ ਵੀ ਵੇਖਿਆ ਜਾ ਸਕਦਾ ਹੈ।

### (ਅ) ਕਾਫ਼ਲਾ - ਸ਼੍ਰੇਣੀ ਸੰਘਰਸ਼ ਦੀ ਪੇਸ਼ਕਾਰੀ

'ਕਾਫ਼ਲਾ' ਮਿੱਤਰ ਸੈਨ ਮੀਤ ਦਾ ਦੂਸਰਾ ਨਾਵਲ ਹੈ। ਇਹ ਨਾਵਲ ਜਗੀਰਦਾਰੀ ਸਿਸਟਮ ਦੇ ਲੁਕਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਰੂਪਮਾਨ ਕਰਦਾ ਹੈ ਜਿਸਦੇ ਵਿਸ਼ੇ ਜਗੀਰਦਾਰਾਂ ਦੁਆਰਾ ਸਾਧਾਰਨ ਬੰਦਿਆਂ ਨਾਲ ਕੀਤੀਆਂ ਧੱਕੇਸ਼ਾਹੀਆਂ ਅਤੇ ਦਰਿੰਦਗੀਆਂ ਨੂੰ ਦ੍ਰਿਸ਼ਟਮਾਨ ਕਰਨ ਦੇ ਨਾਲ-ਨਾਲ ਭੂਮੀ-ਪਤੀਆਂ ਦੁਆਰਾ ਭੂਮੀਹੀਣ ਲੋਕਾਂ ਤੇ ਮੁਜਾਰਿਆਂ ਦੀ ਸਮਾਜਿਕ, ਆਰਥਿਕ ਅਤੇ ਜਿਸਮਾਨੀ ਲੁੱਟ-ਖਸੁੱਟ, ਉਹਨਾਂ ਦੀ ਦੁਖਾਂਤਕ ਹੋਣੀ, ਸਰਦਾਰਾਂ ਅਤੇ ਚੌਧਰੀਆਂ ਦੇ ਦੋ ਪੁੜਾਂ ਵਿਚ ਪੀਸਣਾ, ਜੀਵਨ-ਵਿਚਾਰ ਅਤੇ ਦ੍ਰਿਸ਼ਟੀਕੋਣ, ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਦਾ ਮਨੁੱਖੀ ਹੱਕ, ਹੱਕਾਂ ਲਈ ਜਾਗ੍ਰਿਤ-ਚੇਤਨਾ ਦਾ ਹਥਿਆਰਬੰਦ ਸੰਘਰਸ਼ ਵਿਚ ਪਰਿਵਰਤਨ ਆਦਿ ਉਭਰਦੇ ਵਿਸ਼ਿਆਂ ਨਾਲ ਨਾਵਲਕਾਰ ਨੇ ਕਰਤਾਰੋ ਪਾਤਰ ਦੀ ਮਾਨਸਿਕਤਾ ਵਿਚ ਦੱਬੇ ਇਨਸਾਨੀ ਕਿਰਦਾਰ ਨੂੰ ਇਕ ਪ੍ਰਬੁੱਧ ਅਤੇ ਦੀਰਘ-ਅਨੁਭਵੀ ਲੇਖਕ ਦੇ ਰੂਪ ਵਿਚ ਗਲਪ ਦੇ ਕਲਾਤਮਕ-ਬਿੰਬ ਵਿਚ ਪ੍ਰਸਤੁਤ ਕੀਤਾ ਹੈ। ਨਾਵਲ ਦਾ ਮੁੱਖ ਵਿਸ਼ਾ ਸਰਮਾਏਦਾਰੀ ਸਿਸਟਮ ਦੀ ਜਕੜ ਵਿਚ ਆਏ ਗਰੀਬ ਲੋਕਾਂ ਦੇ ਜੀਵਨ ਦਾ ਕੌੜਾ ਸੱਚ ਰੂਪਮਾਨ ਕਰਦਾ ਹੈ :

"ਸਾਰੀ ਰਾਤ ਉਨ੍ਹਾਂ ਮਜਾਰਿਆਂ ਦੇ ਘਰ ਚੀਕ ਚੰਗਿਆੜਾ ਰਿਹਾ ਜਿਹੜੇ ਇਸ ਅੱਗ ਦੀ ਲਪੇਟ ਵਿਚ ਆ ਗਏ ਸਨ, ਅੱਗੇ ਕੀ ਹੋਵੇਗਾ, ਸਭ ਨੂੰ ਨਜ਼ਰ ਆ ਰਿਹਾ ਸੀ, ਕਰਜ਼ੇ ਚੁੱਕਣੇ ਪੈਣਗੇ, ਗਾਈਆਂ ਮੱਝਾਂ ਵੇਚਣੀਆਂ ਪੈਣਗੀਆਂ ਤੇ ਹੋਰ ਤਰਲੇ ਹਾੜੇ, ਕਿੰਨਿਆਂ ਦੇ ਵਿਆਹ, ਕਿੰਨਿਆਂ ਦੀਆਂ ਕੁੜਮਾਈਆਂ ਤੇ ਕਿੰਨਿਆਂ ਦੀਆਂ ਹੋਰ ਧਾਰਮਿਕ ਰਸਮਾਂ ਧਰੀਆਂ ਰਹਿ ਜਾਣਗੀਆਂ। ਅਗਲੇ ਕਈ ਸਾਲ ਭੁੱਖ ਨੰਗ ਤੇ ਕੁਰਲਾਹਟ ਦੇ ਹੋਣਗੇ।"[8]

ਉਪਰੋਕਤ ਵੇਰਵੇ ਰਾਹੀਂ ਸਰਦਾਰਾਂ ਦੁਆਰਾ ਪਿੰਡ ਵਿਚ ਮੁਜ਼ਾਰਿਆਂ ਦੇ ਘਰਾਂ ਵਿਚ ਸਾਜਿਸ਼ ਤਹਿਤ ਲਾਈ ਗਈ ਅੱਗ ਦਾ ਨਤੀਜਾ ਹੈ। ਇਹ ਨਾਵਲ ਵਿਚ ਜਿਥੇ ਸਰਦਾਰਾਂ ਅਤੇ ਆਮ ਲੋਕਾਂ ਦੀ ਅੰਤਰ ਵਿਆਖਿਆ ਹੈ ਉਥੇ ਇਸਤਰੀਆਂ ਨਾਲ ਹੁੰਦੀ ਖੱਜਲ-ਖੁਆਰੀ ਵੀ ਵਿਸ਼ੇ ਦੇ ਤੌਰ ਤੇ ਮਾਅਨੇ ਰੱਖਦੀ ਹੈ। ਕਰਤਾਰੋ ਅਮਲੀ ਦੀ ਧੀ ਵਿਆਹੁਣਯੋਗ ਹੈ, ਜਿਸਨੂੰ ਅਮਲੀ ਵਿਆਹੁਣ ਦੀ ਥਾਂ ਵੇਚਣਾ ਚਾਹੁੰਦਾ ਹੈ ਪਰ ਉਹ ਆਪਣੇ ਪ੍ਰੇਮੀ

ਚੌਧਰੀਆਂ ਦੇ ਸੀਰੀ ਨਾਲ ਭੱਜਣਾ ਚਾਹੁੰਦੀ ਹੈ, ਉਧਰੋਂ ਪਿੰਡ ਦਾ ਸਰਦਾਰ ਕਰਤਾਰੋ ਦੀ ਜਵਾਨੀ ਨੂੰ ਮਾਣਨ ਲਈ ਅਮਲੀ ਨੂੰ ਪੈਸੇ ਦੇ ਕੇ ਉਸਦਾ ਵਿਆਹ ਉਸਦੇ ਪ੍ਰੇਮੀ ਨਾਲ ਇਸ ਕਰਕੇ ਕਰਵਾ ਦਿੰਦਾ ਹੈ ਕਿ ਕਰਤਾਰੋ ਦਾ ਪ੍ਰੇਮੀ ਆਪਣਾ ਸੀਰੀ ਹੋਵੇਗਾ ਤੇ ਉਸਦੀ ਪਤਨੀ ਆਪਣੀ ਰਖੇਲ। ਸੋ ਸਰਦਾਰ ਬੜੀ ਚੁਸਤੀ ਨਾਲ ਕਰਤਾਰੋ ਦਾ ਆਪਣੇ ਕਾਮੇ ਬਲਦੇਵ ਨਾਲ ਵਿਆਹ ਕਰਵਾ ਦਿੰਦਾ ਹੈ ਤੇ ਬਲਦੇਵ ਨੂੰ ਖ਼ੁਦ ਨਸ਼ੇ ਖਵਾ-ਖਵਾ ਕੇ ਸਰੀਰਕ ਪੱਖੋਂ ਆਰੀ ਕਰ ਦਿੰਦਾ ਹੈ ਤੇ ਉਸਦੀ ਪਤਨੀ ਨੂੰ ਖ਼ੁਦ ਵਰਤਣਾ ਚਾਹੁੰਦਾ ਹੈ ਪਰ ਕਰਤਾਰੋ ਹਮੇਸ਼ਾ ਹੀ ਉਸ ਤੋਂ ਪਾਸਾ ਵੱਟਦੀ ਹੈ :

"ਸਰਦਾਰ ਦੇ ਅਫ਼ੀਮ ਦੀ ਚਾਟ ਤੇ ਲਾਏ ਕਈ ਮੁਜਾਰੇ ਕੰਮੋਂ ਨਿਕਾਰੇ ਹੋ ਕੇ ਛੱਪੜ ਤੇ ਬੈਠਣ ਜੋਗੇ ਹੀ ਰਹਿ ਗਏ। ਸਾਰਾ ਦਿਨ ਕੰਮ ਕਰਨ ਵਾਲੇ ਬਾਨੇ, ਬਲਦੇਵ ਤੇ ਬਿੰਦਰ ਦੇ ਚਿਹਰਿਆਂ ਤੇ ਪਿਲਤਨ ਛਾ ਗਈ।"[9]

ਉਕਤ ਵੇਰਵੇ ਤੋਂ ਸਪੱਸ਼ਟ ਹੁੰਦਾ ਹੈ ਕਿ ਆਪਣੇ ਚਗਲੇ ਸਵਾਦਾਂ ਦੀ ਪੂਰਤੀ ਲਈ ਇਹਨਾਂ ਸਰਦਾਰਾਂ ਨੇ ਤਕੜੇ ਜੁੱਸੇ ਵਾਲੇ ਕਾਮਿਆਂ ਨੂੰ ਮੁਫ਼ਤ ਵਿਚ ਅਫ਼ੀਮ ਪੋਸਤ ਦੇ ਕੇ ਨਸ਼ੇੜੀ ਬਣਾ ਦਿੱਤਾ। ਦਿਨੇ ਉਹਨਾਂ ਦੀਆਂ ਜਾਤਾਂ ਦੇ ਮੇਹਣੇ ਮਾਰਦੇ ਰਹਿੰਦੇ ਤੇ ਖੇਤਾਂ ਵਿਚ ਉਹਨਾਂ ਦੀਆਂ ਧੀਆਂ, ਭੈਣਾਂ ਤੇ ਤੀਵੀਆਂ ਨਾਲ ਕਾਮੁਕ ਖੇਡਾਂ ਖੇਡਦੇ। ਪਰ ਕਰਤਾਰੋ ਸਰਦਾਰ ਦੀ ਚੁਗਲ ਵਿਚ ਨਹੀਂ ਫਸਦੀ ਜਿਸਦਾ ਸਰਦਾਰ ਨੂੰ ਪਛਤਾਵਾ ਹੈ :

"ਕਰਤਾਰੋ ਹੱਥੋਂ ਹੋਈ ਬੇਇਜ਼ਤੀ ਕਾਰਨ ਸਰਦਾਰ ਪੂਰੀ ਤਰ੍ਹਾਂ ਬੇਚੈਨ ਸੀ, ਉਹਨੂੰ ਆਪਣੀ ਉਮਰ ਦੇ ਬਾਈ ਵਰ੍ਹਿਆਂ ਵਿਚੋਂ ਇਹ ਪਹਿਲੀ ਹਾਰ ਹੋਈ ਸੀ ਫੇਰ ਉਹ ਵੀ ਇਕ ਕੰਮੀ ਦੀ ਔਲਾਦ ਹੱਥੋਂ। ਇਹ ਇਕ ਸਰਦਾਰ ਲਈ ਮਰ ਮਿਟਣ ਵਾਲੀ ਗੱਲ ਸੀ।"[10]

"ਕੁੱਤੀਏ ਜਾਤੇ...। ਤੂੰ ਭੈਣ...? ਸੋਡੀ ਜਾਤ ਸਾਡੇ ਸੁਗਲ ਲਈ ਬਣੀ ਐ। ਤੈਨੂੰ ਸਾਡੇ ਟੁਕਰਾਂ ਤੇ ਪਲਕੇ ਇੰਨਾ ਘੁਮੰਡ ਨਹੀਂ ਹੋਣਾ ਚਾਹੀਦਾ।"[11]

ਇਸ ਤਰ੍ਹਾਂ ਕਰਤਾਰੋ ਤੇ ਉਸਦੇ ਬੱਚੇ ਸਰਦਾਰਾਂ ਦੇ ਨਿੱਜੀ ਵਿਰੋਧੀ ਬਣ ਜਾਂਦੇ ਹਨ। ਕਰਤਾਰੋ ਆਪਣੇ ਅਮਲੀ ਪਤੀ ਬਲਦੇਵ ਦੇ ਮਰਨ ਤੋਂ ਬਾਅਦ ਆਪਣੇ ਬੱਚਿਆਂ ਲਈ ਕੰਮ ਕਰਦੀ ਹੈ। ਇਥੇ ਕਰਤਾਰੋ ਸਮੁੱਚੀ ਗਰੀਬ ਔਰਤ ਜਾਤ ਦੀ ਪ੍ਰਤੀਨਿਧ ਪਾਤਰ ਹੈ ਕਿਉਂਕਿ ਦਲਿਤਾਂ ਅਤੇ ਗਰੀਬ ਲੋਕਾਂ ਦੀਆਂ ਬਹੂਆਂ ਬੇਟੀਆਂ, ਧੀਆਂ ਭੈਣਾਂ ਹਮੇਸ਼ਾ ਹੀ ਜਗੀਰਦਾਰ, ਸਰਦਾਰਾਂ ਅਤੇ ਚੌਧਰੀਆਂ ਦੀ ਦੋਹਰੀ ਗੁਲਾਮੀ ਦੀਆਂ ਸ਼ਿਕਾਰ ਰਹੀਆਂ ਹਨ। ਜਦੋਂ ਕਰਤਾਰੋ ਆਪਣੀ ਧੀ ਬੰਸੋ ਨੂੰ ਨਾਲ ਲੈ ਕੇ ਸ਼ਹਿਰ ਕੰਮ ਕਰਨ ਜਾਂਦੀ ਹੈ ਤਾਂ ਸ਼ਹਿਰੀ ਕਾਰਖਾਨਿਆਂ ਦੇ ਬਾਬੂ ਵੀ ਪਿੰਡ ਦੇ ਸਰਦਾਰਾਂ ਵਾਂਗ ਉਹਨਾਂ ਦੀ ਇੱਜ਼ਤ ਨਾਲ ਖੇਡਦੇ ਹਨ :

"ਇਕ ਅੱਧੀ ਦੀ ਗੱਲ ਨੀ। ਇਥੇ ਸਾਰੀਆਂ ਨਾਲ ਇਉਂ ਹੁੰਦੈ। ਜਿਹੜੀ ਇਨ੍ਹਾਂ ਅੱਗੇ ਸਿਰ ਨਿਵਾ ਲੈਂਦੀ ਐ ਉਹ ਟਿਕ ਜਾਂਦੀ ਐ। ਨਹੀਂ ਫਸਦੀ ਅਗਲੇ ਦਿਨ ਛੁੱਟੀ ਕਰ ਦਿੰਦੇ ਆ।"[12]

ਪੇਂਡੂ ਦਲਿਤ ਔਰਤ ਦੀ ਜ਼ਿੰਦਗੀ ਦਾ ਇਹ ਕਰੂਰ ਯਥਾਰਥ ਹੈ ਜਿਸਨੂੰ ਔਰਤ ਸਦੀਆਂ

ਤੋਂ ਭੋਗਦੀ ਆ ਰਹੀ ਹੈ ਮੀਤ ਨੇ ਇਹਨਾਂ ਪਰਸਥਿਤੀਆਂ ਦਾ ਯਥਾਰਥ ਰੂਪਮਾਨ ਕੀਤਾ ਹੈ। ਵਿਡੰਬਨਾ ਇਹ ਹੈ ਕਿ ਇਹਨਾਂ ਕੰਮ-ਕਾਜੀ ਔਰਤਾਂ ਦਾ ਹੁਸਨ ਹੀ ਇਹਨਾਂ ਦੀ ਹੋਣੀ ਬਣ ਜਾਂਦਾ ਹੈ। ਇਹਨਾਂ ਦੇ ਘਰਾਂ ਦੀ ਮੰਦੀ ਆਰਥਿਕ ਹਾਲਤ ਇਨ੍ਹਾਂ ਨੂੰ ਸਕਤਿਆਂ ਦੇ ਦਰਵਾਜਿਆਂ ਤੇ ਜਾ ਖੜ੍ਹਾ ਕਰਦੀ ਹੈ।

ਇਸ ਨਾਵਲ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਕ੍ਰਾਂਤੀਕਾਰੀ ਲਹਿਰ ਦਾ ਪ੍ਰਵੇਸ਼ ਵੀ ਹੁੰਦਾ ਹੈ ਜੋ ਦਲਿਤ, ਗਰੀਬਾਂ, ਕਾਮਿਆਂ ਤੇ ਮੁਜਾਰਿਆਂ ਨੂੰ ਉਹਨਾਂ ਦੇ ਦੁੱਖਾਂ ਨੂੰ ਦੂਰ ਕਰਨ, ਉਹਨਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਸਮਾਜ ਵਿਚ ਉਨ੍ਹਾਂ ਨੂੰ ਇੱਜ਼ਤ ਮਾਣ ਨਾਲ ਜਿਉਣ ਦੇ ਮੌਕੇ ਪ੍ਰਦਾਨ ਹੋ ਸਕਣ। ਉਹ ਇਸ ਅਸਲੀਅਤ ਤੋਂ ਜਾਣੂ ਹਨ ਕਿ ਸਾਡੀ ਲੋਕਾਂ ਦੀ ਏਕਤਾ ਅਤੇ ਜਥੇਬੰਦਕ ਸੰਘਰਸ਼ ਤੋਂ ਬਿਨ੍ਹਾਂ ਮਾਣ ਮਰਿਆਦਾ ਤੇ ਇੱਜ਼ਤ ਵਾਲੀ ਜ਼ਿੰਦਗੀ ਸੰਭਵ ਨਹੀਂ ਹੈ। 'ਕਾਫ਼ਲਾ' ਨਾਵਲ ਦਾ ਇਕ ਵਿਸ਼ਾ ਇਹ ਵੀ ਬਣਦਾ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਅੰਗਰੇਜ਼ਾਂ ਦੀ ਥਾਂ ਸਰਮਾਏਦਾਰੀ ਨੇ ਲੈ ਲਈ। ਸਾਧਾਰਨ ਜਨਤਾ ਦੀ ਲੁੱਟ-ਖਸੁੱਟ ਪਹਿਲਾਂ ਵੀ ਹੁੰਦੀ ਸੀ ਤੇ ਅੱਜ ਵੀ ਹੋ ਰਹੀ ਹੈ। ਜਿਸਦੇ ਬਦਲੇ ਵਿਚ ਲੋਕ ਸੰਘਰਸ਼ ਦੀ ਲਹਿਰ ਚਲਦੀ ਹੈ ਜੋ ਅਜੋਕੀ ਸਮਾਜਿਕ ਬਣਤਰ ਲਈ ਜ਼ਰੂਰੀ ਹੈ।

"ਦੋਸਤੋ ਅਸੀਂ ਬੜੇ ਖੁਸ਼ਨਸੀਬ ਹਾਂ ਕਿ ਕਿਸੇ ਟੀਚੇ ਨੂੰ ਲੈ ਕੇ ਅੱਗੇ ਵਧੇ ਹਾਂ। ...ਬਥੇਰਾ ਚਿਰ ਅਸੀਂ ਸਰਮਾਏਦਾਰਾਂ ਤੇ ਜਾਗੀਰਦਾਰਾਂ ਦੀਆਂ ਜੁੱਤੀਆਂ ਖਾਧੀਆਂ ਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਾ ਬੈਠੇ ਹਾਂ। ਸਾਡੀਆਂ ਸੈਂਕੜੇ ਪੀੜ੍ਹੀਆਂ ਨੇ ਹੁਣ ਤੱਕ ਇਹਨਾਂ ਦੀਆਂ ਗੋਗੜਾਂ ਪਾਲੀਆਂ ਤੇ ਹੁਣ ਇਹਨਾਂ ਨੂੰ ਫੇਹਣ ਦਾ ਕੰਮ ਵੀ ਅਸੀਂ ਹੀ ਕਰਨਾ ਹੈ।"[13]

ਇਹ ਪ੍ਰਸੰਗ ਜੈਲੇ ਪਾਤਰ ਦੇ ਸੁਚੇਤ ਹੋਣ ਦੀ ਸਹਿਤੀ ਭਰਦਾ ਹੈ। ਜੋ ਆਪਣੇ ਚੰਗੇ ਭਵਿੱਖ ਦੀ ਤਲਾਸ਼ ਕਰਦਾ ਹੈ ਤੇ ਕਰਤਾਰੋ ਖ਼ੁਦ ਇਸਦੀ ਮੈਂਬਰ ਬਣ ਜਾਂਦੀ ਹੈ ਤੇ ਬਹੁਤੀ ਚੁਸਤੀ ਨਾਲ ਉਹ ਸਰਦਾਰ ਨੂੰ ਆਪਣਾ ਤਨ ਸਮਰਪਿਤ ਕਰਕੇ ਉਸਦਾ ਦਿਲ ਜਿੱਤਦੀ ਹੈ ਤੇ ਸਰਦਾਰ ਦਾ ਅਚਾਨਕ ਕਤਲ ਹੋ ਜਾਂਦਾ ਹੈ ਤੇ ਖ਼ੁਦ ਨੂੰ ਸੰਬੋਧਨ ਹੁੰਦੀ ਕਰਤਾਰੋ ਬਾਕੀ ਮੈਂਬਰਾਂ ਨੂੰ ਹੱਲਾਸ਼ੇਰੀ ਦਿੰਦੀ ਹੋਈ ਕਹਿੰਦੀ ਹੈ :

"ਮੇਰਿਓ ਬਹਾਦਰ ਪੁਤਰੋ...ਜਾ ਕੇ ਸਰਦਾਰੜੇ ਦਾ ਜਨਾਜਾ ਦੇਖੋ ਇਉਂ ਕੁੱਤਿਆਂ ਬਿਲਿਆਂ ਨਾਲ ਵੀ ਨਹੀਂ ਹੁੰਦੀ ! ਤੁਸੀਂ ਖੁਸ਼ ਕਿਉਂ ਨਹੀਂ ਹੋ ਰਹੇ ? ਤੁਹਾਡੀਆਂ ਪਾਈਆਂ ਪੈੜਾਂ 'ਚ ਕਾਫ਼ਲਾ ਤੁਰਦਾ ਜਾ ਰਿਹੈ। ...ਤੁਸੀਂ ਜਿਹੜਾ ਕਾਫ਼ਲਾ ਸਿਰਜਿਐ ਉਹ ਮਾਰੂਥਲਾਂ ਨੂੰ ਲਿਤਾੜਦਾ ਮੰਜ਼ਲ ਵੱਲ ਵੱਧਦਾ ਜਾਏਗਾ। ਦੋ ਚਾਰ ਜਾਂ ਅੱਠ ਦਸ ਦੇ ਵਿਛੜ ਜਾਣ ਨਾਲ ਕਾਰਵਾਂ ਟੁੱਟ ਨਹੀਂ ਜਾਂਦਾ ਇਹ ਤੁਰਦਾ ਰਹੇਗਾ। ਸਾਡੇ ਆਖਰੀ ਦਮ ਤੱਕ।"[14]

ਵਾਸਤਵਿਕਤਾ ਇਹ ਹੈ ਕਿ ਲੇਖਕ ਦੀ ਮਾਰਕਸਵਾਦੀ, ਪ੍ਰਗਤੀਵਾਦੀ ਵਿਚਾਰਧਾਰਾ ਵਿਦਰੋਹੀ ਰੁਖ ਅਖਤਿਆਰ ਕਰਦੀ ਮਾਨਵਤਾ ਦਾ ਪੱਲਾ ਨਹੀਂ ਛੱਡਦੀ। 'ਕਾਫ਼ਲਾ' ਨਾਵਲ ਦੀ ਪਾਤਰ ਕਰਤਾਰੋ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਦੇ ਪਾਤਰ ਸੁੰਦਰੀ ਵਾਂਗ ਚੇਤਨ ਹੈ। ਔਰਤਾਂ ਦੀ ਭਰਪੂਰ ਸ਼ਮੂਲੀਅਤ ਤੋਂ ਬਿਨਾਂ ਕੋਈ ਵੀ ਸੰਘਰਸ਼ ਸਫ਼ਲਤਾ ਨਾਲ ਨੇਪਰੇ

ਨਹੀਂ ਚੜ੍ਹ ਸਕਦਾ। ਮੁੱਢ ਤੋਂ ਲੈ ਕੇ ਨਾਵਲਕਾਰ ਇਹੀ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਔਰਤ ਕਿਸੇ ਵੀ ਸਮਾਜ ਦਾ ਲਗਭਗ ਅੱਧਾ ਭਾਗ ਹੁੰਦੀਆਂ ਹਨ। ਭਾਈ ਵੀਰ ਸਿੰਘ ਦੇ 'ਸੁੰਦਰੀ' ਨਾਵਲ ਦੀ ਮੁੱਖ ਘਟਨਾ ਇਕ ਮੁਗਲ ਵੱਲੋਂ ਇਕ ਹਿੰਦੂ ਪਰਿਵਾਰ ਦੀ ਸੁੰਦਰ ਲੜਕੀ ਨੂੰ ਚੁੱਕ ਲੈ ਜਾਣ ਨਾਲ ਜੁੜੀ ਹੈ। ਇਸ ਨਾਵਲ ਦੀਆਂ ਇਸਤਰੀ ਪਾਤਰ ਸੁੰਦਰੀ ਅਤੇ ਧਰਮ ਕੌਰ ਸਰੀਰਕ ਤੌਰ ਤੇ ਕਮਜ਼ੋਰ ਜ਼ਰੂਰ ਹਨ ਪਰੰਤੂ ਉਨ੍ਹਾਂ ਵਿਚ ਸਿੱਖੀ ਦਾ ਜਜ਼ਬਾ ਭਰਿਆ ਹੋਇਆ ਹੈ। ਸੁੰਦਰੀ ਤਾਂ ਸਿੰਘਾਂ ਦੇ ਜੱਥੇ ਵਿਚ ਸ਼ਾਮਿਲ ਹੋ ਕੇ ਸੰਘਰਸ਼ਕਾਰੀ ਸਿੰਘਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਦੀ ਹੈ। ਮੁਗਲਾਂ ਦੀਆਂ ਚਾਲਾਂ ਨੂੰ ਜਾਣਦੀ ਹੋਈ ਸਿੱਖ ਸੰਘਰਸ਼ ਨੂੰ ਬਲਹੀਣ ਨਹੀਂ ਹੋਣ ਦਿੰਦੀ। ਇਥੇ ਨਾਨਕ ਸਿੰਘ ਦੇ ਨਾਵਲ 'ਕੱਟੀ ਹੋਈ ਪਤੰਗ' ਅਤੇ 'ਸੁਮਨ ਕਾਂਤਾ' ਦੇ ਇਸਤਰੀ ਪਾਤਰਾਂ ਨੂੰ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਦੀ ਤਰ੍ਹਾਂ 'ਕਾਫ਼ਲਾ' ਨਾਵਲ ਦੀ ਪਾਤਰ ਕਰਤਾਰੋ ਜ਼ੁਲਮ ਸਹਿਣ ਕਰਨ ਦੀ ਥਾਂ ਇਸਦਾ ਵਿਰੋਧ ਕਰਦੀ ਹੋਈ ਸਰਦਾਰ ਦਾ ਕਤਲ ਕਰ ਦਿੰਦੀ ਹੈ। ਕਰਮਜੀਤ ਕੁੱਸਾ ਦੀ ਇਸਤਰੀ ਪਾਤਰ 'ਪਰਤਾਪੀ' ਨੂੰ ਵੀ ਵੇਖਿਆ ਜਾ ਸਕਦਾ ਹੈ। ਨਾਨਕ ਸਿੰਘ ਦੇ 'ਚਿੱਟਾ ਲਹੂ' ਨਾਵਲ ਦੀ ਇਸਤਰੀ ਸੁੰਦਰੀ ਪੜ੍ਹੀ-ਲਿਖੀ ਤੇ ਜਾਗ੍ਰਿਤ ਔਰਤ ਹੈ ਪਰੰਤੂ ਕਰਤਾਰੋ ਵਾਂਗ ਕੁਝ ਲੋਕ ਉਸਦਾ ਇਸਤਰੀਪੁਣਾ ਖੋਹਣਾ ਚਾਹੁੰਦੇ ਹਨ ਤੇ ਉਸਨੂੰ ਵਸਤੂ ਬਣਾ ਕੇ ਵਰਤਣਾ ਚਾਹੁੰਦੇ ਹਨ। ਪਰ ਉਸਦੀ ਜਾਗੀ ਹੋਈ ਚੇਤੰਨਤਾ ਸਵੈ-ਰੱਖਿਆ ਹਿਤ ਡੱਟ ਕੇ ਖਲੋ ਜਾਂਦੀ ਹੈ। ਇਸੇ ਤਰ੍ਹਾਂ 'ਕਾਫ਼ਲਾ' ਨਾਵਲ ਦੀ ਪਾਤਰ ਕਰਤਾਰੋ ਆਪਣੀ ਇੱਜ਼ਤ ਬਚਾਉਣ ਲਈ ਸਰਦਾਰਾਂ ਦੀ ਦੁਸ਼ਮਣ ਬਣ ਜਾਂਦੀ ਹੈ ਤੇ ਅੰਤ ਤੇ ਬਦਲਾ ਲੈ ਲੈਂਦੀ ਹੈ।

ਸੋ ਮਿੱਤਰ ਸੈਨ ਮੀਤ ਵੀ ਭਾਈ ਵੀਰ ਸਿੰਘ, ਨਾਨਕ ਸਿੰਘ ਵਾਂਗ ਇਸਤਰੀ ਦੇ ਆਪਣੇ ਹੱਕਾਂ ਲਈ ਲੜਾਈ ਨੂੰ ਜਿਉਣ ਦੇ ਸੰਕਲਪ ਨਾਲ ਜੋੜਦਾ ਹੋਇਆ ਇਸਤਰੀ ਦੀ ਹੁੰਦੀ ਦੁਰਦਸ਼ਾ ਵੱਲ ਸੰਕੇਤ ਹੀ ਨਹੀਂ ਕਰਦਾ ਸਗੋਂ ਅਤਿਆਚਾਰਾਂ ਤੇ ਸਰਮਾਏਦਾਰੀ ਖਿਲਾਫ਼ ਜੰਗ ਜਾਰੀ ਰੱਖਣੀ ਜ਼ਰੂਰੀ ਸਮਝਦਾ ਹੋਇਆ ਪਰੰਪਰਾਵਾਦੀ ਨਾਵਲਕਾਰਾਂ ਨਾਲ ਵੀ ਜਾ ਜੁੜਦਾ ਹੈ ਤੇ ਨਿਵੇਕਲੀ ਸੋਚ ਰੱਖਣ ਵਾਲੇ ਨਾਵਲਕਾਰ ਵਜੋਂ ਵੀ ਉਭਰਦਾ ਹੈ। ਪਹਿਲੇ ਦੌਰ ਦੇ ਹੋਰ ਨਾਵਲਕਾਰ ਵੇਖੀਏ ਤਾਂ ਜਸਵੰਤ ਸਿੰਘ ਕੰਵਲ ਦੇ ਨਾਵਲ 'ਰਾਤ ਬਾਕੀ ਹੈ' ਦਾ ਵਿਸ਼ਾ ਵੀ ਮੀਤ ਦੇ ਵਿਸ਼ਿਆਂ ਵਾਂਗ ਜਾਗੀਰਦਾਰੀ ਨਿਜਾਮ ਵਿਰੁੱਧ ਲੋਕ-ਸੰਘਰਸ਼ ਨੂੰ ਪੇਸ਼ ਕਰਦਾ ਹੋਇਆ ਸਿਆਸੀ ਪਾਰਟੀਆਂ ਦੇ ਰੋਲ ਨੂੰ ਨੰਗਾ ਕਰਦਾ ਇਹ ਦਰਸਾਉਂਦਾ ਹੈ ਕਿ ਉਚੀ ਨੀਵੀਂ ਆਰਥਿਕ ਮੁੱਲਾਂ ਤੇ ਆਧਾਰਿਤ ਜਾਗੀਰਦਾਰੀ ਪ੍ਰਬੰਧ ਵਿਚ ਕੋਈ ਪਿਆਰ ਸਫ਼ਲ ਨਹੀਂ ਹੋ ਸਕਦਾ, ਜਦਕਿ 'ਅੱਗ ਦੇ ਬੀਜ' ਵਿਚ ਮੀਤ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਰਦਾਰਾਂ ਦੀ ਸਿਆਸੀ ਪਾਰਟੀਆਂ ਵਿਚ ਕੀਤੀ ਵਿਚੋਲਗਿਰੀ ਮੱਧ ਸ਼੍ਰੇਣੀ ਦੇ ਨੌਜਵਾਨਾਂ ਨੂੰ ਨੌਕਰੀ ਨਹੀਂ ਲੈਣ ਦੇਵੇਗੀ। ਸੋ ਮਿੱਤਰ ਸੈਨ ਮੀਤ ਪਹਿਲੇ ਦੌਰ ਦੇ ਨਾਵਲਕਾਰਾਂ ਦੇ ਪਾਏ ਪੂਰਨਿਆਂ ਤੇ ਚਲਦਾ ਹੋਇਆ ਆਪਣੇ ਮੁੱਢਲੇ ਨਾਵਲਾਂ ਦੀ ਸਿਰਜਣਾ ਕਰਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮੀਤ ਨੇ 'ਅੱਗ ਦੇ ਬੀਜ' ਅਤੇ 'ਕਾਫ਼ਲਾ' ਨਾਵਲ ਵਿਚ ਆਮ ਬੰਦੇ ਦੀ ਜੱਦੋ-ਜਹਿਦ ਦੀ ਬਿਰਤਾਂਤਕਾਰੀ ਕੀਤੀ ਹੈ। ਉਸਦੇ ਅਜਿਹੇ ਵਿਸ਼ਿਆਂ ਵਾਲੇ ਨਾਵਲ ਇਹ ਦ੍ਰਿਸ਼ਟਮਾਨ ਕਰਦੇ ਹਨ ਕਿ ਉਹ ਜਗੀਰਦਾਰੀ ਪ੍ਰਬੰਧ ਦੀਆਂ ਲੋਕ-ਮਾਰੂ ਨੀਤੀਆਂ ਤੋਂ ਚੇਤੰਨ ਹੈ। ਨਾਵਲਕਾਰ ਸਾਧਾਰਨ ਬੰਦੇ ਦੇ ਹੱਕ ਦੀ ਗੱਲ ਕਰਦਾ ਹੋਇਆ ਇਹ ਵੀ ਦਰਸਾਉਂਦਾ ਹੈ ਕਿ ਜਿਵੇਂ 'ਕਾਫ਼ਲਾ' ਨਾਵਲ ਵਿਚ ਜੈਲੇ ਨਾਂ ਦੇ ਪਾਤਰ ਦੇ ਹੱਥ ਕੱਟ ਦਿੱਤੇ ਜਾਂਦੇ ਹਨ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਸਰਮਾਏਦਾਰੀ ਤਾਕਤਾਂ ਦੇ ਸਨਮੁੱਖ ਇਕੱਲੇ-ਇਕੱਲੇ ਕਿਰਤੀ ਦੀ ਹਾਰ ਤੈਅ ਹੈ ਉਹ ਸਮੂਹਿਕ ਰੂਪ ਵਿਚ ਸੰਘਰਸ਼ ਕਰੇ ਬਿਨਾਂ ਜਿੱਤ ਨਹੀਂ ਸਕਦੇ।

### (ੲ) ਤਫ਼ਤੀਸ਼ - ਪੁਲਿਸ ਪ੍ਰਬੰਧ ਦੀ ਪੇਸ਼ਕਾਰੀ

'ਤਫ਼ਤੀਸ਼' ਮਿੱਤਰ ਸੈਨ ਮੀਤ ਦਾ ਬਹੁ-ਚਰਚਿਤ ਤੀਸਰਾ ਨਾਵਲ ਹੈ ਜਿਸ ਰਾਹੀਂ ਆਪਣੇ ਪੇਸ਼ੇ (ਵਕੀਲੀ) ਅਨੁਭਵ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੈ। ਪੇਸ਼ੇ ਦੇ ਤੌਰ ਤੇ ਮੀਤ ਦੀ ਸਾਹਿਤ ਸੰਵੇਦਨਾ ਨੂੰ ਕਾਨੂੰਨ ਵਿਚਲੀਆਂ ਅਜਿਹੀਆਂ ਪਰਸਥਿਤੀਆਂ ਨੇ ਬਹੁਤ ਜਿਆਦਾ ਪ੍ਰਭਾਵਿਤ ਕੀਤਾ ਜਿਸ ਕਰਕੇ ਉਸਦੇ ਨਾਵਲਾਂ ਦੇ ਮੁੱਖ ਵਿਸ਼ੇ ਕਾਨੂੰਨ ਸੁਧਾਰ ਵਾਲੇ ਤੇ ਕਾਨੂੰਨ ਨਾਲ ਸੰਬੰਧਿਤ ਸੰਸਥਾਵਾਂ ਵਾਲੇ ਰਹੇ ਹਨ। ਮੀਤ ਦੇ ਇਸ ਨਾਵਲ ਦੀ ਖ਼ਾਸੀਅਤ ਨੂੰ ਜਾਣਨ ਤੋਂ ਪਹਿਲਾਂ ਪੁਲਿਸ ਪ੍ਰਬੰਧ ਬਾਰੇ ਲਿਖੇ ਜਾ ਚੁੱਕੇ ਨਾਵਲਾਂ ਤੇ ਝਾਤ ਮਾਰਨੀ ਵੀ ਜ਼ਰੂਰੀ ਹੈ ਕਿਉਂਕਿ ਮੀਤ ਨੇ ਪੁਲਿਸ ਪ੍ਰਬੰਧ ਦਾ ਚਿਤਰਨ ਕਰਨ ਲਈ ਨਵਾਂ ਵਿਸ਼ਾ ਨਹੀਂ ਚੁਣਿਆ ਸਗੋਂ ਆਪਣੇ ਨਿੱਜੀ ਅਨੁਭਵ ਰਾਹੀਂ ਇਸ ਵਿਸ਼ੇ ਨੂੰ ਵਿਸਥਾਰ ਦਿੱਤਾ ਹੈ। ਕਿਉਂਕਿ ਪੁਲਿਸ ਦੀ ਕਾਰਗੁਜ਼ਾਰੀ ਪਹਿਲਾਂ ਵੀ ਬਹੁਤੇ ਨਾਵਲਕਾਰ ਆਪਣੀਆਂ ਰਚਨਾਵਾਂ ਵਿਚ ਰੂਪਮਾਨ ਕਰ ਚੁੱਕੇ ਸਨ ਜਿਸ ਤਰ੍ਹਾਂ ਗੁਰਦਿਆਲ ਸਿੰਘ ਦਾ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਵੇਖਿਆ ਜਾ ਸਕਦਾ ਹੈ ਜਿਸਦਾ ਵਿਸ਼ਾ-ਵਸਤੂ ਭਾਵੇਂ ਭੂਮੀਹੀਣ ਕਿਰਤੀਆਂ ਦੇ ਤਰਸਯੋਗ ਜੀਵਨ ਦੁਆਲੇ ਉਸਾਰਿਆ ਗਿਆ ਸੀ ਪਰੰਤੂ ਇਸ ਨਾਵਲ ਵਿਚ ਵੀ ਪੁਲਿਸ ਦੀ ਕਾਰਗੁਜ਼ਾਰੀ ਸਮਾਜ ਵਿਰੋਧੀ ਅਨਸਰਾਂ ਦੀ ਸਮਰੱਥਕ ਬਣੀ ਦਿਖਾਈ ਦਿੰਦੀ ਹੈ। ਇਸ ਨਾਵਲ ਵਿਚ ਗੁਰਦਿਆਲ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਪੁਲਿਸ ਦਾ ਫ਼ਰਜ ਸਮਾਜ ਦੇ ਕਮਜ਼ੋਰ ਵਰਗ ਦੇ ਹਿੱਤਾਂ ਦੀ ਰਾਖੀ ਕਰਨਾ ਹੈ ਪਰੰਤੂ ਪੁਲਿਸ ਤਕੜੇ ਲੋਕਾਂ ਦੇ ਹਿੱਤਾਂ ਵਿਚ ਭੁਗਤਦੀ ਹੋਈ ਗਰੀਬਾਂ ਦੇ ਘਰਾਂ ਨੂੰ ਉਜਾੜ ਦਿੰਦੀ ਹੈ ਤੇ ਗਰੀਬ ਲੋਕਾਂ ਦੀਆਂ ਮਾਵਾਂ ਭੈਣਾਂ ਨੂੰ ਗਾਲ੍ਹਾਂ ਕੱਢਦੀ ਹੈ ਅਤੇ ਬਜ਼ੁਰਗਾਂ ਅਤੇ ਔਰਤਾਂ ਦੀ ਬੇਇਜ਼ਤੀ ਵੀ ਕਰਦੀ ਹੈ। ਸੋ ਗੁਰਦਿਆਲ ਸਿੰਘ ਆਪਣੇ ਇਸ ਨਾਵਲ ਵਿਚ ਇਹ ਦਰਸਾਉਂਦਾ ਹੈ ਕਿ ਪੁਲਿਸ ਨੇ ਹਮੇਸ਼ਾ ਤਕੜਿਆਂ ਦਾ ਸਾਥ ਦਿੱਤਾ ਹੈ ਅਤੇ ਗਰੀਬਾਂ ਕਮਜ਼ੋਰਾਂ ਤੇ ਜ਼ੁਲਮ ਢਾਹਿਆ ਹੈ। ਇਸ ਕਰਕੇ ਆਮ ਜਨਤਾ ਪੁਲਿਸ ਨੂੰ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਦੀ ਹੈ।

ਇਸੇ ਤਰ੍ਹਾਂ ਕਰਮਜੀਤ ਕੁੱਸਾ ਦਾ ਨਾਵਲ 'ਰਾਤ ਦੇ ਰਾਹੀ' ਵਿਚਾਰਿਆ ਜਾ ਸਕਦਾ ਹੈ। ਇਸ ਨਾਵਲ ਵਿਚ ਵੀ ਪੁਲਿਸ ਦਾ ਰੋਲ ਪੇਂਡੂ ਜੀਵਨ ਦੇ ਸੰਦਰਭ ਵਿਚ ਜਗੀਰਦਾਰਾਂ

ਅਤੇ ਸਿਆਸੀ ਸ਼ਕਤੀਆਂ ਦੇ ਪੱਖ ਵਿਚ ਭੁਗਤਣ ਵਾਲਾ ਰੂਪਮਾਨ ਹੁੰਦਾ ਹੈ ਕਿਉਂਕਿ ਪੁਲਿਸ ਗਰੀਬ ਕਿਰਸਾਨਾਂ ਅਤੇ ਭੂਮੀਹੀਣ ਕਿਰਤੀਆਂ ਤੇ ਜ਼ੁਲਮ ਕਰਦੀ ਹੈ। ਇਸ ਤਰ੍ਹਾਂ ਹੀ ਜਸਵੰਤ ਸਿੰਘ ਕੰਵਲ ਦੇ ਨਾਵਲ 'ਰਾਤ ਬਾਕੀ ਹੈ' ਵਿਚ ਜਗੀਰਦਾਰ ਪੁਲਿਸ ਤੇ ਸਰਕਾਰ ਨਾਲ ਮਿਲਕੇ ਸੰਘਰਸ਼ ਕਰ ਰਹੇ ਕਿਰਸਾਨਾਂ ਦੇ ਸੰਘਰਸ਼ ਨੂੰ ਰੋਕਣ ਲਈ ਉਹਨਾਂ ਉਪਰ ਤਸ਼ੱਦਦ ਕਰਦੀ ਹੈ। ਪੁਲਿਸ ਨੂੰ ਰਿਸ਼ਵਤ ਦੇ ਕੇ ਜਗੀਰਦਾਰ ਆਪੋ-ਆਪਣੇ ਬੰਦੇ ਮਾਰ ਕੇ ਦੋਸ਼ ਦੂਜਿਆਂ ਉਪਰ ਲਗਾ ਦਿੰਦੇ ਹਨ। ਨਾਵਲਕਾਰ ਬੂਟਾ ਸਿੰਘ ਸ਼ਾਦ ਦਾ ਨਾਵਲ 'ਕੁੱਤਿਆਂ ਵਾਲੇ ਸਰਦਾਰ' ਵਿਚ ਵੀ ਪੁਲਿਸ ਦਾ ਰੋਲ ਜਨਤਕ ਵਿਰੋਧੀ ਹੀ ਰੂਪਮਾਨ ਹੋਇਆ ਹੈ।

ਇਸ ਤਰ੍ਹਾਂ ਸੁਰਜੀਤ ਸਿੰਘ ਸੇਠੀ ਦਾ ਨਾਵਲ 'ਕੱਲ ਵੀ ਸੂਰਜ ਨਹੀਂ ਚੜ੍ਹੇਗਾ' ਦਾ ਵਿਸ਼ਾ ਭਾਵੇਂ ਭਾਰਤ ਦੀ ਜੰਗੇ-ਆਜ਼ਾਦੀ ਨਾਲ ਸੰਬੰਧ ਰੱਖਦਾ ਹੈ। ਇਸ ਨਾਵਲ ਦੀ ਮੂਲ ਘਟਨਾ 13 ਅਪ੍ਰੈਲ, 1999 ਵਿਚ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਸਾਕੇ ਨਾਲ ਸੰਬੰਧਿਤ ਹੈ ਜਿਸ ਵਿਚ ਅੰਗਰੇਜ਼ ਪੁਲਿਸ ਦੇ ਮੁਖੀ ਜਨਰਲ ਡਾਇਰ ਨੇ ਨਿਹੱਥੇ ਭਾਰਤੀ ਲੋਕਾਂ ਉਤੇ ਗੋਲੀਆਂ ਚਲਾਈਆਂ। ਇਸ ਨਾਵਲ ਵਿਚ ਵੀ ਪੁਲਿਸ ਦੀ ਭੂਮਿਕਾ ਨਿਹੱਥੇ, ਆਮ ਲੋਕਾਂ ਤੇ ਜ਼ੁਲਮ ਢਾਹੁਣ ਵਾਲੀ ਹੀ ਰਹੀ ਹੈ ਕਿਉਂਕਿ ਅੰਗਰੇਜ਼ ਪੁਲਿਸ ਦਾ ਮੁਖੀ ਹਿੰਦੁਸਤਾਨੀ ਸਿਪਾਹੀਆਂ ਤੋਂ ਹੀ ਹਿੰਦੁਸਤਾਨੀ ਲੋਕਾਂ ਨੂੰ ਮਰਵਾਉਂਦਾ ਹੈ। ਹਿੰਦੁਸਤਾਨੀ ਪੁਲਿਸ ਦੇ ਕਰਮਚਾਰੀ ਭਾਵੇਂ ਰੋਜ਼ੀ ਰੋਟੀ ਲਈ ਇਸ ਤਰ੍ਹਾਂ ਕਰ ਰਹੇ ਸੀ ਪਰੰਤੂ ਫਿਰ ਵੀ ਭਾਰਤੀ ਪੁਲਿਸ ਦੀ ਭੂਮਿਕਾ ਆਜ਼ਾਦੀ ਦੀ ਲਹਿਰ ਦੇ ਸੰਦਰਭ ਵਿਚ ਘਟੀਆ ਹੀ ਰਹੀ ਹੈ।

ਇਸੇ ਤਰ੍ਹਾਂ 1990 ਵਿਚ ਛਪਿਆ ਕਰਮਜੀਤ ਸਿੰਘ ਔਜਲਾ ਦਾ ਨਾਵਲ 'ਕੂੜ ਫਿਰੈ ਪਰਧਾਨੁ' ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਜਿਸ ਵਿਚ ਵੀ ਪੁਲਿਸ ਦੀ ਕਾਰਗੁਜ਼ਾਰੀ ਲੋਕ ਵਿਰੋਧੀ ਧਿਰ ਵਾਲੀ ਹੀ ਰਹੀ ਹੈ ਕਿਉਂਕਿ ਇਸ ਨਾਵਲ ਵਿਚ ਪੁਲਿਸ ਦਾ ਇਕ ਕਰਮਚਾਰੀ ਡੀ.ਐਸ.ਪੀ. ਸੱਚੇ ਸੁੱਚੇ ਦੇਸ਼ ਭਗਤ ਸੁਰੈਣ ਸਿੰਘ ਨੂੰ ਕਤਲ ਕਰਵਾਉਣ ਦਾ ਹੱਕਦਾਰ ਬਣਦਾ ਹੈ। ਗੁਰਦਿਆਲ ਸਿੰਘ ਦੇ 'ਪਰਸਾ' ਨਾਵਲ ਵਿਚ ਵੀ ਪੁਲਿਸ ਦੀ ਭੂਮਿਕਾ ਧੱਕੇਸ਼ਾਹੀ ਵਾਲੀ ਹੀ ਰੂਪਮਾਨ ਹੁੰਦੀ ਹੈ।

ਉਪਰੋਕਤ ਨਾਵਲਾਂ ਦੇ ਪ੍ਰਸੰਗ ਵਿਚ ਵਿਚਾਰ ਤਹਿਤ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਦੇ ਨਾਵਲ 'ਤਫ਼ਤੀਸ਼' (1990) ਤੋਂ ਪਹਿਲਾਂ ਵੀ ਪੁਲਿਸ ਦੀ ਕਸਾਈਆਂ ਵਾਲੀ ਕਾਰਗੁਜ਼ਾਰੀ ਨੂੰ ਰੂਪਮਾਨ ਕੀਤਾ ਜਾਂਦਾ ਰਿਹਾ ਹੈ। ਇਹ ਮੀਤ ਦੀ ਵਿਲੱਖਣਤਾ ਹੈ ਕਿ ਉਸਨੇ ਆਪਣੇ ਨਾਵਲ 'ਤਫ਼ਤੀਸ਼' ਵਿਚ ਪੁਲਿਸ ਪ੍ਰਬੰਧ ਨੂੰ ਵਧੇਰੇ ਵਿਸਥਾਰ ਤੇ ਬਾਰੀਕੀ ਨਾਲ ਚਿਤਰਿਆ ਹੈ।

ਮਿੱਤਰ ਸੈਨ ਮੀਤ ਦੇ ਨਾਵਲ 'ਤਫ਼ਤੀਸ਼' ਦਾ ਵਿਸ਼ਾ ਬੇਸ਼ੱਕ ਪੁਲਿਸ ਸਭਿਆਚਾਰ ਨੂੰ ਬਾਰੀਕੀ ਤੋਂ ਘੋਖਣਾ ਹੈ ਪਰੰਤੂ ਇਸ ਨਾਵਲ ਦੇ ਮੂਲ ਵਿਸ਼ਿਆਂ ਰਾਹੀਂ ਮਨੁੱਖੀ ਜੀਵਨ ਦੇ ਬਹੁਪਰਤੀ ਪੱਖਾਂ ਦੀ ਬਾਰੀਕੀ ਨਾਲ ਕੀਤੀ ਘੋਖ ਨੂੰ ਬੜੇ ਕਲਾਤਮਕ ਢੰਗ ਨਾਲ ਗਲਪ-ਬਿੰਬ ਵਿਚ ਢਾਲਿਆ ਹੈ। ਇਹ ਨਾਵਲ ਬੱਚੇ ਬੰਟੀ ਦੇ ਕਾਤਲਾਂ ਦੀ ਤਫ਼ਤੀਸ਼ ਕਰਦਾ

ਹੋਇਆ ਸਮੁੱਚੇ ਸਮਾਜ ਦੀ ਤਫ਼ਤੀਸ਼ ਵਿਅੰਗਾਤਮਕ ਭਾਸ਼ਾ ਰਾਹੀਂ ਪੇਸ਼ ਕਰਦਾ ਹੈ। ਜਿਸ ਕਰਕੇ ਡਾ. ਟੀ.ਆਰ.ਵਿਨੋਦ ਨੇ "ਤਫ਼ਤੀਸ਼ ਨੂੰ ਮਸ਼ਕਰੀ ਦੀ ਢਾਲ ਤੇ ਢਾਲਿਆ ਪੰਜਾਬੀ ਦਾ ਪਹਿਲਾ ਨਾਵਲ ਕਿਹਾ ਹੈ।"[15]

ਨਾਵਲਕਾਰ ਵਿਅੰਗ ਰਾਹੀਂ ਸਮੁੱਚੇ ਸਮਾਜ ਦੀਆਂ ਪਰਤਾਂ ਫਰੋਲਦਾ ਹੋਇਆ ਪੁਲਿਸ ਪ੍ਰਬੰਧ ਤੇ ਆਮ ਜ਼ਿੰਦਗੀ ਭਾਵ ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਵੱਖ-ਵੱਖ ਦ੍ਰਿਸ਼ਟੀ ਅਤੇ ਵਿਚਾਰਧਾਰਾ ਰਾਹੀਂ ਜ਼ੁਰਮਾਂ ਦੀ ਜਮਾਤੀ ਖ਼ਾਸੀਅਤ ਨੂੰ ਉਘਾੜਦਾ ਹੋਇਆ ਪੁਲਿਸ ਅਤੇ ਥਾਣਿਆਂ ਨਾਲ ਸੰਬੰਧਿਤ ਮਾਹੌਲ ਸਿਰਜਣ ਦੇ ਨਾਲ ਥਾਣੇ ਵਿਚ ਰਿਪੋਰਟ ਲਿਖਣ ਵਾਲੇ ਮੁਨਸ਼ੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਦੇ ਜੀਵਨ ਨੂੰ ਦਰਸਾਉਂਦਾ ਹੋਇਆ ਸਮਾਜ ਵਿਚ ਵਰਤਮਾਨ ਸਮੇਂ ਦੇ ਪੁਲਿਸ ਵਿਭਾਗ ਰਾਹੀਂ ਭ੍ਰਿਸ਼ਟ ਹੋ ਚੁੱਕੀ ਰਾਜਨੀਤੀ, ਅਦਾਲਤਾਂ ਤੇ ਸਮੁੱਚੇ ਸਿਸਟਮ ਦਾ ਪਰਦਾ ਬੇਨਕਾਬ ਕਰਦਾ ਹੈ।

"ਸੋਨੂੰ ਪਤਾ ਰਪਟ ਕੀ ਹੁੰਦੀ ਹੈ। ਘਾਬਰਿਆ ਬੰਦਾ ਰਪਟ ਦਰਜ ਨਹੀਂ ਕਰਾ ਸਕਦਾ... ਰਪਟ ਲਿਖਵਾਉਣ ਲਈ ਦਿਮਾਗ ਦਾ ਤਵਾਜ਼ਨ ਠੀਕ ਹੋਣਾ ਚਾਹੀਦਾ ਹੈ... ਪੂਰੇ ਕਾਇਦੇ ਕਾਨੂੰਨਾਂ ਨੂੰ ਮੁੱਖ ਰੱਖ ਕੇ ਰਪਟ ਲਿਖਣੀ ਪੈਂਦੀ ਹੈ।"[16]

ਉਪਰੋਕਤ ਟਿੱਪਣੀ ਰਾਹੀਂ ਨਾਵਲਕਾਰ ਨੇ ਰਿਪੋਰਟ ਲਿਖਾਉਣ ਵਾਲੀ ਧਿਰ ਅਤੇ ਰਿਪੋਰਟ ਲਿਖਣ ਵਾਲੀ ਧਿਰ ਦੀ ਸਥਿਤੀ ਨੂੰ ਵਿਚਾਰਧਾਰਾਈ ਅੰਤਰ-ਵਿਰੋਧਾਂ ਦੇ ਪ੍ਰਗਟਾਵੇ ਨੂੰ ਵਿਅੰਗ ਰਾਹੀਂ ਪੇਸ਼ ਕੀਤਾ ਹੈ।

ਡਾ. ਰਾਹੀ ਅਨੁਸਾਰ, "ਥੀਮ ਦੇ ਪੱਖੋਂ ਤਫ਼ਤੀਸ਼ ਸਾਡਾ ਪਹਿਲਾ ਨਾਵਲ ਹੈ ਜਿਸ ਵਿਚ ਇੰਤਜ਼ਾਮੀਆਂ ਦਾ ਬਹੁਪੱਖੀ ਆਲੋਚਨਾਤਮਕ ਚਿਤ੍ਰਣ ਮਿਲਦਾ ਹੈ। ਇਸ ਤੋਂ ਪਹਿਲਾਂ ਸਾਡੇ ਯਥਾਰਥਵਾਦੀ ਨਾਵਲ ਦੀ ਜ਼ਿਆਦਾ ਦਿਲਚਸਪੀ ਗ੍ਰਾਮ-ਸੰਸਕ੍ਰਿਤੀ ਦੇ ਮਸਲਿਆਂ ਵਿਚ ਰਹੀ। ਤਫ਼ਤੀਸ਼ ਦੀ ਵਿਸ਼ੇਸ਼ਤਾ ਦਾ ਮਹਿਵਰ ਇਸਦੇ ਨਿਵੇਕਲੇ ਵਿਸ਼ੇ-ਖੇਤਰ ਤੇ ਉਸਦੇ ਵੇਰਵਿਆਂ ਨੂੰ ਬਾਰੀਕੀ ਨਾਲ ਚਿਤ੍ਰਨ ਵਿਚ ਨਿਸ਼ਚਿਤ ਕੀਤਾ ਗਿਆ।"[17]

ਇਸ ਨਾਵਲ ਦੇ ਵਿਸ਼ੈ ਬਾਰੇ ਪ੍ਰੋ. ਗੁਰਬਖਸ਼ ਸਿੰਘ ਫਰੈਂਕ ਲਿਖਦੇ ਹਨ, "ਤਫ਼ਤੀਸ਼ ਵਿਚਲਾ ਯਥਾਰਥ ਜੀਵਨ ਦੇ ਇਕ ਖ਼ਾਸ ਖੇਤਰ, ਪੁਲਿਸ-ਪ੍ਰਬੰਧ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਇਸ ਖੇਤਰ ਨੂੰ ਵੱਧ ਤੋਂ ਵੱਧ ਵਿਸ਼ਾਲਤਾ ਅਤੇ ਡੂੰਘਾਈ ਨਾਲ ਪੇਸ਼ ਕਰਦਾ ਹੈ।"[18]

ਇਸ ਟਿੱਪਣੀ ਤੋਂ ਭਾਵ ਇਹ ਨਹੀਂ ਕਿ ਪੁਲਿਸ ਪ੍ਰਬੰਧ ਤੋਂ ਬਿਨਾਂ ਇਸ ਨਾਵਲ ਵਿਚ ਜੀਵਨ ਦੇ ਕਿਸੇ ਹੋਰ ਪਾਸਾਰ ਨੂੰ ਮੂਰਤੀਮਾਨ ਨਹੀਂ ਕੀਤਾ ਗਿਆ। ਸਗੋਂ ਨਾਵਲਕਾਰ ਨੇ ਪੁਲਿਸ ਪ੍ਰਬੰਧ ਦੇ ਵਿਸਤ੍ਰਿਤ ਅਤੇ ਡੂੰਘੇ ਚਿੱਤਰ ਨੂੰ ਰੂਪਮਾਨ ਕਰਨ ਲਈ ਨਿਆਂਪਾਲਿਕਾ, ਰਾਜਨੀਤਿਕ ਤੇ ਸਮਾਜਿਕ ਜੀਵਨ ਦੀਆਂ ਅਨੇਕਾਂ ਤੰਦਾਂ ਨੂੰ ਅਨੇਕਾਂ ਪਾਤਰਾਂ ਰਾਹੀਂ ਮੂਰਤੀਮਾਨ ਕਰਦਿਆਂ ਇਕ ਮਹਾਂਦ੍ਰਿਸ਼ ਦੀ ਸਿਰਜਨਾ ਕੀਤੀ ਹੈ। ਨਾਵਲਕਾਰ ਆਪਣੇ ਵਿਸ਼ੇ ਅਤੇ ਸਿਰਲੇਖ ਬਾਰੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਵਿਸ਼ੇ ਦਾ ਨਿਭਾਅ ਪੂਰੀ ਸੁਹਿਰਦਤਾ ਨਾਲ ਪੇਸ਼ ਕਰਦਾ ਹੋਇਆ ਅਜਿਹੇ ਨਿਵੇਕਲੇ ਨਾਵਲ ਦੀ ਸਿਰਜਨਾ ਕਰਦਾ ਹੈ ਜਿਸ ਵਿਚ ਪਾਤਰਾਂ ਦੀ ਬਹੁਤਾਤ ਤਾਂ ਹੈ ਪਰੰਤੂ ਮੁੱਖ ਪਾਤਰ ਕੋਈ ਨਹੀਂ ਸਗੋਂ ਹਰੇਕ ਪਾਤਰ

ਵਿਵਧਤਾ ਭਰਪੂਰ ਸਮਾਜਿਕ ਸਭਿਆਚਾਰਕ ਜੀਵਨ ਦੇ ਕਿਸੇ ਨਾ ਕਿਸੇ ਨਿਵੇਕਲੇ ਪੱਖ ਨੂੰ ਰੂਪਮਾਨ ਕਰਦਾ ਹੋਇਆ ਅਨੇਕਾਂ ਘਟਨਾਵਾਂ ਦੀ ਸਿਰਜਨਾ ਕਰਦਾ ਹੈ। ਇਸ ਘਟਨਾ ਨੂੰ ਕੇਂਦਰ ਵਿਚ ਰੱਖਕੇ ਅਨੇਕਾਂ ਘਟਨਾਵਾਂ ਅਤੇ ਪਾਤਰਾਂ ਦੀ ਸਿਰਜਨਾ ਕਰਨਾ ਆਪਣੇ ਆਪ ਵਿਚ ਵਿਲੱਖਣ ਹੈ। ਜਿਵੇਂ ਇਸ ਨਾਵਲ ਵਿਚ ਪੁਲਿਸ ਦੀ ਤਫ਼ਤੀਸ਼ ਦੌਰਾਨ ਵੱਖ-ਵੱਖ ਮੁਹੱਲਿਆਂ ਵਿਚ ਰਹਿੰਦੇ ਵੱਖਰੇ-ਵੱਖਰੇ ਕਿਰਦਾਰ ਸਾਹਮਣੇ ਆਉਂਦੇ ਹਨ।

"ਜਿਸ ਮਾਡਲ ਟਾਊਨ ਨੂੰ ਅਫ਼ਸਰ ਭਲਾ ਮਾਣਸ ਗਿਣਦੇ ਹਨ, ਉਥੇ ਸਭ ਤੋਂ ਵੱਧ ਠੱਗੀਆਂ ਹੁੰਦੀਆਂ ਹਨ। ਬਹੁਤਾ ਫਿਕਰ ਉਸਨੂੰ ਬਿਉਪਾਰ ਮੰਡਲ ਦੇ ਪ੍ਰਧਾਨ ਤੋਂ ਸੀ। ਉਸਨੇ ਗੈਸ ਸਲੰਡਰਾਂ ਦੀ ਬਲੈਕ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਕੀਤਾ ਹੋਇਆ ਹੈ। ਸੱਠਾਂ ਵਾਲਾ ਸਲੈਂਡਰ ਇਕ ਸੌ ਸੱਠਾਂ ਵਿਚ ਵੇਚਦਾ ਹੈ... ਪੰਜ ਸੌ ਵਾਲਾ ਹਜ਼ਾਰ ਨੂੰ ਦਿੰਦਾ ਹੈ।"[19]

ਸਾਂਸੀਆਂ ਦੀਆਂ ਕੁੱਲੀਆਂ ਵਿਚ ਉਸਨੂੰ ਬਾਬੂ ਅਤੇ ਘੀਲੇ ਤੋਂ ਡਰ ਸੀ ਚੰਗਾ ਹੋਵੇ ਜੇ ਆਪ ਤਾਂ ਘਰ ਹੋਣ ਪਰ ਚੋਰੀ ਦਾ ਮਾਲ ਘਰ ਨਾ ਹੋਵੇ...। ਘੀਲੇ ਤੇ ਬਾਬੂ ਨੇ ਚੋਰੀ ਦਾ ਨਵਾਂ ਢੰਗ ਕੱਢਿਆ ਹੋਇਆ ਹੈ। ਉਹ ਸੇਠਾਂ ਦੇ ਪਾੜ ਲਾਉਂਦੇ ਹਨ। ਬੀਮੇ ਵਾਲੇ ਜਾਂ ਬੈਂਕ ਮੈਨੇਜਰ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਹੁੰਦੇ ਹਨ।"[20]

"ਵਾਣ ਵੱਟਣਿਆਂ ਦੀ ਬਸਤੀ ਵਿਚ ਵੀ ਇਹੋ ਹਾਲ ਸੀ। ਭਾਨਾ ਤੇ ਸਾਧੂ ਟਰੱਕ ਡਰਾਈਵਰ ਹਨ ਅਤੇ ਨਵੀਂ ਹੀ ਕਿਸਮ ਦੀ ਠੱਗੀ ਮਾਰਦੇ ਹਨ। ਟਰੱਕਾਂ ਵਿਚੋਂ ਮਾਲ ਖਿਸਕਾ ਲੈਂਦੇ ਹਨ। ਕਿਸੇ ਦੇ ਕੱਪੜੇ ਦੀ ਗੰਢ ਲਾਹ ਲਈ, ਕਿਸੇ ਦੀ ਚਾਹ ਦੀ ਪੇਟੀ ਅਤੇ ਕਿਸੇ ਦੀ ਲੌਂਗਾਂ ਦੀ ਬੋਰੀ।"[21]

ਉਪਰੋਕਤ ਵੇਰਵਿਆਂ ਤੋਂ ਜਿਥੇ ਵੱਖ-ਵੱਖ ਵਰਗਾਂ ਦੇ ਲੋਕਾਂ ਦੇ ਵੱਖ-ਵੱਖ ਕਿੱਤਿਆਂ ਬਾਰੇ ਪਤਾ ਲਗਦਾ ਹੈ ਉਥੇ ਇਹ ਸਪੱਸ਼ਟ ਹੁੰਦਾ ਹੈ ਕਿ ਮਾਡਲ ਟਾਊਨ ਵਿਚ ਤਲਾਸ਼ੀ ਕਰਦੀ ਪੁਲਿਸ ਰਾਹੀਂ ਨਾਵਲਕਾਰ ਇਕ ਤਰ੍ਹਾਂ ਨਾਲ ਪੂੰਜੀਵਾਦੀ ਸਮਾਜ ਦਾ ਗਲਪ ਚਿੱਤਰ ਪੇਸ਼ ਕਰਦਾ ਹੈ ਅਤੇ ਅਮੀ ਚੰਦ ਦੁਆਰਾ ਕੀਤੀ ਤਲਾਸ਼ੀ ਦੌਰਾਨ ਪੂੰਜੀਵਾਦੀ ਸਮਾਜ ਵਿਚ ਵੱਖ-ਵੱਖ ਕਿਰਦਾਰਾਂ ਦੇ ਵੱਖ-ਵੱਖ ਚਰਿਤਰਾਂ ਦੀ ਪੇਸ਼ਕਾਰੀ ਹੁੰਦੀ ਹੈ। ਗੱਜਨ ਸਿੰਘ ਵੱਲੋਂ ਜਿਨਾਂ ਥਾਵਾਂ ਦੀ ਤਫ਼ਤੀਸ਼ ਕੀਤੀ ਜਾਂਦੀ ਹੈ ਉਹਨਾਂ ਵਿਚੋਂ ਅਗਵਾੜ ਕੁਸ਼ਟ ਆਸ਼ਰਮਾਂ ਵਿਚ ਨਰਕ ਰੂਪੀ ਜੀਵਨ ਦਾ ਵੇਰਵਾ ਮਿਲਦਾ ਹੈ। ਨਾਵਲਕਾਰ ਦੀ ਪ੍ਰਾਪਤੀ ਇਹ ਹੈ ਕਿ ਉਹ ਲਾਲਾ ਹਰਦਿਆਲ, ਜੋ ਸ਼ਹਿਰ ਦੀ ਜਾਣੀ-ਪਹਿਚਾਣੀ ਹਸਤੀ ਹੈ, ਦਾ ਪੋਤਾ ਅਗਵਾ ਹੋਣ ਦੀ ਘਟਨਾ ਰਾਹੀਂ ਸ਼ਹਿਰ ਦੀ ਹਰ ਗਲੀ, ਹਰ ਬੰਦਾ ਅਤੇ ਹਰ ਸੰਸਥਾ ਉਸ ਨਾਲ ਹਮਦਰਦੀ ਕਰਨਾ ਚਾਹੁੰਦੀ ਹੈ, ਨੂੰ ਵਿਅੰਗ ਨਾਲ ਚਿਤਰਦਾ ਹੈ। ਜਦੋਂ ਲਾਲੇ ਨਾਲ ਹਮਦਰਦੀ ਜਤਾਉਣ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ ਤਾਂ ਲੋਕਾਂ ਦੀ ਗਿਣਤੀ ਇਸ ਤਰ੍ਹਾਂ ਵਧਦੀ ਹੈ :

"ਅੱਧੀ ਰਾਤ ਤੱਕ ਉਨ੍ਹਾਂ ਦੇ ਕਾਫ਼ਲੇ ਦੀ ਗਿਣਤੀ ਸੌ ਤੱਕ ਅੱਪੜ ਗਈ। ਕਾਫ਼ਲੇ ਵਿਚ ਜੇ ਕਈ ਕਰੋੜਪਤੀ ਸ਼ਾਮਿਲ ਸਨ ਤਾਂ ਸਫ਼ਾਈ ਵਰਕਰ ਵੀ। ਕੁਸ਼ਟ-ਆਸ਼ਰਮ ਦਾ ਚੌਧਰੀ ਵੀ ਸਾਂਸੀਆਂ ਦਾ ਨੰਬਰਦਾਰ ਵੀ। ਟਰੱਕਾਂ ਵਾਲੇ ਵੀ ਅਤੇ ਰਿਕਸ਼ਿਆਂ ਵਾਲੇ ਵੀ।

ਸੇਵਾ ਸੰਮਤੀ ਵਾਲੇ ਵੀ ਅਤੇ ਮਹਾਂਬੀਰ ਦਲ ਵਾਲੇ ਵੀ, ਮਿਸਤਰੀ ਵੀ ਅਤੇ ਮਾਲਕ ਵੀ। ...ਇਹ ਨਿਰਾ ਦਿਖਾਵਾ ਹੈ। ਇਸਦਾ ਲਾਲਾ ਜੀ ਨੂੰ ਕੀ ਫ਼ਾਇਦਾ ਹੈ। ਹਰ ਕੋਈ ਦੂਜੇ ਨੂੰ ਕੂਹਣੀ ਮਾਰ ਕੇ ਲਾਲਾ ਜੀ ਅੱਗੇ ਜਾ ਖਲੋਂਦਾ ਹੈ। ਦੂਸਰਾ ਧੱਕਾ ਮਾਰ ਕੇ ਉਸ ਤੋਂ ਅੱਗੇ ਹੋ ਜਾਂਦਾ ਹੈ।"[22]

ਸੋ ਨਾਵਲਕਾਰ ਨੇ ਕਲਾਤਮਕ ਸੂਝ ਨਾਲ ਇਕ ਘਟਨਾ ਰਾਹੀਂ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਅਨੇਕਾਂ ਵਰਗਾਂ ਨੂੰ ਸਾਕਾਰ ਰੂਪ ਵਿਚ ਚਿਤਰਿਆ ਹੈ। ਇਥੋਂ ਤੱਕ ਹੀ ਨਹੀਂ ਸਗੋਂ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਆਦਿ ਥਾਂਵਾਂ ਤੇ ਔਰਤਾਂ ਸਮੇਤ ਟੋਲੇ ਬਣਾ ਕੇ ਅਨੇਕਾਂ ਚਿੱਤਰ ਪਾਠਕਾਂ ਸਾਹਮਣੇ ਵਿਅੰਗ ਰੂਪ ਵਿਚ ਪੇਸ਼ ਕੀਤੇ ਹਨ।

"ਰੈਲਫ਼ ਫ਼ਾੱਕਸ ਦਾ ਵਿਚਾਰ ਹੈ, "ਨਾਵਲਕਾਰ ਉਦੋਂ ਤੱਕ ਆਪਣੀ ਵਿਅਕਤੀਗਤ ਹੋਣੀ ਦੀ ਕਹਾਣੀ ਨਹੀਂ ਲਿਖ ਸਕਦਾ ਜਦੋਂ ਤੱਕ ਉਸ ਕੋਲ ਸਮੁੱਚਤਾ ਦੀ ਅਡੋਲ ਮਹਾਂਦ੍ਰਿਸ਼ਟੀ ਨਾ ਹੋਵੇ।"[23]

ਮੀਤ ਕੋਲ ਇਹ ਅਡੋਲ ਮਹਾਂ-ਦ੍ਰਿਸ਼ਟੀ ਹੈ ਜਿਸਨੇ ਦਿਸਦੀ ਦੁਨੀਆਂ ਨੂੰ ਸਿਰਜਿਤ ਦੁਨੀਆਂ ਵਿਚ ਢਾਲਿਆ ਹੈ ਜੋ ਉਪਰੋਂ ਇਕ ਅਰਥੀ ਜਾਪਦੀ ਹੈ ਪਰੰਤੂ ਵਿਚੋਂ ਬਹੁਅਰਥੀ ਹੈ। ਨਾਵਲਕਾਰ ਆਪਣੇ ਜੀਵਨ ਅਨੁਭਵ ਰਾਹੀਂ ਉਸ ਸੱਚ ਨੂੰ ਪੇਸ਼ ਕਰਨਾ ਚਾਹੁੰਦਾ ਹੈ ਜੋ ਸਮਾਜ, ਵਰਤਮਾਨ ਸਮੇਂ ਅਤੇ ਸਥਿਤੀ ਰਾਹੀਂ ਦਿਸ ਰਿਹਾ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸਦੇ ਵਿਅੰਗਭਾਵੀ ਗਲਪ ਦੀ ਵਿਧੀ ਪੇਸ਼ਕਾਰੀ ਤੋਂ ਬਿਨਾਂ ਜੁਰਅਤ ਅਤੇ ਸਾਹਸ ਦੀ ਡੂੰਘੀ ਸੋਝੀ ਨਾਲ ਜੁੜਦੀ ਹੈ। ਨਾਵਲਕਾਰ ਇੰਦਰ ਸਿੰਘ ਖਾਮੋਸ਼ ਦੇ ਵਿਚਾਰ ਇਸ ਨਾਵਲ ਬਾਰੇ ਇਹ ਹਨ :

"ਵਿਸ਼ੇ, ਵਿਸਥਾਰ, ਵਿਸ਼ਲੇਸ਼ਣ ਅਤੇ ਪੁਲਿਸ ਕਿਰਦਾਰ ਸੰਬੰਧੀ ਜਾਣਕਾਰੀ ਦੇ ਪੱਖੋਂ ਇਹ ਨਾਵਲ ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਵਿਸ਼ੇ ਉਪਰ ਨਾਵਲਕਾਰ ਦੀ ਕੇਵਲ ਪਕੜ ਹੀ ਮਜ਼ਬੂਤ ਨਹੀਂ ਸਗੋਂ ਇਸਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਵਿਚ ਵੀ ਉਸਨੇ ਕਮਾਲ ਦੀ ਮੁਹਾਰਤ ਦਾ ਸਬੂਤ ਦਿੱਤਾ ਹੈ।"[24]

ਨਾਵਲ ਦੇ ਸ਼ੁਰੂ ਤੋਂ ਲੈ ਕੇ ਨਾਵਲ ਦੇ ਅੰਤ ਤੱਕ ਪੁਲਿਸ ਅਧਿਕਾਰੀ ਆਪਣੀਆਂ ਤਰੱਕੀਆਂ ਅਤੇ ਪਦਵੀਆਂ ਬਰਕਰਾਰ ਰੱਖਣ ਲਈ ਜਿਆਦਾ ਯਤਨਸ਼ੀਲ ਹਨ, ਪਰੰਤੂ ਬੰਟੀ ਦੇ ਅਗਵਾਕਾਰ ਨੂੰ ਲੱਭਣ ਲਈ ਘੱਟ ਚਿੰਤਾ ਕਰਦੇ ਹਨ। ਜਿਵੇਂ ਮਨਬੀਰ ਸੋਚਦਾ ਹੈ:

"ਅਸਲੀ ਨਾ ਵੀ ਲੱਭੇ ਤਾਂ ਕੀ ਹੈ, ਦੋ ਚਾਰ ਹੋਰਾਂ ਨੂੰ ਗੱਡੀ ਚੜ੍ਹਾ ਦੇਵੇਗਾ। ਅੱਗੇ ਕਿਹੜਾ ਅਫ਼ਸਰਾਂ ਦੇ ਇਸ਼ਾਰਿਆਂ ਤੇ ਬੰਦੇ ਮਾਰੇ ਨਹੀਂ। ਇਕ ਦੋ ਆਪਣੇ ਲਈ ਮਾਰ ਦਿੱਤੇ ਤਾਂ ਕਿਹੜਾ ਪਹਾੜ ਡਿੱਗ ਪੈਣੈ।"[25]

ਮਨਬੀਰ ਆਪਣੀ ਪਦਵੀ ਸਬ-ਇੰਸਪੈਕਟਰ ਵਾਲੀ ਤੋਂ ਸੰਤੁਸ਼ਟ ਨਹੀਂ। ਉਹ ਡਿਪਟੀ ਬਣਨਾ ਚਾਹੁੰਦਾ ਹੈ, ਉਸਨੂੰ ਬੰਟੀ ਦੇ ਕੇਸ ਨਾਲ ਕੋਈ ਮਤਲਬ ਨਹੀਂ। ਇਸੇ ਤਰ੍ਹਾਂ ਨੌਨਿਹਾਲ ਡਿਪਟੀ ਆਪਣੇ ਦੁਸ਼ਮਣਾਂ ਨਾਲ ਰੰਜ਼ਿਸ਼ ਕੱਢਣ ਲਈ ਇਸ ਕੇਸ ਨੂੰ ਖੁਸ਼ ਹੋ ਕੇ ਆਪਣੇ

ਹੱਥ ਲੈਂਦਾ ਹੈ। ਉਸਨੂੰ ਵੀ ਬੰਟੀ ਦੇ ਅਗਵਾ ਦੀ ਕੋਈ ਤਲਾਸ਼ ਨਹੀਂ ਸਗੋਂ ਆਪਣੇ ਦੁਸ਼ਮਣਾਂ ਦੀ ਸੂਚੀ ਤਿਆਰ ਕਰਦਾ ਹੈ ਜੋ ਉਸਨੂੰ ਕੁਝ ਨਹੀਂ ਸਮਝਦੇ ਸਨ। ਕਹਿਣ ਤੋਂ ਭਾਵ ਹਰ ਮਹੀਨੇ ਦਾ ਹਿੱਸਾ-ਪੱਤੀ ਨਹੀਂ ਦਿੰਦੇ ਪਰੰਤੂ ਨਜਾਇਜ਼ ਧੰਦੇ ਜ਼ਰੂਰ ਕਰਦੇ ਹਨ। ਅਜਿਹੇ ਪਾਤਰਾਂ ਰਾਹੀਂ ਨਾਵਲਕਾਰ ਬੜੇ ਵਿਸਥਾਰ ਅਤੇ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਪੁਲਿਸ ਪ੍ਰਬੰਧ ਨੂੰ ਪਾਠਕਾਂ ਸਾਹਮਣੇ ਦਿਸਦੇ ਅਣਦਿਸਦੇ ਕਿਰਦਾਰਾਂ ਨੂੰ ਰੂਪਮਾਨ ਕਰਦਾ ਹੈ। ਐਸ.ਐਚ.ਓ. ਪ੍ਰੀਤਮ ਸਿੰਘ ਇਸ ਕਰਕੇ ਦੁਖੀ ਹੈ ਕਿ ਤਲਾਸ਼ੀ ਲੈਣ ਦਾ ਕੰਮ ਬਾਹਰੋਂ ਆਈ ਫੋਰਸ ਨੂੰ ਕਿਉਂ ਸੌਂਪਿਆ ਗਿਆ ਕਿਉਂਕਿ ਉਸਨੂੰ ਡਰ ਹੈ ਕਿ ਕਿਤੇ ਉਸਦੀ ਪਾਰਟੀ ਦੇ ਬੰਦੇ ਹੀ ਨਾ ਫੜੇ ਜਾਣ ਜੋ ਉਸਨੂੰ ਨਜਾਇਜ਼ ਧੰਦਿਆਂ ਕਾਰਨ ਮਹੀਨਾ ਦਿੰਦੇ ਹਨ। ਏ.ਐਸ.ਆਈ. ਗੱਜਨ ਸਿੰਘ ਅਜਿਹੀ ਕਿਸਮ ਦਾ ਪਾਤਰ ਹੈ ਜੋ ਬਿਨਾਂ ਤਲਾਸ਼ੀ ਲਏ ਹੀ 'ਸਭ ਹੱਛਾ' ਦੀ ਰਿਪੋਰਟ ਭੇਜ ਦਿੰਦਾ ਹੈ। ਉਹ ਆਪਣੀ ਵਰਦੀ ਨੂੰ ਚੁੰਬਕੀ ਸੂਈ ਦੀ ਤਰ੍ਹਾਂ ਸਮਝਦਾ ਹੈ ਜਿਸ ਪਿੱਛੇ ਪੈਸੇ ਆਪ ਭੱਜੇ ਆਉਂਦੇ ਹਨ। ਥਾਣੇਦਾਰ ਬੂਝਾ ਸਿੰਘ ਨੂੰ ਬੰਟੀ ਦੇ ਅਗਵਾਹਾਂ ਵਿਚ ਕੋਈ ਦਿਲਚਸਪੀ ਨਹੀਂ ਸਗੋਂ ਉਹ ਆਪਣੀ ਗੱਡੀ ਲੀਹ ਤੇ ਲੈ ਕੇ ਆਉਣੀ ਚਾਹੁੰਦਾ ਹੈ।

ਇਸ ਤਰ੍ਹਾਂ ਇਸ ਨਾਵਲ ਵਿਚ ਇਕ ਸੌ ਸੱਤਰ ਦੇ ਕਰੀਬ ਪਾਤਰਾਂ ਵਿਚੋਂ ਤੀਹ ਪੰਜਾਬ ਪੁਲਿਸ ਦੇ ਪ੍ਰਬੰਧ ਨਾਲ ਸੰਬੰਧਿਤ ਪੁਲਿਸ ਪ੍ਰਬੰਧ ਦੀ ਕਾਰਗੁਜ਼ਾਰੀ ਨੂੰ ਰੂਪਮਾਨ ਕਰਦੇ ਹਨ ਜਿਨ੍ਹਾਂ ਵਿਚ ਐਸ.ਪੀ. ਖਾਨ ਅਤੇ ਸਬ ਇੰਸਪੈਕਟਰ ਅਮੀ ਚੰਦ ਨੂੰ ਛੱਡ ਕੇ ਬਾਕੀ ਸਭ ਇਕੋ ਥੈਲੀ ਦੇ ਵੱਟੇ ਹਨ ਜਿਨਾਂ ਬਾਰੇ ਲੋਕਾਂ ਦੇ ਇਹ ਵਿਚਾਰ ਹਨ :

"ਪੁਲਿਸ ਵਾਲੇ ਘਰੇ ਵੜ ਜਾਣ ਤਾਂ ਚੋਰਾਂ ਨਾਲੋਂ ਵੱਧ ਲੁਟਦੇ ਹਨ। ਚੋਰ ਤਾਂ ਚੋਰੀ ਛੁਪੇ ਚੋਰੀ ਕਰਦਾ ਹੈ, ਇਹ ਸਾਹਮਣੇ ਹੀ ਸਮਾਨ ਚੁੱਕ ਤੁਰਦੇ ਹਨ।"[26]

ਨਾਵਲਕਾਰ ਆਪਣੇ ਅਨੁਭਵ ਰਾਹੀਂ ਇਹ ਦਰਸਾਉਂਦਾ ਹੈ ਕਿ ਬੰਟੀ ਦੇ ਕੇਸ ਬਹਾਨੇ ਪੁਲਿਸ ਕਰਮਚਾਰੀ ਆਪਣੇ-ਆਪਣੇ ਹਿੱਤਾਂ ਦੀ ਪੂਰਤੀ ਲਈ ਆਪਣੇ ਅਹੁਦਿਆਂ ਦੀ ਵਰਤੋਂ ਕਰਦੇ ਹਨ। ਪੁਲਿਸ ਪ੍ਰਬੰਧ ਅਤੇ ਸਮਾਜ ਦੇ ਉਹਨਾਂ ਵਰਗਾਂ ਦੀਆਂ ਲੁਕੀਆਂ ਹੋਈਆਂ ਪਰਤਾਂ ਇਸੇ ਤਫ਼ਤੀਸ਼ ਰਾਹੀਂ ਹੀ ਖੁਲ੍ਹਦੀਆਂ ਹਨ ਜਿਨ੍ਹਾਂ ਨੂੰ ਸਮਾਜ ਵਿਚ ਇੱਜ਼ਤਦਾਰ, ਪੈਸੇ ਵਾਲੇ, ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਹੋਣ ਕਰਕੇ ਆਮ ਲੋਕ ਉਹਨਾਂ ਦੀ ਇੱਜ਼ਤ ਕਰਦੇ ਹਨ। ਇਸ ਬਾਰੇ ਟਿੱਪਣੀ ਕਰਦਿਆਂ ਹੋਇਆਂ ਡਾ. ਸੁਖਦੇਵ ਸਿੰਘ ਖਾਹਰਾ ਲਿਖਦੇ ਹਨ :

"ਤਫ਼ਤੀਸ਼ ਵਿਚ ਅਮਨ, ਕਾਨੂੰਨ ਅਤੇ ਸੁਰੱਖਿਅਤਾ ਲਈ ਕਾਇਮ ਕੀਤੇ ਗਏ ਇਸ ਮਹਿਕਮੇ ਦੀ ਕਾਰਗੁਜ਼ਾਰੀ ਉਪਰ ਪਏ ਪਰਦੇ ਨੂੰ ਜਿਸ ਬੇਬਾਕੀ ਨਾਲ ਹਟਾਇਆ ਗਿਆ ਹੈ, ਪੰਜਾਬੀ ਗਲਪ ਵਿਚ ਇਸਦੀ ਮਿਸਾਲ ਮਿਲਣੀ ਅਸੰਭਵ ਹੈ। ਸਬ ਇੰਸਪੈਕਟਰ ਅਮੀ ਚੰਦ ਅਤੇ ਐਸ.ਪੀ.ਖਾਨ ਦੇ ਪਾਤਰਾਂ ਨੂੰ ਛੱਡ ਕੇ ਇਸ ਮਹਿਕਮੇ ਦੇ ਸਾਰੇ ਪਾਤਰ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਲਗਾਤਾਰ ਧਸਦੇ ਜਾਂਦੇ ਹਨ। ਇਹ ਭ੍ਰਿਸ਼ਟਾਚਾਰ ਇਹਨਾਂ ਪਾਤਰਾਂ ਦੇ ਜੀਵਨ ਦਾ ਏਨਾ ਸੁਭਾਵਿਕ ਅੰਗ ਬਣ ਗਿਆ ਹੈ ਕਿ ਇਸਦੇ ਸਨਮੁੱਖ ਇਸ ਮਹਿਕਮੇ

ਦੇ ਅਮਨ, ਕਾਨੂੰਨ ਅਤੇ ਸੁਰੱਖਿਅਤਾ ਨਾਲ ਜੁੜੇ ਆਦਰਸ਼ ਉਪਹਾਸ ਲਗਦੇ ਹਨ। ਨਾਵਲ ਵਿਚ ਇਸ ਮਹਿਕਮੇ ਦੇ ਪਾਤਰਾਂ ਨੂੰ ਅਗਵਾ ਹੋਏ ਬੱਚੇ ਦੀ ਤਫ਼ਤੀਸ਼ ਦਾ ਕੰਮ ਸੌਂਪਿਆ ਜਾਂਦਾ ਹੈ ਪਰ ਉਹਨਾਂ ਦੀ 'ਕਾਰਜ ਕੁਸ਼ਲਤਾ' ਉਲਟ ਦਿਸ਼ਾਵਾਂ ਵਿਚ ਪ੍ਰਗਟ ਹੁੰਦੀ ਹੈ। ਨਤੀਜੇ ਵਜੋਂ ਫਿਰ 'ਕਾਰਜ ਕੁਸ਼ਲਤਾ' ਤਫ਼ਤੀਸ਼ ਨਾ ਰਹਿ ਕੇ ਇਸਦੀ ਪੈਰੋਡੀ ਬਣ ਜਾਂਦੀ ਹੈ।"[27]

ਸੋ ਪੁਲਿਸ ਪ੍ਰਬੰਧ ਉੱਪਰ ਮੁੱਖ ਮੰਤਰੀ ਦੇ ਭੋਗ ਤੱਕ ਬੰਟੀ ਦੇ ਅਗਵਾਹਾਂ ਨੂੰ ਫੜਨ ਦਾ ਹੁਕਮ ਅਤੇ ਪੁਲਿਸ ਪ੍ਰਬੰਧ ਦੀ ਗ਼ੈਰ-ਜਿੰਮੇਵਾਰੀ ਨਾਲ ਨਿਭਾਈ ਡਿਊਟੀ ਰਾਹੀਂ ਤਫ਼ਤੀਸ਼ ਸਿਰੇ ਨਾ ਚੜ੍ਹਦੀ ਹੋਣ ਕਾਰਨ ਪੁਲਿਸ ਬੜੀ ਚੁਸਤੀ ਨਾਲ ਦੋ ਛੋਟੀਆਂ-ਮੋਟੀਆਂ ਚੋਰੀਆਂ ਕਰਨ ਵਾਲੇ ਹਿਸਟਰੀ-ਸੀਟਰਾਂ ਨੂੰ ਇਸ ਕੇਸ ਕਾਂਡ ਵਿਚ ਉਹਨਾਂ ਤੇ ਅਗਵਾ ਕਰਨ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਦੀ ਹੈ ਜਿਸਨੂੰ ਨਾਵਲਕਾਰ ਨੇ ਨਾਟਕੀ ਰੂਪ ਵਿਚ ਬੜੇ ਵਿਅੰਗ ਨਾਲ ਪਾਠਕਾਂ ਸਾਹਮਣੇ ਸਾਕਾਰ ਕੀਤਾ ਹੈ :

"ਸਵੇਰੇ ਚਾਰ ਕੁ ਵਜੇ ਸੀਟੀਆਂ ਮਾਰਦੀਆਂ ਗੱਡੀਆਂ ਸਾਰੇ ਸ਼ਹਿਰ ਵਿਚ ਭਜਾਈਆਂ ਗਈਆਂ। ਫੇਰ ਖ਼ਬਰ ਆਈ ਕਿ ਮੁਕਾਬਲੇ ਵਿਚ ਭਾਰੀ ਫਾਇਰਿੰਗ ਹੋ ਰਹੀ ਹੈ। ... ਉਧਰ ਜਾਣ ਵਾਲੀ ਬੱਸਾਂ, ਕਾਰਾਂ ਨੂੰ ਦੂਜੇ ਰਸਤੇ ਜਾਣ ਦਾ ਹੁਕਮ ਹੋਇਆ... ਕਾਤਲਾਂ ਕੋਲ ਪਤਾ ਨਹੀਂ ਕਿੰਨਾ ਕੁ ਅਸਲਾ ਹੈ ? ਖ਼ਤਮ ਹੋਣ ਵਿਚ ਹੀ ਨਹੀਂ ਆਉਂਦਾ। ...ਉਨ੍ਹਾਂ ਨੂੰ ਕਾਬੂ ਕਰਨ ਲਈ ਘੰਟਾ ਡਿਪਟੀ ਨੂੰ ਵੀ ਜੂਝਣਾ ਪਿਆ। ਸ਼ੁਕਰ ਸੀ ਕਿ ਮੁਜ਼ਰਮ ਜਿੰਦਾ ਹੱਥ ਲੱਗ ਗਏ ਸਨ, ਨਹੀਂ ਤਾਂ ਪੁੱਛ-ਗਿੱਛ ਨਹੀਂ ਸੀ ਹੋ ਸਕਦੀ।"[28]

ਸੋ ਨਾਵਲਕਾਰ ਵਿਅੰਗ ਨਾਲ ਚਿਤਰਦਾ ਹੈ ਕਿ ਝੂਠੇ ਪੁਲਿਸ ਮੁਕਾਬਲੇ ਰਾਹੀਂ ਨਿਰਦੋਸ਼ ਪਾਲੇ ਤੇ ਜੀਤੇ ਨੂੰ ਅਗਵਾਕਾਰ ਬਣਾ ਕੇ ਗ੍ਰਿਫ਼ਤਾਰ ਕਰਕੇ ਪੁਲਿਸ ਥਾਣੇ ਤੋਂ ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ ਹੈ ਤੇ ਉਥੇ ਸਰਕਾਰੀ ਵਕੀਲ ਦੇ ਤੌਰ ਤੇ ਗੁਰਮੀਤ ਨੂੰ ਬੁਲਾਇਆ ਜਾਂਦਾ ਹੈ ਤੇ ਉਹ ਮਿਸਲ ਮੰਗਦਾ ਹੈ ਤਾਂ ਕਿ ਉਹ ਸਫ਼ਾਈ ਧਿਰ ਦੇ ਵਕੀਲ ਨੂੰ ਮਾਤ ਪਾ ਸਕੇ। ਉਧਰੋਂ ਬਾਬੇ ਗੁਰਦਿੱਤ ਦੁਆਰਾ ਬਣਾਈ ਲੋਕ ਸੰਘਰਸ਼ ਸੰਮਤੀ ਪਾਲੇ ਤੇ ਮੀਤੇ ਦੇ ਗ੍ਰਿਫ਼ਤਾਰ ਕੀਤੇ ਜਾਣ ਦੇ ਵਿਰੁੱਧ ਨਾਅਰੇ ਲਾਉਂਦੀ ਹੈ ਜਿਸਦਾ ਅਸਰ ਗੁਰਮੀਤ ਤੇ ਵੀ ਪੈਂਦਾ ਹੈ। ਉਹ ਨਿਰਦੋਸ਼ ਪਾਲੇ ਤੇ ਮੀਤੇ ਤੇ ਲੱਗੇ ਝੂਠੇ ਕੇਸ ਨੂੰ ਲੜਨ ਤੋਂ ਨਾਂਹ ਕਰ ਦਿੰਦਾ ਹੈ :

"ਬਿਨਾਂ ਮਿਸਲ ਪੜ੍ਹੇ ਉਹ ਅੰਦਰ ਜਾ ਕੇ ਬਹਿਸ ਕਰੇਗਾ ?... ਖਾਲੀ ਹੱਥ ਮੈਂ ਕਚਹਿਰੀ 'ਚ ਡੁਗਡੁਗੀ ਵਜਾਊਂ।"[29]

"ਮੈਂ ਇਸ ਝੂਠ ਦੇ ਪਲੰਦੇ ਤੇ ਦਸਖ਼ਤ ਨਹੀਂ ਕਰਨੇ। ਕਿਸੇ ਹੋਰ ਸਰਕਾਰੀ ਵਕੀਲ ਤੋਂ ਦਸਖ਼ਤ ਕਰਾ ਲੈ।"[30]

ਉਪਰੋਕਤ ਵੇਰਵਿਆਂ ਰਾਹੀਂ ਨਾਵਲਕਾਰ ਇਸ ਲੋਕਤੰਤਰ ਚੌਗਿਰਦੇ ਵਿਚ ਪੁਲਿਸ ਅਤੇ ਪ੍ਰਸ਼ਾਸਨਿਕ ਤਾਨਾਸ਼ਾਹੀ ਨੂੰ ਬੇਨਕਾਬ ਕਰਦਾ ਹੈ ਜਦੋਂ ਸਰਕਾਰੀ ਵਕੀਲ ਗੁਰਮੀਤ ਇਹ ਕਦਮ ਚੁੱਕਦਾ ਹੈ :

"ਉਤਸ਼ਾਹ ਨਾਲ ਭਰੇ ਗੁਰਮੀਤ ਨੇ ਕਾਗਜ਼ ਚੁੱਕਿਆ, ਅਸਤੀਫ਼ਾ ਲਿਖਿਆ ਅਤੇ ਲਫ਼ਾਫ਼ਾ ਪੋਸਟ ਕਰਨ ਲਈ ਨਾਇਬ ਕੋਰਟ ਨੂੰ ਡਾਕਖਾਨੇ ਭੇਜ ਕੇ ਉਹ ਛੋਟੇ-ਛੋਟੇ ਕਦਮ ਪੁੱਟਦਾ ਸੰਮਤੀ ਦੇ ਜਲਸੇ ਵੱਲ ਵੱਧਣ ਲੱਗਾ।"[31]

ਇਥੇ ਨਾਵਲਕਾਰ ਦਾ ਪ੍ਰਗਤੀਵਾਦੀ ਵਿਚਾਰਧਾਰਾ ਪ੍ਰਤੀ ਝੁਕਾਉ ਵੀ ਨਜ਼ਰ ਆਉਂਦਾ ਹੈ ਤੇ ਸਰਕਾਰੀ ਵਕੀਲ ਗੁਰਮੀਤ ਦਾ ਅਸਤੀਫ਼ਾ ਦੇ ਕੇ 'ਬਾਬੇ' ਦੀ ਲੋਕ ਸੰਘਰਸ਼ ਸੰਮਤੀ ਕਾਮਿਆਂ ਨਾਲ ਮਿਲ ਜਾਣਾ ਵੀ ਭ੍ਰਿਸ਼ਟ ਤੇ ਜ਼ਾਲਮ ਨਿਜਾਮ ਵਿਰੁੱਧ ਬਗਾਵਤ ਜਾਪਦੀ ਹੈ।

ਨਾਵਲਕਾਰ ਮੂਲ ਰੂਪ ਵਿਚ ਪ੍ਰਗਤੀਵਾਦੀ ਸੋਚ ਦਾ ਧਾਰਨੀ ਹੈ ਜੋ ਇਸ ਨਾਵਲ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਜਿਸ ਵਿਚ ਉਸਨੇ ਹਰ ਤਰ੍ਹਾਂ ਦੇ ਤਬਕੇ ਦੀ ਗੱਲ ਕੀਤੀ ਹੈ। ਉਹ ਅਮੀਰ ਹੋਵੇ, ਚਾਹੇ ਗਰੀਬ ਹੋਵੇ ਤੇ ਭਾਵੇਂ ਕਾਨੂੰਨ ਨਾਲ ਸੰਬੰਧਿਤ ਹੋਵੇ ਤੇ ਭਾਵੇਂ ਕਿਸੇ ਹੋਰ ਕਿੱਤੇ ਨਾਲ ਜੁੜਿਆ ਹੋਵੇ, ਸਭ ਤੇ ਵਿਸਥਾਰਪੂਰਵਕ ਝਾਤ ਪਾਈ ਹੈ। ਜਿਸ ਕਰਕੇ ਨਾਵਲ ਦਾ ਵਿਸ਼ਾ ਸਮਾਜ ਦੇ ਯਥਾਰਥ ਨੂੰ ਵੀ ਨਾਲ ਲੈ ਕੇ ਤੁਰਦਾ ਹੈ ਜੋ ਹਰ ਥਾਂ ਤੋਂ ਭ੍ਰਿਸ਼ਟ ਹੋ ਚੁੱਕਿਆ ਹੈ ਤੇ ਸਮਾਜ ਦੇ ਹਰ ਵਿਅਕਤੀ ਨੂੰ ਅਪਰਾਧ ਕਰਨ ਦੀ ਹੱਲਾਸ਼ੇਰੀ ਦੇ ਰਿਹਾ ਹੈ ਜਿਸ ਕਾਰਨ ਵਰਤਮਾਨ ਸਮੇਂ ਵਿਚ ਵੱਡੇ-ਵੱਡੇ ਅਹੁਦੇ ਸਮਾਜ ਦੀ ਲੁੱਟ ਖਸੁੱਟ ਦਾ ਅੱਡਾ ਬਣ ਚੁੱਕੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਨੇ ਮਾਸੂਮ ਬੱਚੇ ਬੰਟੀ ਨੂੰ ਅਗਵਾ ਕਰਨ ਦੀ ਘਟਨਾ ਰਾਹੀਂ ਪੁਲਿਸ ਦੇ ਹਰ ਕਰਮਚਾਰੀ ਦੀ ਹਰ ਸਰਕਾਰੀ ਅਧਿਕਾਰੀ ਦੀ ਇਥੋਂ ਤੱਕ ਕਿ ਸਿਆਸਤ ਦੀ ਦਖ਼ਲ-ਅੰਦਾਜ਼ੀ ਦੀ ਤਫ਼ਤੀਸ਼ ਨੂੰ ਆਪਣਾ ਵਿਸ਼ਾ ਬਣਾਇਆ ਹੈ ਜਿਸ ਰਾਹੀਂ ਇਹ ਸਾਬਤ ਕੀਤਾ ਹੈ ਕਿ ਸਿਆਸੀ ਦਖ਼ਲ-ਅੰਦਾਜ਼ੀ ਨੇ ਵੀ ਪੁਲਿਸ ਪ੍ਰਬੰਧ ਨੂੰ ਖੋਖਲਾ ਤੇ ਨਿਕੰਮਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਹੈ। ਜਿਸ ਕਰਕੇ ਪੁਲਿਸ ਅਤੇ ਰਾਜਨੀਤੀ ਦੇ ਅਜਿਹੇ ਮਿਲਾਪ ਨੇ ਸਮੁੱਚੀ ਵਿਵਸਥਾ ਦੀ ਰਗ-ਰਗ ਵਿਚ ਭ੍ਰਿਸ਼ਟਾਚਾਰੀ ਤੇ ਲੁੱਟ-ਖਸੁੱਟ ਦੀ ਭਰਮਾਰ ਦਿਖਾਈ ਹੈ, ਜੋ ਸਮਾਜ ਦੀ ਹਰ ਪਰਤ ਤੇ ਪਹਿਰਾ ਦੇ ਰਹੀ ਹੈ। ਸਮਾਜ ਦੀਆਂ ਅਜਿਹੀਆਂ ਪਰਤਾਂ ਤੋਂ ਵੀ ਪਰਦਾ ਚੁੱਕਦਾ ਹੈ ਜਿਨ੍ਹਾਂ ਵਿਚ ਬੇਰੁਜ਼ਗਾਰੀ, ਮੁਕਾਬਲੇ ਦੀ ਭਾਵਨਾ ਵਿਚ ਮਰ ਰਿਹਾ ਛੋਟੇ ਧੰਦਿਆਂ ਦਾ ਮਾਲਕ, ਆਰਥਿਕ ਪੱਖ ਤੋਂ ਪਛੜੇ ਉਹ ਲੋਕ ਜੋ ਧਰਮ ਦੀ ਜਾਂ ਜ਼ੁਰਮ ਦੀ ਪਨਾਹ ਲੈਂਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਆਪਣੇ ਵਿਸ਼ੇ ਪੱਖੋਂ ਨਿਵੇਕਲਾ ਤੇ ਆਪਣੇ ਵਿਸ਼ੇ ਨੂੰ ਵਿਸਥਾਰਪੂਰਵਕ ਪੇਸ਼ ਕਰਨ ਵਾਲਾ, ਆਲੋਚਕਾਂ ਤੇ ਪਾਠਕਾਂ ਵਿਚ ਮਕਬੂਲ ਹੋਣ ਵਾਲਾ ਪੰਜਾਬੀ ਦਾ ਪਹਿਲਾ ਨਾਵਲ ਹੈ।

### (ਸ) ਕਟਹਿਰਾ-ਭਾਰਤੀ ਨਿਆਂ ਵਿਵਸਥਾ ਦਾ ਪ੍ਰਤਿਬਿੰਬਤ ਰੂਪ

'ਕਟਹਿਰਾ' (1993) ਮੀਤ ਦਾ ਚੌਥਾ ਨਾਵਲ ਹੈ ਜਿਸਦੀ ਸ਼ੁਰੂਆਤ ਤਫ਼ਤੀਸ਼ ਦੇ ਖ਼ਤਮ ਹੋਣ ਤੋਂ ਹੁੰਦੀ ਹੈ। ਜਿਥੇ ਤਫ਼ਤੀਸ਼ ਨਾਵਲ ਬੰਟੀ ਨਾਂ ਦੇ ਬੱਚੇ ਦੇ ਅਗਵਾ ਤੇ ਕਤਲ ਹੋਣ ਦੀ ਘਟਨਾ ਦੁਆਰਾ ਹਰਕਤ ਵਿਚ ਆਉਂਦੀ ਪੁਲਿਸ ਦਾ ਚਿਤਰਨ ਹੈ, ਉਥੇ

'ਕਟਹਿਰਾ' ਨਾਵਲ ਪੁਲਿਸ ਤੋਂ ਅੱਗੇ ਪਾਲੇ ਤੇ ਮੀਤੇ ਵਰਗੇ ਬੇਗੁਨਾਹਾਂ ਨੂੰ ਸਜ਼ਾ ਦੇਣ ਤੇ ਕਚਹਿਰੀ ਸਿਸਟਮ ਦੇ ਥੀਮ ਦੁਆਲੇ ਘੁੰਮਦਾ ਹੈ।

ਡਾ. ਹਰਿਭਜਨ ਸਿੰਘ ਭਾਟੀਆ ਆਪਣੇ ਇਕ ਲੇਖ ਵਿਚ ਲਿਖਦਾ ਹੈ ਕਿ "ਤਫ਼ਤੀਸ਼ ਨਾਵਲ ਪੁਲਿਸ ਸਭਿਆਚਾਰ ਦੀਆਂ ਦਿਸਦੀਆਂ ਅਣਦਿਸਦੀਆਂ ਪਰਤਾਂ ਨੂੰ ਮਹੀਨ ਦ੍ਰਿਸ਼ਟੀ ਨਾਲ ਫਰੋਲਦਾ ਹੈ ਅਤੇ ਇਹੋ ਕਾਰਨ ਹੈ ਲੇਖਕ ਨੇ 'ਕਟਹਿਰਾ' ਨਾਵਲ ਵਿਚ ਨਿਆਂਪਾਲਿਕਾ ਦੇ ਸੰਦਰਭ ਵਿਚ ਦੇਖਣਾ ਹੈ। 'ਕਟਹਿਰਾ' ਨਾਵਲ ਵਿਚ ਪੁਲਿਸ ਸਭਿਆਚਾਰ ਪਿੱਠ-ਭੂਮੀ ਵਿਚ ਚਲਾ ਗਿਆ ਅਤੇ ਨਿਆਂ ਪ੍ਰਣਾਲੀ ਅਗਰਭੂਮੀ ਵਿਚ ਆ ਗਈ।"[32]

ਸੋ ਨਾਵਲਕਾਰ ਨੇ ਇਸ ਨਾਵਲ ਵਿਚ ਇਕ ਅਣਛੋਹੇ ਵਿਸ਼ੇ ਦਾ ਗਹਿਨ ਸੰਰਚਨਾ ਵਾਲਾ ਵਿਸਥਾਰ ਦ੍ਰਿਸ਼ਟਮਾਨ ਕੀਤਾ ਹੈ। ਇਸ ਵਿਚ ਭਾਰਤੀ ਅਦਾਲਤੀ ਪ੍ਰਬੰਧ ਦਾ ਬੜੀ ਸੂਝ ਨਾਲ ਬੜੀ ਬਾਰੀਕੀ ਤੋਂ ਵਿਸਥਾਰਪੂਰਵਕ ਵਰਨਣ ਕੀਤਾ ਹੈ। ਡਾ. ਟੀ.ਆਰ.ਵਿਨੋਦ ਨੇ ਕਿਹਾ ਹੈ, "ਕਟਹਿਰਾ ਵਿਚ ਇਸ ਪ੍ਰਣਾਲੀ ਦੇ ਅਦਾਲਤੀ ਪ੍ਰਪੰਚ ਦੀ ਪਰਖ ਪੜਤਾਲ ਕੀਤੀ ਗਈ ਹੈ।"[33]

ਮਿੱਤਰ ਸੈਨ ਮੀਤ ਕੋਲ ਵਰਤਮਾਨ ਨਿਆਂ-ਵਿਵਸਥਾ ਦਾ ਡੂੰਘਾ ਅਨੁਭਵ ਤਾਂ ਹੈ ਹੀ; ਉਸ ਕੋਲ ਇਸ ਵਿਵਸਥਾ ਦੇ ਅੰਦਰਲੇ ਨੂੰ ਫਰੋਲਣ ਵਾਲੀ ਤੀਜੀ ਅੱਖ ਵੀ ਹੈ ਅਤੇ ਆਪਣੀ ਪਰਖ-ਪੜਤਾਲ ਨੂੰ ਗਲਪੀ-ਬਿੰਬ ਵਿਚ ਢਾਲ ਸਕਣ ਦੇ ਯੋਗ ਮਸ਼ਕਰੀ ਦੀ ਵਿਧਾ ਵੀ।"[34]

ਇਸ ਨਾਵਲ ਦਾ ਮੁੱਖ ਵਿਸ਼ਾ ਅਦਾਲਤੀ-ਪ੍ਰਣਾਲੀ ਦੀ ਦਿਸਦੀ ਅਤੇ ਅਣਦਿਸਦੀ ਘਪਲੇਬਾਜ਼ੀ ਨੂੰ ਉਜਾਗਰ ਕਰਨਾ ਹੈ। ਇਸ ਨਾਵਲ ਦੀ ਸ਼ੁਰੂਆਤ ਨਿਰਦੋਸ਼ਾਂ ਨੂੰ ਅਦਾਲਤ ਵਿਚ ਪੇਸ਼ ਕਰਨ ਤੋਂ ਸ਼ੁਰੂ ਹੁੰਦੀ ਹੈ ਜੋ ਕਿ ਉਹਨਾਂ ਨੂੰ ਫਾਂਸੀ ਦੇਣ ਨਾਲ ਇਸ ਨਾਵਲ ਦਾ ਅੰਤ ਹੁੰਦਾ ਹੈ ਇਸ ਕਰਕੇ ਅਮਰਜੀਤ ਗਰੇਵਾਲ ਨੇ ਕਿਹਾ ਹੈ :

" 'ਇਨਸਾਫ' ਇਸ ਨਾਵਲ ਦਾ ਮੁੱਖ ਪਾਤਰ ਹੈ, ਇਸ ਕਹਾਣੀ ਦਾ ਦੁਖਾਂਤ ਨਾਇਕ। ਭ੍ਰਿਸ਼ਟਾਚਾਰ, ਪ੍ਰਜੀਵਤਾ ਅਤੇ ਪ੍ਰਾਧੀਨਤਾ ਆਦਿ ਭਾਰਤੀ ਨਿਆਂ ਪ੍ਰਬੰਧ ਵਿਚ ਵਾਪਰਨ ਵਾਲੇ ਇਸ ਦੁਖਾਂਤ ਦੇ ਖਲਨਾਇਕ ਹਨ।...ਇਸਦੇ ਇਰਦ ਗਿਰਦ ਭ੍ਰਿਸ਼ਟ ਅਦਾਲਤੀ ਪ੍ਰਣਾਲੀ ਅਤੇ ਉਸਦੇ ਚਾਰੇ ਪਾਸੇ ਪਸਰੀਆਂ ਹੋਈਆਂ ਨਿਜ਼ਾਮ ਦੀਆਂ ਹੋਰ ਤੰਦਾਂ ਨੂੰ ਖਲਨਾਇਕ ਦੇ ਰੂਪ ਵਿਚ ਮੂਰਤੀਮਾਨ ਬਣਾਇਆ ਗਿਆ ਹੈ।"[35]

ਤਫ਼ਤੀਸ਼ ਦੌਰਾਨ ਤਫ਼ਤੀਸ਼ੀਆਂ ਦੇ ਕਾਰਨਾਮਿਆਂ ਤੋਂ ਲੈ ਕੇ ਅਦਾਲਤ ਦੇ ਸਮੁੱਚੇ ਅਮਲੇ ਜਿਵੇਂ ਜੱਜ, ਵਕੀਲ, ਗਵਾਹ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਅੰਗਾਂ, ਰਾਜਨੀਤੀਵਾਨਾਂ ਆਦਿ ਦੇ ਸਮੁੱਚੇ ਮਾਮਲੇ ਤੋਂ ਇਹਨਾਂ ਪਿਛੇ ਕਾਰਜਸ਼ੀਲ ਸ਼ਕਤੀਆਂ ਦੀ ਪਰਤ-ਦਰ-ਪਰਤ ਅਸਲੀਅਤ ਉਘਾੜਦਾ ਹੋਇਆ ਨਾਵਲਕਾਰ ਭਾਰਤੀ ਨਿਆਂ ਪ੍ਰਣਾਲੀ ਦਾ ਮਹਾਂਚਿੱਤਰ ਪਾਠਕਾਂ ਸਾਹਮਣੇ ਉਜਾਗਰ ਕਰਦਾ ਹੈ। ਜਦੋਂ ਮੇਜਰ ਸਿੰਘ ਤੇ ਅਲਿਹਮਦ ਵਿਚਕਾਰ ਗੱਲਬਾਤ ਹੁੰਦੀ ਹੈ :

"ਹਾਂ ਛੋਟੇ ਵੀਰ, ਅੱਜ ਬੰਟੀ ਕਤਲ ਕੇਸ ਦਾ ਫਾਹਾ ਵੱਢਣੈ। ਹੱਥਲੇ ਕਾਗਜ਼ਾਂ ਨੂੰ ਠੀਕ ਕਰਦੇ ਥਾਣੇਦਾਰ ਨੇ ਆਪਣੇ ਆਉਣ ਦਾ ਮਕਸਦ ਦੱਸਿਆ, ਨਾਲੇ ਰਮਜ਼ ਨਾਲ ਸਮਝਾਇਆ ਕਿ ਇਹ ਵਾਧੂ ਅਤੇ ਵਗਾਰੀ ਕੇਸ ਹੈ। ਇਸ ਵਿਚ ਬਹੁਤੀ ਆਸ ਨਾ ਰੱਖੋ।"[36]

ਨਾਵਲਕਾਰ ਨੇ ਇਸ ਸੰਦਰਭ ਵਿਚ ਪੁਲਿਸ ਕਿਰਦਾਰ ਦੇ ਨਾਲ ਵਕੀਲਾਂ ਦੇ ਜੀਵਨ ਨੂੰ ਚਿਤਰਦਿਆਂ ਸਮੁੱਚੀ ਵਿਵਸਥਾ ਦੇ ਅਣਮਨੁੱਖੀ ਚਰਿੱਤਰ ਨੂੰ ਉਘਾੜਿਆ ਹੈ ਜੋ ਆਪਣੀਆਂ-ਆਪਣੀਆਂ ਚਾਲਾਂ ਰਾਹੀਂ ਇਕ ਦੂਜੇ ਤੇ ਭਾਰੂ ਪੈਂਦੇ ਹਨ ਜਿਸਦਾ ਨਾਵਲਕਾਰ ਇਸ ਪ੍ਰਕਾਰ ਵਰਨਣ ਕਰਦਾ ਹੈ :

"ਨਾ ਨਾਜ਼ਰ ਨੇ ਉਸਦੇ ਹੱਥ ਤੇ ਕੁਝ ਧਰਿਆ ਸੀ, ਨਾ ਸਰਕਾਰੀ ਵਕੀਲ ਨੇ ਚਲਾਨ ਦਰਾਜ਼ੋਂ ਬਾਹਰ ਕੱਢਿਆ ਸੀ। ਤਿੰਨਾਂ ਦਿਨਾਂ ਤੋਂ ਉਹ ਜਿਥੇ ਪਿਆ ਸੀ ਉਥੇ ਹੀ ਪਿਆ ਸੀ।"[37]

ਉਕਤ ਪ੍ਰਸੰਗ ਰਾਹੀਂ ਨਾਵਲਕਾਰ ਰਿਸ਼ਵਤ ਰਾਹੀਂ ਹੁੰਦੇ ਹਰ ਕੰਮ ਦੀ ਤਸਵੀਰ ਨੂੰ ਰੂਪਮਾਨ ਕਰਦਾ ਹੋਇਆ ਲੋਕਾਂ ਦੀ ਆਸ ਵਜੋਂ ਜਾਣੇ ਜਾਂਦੇ ਨਿਆਂ-ਪ੍ਰਬੰਧ ਦੇ ਨਿਰਪੱਖ ਅਤੇ ਇਨਸਾਫ਼ ਪਸੰਦ ਹੋਣ ਦੀ ਮਿੱਥ ਨੂੰ ਤੋੜਦਾ ਹੈ। ਅਦਾਲਤੀ ਪ੍ਰਣਾਲੀ ਵਿਚ ਰਿਸ਼ਵਤਖੋਰੀ ਦੇ ਇਕ ਤੋਂ ਵਧੇਰੇ ਤਰੀਕੇ ਰੂਪਮਾਨ ਹੁੰਦੇ ਹਨ। ਜੇਕਰ ਪੈਸੇ ਸਿੱਧੇ ਰੂਪ ਵਿਚ ਨਹੀਂ ਮਿਲਦੇ ਤਾਂ ਕਿਸੇ ਵੱਡੇ ਅਫ਼ਸਰ ਨੂੰ ਆਪਣੇ ਛੋਟੇ ਮੁਲਾਜ਼ਮ ਕੋਲੋਂ ਵਗਾਰ ਪਾ ਕੇ ਕੰਮ ਕਰਵਾਇਆ ਜਾਂਦਾ ਹੈ ਚਾਹੇ ਉਹ ਸ਼ਰਾਬ ਦੇ ਰੂਪ ਵਿਚ ਹੀ ਕਿਉਂ ਨਾ ਮਿਲੇ :

"ਇਨਸਾਫ਼ ਦੀ ਤੱਕੜੀ ਦੇ ਦੋ ਤਰਾਜ਼ੂਆਂ ਦਾ ਨਸ਼ੇ ਨੇ ਬੁਰਾ ਹਾਲ ਕਰ ਰੱਖਿਆ ਸੀ। ਉਨ੍ਹਾਂ ਦੀਆਂ ਅੱਖਾਂ ਸੂਹੀਆਂ ਹੋ ਗਈਆਂ ਸਨ। ਹੱਥ ਦੀ ਪਕੜ ਢਿੱਲੀ ਪੈ ਗਈ ਸੀ। ਗਰਦਨ ਮੋਢਿਆਂ ਤੋਂ ਬਾਗੀ ਸੀ... ਸੈਣੀ ਦੀ ਪਗ ਦਾ ਲੜ ਖੁੱਲ੍ਹ ਗਿਆ ਸੀ... ਬੋਲ ਥਿਰਕ ਰਹੇ ਸਨ।"38

ਆਮ ਜਨਤਾ ਤੋਂ ਵਸੂਲੇ ਪੈਸਿਆਂ ਰਾਹੀਂ ਪੁਲਿਸ ਅਧਿਕਾਰੀ ਤੇ ਵਕੀਲ ਇਸ ਤਰ੍ਹਾਂ ਨਸ਼ਿਆਂ ਵਿਚ ਗੜੁੱਚ ਰਹਿ ਕੇ ਸਾਡੇ ਦੇਸ਼ ਦੇ ਪ੍ਰਸ਼ਾਸਨ ਨੂੰ ਚਲਾਉਂਦੇ ਹਨ। ਨਾਵਲ ਦੇ ਅਨੇਕਾਂ ਵਕੀਲ ਜੱਜ ਪੈਸੇ ਕਾਰਨ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾ ਦਿੰਦੇ ਹਨ। ਨਾਵਲਕਾਰ ਦੀ ਵਿਸ਼ੇਸ਼ਤਾ ਅਜਿਹੀਆਂ ਪਰਸਥਿਤੀਆਂ ਰਾਹੀਂ ਸਮੁੱਚੇ ਅਦਾਲਤੀ ਵਿਵਹਾਰ ਦੀਆਂ ਚਾਲਕ ਸ਼ਕਤੀਆਂ ਨੂੰ ਪੂਰੀ ਵਿਵਸਥਾ ਦੀ ਬਣਤਰ ਨਾਲ ਜੋੜ ਕੇ ਰੂਪਮਾਨ ਕਰਨ ਵਿਚ ਹੈ।

ਨਾਵਲ ਵਿਚ ਮੁਜ਼ਰਮਾਂ ਪਾਲੇ ਤੇ ਮੀਤੇ ਦੇ ਪਿਛੋਕੜ ਰਾਹੀਂ ਉਹਨਾਂ ਦੇ ਚੋਰ ਬਣਨ ਦੇ ਹਾਲਾਤ ਅਤੇ ਸਥਿਤੀ ਨੂੰ ਉਹਨਾਂ ਦੇ ਇਤਿਹਾਸਕ ਤਰਕ ਰਾਹੀਂ ਪ੍ਰਸਤੁਤ ਕਰਦਾ ਹੋਇਆ ਨਾਵਲਕਾਰ ਲੋਕ-ਪੱਖੀ ਸ਼ਕਤੀਆਂ ਦੀ ਰੂਪ-ਰੇਖਾ ਅਤੇ ਕਾਰਜਸ਼ੀਲਤਾ ਨੂੰ ਵੀ ਰੂਪਮਾਨ ਕਰਦਾ ਹੈ, ਜੋ ਨਿਰਦੋਸ਼ਾਂ ਨੂੰ ਬਚਾਉਣ ਲਈ ਜਥੇਬੰਦਕ ਰੂਪ ਵਿਚ ਅੱਗੇ ਵਧਦੀਆਂ ਹਨ।

ਨਾਵਲਕਾਰ ਨੇ ਪਾਲੇ ਤੇ ਮੀਤੇ ਦੇ ਕਿਰਦਾਰ ਰਾਹੀਂ ਇਹ ਧਾਰਨਾ ਪੇਸ਼ ਕੀਤੀ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਇਸ ਜਬਰਦਸਤੀ ਨੂੰ ਆਪਣੇ ਉਪਰ ਹੰਢਾ ਰਹੇ ਹਨ ਕਿ

ਸੱਚੇ ਬੰਦੇ ਦਾ ਕਦੇ ਵਾਲ ਵੀ ਵਿੰਗਾ ਨਹੀਂ ਹੁੰਦਾ। ਉਹਨਾਂ ਨੂੰ ਸਿਰਫ਼ ਰੱਬ ਤੇ ਭਰੋਸਾ ਹੈ ਪਰੰਤੂ ਪੁਲਿਸ ਪ੍ਰਬੰਧ ਤੇ ਕੋਰਟ ਕਚਹਿਰੀਆਂ ਦਾ ਤੰਦੂਆ ਜਾਲ ਉਹਨਾਂ ਨੂੰ ਆਪਣੀ ਤਰੱਕੀ, ਆਪਣੀ ਸ਼ਾਨ ਤੇ ਆਪਣੇ ਅਹੁਦੇ ਲਈ ਹੀ ਦੋਸ਼ੀ ਕਰਾਰ ਦੇਣ ਵਿਚ ਆਪਣੀ ਡਿਊਟੀ ਸਮਝਦੇ ਹਨ। ਮੀਤ ਨੇ ਪਹਿਲੀ ਵਾਰ ਨਾਵਲ ਵਿਚ ਪਾਲੇ ਤੇ ਮੀਤੇ ਵਰਗੇ ਚੁੱਪ ਚੁਪੀਤੇ ਨਾਇਕਾਂ ਨੂੰ ਪੇਸ਼ ਕੀਤਾ ਹੈ। ਬੇਸ਼ੱਕ 'ਤਫ਼ਤੀਸ਼' ਨਾਵਲ ਵਾਂਗ ਬਹੁਤ ਸਾਰੇ ਪਾਤਰ ਰਿਸ਼ਵਤ ਤੇ ਭ੍ਰਿਸ਼ਟਾਚਾਰ ਨੂੰ ਅੰਦਰੋ-ਅੰਦਰੀ ਗ੍ਰਹਿਣ ਕਰਦੇ ਹਨ ਪਰੰਤੂ ਪਿਆਰੇ ਲਾਲ ਵਰਗੇ ਪਾਤਰਾਂ ਦੇ ਰੂਪ ਵਿਚ ਨਾਵਲਕਾਰ ਨੇ ਮੱਧ ਸ਼੍ਰੇਣੀ ਦੇ ਲਿਆਕਤ ਅਤੇ ਯੋਗਤਾ ਭਰਪੂਰ ਅਜਿਹੇ ਪਾਤਰਾਂ ਦੀ ਨੁਹਾਰ ਵੀ ਉਲੀਕੀ ਹੈ, ਜਿਸਨੂੰ ਆਪਣੀ ਯੋਗਤਾ ਦਿਖਾਉਣ ਦਾ ਮੌਕਾ ਨਹੀਂ ਮਿਲਦਾ। ਅਜਿਹੇ ਪਾਤਰ ਆਪਣੀ ਮਿਹਨਤ ਮੁਸ਼ੱਕਤ ਨਾਲ ਆਪਣੇ ਸਮਾਜਿਕ ਰੁਤਬੇ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਬਾਰੇ ਡਾ. ਹਰਿਭਜਨ ਸਿੰਘ ਭਾਟੀਆ ਲਿਖਦੇ ਹਨ :

"ਇਹ ਪਾਤਰ ਸਾਡੀ ਉਸ ਨੌਜਵਾਨ ਪੀੜ੍ਹੀ ਦਾ ਚਿਹਨਕ ਹੈ ਜਿਹੜੀ ਆਪਣੀ ਲਿਆਕਤ ਨਾਲ ਕੁਝ ਤਾਂ ਕਰਨਾ ਚਾਹੁੰਦੀ ਹੈ ਪਰੰਤੂ ਉਸਨੂੰ ਜਾਂ ਤਾਂ ਯੋਗਤਾ ਦਿਖਾਉਣ ਦਾ ਮੌਕਾ ਹੀ ਨਹੀਂ ਮਿਲਦਾ ਅਤੇ ਜੇਕਰ ਥੋੜ੍ਹਾ ਬਹੁਤ ਮਿਲਦਾ ਵੀ ਹੈ ਤਾਂ ਪਰਸਥਿਤੀਆਂ ਦੀ ਕਰੂਰਤਾ ਤੇ ਪ੍ਰਬੰਧ ਦੀ ਕਪਟਤਾ ਉਹਨਾਂ ਦਾ ਮੋਹ ਭੰਗ ਕਰ ਦਿੰਦੀ ਹੈ।"[39]

ਸੋ ਅਜਿਹੇ ਪਾਤਰਾਂ ਰਾਹੀਂ ਨਾਵਲਕਾਰ ਜਿੰਦਾਦਿਲੀ ਵਾਲੇ, ਲਿਆਕਤ ਤੇ ਯੋਗਤਾ ਰੱਖਣ ਵਾਲੇ ਆਟੇ ਵਿਚ ਲੂਣ ਸਮਾਨ ਪਾਤਰ ਰਾਹੀਂ ਇਹ ਦਰਸਾਉਂਦਾ ਹੈ ਕਿ ਸਾਡੇ ਸਮਾਜ ਵਿਚ ਇਮਾਨਦਾਰ ਤੇ ਬਿਨਾਂ ਰਿਸ਼ਵਤ ਮਿਹਨਤ ਨਾਲ ਕੰਮ ਕਰਨ ਵਾਲੇ ਗਿਣਤੀ ਦੇ ਲੋਕ ਹੀ ਹਨ।

ਨਾਵਲ ਦੇ ਤੀਜੇ ਭਾਗ ਵਿਚ ਨਾਵਲਕਾਰ ਲੋਕ ਪੱਖੀ ਧਿਰ ਦੇ ਜੋਸ਼ ਨੂੰ ਪੇਸ਼ ਕਰਦਾ ਹੈ ਜੋ ਨਿਰਦੋਸ਼ ਵਿਅਕਤੀਆਂ ਦਾ ਕੇਸ ਲੜਦੀ ਹੈ। ਇਹ ਧਿਰ ਆਪਣੀ ਕੁਸ਼ਲਤਾ ਨਾਲ ਅਦਾਲਤ ਪ੍ਰਣਾਲੀ ਦੇ ਅਦਿਸਦੇ ਪੱਖਾਂ ਨੂੰ ਪਾਠਕਾਂ ਸਾਹਮਣੇ ਰੂਪਮਾਨ ਕਰਦੀ ਹੈ। ਇਸ ਬਗਾਵਤ ਨਾਲ ਹੀ ਇਨਸਾਫ਼ ਮਿਲਣ ਦੀ ਆਸ ਬੱਝਦੀ ਹੈ ਜਿਨ੍ਹਾਂ ਦੀ ਸ਼ਕਤੀ ਨੂੰ ਵੇਖ ਕੇ ਸਟੇਟ ਹਰਕਤ ਵਿਚ ਆਉਂਦੀ ਹੈ ਅਤੇ ਆਪਣੇ ਜੱਜ ਮੋਤਾ ਸਿੰਘ ਦੀ ਮੱਦਦ ਨਾਲ ਲੋਕ-ਪੱਖੀ ਸ਼ਕਤੀਆਂ ਦੀ ਤਾਕਤ ਨੂੰ ਨਿਕਾਰਦੀ ਹੋਈ ਫੈਸਲਾ ਨਿਰਦੋਸ਼ਾਂ ਦੇ ਖਿਲਾਫ਼ ਕਰ ਦਿੰਦੀ ਹੈ। ਨਾਵਲਕਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਉਸਨੇ ਅਜਿਹੇ ਪਾਤਰਾਂ ਦੀ ਦੁਚਿੱਤੀ ਦੇ ਮਾਧਿਅਮ ਰਾਹੀਂ ਵਿਵਸਥਾ ਦੀਆਂ ਮੁੱਖ ਚਾਲਕ ਸ਼ਕਤੀਆਂ ਪੈਸਾ, ਰੁਤਬਾ ਤੇ ਭਾਈ-ਭਤੀਜਾਵਾਦ ਆਦਿ ਦੀ ਨਿਸ਼ਾਨਦੇਹੀ ਕਰਦਿਆਂ ਵਕੀਲਾਂ, ਜੱਜਾਂ ਦੇ ਚਰਿੱਤਰ ਦਾ ਵਰਨਣ ਕੀਤਾ ਹੈ। ਜਿਵੇਂ ਨਾਵਲ ਦਾ ਪਾਤਰ ਭੰਡਾਰੀ ਵਕੀਲ ਵੀ ਪੈਸਾ ਲੈਣ ਦੀ ਬਜਾਇ ਆਪਣੀ ਖ਼ੂਬ ਚਰਚਾ ਕਰਵਾਉਣੀ ਚਾਹੁੰਦਾ ਹੈ।

ਸੋ ਨਾਵਲਕਾਰ ਨੇ ਇਸ ਨਾਵਲ ਵਿਚ ਅਦਾਲਤੀ ਪ੍ਰਣਾਲੀ ਦੇ ਸੰਦਰਭ ਵਿਚ ਮਾਨਵੀ ਕਦਰਾਂ-ਕੀਮਤਾਂ ਦੀ ਅਜਿਹੀ ਤਸਵੀਰਕਸ਼ੀ ਕੀਤੀ ਹੈ ਕਿ ਦੁਨੀਆਂ ਦਾ ਹਰ ਰਿਸ਼ਤਾ ਪੈਸੇ

ਦੁਆਲੇ ਘੁੰਮਦਾ ਨਜ਼ਰ ਆਉਂਦਾ ਹੈ। ਦੁਨੀਆਂ ਦੀ ਹਰ ਸ਼ੈਅ ਪੈਸੇ ਦੀ ਮੰਡੀ ਬਣੀ ਹੋਈ ਹੈ, ਇਥੇ ਬੰਦੇ ਦੀ ਕੀਮਤ ਉਸਦੇ ਰੁਤਬੇ ਨਾਲ ਪੈਂਦੀ ਹੈ, ਜਿਵੇਂ ਵਿਅੰਗਮਈ ਢੰਗ ਨਾਲ ਨਾਵਲਕਾਰ ਲਿਖਦਾ ਹੈ :

"ਜੱਜ ਬਣਦਿਆਂ ਹੀ ਗੋਬਿੰਦ ਗੜ੍ਹ ਦੇ ਸਨਅਤਕਾਰਾਂ ਨੇ ਨਾਥ ਸਾਹਿਬ ਖਰੀਦ ਲਿਆ। ਪੰਜ ਲੱਖ, ਕਾਰ ਅਤੇ ਕੁੜੀ ਦੇ ਕੇ।"[40] ਇਸ ਤਰ੍ਹਾਂ ਇਸ ਨਾਵਲ ਦਾ ਪਾਤਰ ਮੋਤਾ ਸਿੰਘ ਵੀ ਇਵੇਂ ਹੀ ਸੋਚਦਾ ਹੈ :

"ਜੇ ਮੋਤਾ ਸਿੰਘ ਜੱਜ ਨਾ ਹੁੰਦਾ ਤਾਂ ਉਸਦੇ ਧੀਆਂ ਪੁੱਤਾਂ ਨਾ ਇੱਡੇ ਰੁਤਬਿਆਂ ਤੇ ਪੁੱਜ ਸਕਦੇ ਨਾ ਇੱਡੇ ਘਰ ਵਿਆਹੇ ਜਾਂਦੇ...ਰਿਸ਼ਤਾ ਕਰਨ ਲੱਗਿਆਂ ਰਿਸ਼ਤੇਦਾਰਾਂ ਨੇ ਉਸਦੇ ਸਿਆੜ ਥੋੜ੍ਹਾ ਦੇਖੇ ਸਨ। ਰੁਤਬਾ ਦੇਖਿਆ ਸੀ।"[41]

ਅਜਿਹੇ ਪਾਤਰਾਂ ਰਾਹੀਂ ਨਾਵਲਕਾਰ ਇਹ ਦਰਸਾਉਂਦਾ ਹੈ ਕਿ ਜੋ ਖ਼ੁਦ ਭੀ ਰੁਤਬਿਆਂ ਨੂੰ ਪ੍ਰਾਪਤ ਕਰਨ ਲਈ ਪੈਸਿਆਂ, ਰਿਸ਼ਤਿਆਂ ਨੂੰ ਨਾਪਦੇ ਤੋਲਦੇ ਹਨ ਉਹ ਇਨਸਾਫ਼ ਕਿਸ ਤਰ੍ਹਾਂ ਕਰ ਸਕਦੇ ਹਨ। ਅਜਿਹੇ ਪੈਸੇ ਵਾਲੇ ਲੋਕਾਂ ਨੂੰ ਹੀ ਸਮਾਜ ਵਿਚ ਈਮਾਨਦਾਰ ਤੇ ਇੱਜ਼ਤਦਾਰ ਮੰਨਿਆ ਜਾਂਦਾ ਹੈ। 'ਕਟਹਿਰਾ' ਨਾਵਲ ਵਿਚ ਪਿਆਰੇ ਲਾਲ ਅਜਿਹੇ ਕਿਰਦਾਰ ਵਾਲਾ ਪਾਤਰ ਹੈ ਜੋ ਅਦਾਲਤ ਵਿਚ ਹੋ ਰਹੀ ਬੇਇਨਸਾਫ਼ੀ ਤੋਂ ਦੁਖੀ ਹੋ ਕੇ ਬਗਾਵਤ ਦਾ ਝੰਡਾ ਚੁੱਕ ਕੇ ਆਮ ਲੋਕਾਂ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ। ਉਹ ਦੁਬਿਧਾ ਵਿਚ ਪਿਆ ਗੁੱਸੇ ਨਾਲ ਆਪਣਾ ਕਾਲਾ ਕੋਟ ਉਤਾਰ ਕੇ ਜੱਜ ਦੇ ਪੈਰਾਂ ਵਿਚ ਸੁੱਟ ਦਿੰਦਾ ਹੈ ਅਤੇ ਆਪ ਭੀੜ ਵਿਚ ਸ਼ਾਮਿਲ ਹੋ ਜਾਂਦਾ ਹੈ। ਇਸ ਤਰ੍ਹਾਂ ਜੱਜ ਮੋਤਾ ਸਿੰਘ ਇਹ ਜਾਣਦੇ ਹੋਇਆਂ ਵੀ ਕੁਝ ਨਹੀਂ ਕਰ ਸਕਦਾ ਕਿ ਨਿਰਦੋਸ਼ ਪਾਲੇ ਤੇ ਮੀਤੇ ਨਾਲ ਵਧੀਕੀ ਹੋ ਰਹੀ ਹੈ ਸਗੋਂ ਉਹ ਵਧੀਕੀ ਕਰ ਰਹੀ ਨਿਆਂਪਾਲਿਕਾ ਦਾ ਹੀ ਪੱਖ ਪੂਰਦਾ ਹੋਇਆ ਆਪਣੀ ਆਤਮਾ ਦੇ ਖਿਲਾਫ਼ ਫੈਸਲਾ ਸੁਣਾ ਦਿੰਦਾ ਹੈ।

ਸੋ ਨਾਵਲਕਾਰ ਨੇ ਅਦਾਲਤੀ ਪ੍ਰਣਾਲੀ ਦੇ ਵਿਸ਼ੇ ਰਾਹੀਂ ਸਮੁੱਚੇ ਪ੍ਰਸ਼ਾਸਨ ਵਿਚ ਫੈਲੇ ਭ੍ਰਿਸ਼ਟਾਚਾਰ, ਵਿਭਿੰਨ-ਵਿਭਿੰਨ ਅਹੁਦਿਆਂ ਤੇ ਪਹੁੰਚੇ ਅਫ਼ਸਰਾਂ, ਉਨ੍ਹਾਂ ਦੁਆਰਾ ਕੀਤੇ ਜਾਂਦੇ ਕਾਰਜਾਂ ਦਾ ਵਿਅੰਗਮਈ ਚਿਹਨ ਦਰਸਾਇਆ ਹੈ ਜੋ ਸਾਨੂੰ ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਸਾਡੇ ਦੇਸ਼ ਦੇ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ, ਨੈਤਿਕ ਆਦਿ ਸਾਰੇ ਪੱਖਾਂ ਤੋਂ ਗਿਰਾਵਟ ਵੱਲ ਜਾਣ ਦਾ ਮੂਲ ਕਾਰਨ ਇਹ ਭ੍ਰਿਸ਼ਟ ਅਫ਼ਸਰਸ਼ਾਹੀ ਹੀ ਹੈ ਜੋ ਹਰ ਮਨੁੱਖ ਨੂੰ ਆਪਣੇ ਵਿਚ ਦਬੋਚ ਲੈਣ ਦੀ ਸਮਰੱਥਾ ਰੱਖਦੀ ਹੈ।

### (ਹ) ਕੌਰਵ ਸਭਾ : ਸਮਕਾਲੀ ਯਥਾਰਥ ਦਾ ਬਹੁ-ਪਾਸਾਰੀ ਬਿੰਬ (ਮਿੱਥ ਦੇ ਸੰਦਰਭ ਵਿਚ)

ਪੰਜਾਬੀ ਸਾਹਿਤਕ ਖੇਤਰ ਵਿਚ ਨਾਵਲ ਹੀ ਇਕ ਅਜਿਹਾ ਸਾਹਿਤਕ ਰੂਪ ਹੈ ਜੋ ਸਮਾਜ ਦੇ ਕਿਸੇ ਵੀ ਪੱਖ ਨੂੰ ਆਪਣੇ ਘੇਰੇ ਵਿਚ ਸਮਾ ਸਕਣ ਦੀ ਸਮਰੱਥਾ ਰੱਖਦਾ ਹੈ, ਜੋ ਮਨੁੱਖੀ ਮਨੋਵੇਗਾਂ ਦੇ ਕਾਰਜਾਂ ਨੂੰ ਵਿਸ਼ਾਲ ਰੂਪ ਵਿਚ ਦਰਸਾਉਣ ਦੀ ਤਰਜਮਾਨੀ ਕਰਦਾ ਹੋਇਆ ਸਮੁੱਚੇ ਸਮਾਜ ਦੀ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿਸ ਨੂੰ ਪਾਠਕ ਪੜ੍ਹ ਕੇ

ਇਕ ਨਾਵਲ ਦੇ ਤੌਰ ਤੇ ਨਹੀਂ ਸਗੋਂ ਆਪਣੇ ਆਪ ਨੂੰ ਸਮੁੱਚੇ ਸਮਾਜ ਵਿਚ ਵਿਚਰ ਰਿਹਾ ਪ੍ਰਤੀਤ ਕਰਦਾ ਹੈ ਕਿਉਂਕਿ ਇਥੇ ਉਸਦੀ ਸਾਂਝ ਕੇਵਲ ਨਾਵਲ ਦੇ ਪੜ੍ਹਨ ਤੱਕ ਸੀਮਤ ਨਾ ਰਹਿ ਕੇ ਸਮੁੱਚੇ ਸਮਾਜਿਕ ਵਾਤਾਵਰਣ ਨਾਲ ਜਾ ਪੈਂਦੀ ਹੈ। ਮਨੁੱਖ ਦੀਆਂ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਨੂੰ ਸਰਲ ਪਰ ਗੰਭੀਰਤਾ ਪੂਰਵਕ ਚਿਤਰਨਾ ਇਸ ਸਾਹਿਤ ਰੂਪ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਮਿੱਤਰ ਸੈਨ ਮੀਤ ਦੇ ਪੰਜਵੇਂ ਨਾਵਲ 'ਕੌਰਵ-ਸਭਾ' ਦੇ ਵਿਸ਼ਿਆਂ ਨੂੰ ਅਨੇਕਾਂ ਘਟਨਾਵਾਂ ਤੇ ਪਰਸਥਿਤੀਆਂ ਦੇ ਪਰਿਪੇਖ ਰਾਹੀਂ ਸਮਝਿਆ ਜਾ ਸਕਦਾ ਹੈ। ਜਿਸਨੂੰ ਪੜ੍ਹਕੇ ਪਾਠਕ ਦੀ ਸਾਂਝ ਕੇਵਲ ਕਾਨੂੰਨ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਸਮੁੱਚੇ ਸਮਾਜਿਕ ਵਾਤਾਵਰਨ ਨਾਲ ਜਾ ਪੈਂਦੀ ਹੈ। ਬਹੁ-ਚਰਚਿਤ ਨਾਵਲ 'ਕੌਰਵ-ਸਭਾ' ਜਿਥੇ 'ਤਫ਼ਤੀਸ਼' ਤੇ 'ਕਟਹਿਰਾ' ਨਾਵਲਾਂ ਦੇ ਵਿਸ਼ੇ-ਵਸਤੂ ਨਾਲ ਸਾਂਝ ਰੱਖਦਾ ਹੈ, ਉਥੇ ਆਪਣੀ ਵੱਖਰੀ ਪਛਾਣ ਬਣਾਉਂਦਾ ਹੋਇਆਂ ਸਮੁੱਚੀ ਵਿਵਸਥਾ ਨੂੰ ਦ੍ਰਿਸ਼ਟਮਾਨ ਕਰਦਾ ਹੈ। ਨਾਵਲਕਾਰ ਦੇ ਨਾਵਲਾਂ ਵਿਚੋਂ ਜਿੱਥੇ ਬਹੁ-ਵਿਸਥਾਰਥਾ ਮਿਲਦੀ ਹੈ ਉਥੇ ਇਸ ਨਾਵਲ ਵਿਚੋਂ ਯਥਾਰਥ ਨੂੰ ਸੰਘਣੇਪਣ ਰਾਹੀਂ ਚਿਤਰਿਆ ਗਿਆ ਹੈ। ਇਸ ਨਾਵਲ ਦਾ ਕੇਂਦਰੀ ਵਿਸ਼ਾ ਭਾਰਤੀ ਨਿਆਂਪਾਲਿਕਾ ਤੇ ਇਸਦੇ ਅੱਗੋਂ ਵੱਖ-ਵੱਖ ਥੀਮਿਕ ਪਾਸਾਰਾਂ ਵਿਚੋਂ ਸਮੁੱਚੀ ਵਿਵਸਥਾ ਵਿਚ ਵਿਆਪਤ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਵੇਰਵੇ, ਸਟੇਟ ਅਤੇ ਆਮ ਆਦਮੀ ਦੇ ਆਪਸੀ ਤਣਾਉ ਦਾ ਮਸਲਾ, ਵਰਤਮਾਨ ਸਮੇਂ ਵਿਚ ਮੀਡੀਏ ਦੀ ਭੂਮਿਕਾ, ਪੂੰਜੀਵਾਦ ਤੋਂ ਪ੍ਰਭਾਵਿਤ ਹੁੰਦੀ ਰਿਸ਼ਤਾ-ਨਾਤਾ ਪ੍ਰਣਾਲੀ, ਇਸਦੇ ਸਿੱਟੇ ਵਜੋਂ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ, ਸਮਾਜ ਵਿਚ ਨਿਰੰਤਰ ਵਧ ਰਿਹਾ ਜ਼ੁਰਮ ਅਤੇ ਪਰਵਾਸੀ ਭਈਆਂ ਦੀ ਸਮੱਸਿਆ ਵਰਗੇ ਅੰਤਰ-ਸੰਬੰਧਿਤ ਸਰੋਕਾਰ ਆ ਜਾਂਦੇ ਹਨ। ਇਕ ਤੋਂ ਵੱਧ ਪਾਸਾਰਾਂ ਤੇ ਅਨੇਕਾਂ ਥੀਮਿਕ ਪਰਤਾਂ ਨੂੰ ਵਿਸਤ੍ਰਿਤ ਅਤੇ ਸੰਘਣੀ ਸੰਰਚਨਾ ਦਾ ਰੂਪ ਦੇਣ ਲਈ ਨਾਵਲਕਾਰ ਨੇ ਮਹਾਂਭਾਰਤ ਦੀ ਮਿੱਥ ਨੂੰ ਪਿਛੋਕੜ ਵਿਚ ਰੱਖ ਕੇ ਬਿਰਤਾਂਤ ਨੂੰ ਕਈ ਭਾਗਾਂ ਵਿਚ ਵੰਡਿਆ ਹੈ। ਨਾਵਲ ਵਿਚ ਆਏ ਮਿੱਥਿਕ ਵੇਰਵਿਆਂ ਦੀ ਜਾਣਕਾਰੀ ਲੈਣ ਲਈ ਮਿੱਥ ਬਾਰੇ ਸੰਖੇਪ ਵਿਚ ਜਾਣਨਾ ਵੀ ਅਨਿਵਾਰੀ ਜਾਪਦਾ ਹੈ, ਕਿਉਂਕਿ ਮੁੱਢ ਤੋਂ ਹੀ ਵਿਸ਼ਵ ਪੱਧਰ 'ਤੇ ਮਿੱਥ ਦਾ ਚਿੰਤਨ ਹੋ ਰਿਹਾ ਹੈ।

ਮਿੱਥ 'Myth' ਅੰਗਰੇਜ਼ੀ ਸ਼ਬਦ ਹੈ ਜਿਸਦਾ ਮੂਲ ਰੂਪ ਪੰਜਾਬੀ ਭਾਸ਼ਾ ਵਿਚ ਨਹੀਂ ਮਿਲਦਾ ਸਗੋਂ ਸਮਾਂ ਪਾ ਕੇ ਪੰਜਾਬੀ ਭਾਸ਼ਾ ਵਿਚ ਇਸਨੂੰ ਹੂ-ਬ-ਹੂ ਅੰਗਰੇਜ਼ੀ ਭਾਸ਼ਾ ਵਾਲਾ ਹੀ ਅਪਣਾਇਆ ਗਿਆ ਹੈ। ਮਿੱਥ ਦੇ ਬਾਰੇ ਨਾਵਲ ਵਿਗਿਆਨੀਆਂ, ਮਨੋਵਿਗਿਆਨੀਆਂ, ਸਮਾਜ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ ਅਤੇ ਸਾਹਿਤ ਵਿਗਿਆਨੀਆਂ ਨੇ ਵੱਖੋ-ਵੱਖਰੇ ਵਿਚਾਰ ਪੇਸ਼ ਕੀਤੇ ਹਨ।

'ਮਿੱਥ' ਸ਼ਬਦ ਦੇ ਕਈ ਅਰਥ ਕੀਤੇ ਜਾਂਦੇ ਹਨ ਜਿਵੇਂ 'ਗਲਪ' ਜਾਂ 'ਮਨਘੜਤ' ਕਹਾਣੀ ਅਤੇ ਭਰਮ (illusion) ਆਦਿ। ਮਿੱਥ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਆਇ ਰਹਿਤ ਵਸਤੂ ਅਤੇ ਇਤਿਹਾਸਕ ਪੱਖ ਤੋਂ ਤੱਥ-ਰਹਿਤ ਵਸਤੂ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਹੈ।[42]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ, "ਮਿੱਥ ਮਨੁੱਖ ਦੀ ਇਕ ਸਭਿਆਚਾਰਕ ਪ੍ਰਾਪਤੀ ਹੈ। ਇਸਦਾ ਸਿਰਜਣ ਅਤੇ ਪ੍ਰਚਲਨ ਲੋਕ-ਜੀਵਨ ਅਤੇ ਲੋਕ-ਸਭਿਆਚਾਰ ਦੇ ਖੇਤਰ ਵਿਚ ਹੋਣ ਕਰਕੇ, ਇਹ ਲੋਕਯਾਨ ਦੇ ਖੇਤਰ ਦਾ ਇਕ ਵਿਸ਼ੇਸ਼ ਭਾਗ ਬਣ ਜਾਂਦੀ ਹੈ। ਲੋਕਯਾਨ ਦਾ ਵਿਸ਼ਾਲ ਅਧਿਐਨ ਖੇਤਰ ਸਮਸਤ ਮਨੁੱਖੀ ਸਮਾਜ, ਇਸ ਦੇ ਮੂਲ ਵਿਸ਼ਵਾਸਾਂ ਅਤੇ ਤਿਉਹਾਰਾਂ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ। ਮਿੱਥ ਵਿਚੋਂ ਮਾਨਵ ਜਾਤੀ ਦਾ ਸਾਂਸਕ੍ਰਿਤਕ ਇਤਿਹਾਸ ਉਲੀਕਿਆ ਮਿਲਦਾ ਹੈ।"[43]

ਮਿੱਥ ਦਾ ਗਹਿਰਾ ਅਧਿਐਨ ਵਿਸ਼ਲੇਸ਼ਣ ਕਰਨ ਲਈ ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ ਵਿਚ ਦਿੱਤੀ ਪਰਿਭਾਸ਼ਾ ਨੂੰ ਵੀ ਜਾਂਚਿਆ ਜਾ ਸਕਦਾ ਹੈ :

ਮਿੱਥ ਕਥਾਵਾਂ ਪੂਰਨ ਅਧਿਕ੍ਰਿਤ ਵਿਵਰਣ ਹੁੰਦਾ ਹੈ ਜਿੰਨ੍ਹਾਂ ਦੀ ਅਤਿਕ੍ਰਿਤਤਾ ਪ੍ਰਮਾਣਿਤ ਨਾਲੋਂ ਪ੍ਰਤੱਖ ਵਧੇਰੇ ਹੁੰਦੀ ਹੈ। ਇਨ੍ਹਾਂ ਵਿਚ ਘਟਨਾਵਾਂ ਤੇ ਸਥਿਤੀਆਂ ਵਰਣਿਤ ਹੁੰਦੀਆਂ ਹਨ ਜੋ ਸਾਧਾਰਨ ਮਾਨਵੀ ਦੁਨੀਆਂ ਦੀਆਂ ਸੀਮਾਵਾਂ ਤੋਂ ਉਪਰ ਹੁੰਦੀਆਂ ਹੋਈਆਂ ਵੀ ਉਸ ਲਈ ਬੁਨਿਆਦੀ ਮਹੱਤਵ ਵਾਲੀਆਂ ਹੁੰਦੀਆਂ ਹਨ ਤੇ ਜਿਸ ਸਮੇਂ ਵਿਚ ਇਨ੍ਹਾਂ ਕਥਾਵਾਂ ਦੀਆਂ ਘਟਨਾਵਾਂ ਨੂੰ ਵਾਪਰਦਿਆਂ ਦੱਸਿਆ ਜਾਂਦਾ ਹੈ, ਉਹ ਮਨੁੱਖੀ ਅਨੁਭਵ ਦੇ ਸਾਧਾਰਨ ਇਤਿਹਾਸਕ ਸਮੇਂ ਤੋਂ ਬਿਲਕੁਲ ਵੱਖਰਾ ਹੁੰਦਾ ਹੈ। (ਵਧੇਰੇ ਹਾਲਤਾਂ ਵਿਚ ਤਾਂ ਇਹ ਇਕ ਕਾਲਪਨਿਕ ਸਮੇਂ ਦੀ ਗੱਲ ਹੀ ਹੁੰਦੀ ਹੈ) ਇਨ੍ਹਾਂ ਘਟਨਾਵਾਂ ਦੇ ਪਾਤਰ ਦੈਵੀ ਪੁਰਸ਼ ਜਾਂ ਪਸ਼ੂਆਂ ਜਾਂ ਬੂਟਿਆਂ ਵਰਗੇ ਅਸਾਧਾਰਨ ਜੀਵ-ਜੰਤੂ ਜਾਂ ਆਦਿਕਾਲੀਨ ਮਨੁੱਖ ਜਾਂ ਐਸੇ ਮਹਾਂਪੁਰਖ ਹੁੰਦੇ ਹਨ ਜਿਨ੍ਹਾਂ ਨੇ ਮਾਨਵੀ ਸਥਿਤੀ ਨੂੰ ਹੀ ਬਦਲ ਦਿੱਤਾ ਹੋਵੇ।"[44]

ਉਕਤ ਪਰਿਭਾਸ਼ਾ ਵਿਚ ਮਿੱਥ ਦੇ ਕਥਾ-ਸੰਗਠਨ ਵਿਚ ਦੈਵੀ ਅੰਸ਼ਾਂ ਜਾਂ ਪਰਾ-ਪ੍ਰਾਕਿਰਤਕ ਹੋਂਦ ਤੇ ਸ੍ਰਿਸ਼ਟੀ ਦੇ ਮੂਲ ਸੋਮਿਆਂ ਤੇ ਅਧਿਕ ਬਲ ਦਿੱਤਾ ਗਿਆ ਹੈ ਜਿਸਨੂੰ ਸਮਝਣ ਲਈ ਮਿੱਥ ਬਾਰੇ ਹਰਿੰਦਰ ਸਿੰਘ ਮਹਿਬੂਬ ਦੇ ਵਿਚਾਰਾਂ ਨੂੰ ਵੇਖਿਆ ਜਾ ਸਕਦਾ ਹੈ:

"ਮਿੱਥ ਦੇ ਸ਼ੁੱਧ ਰੂਪ ਵਿਚ ਖਾਲਸ ਕੁਦਰਤ ਹੁੰਦੀ ਹੈ, ਪਰ ਮਿੱਥ ਦੇ ਫਾਲਤੂ ਹਿੱਸਿਆਂ ਵਿਚ ਇਸਦਾ ਨਿਵਾਸ ਨਹੀਂ ਹੁੰਦਾ। ਖਾਲਸ ਕੁਦਰਤ ਵਿਚੋਂ ਮਿੱਥ ਦੀਆਂ ਅਨੇਕਾਂ ਸ਼ਾਖਾਂ ਫੁੱਟਦੀਆਂ ਹਨ ਜਿਹਨਾਂ ਨੂੰ ਇਸਦੀ ਸ਼ਕਤੀ ਅੰਦਰਲੀ ਤਰਤੀਬ ਦਿੰਦੀ ਰਹਿੰਦੀ ਹੈ ਅਤੇ ਇਸਦੇ ਬਾਹਰਲੇ ਫਾਲਤੂਪਨ ਨੂੰ ਛਾਂਗਦੀ ਰਹਿੰਦੀ ਹੈ। ਮਿੱਥ ਖ਼ਾਲਸ ਕੁਦਰਤ ਨਾਲ ਇਕ ਜੋੜ ਕਦੇ ਵੀ ਨਹੀਂ ਹੁੰਦੀ, ਕਿਉਂਕਿ ਇਸ ਉਤੇ ਬਹੁਤ ਕੁਝ ਫਾਲਤੂ ਲੌਂਦਿਆ ਹੁੰਦਾ ਹੈ, ਭਾਵੇਂ ਉਸ ਨਾਲ ਇਸਦਾ ਵਿਸ਼ੇਸ਼ ਸੰਬੰਧ ਜ਼ਰੂਰ ਰਹਿੰਦਾ ਹੈ। ਖ਼ਾਲਸ ਕੁਦਰਤ ਦੀਆਂ ਡੂੰਘਿਆਈਆਂ ਵਿਚੋਂ ਮਨੁੱਖੀ ਮਨ ਦੀ ਗਤੀ ਦੇ ਵੰਨ-ਸੁਵੰਨੇ ਨਿਯਮ ਮਿੱਥ ਨੂੰ ਕਾਇਆ-ਜਗਤ ਵੱਲ ਖਿੱਚ ਲਿਆਉਂਦੇ ਹਨ ਅਤੇ ਮਨੁੱਖੀ ਮਨ ਦੀ ਗੁਣ ਸਾਮਗਰੀ ਅਤੇ ਵਿਧੀ ਦੀ ਸ਼ੁੱਧਤਾ ਦੀ ਮਾਤਰਾ ਅਨੁਸਾਰ ਖ਼ਾਲਸ ਕੁਦਰਤ ਉਸਨੂੰ ਮਿੱਥ ਸਿਰਜਣ ਵਿਚ ਮਦਦ ਦਿੰਦੀ ਹੈ। ਸੋ ਮਿੱਥ ਦੇ ਸੁਹਜ ਦਾ ਆਧਾਰ ਖ਼ਾਲਸ ਕੁਦਰਤ ਨਾਲ ਸਪਰਸ਼ ਕਰਨ ਦੇ ਛਿਣ ਵਿਚ ਮਨੁੱਖੀ ਮਨ ਦੀ ਵਿਸ਼ੇਸ਼ ਅਵਸਥਾ ਹੀ ਸਮਝਣਾ ਚਾਹੀਦਾ ਹੈ।"[45]

ਉਪਰੋਕਤ ਪਰਿਭਾਸ਼ਾ ਵਿਚ ਮਿੱਥ ਨੂੰ ਸੰਪੂਰਣਤਾ ਸਹਿਤ ਰੁਪਮਾਨ ਕੀਤਾ ਗਿਆ ਹੈ, ਜਦਕਿ ਮਿੱਥ ਦੀ ਸਰਲਤਾ ਨਾਲ ਸਮਝ ਕਰਨੈਲ ਸਿੰਘ ਥਿੰਦ ਦੇ ਵਿਚਾਰਾਂ ਵਿਚ ਵੇਖੀ ਜਾ ਸਕਦੀ ਹੈ :

"ਪੂਰਵ ਇਤਿਹਾਸਕ ਯੁੱਗ ਵਿਚ ਵਾਪਰੀ ਕਿਸੇ ਘਟਨਾ ਨੂੰ, ਜੋ ਲੋਕਾਂ ਦੀਆਂ ਅਲੌਕਿਕ ਪਰੰਪਰਾਵਾਂ ਨਾਲ ਜੁੜੀ ਹੋਵੇ ਅਤੇ ਜਿਹੜੀ ਉਨ੍ਹਾਂ ਦੇ ਦੇਵਤਿਆਂ, ਪ੍ਰਾਚੀਨ ਯੋਧਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸੰਸਕ੍ਰਿਤਿਕ ਗੁਣਾਂ ਨਾਲ ਸੰਬੰਧਿਤ ਹੋਵੇ, ਪੁਰਾਣ ਕਥਾ ਆਖਦੇ ਹਨ।"[46]

ਸੋ ਮਿੱਥ ਇਕ ਮਨੁੱਖੀ ਮਨ ਦੀ ਵੇਦਨਾ ਹੈ ਜੋ ਸਮਾਜ ਦੇ ਬੌਧਿਕ ਵਿਕਾਸ ਅਤੇ ਸਭਿਆਚਾਰ ਵਿਚ ਕੜੀ ਦਾ ਕੰਮ ਕਰਦੀ ਹੈ। ਮਿੱਥ ਦਾ ਕਾਰਜ ਮਨੁੱਖੀ ਸਮੂਹਾਂ ਦੀ ਚੇਤਨਾ ਨੂੰ ਨਵੀਂ ਸੇਧ ਦੇਣਾ ਹੈ। ਮਿੱਥ ਦੀ ਸਿਰਜਨਾ ਕਿਸੇ ਇਕੱਲੇ-ਇਕਹਿਰੇ ਮਨੁੱਖ ਦੁਆਰਾ ਨਹੀਂ ਸਗੋਂ ਲੰਮੇ ਸਮੇਂ ਦੀ ਘਾਲਣਾ ਬਾਅਦ ਜਨ-ਸਮੂਹ ਦੀ ਪ੍ਰਵਾਨਗੀ ਅਧੀਨ ਹੋਂਦ ਵਿਚ ਆਉਂਦੀ ਹੈ।

ਸਾਹਿਤ ਅਤੇ ਮਿੱਥ ਦਾ ਰਿਸ਼ਤਾ ਮੁੱਢ ਕਦੀਮ ਤੋਂ ਜੁੜਿਆ ਹੋਇਆ ਹੈ। ਸਾਹਿਤ ਭਾਵੇਂ ਮੌਖਿਕ ਹੋਵੇ, ਭਾਵੇਂ ਲਿਖਤੀ ਹਰ ਸਾਹਿਤ ਦੇ ਰੂਪ ਵਿਚ ਮਿੱਥ ਦਾ ਵਰਨਣ ਜ਼ਰੂਰ ਆਉਂਦਾ ਹੈ ਕਿਉਂਕਿ ਕੋਈ ਵੀ ਸਾਹਿਤ ਖਲਾਅ ਵਿਚੋਂ ਪੈਦਾ ਨਹੀਂ ਹੋ ਸਕਦਾ, ਸਗੋਂ ਮਿਥਿਹਾਸ ਵਿਚੋਂ ਜਨਮ ਲੈ ਸਕਦਾ ਹੈ। ਜੇਕਰ ਭਾਰਤੀ ਸਾਹਿਤ ਦੀ ਉਤਪਤੀ ਤੇ ਝਾਤ ਮਾਰੀਏ ਤਾਂ ਇਹ ਉਪਜਦਾ ਹੀ ਵੈਦਿਕ ਮਿੱਥਾਂ ਵਿਚ ਹੈ। ਸੋ ਮਿੱਥ ਨੂੰ ਹਰੇਕ ਸਾਹਿਤ ਦੇ ਰੂਪ ਦਾ ਆਧਾਰ ਬਣਾਇਆ ਜਾਂਦਾ ਰਿਹਾ ਹੈ। ਇਥੇ ਅਸੀਂ ਸਾਹਿਤ ਦੇ ਰੂਪ ਨਾਵਲ ਵਿਚ ਮਿੱਥ ਨੂੰ ਆਧਾਰ ਬਣਾਏ ਜਾਣ ਬਾਰੇ ਡਾ. ਰਾਹੀ ਦੇ ਵਿਚਾਰਾਂ ਨਾਲ ਨਾਵਲ ਵਿਚ ਮਿੱਥ ਦੇ ਆਧਾਰ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

"ਨਾਵਲ ਨੂੰ ਵੀ ਮਿੱਥਾਂ ਤੋਂ ਬੇਨਿਆਜ਼ ਨਹੀਂ ਕਿਹਾ ਜਾ ਸਕਦਾ। ਇਸ ਵਿਚ ਵੀ ਮਿੱਥਾਂ ਉਸਾਰੀਆਂ ਜਾਂਦੀਆਂ ਹਨ, ਜਿਵੇਂ ਲੋਕਹਿੱਤਾਂ, ਸਭਿਆਚਾਰਕ ਮੁੱਲਾਂ, ਮਨੁੱਖੀ ਬਰਾਬਰੀ, ਸਮਾਜਿਕ ਨਿਆਂ, ਸਿਆਸੀ ਅਤੇ ਆਰਥਿਕ ਆਜ਼ਾਦੀ ਆਦਿ ਦੀਆਂ ਮਿੱਥਾਂ। ਮੁੱਲਾਂ ਦੀ ਸਿਰਜਨਾ ਮਿੱਥਾਂ ਦੀ ਸਿਰਜਨਾ ਹੈ। ਕਲਪਨਾ ਦੀ ਹਰ ਇਖ਼ਤਰਾਅ ਨੂੰ ਮੰਤਕ ਦੇ ਨੁਕਤਾਨਿਗਾਹ ਤੋਂ ਮਿੱਥ ਹੀ ਕਹਿਣਾ ਪਵੇਗਾ। ਬੰਦਾ ਸਮਾਜਿਕ ਪ੍ਰਾਣੀ ਹੈ। ਉਸ ਲਈ ਮੁੱਲਾਂ ਬਿਨਾ ਜਿਉਣਾ ਮੁਮਕਿਨ ਨਹੀਂ। ਇਸ ਲਈ ਮਿੱਥਾਂ ਬਿਨ ਉਸਦੀ ਹੋਂਦ ਜਲ ਬਿਨ ਮੀਨ ਵਰਗੀ ਹੋਵੇਗੀ। ਮਿੱਥਾਂ ਉਸਦੀ ਮਾਨਵਤਾ ਦੀਆਂ ਤਦਬੀਰਾਂ ਤੇ ਉਸਦੇ ਸੁਪਨਿਆਂ ਦਾ ਖ਼ਾਕ ਹਨ। ਮਿੱਥਾਂ ਰਾਹੀਂ ਹੀ ਬੰਦਾ ਕ੍ਰਾਂਤੀਆਂ ਦੇ ਨਕਸ਼ ਉਲੀਕਦਾ ਤੇ ਹੋਣੀਆਂ ਨੂੰ ਆਪਣੀ ਰਜ਼ਾ ਅਨੁਸਾਰ ਢਾਲਣਾ ਲੋਚਦਾ ਹੈ। ਮਿੱਥਾਂ ਹੀ ਉਸਨੂੰ ਹੋਰ ਜੀਵਾਂ ਨਾਲੋਂ ਨਿਖੇੜਦੀਆਂ ਤੇ ਅਸ਼ਰਫ਼ਲਮਖ਼ਲੂਕਾਤ ਬਣਾਉਂਦੀਆਂ ਹਨ। ਉਸਦੇ ਗਿਆਨ-ਵਿਗਿਆਨ ਦੇ ਬੀਜ ਸਭ ਤੋਂ ਪਹਿਲਾਂ ਮਿੱਥਾਂ ਵਿਚ ਹੀ ਉਗਦੇ ਹਨ। ਮਿੱਥਾਂ ਰੁਕੇ ਹੋਏ ਪਾਣੀਆਂ ਦਾ ਕੜ ਤੋੜਦੀਆਂ ਹਨ। ਮਿੱਥਾਂ ਸਮਾਜਿਕ-ਇਤਿਹਾਸਕ ਅਹਿਮੀਅਤ ਵਾਲੀ

ਚੀਜ਼ ਹੁੰਦੀਆਂ ਹਨ ਪਰ ਨਾਵਲ ਵਿਚ ਮਿੱਥਾਂ ਇਕ ਖ਼ਾਸ ਫ਼ਰਕ ਨਾਲ ਉਸਰਦੀਆਂ ਹਨ। ਇਹ ਫ਼ਰਕ ਵਿਧਾ ਦਾ ਹੈ ਤੇ ਇਸ ਤੋਂ ਇਲਾਵਾ ਉਨ੍ਹਾਂ ਦੇ ਪ੍ਰਕਾਰਜ ਦਾ।"[47]

ਸੋ ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਮਿੱਥ ਸਾਹਿਤ ਦੇ ਆਧੁਨਿਕ ਰੂਪ ਨਾਵਲ ਦਾ ਆਧਾਰ ਮੁੱਢ-ਕਦੀਮ ਤੋਂ ਬਣਦੀ ਰਹੀ ਹੈ। ਇਥੇ ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ-ਸਭਾ' ਵਿਚ ਆਧਾਰ ਬਣੀ ਮਹਾਂਭਾਰਤ ਦੀ ਮਿੱਥ ਦੇ ਪਿਛੋਕੜ ਬਾਰੇ ਜਾਣਨ ਤੋਂ ਪਹਿਲਾਂ ਦੂਸਰੇ ਨਾਵਲਕਾਰਾਂ ਦੇ ਨਾਵਲਾਂ ਵਿਚ ਆਧਾਰ ਬਣੀ ਮਿੱਥ ਬਾਰੇ ਸੰਖੇਪ ਚਰਚਾ ਜ਼ਰੂਰੀ ਜਾਪਦੀ ਹੈ।

ਡਾ. ਰਾਹੀ ਅਨੁਸਾਰ, "ਗੁਰਦਿਆਲ ਸਿੰਘ ਦੇ 'ਅੰਨ੍ਹੇ ਘੋੜੇ ਦਾ ਦਾਨ' (1978) ਵਿਚ ਰਾਹੂ ਤੇ ਕੇਤੂ ਦੀ ਮਿੱਥ ਦੀ ਪੁਨਰ ਵਿਆਖਿਆ ਮਿਲ ਜਾਵੇਗੀ। ਇਸ ਵਿਚ ਰਾਹੂ ਤੇ ਕੇਤੂ ਨੀਵੀਆਂ ਜਾਤੀਆਂ ਦੇ ਕਾਮਿਆਂ ਦੇ ਪ੍ਰਤੀਕ ਹਨ ਜੋ ਅੱਜ ਦੇ ਯੁੱਗ ਦੇ ਦੇਵਤਿਆਂ ਦੇ ਖਿਲਾਫ਼ ਆਪਣੇ ਹੱਕ-ਬਜਨਾਬ ਦਾਅਵਿਆਂ ਦੀ ਰਣਭੂਮੀ ਵਿਚ ਘਿਰੇ ਹੋਏ ਹਨ। ...ਮਿੱਥ ਦਾ ਰੂਪਾਂਤਰਣ ਯਥਾਰਥਕ ਵਾਰਤਾ ਦੀ ਸ਼ਕਲ ਵਿਚ ਵੀ ਹੋ ਸਕਦਾ ਹੈ ਜਿਵੇਂ ਸੰਤ ਸਿੰਘ ਸੇਖੋਂ ਦੇ ਨਾਵਲ 'ਕਲਾਕਾਰ' (1946) ਅਤੇ 'ਦਮਯੰਤੀ' (1956) ਵਿਚ ਹੋਇਆ ਹੈ। ...ਕੁਝ ਵੀ ਹੋਵੇ, ਮਿੱਥਾਂ ਕਦੇ ਮੁੱਕਦੀਆਂ ਨਹੀਂ, ਕਿਉਂਕਿ ਇਹ ਮਿੱਥਾਂ ਰਾਹੀਂ ਹੀ ਹੈ ਕਿ ਅਸੀਂ ਉਹ ਨਿਯਮ ਅਤੇ ਵਿਵਰਜਨ ਉਸਾਰਦੇ ਹਾਂ ਜੋ ਸਾਡੀ ਨੈਤਿਕ ਦੁਨੀਆਂ ਨੂੰ ਤਰਤੀਬ ਦੇਂਦੇ ਹਨ।"[48]

ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਰਮਾਇਣ ਦੀ ਸੀਤਾ ਮਾਤਾ ਨੂੰ ਆਧੁਨਿਕ ਸਮੇਂ ਵਿਚ ਦਰਸਾਉਣ ਵਾਲਾ ਦਲੀਪ ਕੌਰ ਟਿਵਾਣਾ ਦਾ ਨਾਵਲ 'ਦੂਸਰੀ ਸੀਤਾ' ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਵੀ ਮਿੱਥ ਨੂੰ ਦਰਸਾਉਂਦਾ ਹੈ ਕਿ ਮਰਨ ਵਾਲੇ ਦਾ ਕੋਈ ਪੁੱਤ ਧੀ ਜ਼ਰੂਰ ਹੋਣਾ ਚਾਹੀਦਾ ਹੈ ਜੋ ਉਸਦੇ ਮੜ੍ਹੀ ਤੇ ਦੀਵਾ ਧਰੇ।

ਮਿੱਤਰ ਸੈਨ ਮੀਤ ਨੇ ਆਪਣੇ ਨਾਵਲ 'ਕੌਰਵ-ਸਭਾ' ਵਿਚ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਸਮਕਾਲੀ ਯਥਾਰਥ ਨੂੰ ਬਹੁ-ਪੱਖਾਂ ਤੋਂ ਚਿਤਰਦਿਆਂ ਅਜੋਕੇ ਸਮੇਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਅਤੇ ਕਲਾਮਈ ਢੰਗ ਨਾਲ ਰੂਪਮਾਨ ਕੀਤਾ ਹੈ। ਸੁਖਦੇਵ ਸਿੰਘ ਖਾਹਰਾ ਅਨੁਸਾਰ, "ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ-ਸਭਾ' (2003) ਦੇ ਸਿਰਲੇਖ ਤੋਂ ਪੁਰਾਤਨ ਭਾਰਤੀ ਪਰੰਪਰਾ ਵੱਲ ਧਿਆਨ ਜਾਂਦਾ ਹੈ। ਰਮਾਇਣ ਅਤੇ ਮਹਾਂਭਾਰਤ ਪੁਰਾਤਨ ਭਾਰਤੀ ਪਰੰਪਰਾ ਦੇ ਦੋ ਉੱਘੇ ਗ੍ਰੰਥ ਹਨ। ਭਾਰਤੀ ਸਮਾਜ, ਸਭਿਆਚਾਰ, ਇਤਿਹਾਸ, ਰਾਜਤੰਤਰ, ਧਰਮ, ਦਰਸ਼ਨ ਵਿਚਾਰਧਾਰਾ ਨੂੰ ਸਮਝਣ ਸਮਝਾਉਣ ਦੇ ਪੱਖ ਤੋਂ ਇਨ੍ਹਾਂ ਦਾ ਦਰਜਾ ਸੰਦਰਭ ਗ੍ਰੰਥਾਂ ਵਾਲਾ ਹੈ। ਰਮਾਇਣ ਦਾ ਪਾਠ ਮਰਯਾਦਾ ਮੁੱਖ ਪ੍ਰਵਚਨ ਦੇ ਰੂਪ ਵਿਚ ਨਿਯਮਿਤ ਹੋਇਆ ਹੈ। ਇਸ ਲਈ ਇਸਨੂੰ ਪੂਜਨੀਕ ਬਣਾ ਦਿੱਤਾ ਗਿਆ। ਮਹਾਂਭਾਰਤ ਦਾ ਪਾਠ ਜੀਵਨ ਦੀਆਂ ਦੁਰਗਮ ਵਿਸੰਗਤੀਆਂ ਬਾਰੇ ਬਹੁਕੋਣੀ ਸ਼ਾਸਤ੍ਰਾਰਥ ਦੇ ਰੂਪ ਵਿਚ ਰੂਪਮਾਨ ਹੋਇਆ ਹੈ। ਇਸਦਾ ਸੁਭਾਉ ਸਰਲ ਸਿੱਧੇ

ਨਿਬੇੜੇ ਰਹਿਤ ਵਾਦ ਵਿਵਾਦੀ ਸੰਵਾਦ ਵਾਲਾ ਹੈ। ਇਹ ਸੰਵਾਦ ਜੀਵਨ ਦੇ ਨਿਰੰਤਰ ਚਲ ਰਹੇ ਸੰਘਰਸ਼ਾਂ/ਯੁੱਧ ਦੀ ਸ਼ਕਲ ਧਾਰਨ ਕਰਕੇ ਪ੍ਰਤੱਖ ਬਣਦਾ ਹੈ।[49]

ਨਾਵਲਕਾਰ ਨੇ 'ਕੌਰਵ-ਸਭਾ' ਨਾਵਲ ਵਿਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਮਹਾਂਭਾਰਤ ਦੇ ਯੁੱਧ, ਹਰੇਕ ਮਹਿਕਮੇ ਨੂੰ ਕੌਰਵ-ਸਭਾ, ਨਿਆਂ ਪ੍ਰਾਪਤ ਕਰਨ ਵਾਲੇ ਪਾਂਡਵ, ਚੀਰ ਹਰਨ ਵਾਲੀ ਅੱਜ ਦੀ ਨਾਰੀ ਦਰੋਪਤੀ ਤੋਂ ਇਲਾਵਾ ਮਹਾਂਭਾਰਤ ਵਿਚ ਸਾਥ ਦੇਣ ਵਾਲੇ ਭੀਮ, ਅਰਜੁਨ, ਧ੍ਰਿਤਰਾਸ਼ਟਰ, ਭੀਸ਼ਮ ਤੇ ਅਭਿਮੰਨਿਊ ਆਦਿ ਨੂੰ ਪਿਛੋਕੜ ਵਿਚ ਰੱਖ ਕੇ ਅਜੋਕੇ ਭਾਰਤੀ ਸਿਸਟਮ ਨੂੰ ਰੂਪਮਾਨ ਕੀਤਾ ਹੈ। 'ਕੌਰਵ-ਸਭਾ' ਨਾਵਲ ਬਾਰੇ ਪ੍ਰੀਤੀ ਸੋਢੀ ਲਿਖਦੇ ਹਨ :

"ਮੀਤ ਨੇ ਪੁਰਾਤਨ ਮਿੱਥ ਕਥਾ ਵਿਚ ਕੁਝ ਪਰਿਵਰਤਨ ਕਰਕੇ ਇਸਨੂੰ ਆਧੁਨਿਕਤਾ ਦੇ ਪ੍ਰਸੰਗ ਵਿਚ ਨਵਾਂ ਰੂਪ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲਕਾਰ ਨੇ ਇਸ ਸੰਦਰਭ ਵਿਚ ਮਿਥਿਹਾਸਕ ਵਿਰਸੇ ਦੇ ਆਧਾਰ ਉਤੇ ਪਰੰਪਰਾ ਵਿਚਲੇ ਮਿੱਥਕ ਪਾਤਰਾਂ, ਸਥਿਤੀਆਂ ਅਤੇ ਘਟਨਾਵਾਂ ਦਾ ਰੂਪਾਂਤਰਣ ਕਰਕੇ ਆਧੁਨਿਕ ਪੂੰਜੀਵਾਦੀ ਭ੍ਰਿਸ਼ਟ ਪ੍ਰਬੰਧ ਦੀ ਕਾਰਜਸ਼ੀਲਤਾ ਨੂੰ ਸਿਰਜਿਆ ਹੈ। 'ਕੌਰਵ-ਸਭਾ' ਨਾਵਲ ਵਿਚ ਭਾਵੇਂ ਮਿੱਥ ਦਾ ਬਹੁਤਾ ਵਿਸਥਾਰ ਨਹੀਂ ਦਿੱਤਾ, ਪਰ ਕੌਰਵਾਂ ਦੇ ਮੂਲ ਹਵਾਲੇ ਰਾਹੀਂ ਨਾਵਲਕਾਰ ਅਜੋਕੇ ਦੌਰ ਦੀ ਕੂਟਨੀਤੀ ਦੀ ਕਥਾ ਪੁਰਾਤਨ ਹਵਾਲਿਆਂ ਨੂੰ ਸਨਮੁੱਖ ਰੱਖ ਕੇ ਜ਼ਰੂਰ ਪੁਨਰ-ਅੰਕਿਤ ਕਰਦਾ ਹੈ।"[50]

ਸੋ ਮਹਾਂਭਾਰਤ ਵਿਚ ਕੌਰਵ ਅਜਿਹੀ ਧਿਰ ਸਿੱਧ ਹੁੰਦੀ ਹੈ ਜੋ ਪਾਂਡਵਾਂ ਨਾਲ ਜੂਏ ਵਿਚ ਧੋਖਾ ਕਰਕੇ ਉਹਨਾਂ ਤੋਂ ਸਭ ਕੁਝ ਖੋਹ ਲੈਂਦੇ ਹਨ ਜਿਸ ਤਰ੍ਹਾਂ ਇਸ ਨਾਵਲ ਵਿਚ ਵੈਦ ਦੇ ਪਰਿਵਾਰ ਦੀ ਸਹਾਇਤਾ ਨਾਲ ਅਮੀਰ ਬਣੇ ਮੋਹਨ ਦੇ ਬੇਟੇ ਪੰਕਜ ਤੇ ਨੀਰਜ ਪੈਸੇ ਦੀ ਸੁਪਾਰੀ ਦੇ ਕੇ ਭਈਆਂ ਤੋਂ ਆਪਣੇ ਚਾਚੇ ਵੈਦ ਦੇ ਪਰਿਵਾਰ ਦੀ ਤਬਾਹੀ ਕਰਵਾ ਦਿੰਦੇ ਹਨ। ਝਗੜਾ ਸਿਰਫ਼ ਇਕ ਪਲਾਟ ਦਾ ਹੁੰਦਾ ਹੈ। ਇਸ ਘਟਨਾ ਨੂੰ ਸਮੁੱਚੇ ਰੂਪ ਵਿਚ ਨਾਵਲ ਲਈ ਹਿੰਦੂ ਮਿਥਿਹਾਸ ਕੋਸ਼ ਵਿਚ ਦਿੱਤੇ ਗਏ ਮਹਾਂਭਾਰਤ ਦੇ ਅਰਥਾਂ ਤੋਂ ਇਸ ਘਟਨਾ ਨੂੰ ਵਧੇਰੇ ਸਪੱਸ਼ਟਤਾ ਨਾਲ ਜਾਣਿਆ ਜਾ ਸਕਦਾ ਹੈ। ਜਿਵੇਂ " 'ਮਹਾਂਭਾਰਤ' ਭਾਰਤ ਦੀ ਸੰਤਾਨ ਭਾਰਤ ਵਿਚ ਹੋਇਆ ਮਹਾਂਯੁੱਧ ਹਿੰਦੂਆਂ ਦਾ ਮਹਾਨ ਮਹਾਂਕਾਵਿ, ਜਿਹੜਾ ਸ਼ਾਇਦ ਸੰਸਾਰ ਦੇ ਸਾਰੇ ਕਾਵਿ ਰੂਪਾਂ ਨਾਲੋਂ ਵੱਡਾ ਹੈ। ਇਹ 18 ਧਾਰਾਵਾਂ (ਕਾਂਡਾਂ) ਵਿਚ ਵੰਡਿਆ ਹੋਇਆ ਹੈ ਅਤੇ ਇਸ ਦੀਆਂ 220,000 ਪੰਕਤੀਆਂ ਹਨ... ਇਸ ਮਹਾਂਕਾਵਿ ਦਾ ਮੁੱਖ ਵਿਸ਼ਾ ਪਾਂਡਵਾਂ ਤੇ ਕੌਰਵਾਂ ਦਾ ਮਹਾਂਯੁੱਧ ਹੈ, ਜਿਹੜੇ ਚੰਦ੍ਰਵੰਸ਼ੀ ਰਾਜੇ ਪੁਰੂ ਦੁਆਰਾ ਸੰਚਾਲਿਤ, ਰਾਜਾ ਭਰਤ ਦੇ ਵੰਸ਼ ਦੀ ਸੰਤਾਨ ਸਨ। ਇਸ ਮਹਾਂਯੁੱਧ ਦਾ ਕਾਰਨ ਇਕ ਰਾਜ ਸੀ, ਜਿਸ ਦੀ ਰਾਜਧਾਨੀ ਹਸਤਨਾਪੁਰ 'ਰਾਖੀ ਦਾ ਸ਼ਹਿਰ' ਜਿਸਦੇ ਖੰਡਰ ਅਜੇ ਵੀ ਦਿੱਲੀ ਤੋਂ 57 ਮੀਲ ਉੱਤਰ-ਪੂਰਵ ਵੱਲ ਗੰਗਾਂ ਦੇ ਪੁਰਾਣੇ ਦਹਾਨ ਉਤੇ ਵੇਖੇ ਜਾ ਸਕਦੇ ਹਨ।"51

ਉਕਤ ਵੇਰਵੇ ਤੋਂ ਜ਼ਾਹਿਰ ਹੈ ਕਿ ਕੌਰਵ ਜੂਏ ਵਿਚ ਝੂਠੀ ਜਿੱਤ ਕਾਰਨ ਪਾਂਡਵਾਂ ਤੋਂ

ਸਭ ਕੁਝ ਖੋਹ ਲੈਂਦੇ ਹਨ। ਇਥੋਂ ਤੱਕ ਕਿ ਦਰੋਪਤੀ ਦਾ ਭਰੀ ਸਭਾ ਵਿਚ ਚੀਰ ਹਰਣ ਕਰਨ ਦਾ ਯਤਨ ਕੀਤਾ ਜਾਂਦਾ ਹੈ। ਆਪਣੇ ਹੱਕ ਮੰਗਣ ਤੇ ਇਸ ਇਕੋ ਪਰਿਵਾਰ ਕੌਰਵਾਂ ਤੇ ਪਾਂਡਵਾਂ ਵਿਚ ਪੰਜ ਪਿੰਡਾਂ ਦੀ ਵੰਡ ਨੂੰ ਲੈ ਕੇ ਹੋਏ ਝਗੜੇ ਦਾ ਫੈਸਲਾ ਕੁਰੂਕਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੇ ਯੁੱਧ ਨਾਲ ਹੋਇਆ ਜਿਸ ਵਿਚ ਪਾਂਡਵਾਂ ਦੀ ਜਿੱਤ ਹੋਈ ਸੀ। ਪਾਂਡਵ ਦਰੋਪਤੀ ਦੀ ਕੀਤੀ ਬੇਇਜ਼ਤੀ ਤੇ ਆਪਣੇ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਂਦੇ ਹਨ। ਜਿਸ ਕਰਕੇ ਕੌਰਵਾਂ ਦੀ ਧਿਰ ਬਦੀ (ਬੁਰਾਈ) ਦੀ ਪ੍ਰਤੀਨਿਧ ਹੈ ਜਦਕਿ ਪਾਂਡਵ ਦੀ ਇਕ ਧਿਰ ਨੇਕੀ (ਚੰਗਿਆਈ) ਦੀ ਧਿਰ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਮਹਾਂਭਾਰਤ ਦੇ ਇਸ ਯੁੱਧ ਵਿਚ ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਹੁੰਦੀ ਹੈ। 'ਕੌਰਵ-ਸਭਾ' ਨਾਵਲ ਵਿਚ ਨਾਵਲਕਾਰ ਨੇ ਅਜੋਕੇ ਸਮੇਂ ਵਿਚ ਬਦੀ ਦੀ ਜਿੱਤ ਤੇ ਨੇਕੀ ਦੀ ਹਾਰ ਹੁੰਦੀ ਦਿਖਾਈ ਹੈ, ਜੋ ਅਜੋਕੀ ਵਿਵਸਥਾ ਤੇ ਵਿਅੰਗ ਕਸਦੀ ਹੈ ਤੇ ਨੇਕੀ ਦੀ ਹਾਰ ਤੇ ਬਰਬਾਦੀ ਰਾਹੀਂ ਪਾਠਕ ਵਰਗ ਦੇ ਮਨ ਵਿਚ ਬਦੀ ਪ੍ਰਤੀ ਨਫ਼ਰਤ ਵੀ ਪੈਦਾ ਕਰਦੀ ਹੈ।

ਮਹਾਂਭਾਰਤ ਦੇ ਕਾਲ ਵਿਚ ਬੇਇਨਸਾਫ਼ੀ ਤੇ ਧੱਕੇਸ਼ਾਹੀ ਪੂਰੇ ਜ਼ੋਰਾਂ ਤੇ ਸੀ ਜੋ ਅਜੋਕੇ ਲੋਕਤੰਤਰ ਵਿਚ ਹੈ। 'ਕੌਰਵ-ਸਭਾ' ਨਾਵਲ ਦੇ ਮੁੱਖ ਪਾਤਰ ਮੋਹਨ ਅਤੇ ਵੈਦ ਦੋਨੋਂ ਭਰਾ ਪੈਸੇ ਕਮਾਉਣ ਲਈ ਜਾਇਜ਼ ਤੇ ਨਜਾਇਜ਼ ਦੋਵੇਂ ਤਰੀਕੇ ਵਰਤਦੇ ਹਨ। ਮਹਾਂਭਾਰਤ ਦੇ ਧ੍ਰਿਤਰਾਸ਼ਟਰ ਅਤੇ ਪਾਂਡੂ ਦੀ ਤਰ੍ਹਾਂ। ਕਿਉਂਕਿ ਧ੍ਰਿਤਰਾਸ਼ਟਰ ਜਨਮ ਤੋਂ ਹੀ ਅੰਨ੍ਹਾ ਹੁੰਦਾ ਹੈ ਪਰ ਮੋਹਨ ਪੈਸੇ ਇਕੱਠੇ ਕਰਨ ਵਿਚ ਅੰਨ੍ਹਾ ਹੋਇਆ ਪਿਆ ਹੈ ਤੇ ਉਸਦੀ ਪਤਨੀ ਕੰਧਾਰੀ ਦੀ ਤਰ੍ਹਾਂ ਬੇਵੱਸ ਔਰਤ ਹੈ ਜੋ ਵੈਦ ਦੇ ਪਰਿਵਾਰ ਨੂੰ ਪੰਕਜ ਤੇ ਧੀਰਜ ਦੇ ਮਨ ਵਿਚ ਪੈਦਾ ਹੋਈ ਨਫ਼ਰਤ ਬਾਰੇ ਅਗਾਂਹ ਕਰਦੀ ਰਹਿੰਦੀ ਹੈ। ਭਰਾ-ਭਰਾ ਤੇ ਆਪਣੇ ਕਾਰੋਬਾਰ ਨੂੰ ਚਲਾਉਂਦੇ ਰਹਿੰਦੇ ਹਨ ਪਰ ਭਤੀਜਿਆਂ ਦੇ ਹਿਸਾਬ ਮੰਗਣ ਤੇ ਪਿਆਰ ਤਿੜਕ ਜਾਂਦਾ ਹੈ।

"ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਰਾਮ ਲਕਸ਼ਮਣ ਵਾਲਾ ਪਿਆਰ ਬਾਲੀ ਵਿਚ ਬਦਲ ਜਾਏਗਾ।"[52]

ਇਕ ਪਲਾਟ ਦੇ ਝਗੜੇ ਨੂੰ ਲੈ ਕੇ ਦੋਵੇਂ ਪਰਿਵਾਰਾਂ ਦਾ ਝਗੜਾ ਉਸ ਵੇਲੇ ਅਦਾਲਤ ਪਹੁੰਚ ਜਾਂਦਾ ਹੈ ਜਦੋਂ ਪੰਕਜ ਤੇ ਨੀਰਜ ਭਈਆਂ ਦੁਆਰਾ ਵੈਦ ਦੇ ਘਰ ਤੇ ਡਾਕਾ ਮਰਵਾ ਦਿੰਦੇ ਹਨ ਜਿਸ ਵਿਚ ਨੇਹਾ ਦਾ ਬਲਾਤਕਾਰ ਹੁੰਦਾ ਹੈ ਤੇ ਕਮਲ ਦਾ ਕਤਲ, ਵੈਦ ਤੇ ਨੀਲਮ ਨੂੰ ਬੁਰੀ ਤਰ੍ਹਾਂ ਸੱਟਾਂ ਲਗਦੀਆਂ ਹਨ ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਦਾਲਤ ਵਿਚ ਇਨਸਾਫ਼ ਲੈਣ ਲਈ ਮਹਾਂਭਾਰਤ ਦਾ ਯੁੱਧ। ਜਿਸ ਬਾਰੇ ਡਾ. ਰਜਨੀਸ਼ ਬਹਾਦਰ ਦੇ ਵਿਚਾਰ ਹਨ, "ਮਿੱਤਰ ਸੈਨ ਮੀਤ ਇਸ ਨਾਵਲ ਦੇ ਸਿਰਲੇਖ ਨੂੰ ਭਾਰਤੀ ਮਹਾਂਕਾਵਿ ਦੇ ਇਕ ਕਾਂਡ ਦਾ ਮੈਟਾਫਰ ਬਣਾ ਕੇ ਪੇਸ਼ ਕਰਦਾ ਹੈ। ਇਸ ਵਿਚ ਰਾਜ-ਪ੍ਰਬੰਧ ਤੇ ਕਾਬਜ਼ ਧੜਾ ਆਪਣੇ ਹੀ ਪਰਿਵਾਰ ਦੀ ਨੂੰਹ ਦੀ ਇੱਜ਼ਤ ਨਾਲ ਖੇਡਦਾ ਹੈ। ਸਾਰਾ ਰਾਜ ਦਰਬਾਰ ਮੂਕ ਦਰਸ਼ਕ ਬਣ ਕੇ ਕੌਰਵਾਂ ਦੇ ਜ਼ੁਲਮ ਨੂੰ ਵੇਖਦਾ ਹੈ। ਇਥੇ ਪੂਰੀ ਸੱਤਾ ਸਾਹਮਣੇ ਹੀ ਨਹੀਂ ਸਗੋਂ ਸੱਤਾ ਨਾਲ ਮਿਲਕੇ ਨੀਰਜ ਅਤੇ ਪੰਕਜ ਆਪਣੇ ਹੀ ਚਾਚੇ ਦੀ ਧੀ ਭੈਣ ਨਾਲ

ਬਲਾਤਕਾਰ ਹੀ ਨਹੀਂ ਕਰਾਉਂਦੇ, ਸਗੋਂ ਪੈਸੇ ਦੇ ਜ਼ੋਰ ਨਾਲ ਕਚਹਿਰੀ ਵਿਚ ਉਸਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਵੀ ਕਰਦੇ ਹਨ। ਮੀਤ ਲਈ ਸੱਤਾ ਅਤੇ ਸਮੇਂ ਦੇ ਬਦਲਣ ਨਾਲ ਇਨਸਾਫ਼ ਤੱਕ ਪਹੁੰਚ ਕਰਨ ਵਾਲੇ ਦੀ ਸਥਿਤੀ ਵਿਚ ਵਿਸ਼ੇਸ਼ ਅੰਤਰ ਨਹੀਂ। ਇਕਪੁਰਖੀ ਸੱਤਾ ਦੇ ਲੋਕਤੰਤਰ ਵਿਚ ਪਰਿਵਰਤਨ ਨਾਲ ਵੀ ਭੂਮੀ ਦੀ ਸੱਤਾ ਪੈਸੇ ਦੀ ਸੱਤਾ ਵਿਚ ਹੀ ਪਰਿਵਰਤਿਤ ਹੋਈ ਹੈ।"[53]

ਉਕਤ ਟਿੱਪਣੀ ਦੇ ਸੰਦਰਭ ਵਿਚ ਨੇਹਾ ਨਾਲ ਹੋਏ ਬਲਾਤਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਇਕੀਵੀਂ ਸਦੀ ਵਿਚ ਵੀ ਔਰਤ ਦੀ ਸਥਿਤੀ ਮਹਾਂਭਾਰਤ ਦੀ ਦਰੋਪਤੀ ਵਾਂਗ ਹੀ ਹੈ। ਭਾਵੇਂ ਪੜ੍ਹ-ਲਿਖ ਕੇ ਆਪਣੇ ਪੈਰਾਂ ਤੇ ਖੜੀ ਹੋਣ ਦੇ ਯੋਗ ਹੋ ਗਈ ਹੈ ਪਰੰਤੂ ਮਰਦਾਂ ਦੀ ਤੇ ਪੈਸੇ ਦੀ ਲੜਾਈ ਵਿਚ ਅੱਜ ਵੀ ਖੱਜਲ ਔਰਤ ਹੀ ਹੁੰਦੀ ਹੈ। ਹਰ ਪਾਸੇ ਔਰਤ ਨੂੰ ਹੀ ਮੋਹਰਾ ਬਣਾਇਆ ਜਾਂਦਾ ਹੈ ਜਿਸ ਬਾਰੇ ਡਾ. ਸੁਤਿੰਦਰ ਸਿੰਘ ਨੂਰ ਦੀ ਟਿੱਪਣੀ ਵੇਖੀ ਜਾ ਸਕਦੀ ਹੈ ਕਿ "ਕੌਰਵ ਸਭਾ ਨਾਵਲ ਵਿਚ ਮੀਤ ਨੇ ਇਹ ਦਿਖਾਇਆ ਹੈ ਕਿ ਕ੍ਰਪਟ ਪ੍ਰਬੰਧ ਵਿਸਤ੍ਰਿਤ ਹੁੰਦਾ ਜਾਂਦਾ ਹੈ, ਜਿਸ ਵਿਚ ਘਾਤਕ ਹਮਲਾ ਇਕ ਪਰਿਵਾਰ ਉਤੇ ਹੀ ਨਹੀਂ, ਬਲਾਤਕਾਰ ਨੇਹਾ ਦਾ ਹੀ ਨਹੀਂ, ਕਤਲ ਕਮਲ ਦਾ ਨਹੀਂ, ਬਲਾਤਕਾਰ ਸਾਰੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਹੋ ਚੁੱਕਾ ਹੈ। ਕਤਲ ਸਾਰੇ ਮਨੁੱਖੀ ਰਿਸ਼ਤਿਆਂ ਦਾ ਹੋ ਚੁੱਕਾ ਹੈ ਜੋ ਇਸ ਪ੍ਰਬੰਧ ਵਿਚ ਵਿਗਾੜ ਦੇ ਸ਼ਿਕਾਰ ਹੋਏ ਮਨੁੱਖ ਦੀ ਦੇਖਭਾਲ ਲਈ ਅੱਗੇ ਵੀ ਆਉਂਦੇ ਹਨ, ਉਹਨਾਂ ਘਾਤਕ ਬੰਦਿਆਂ ਦੇ ਸਾਹਵੇਂ ਸਮਰੱਥਾ ਨਹੀਂ। ਇਉਂ ਕਹਾਣੀ ਇਕ ਪਰਿਵਾਰ ਦੀ ਤਰਾਸ਼ਦੀ ਨਹੀਂ ਰਹਿੰਦੀ, ਸਗੋਂ ਪ੍ਰਤੀਕਾਤਮਕ ਤੌਰ ਤੇ ਸਮੁੱਚੇ ਭਾਰਤੀ ਸਿਸਟਮ ਦੀ ਬਣ ਜਾਂਦੀ ਹੈ। ਯਥਾਰਥ ਦੀਆਂ ਡੂੰਘਾਈਆਂ, ਤਹਿਆਂ ਤੇ ਗੁੰਝਲਾਂ ਜਿਹੜੀਆਂ ਕਿਸੇ ਵੀ ਰਾਜਸੀ ਜਾਂ ਸਮਾਜਿਕ ਵਿਚਾਰਧਾਰਾ ਤੋਂ ਸੁਲਝ ਨਹੀਂ ਰਹੀਆਂ।"[54]

ਸੋ ਨਾਵਲਕਾਰ ਅਜਿਹੀਆਂ ਤਰਾਸਦਿਕ ਸਮੱਸਿਆਵਾਂ ਦੇ ਅਵਚੇਤਨ ਨੂੰ ਤਲਾਸ਼ਦਾ ਹੋਇਆ ਇਹ ਰੂਪਮਾਨ ਕਰਦਾ ਹੈ ਕਿ ਸਮਾਜ ਵਿਚ ਇਕ ਘਰੇ ਪਏ ਡਾਕੇ ਦੀ ਘਟਨਾ ਨਹੀਂ ਇਥੇ ਡਾਕੇ ਤੋਂ ਬਾਅਦ ਸੱਟਾਂ ਲੱਗੀਆਂ ਵਾਲੇ ਲੋਕਾਂ ਦਾ ਡਾਕਟਰ ਵੇਲੇ ਸਿਰ ਇਲਾਜ ਵੀ ਨਹੀਂ ਕਰਦੇ, ਨਾ ਵੇਲੇ ਸਿਰ ਪੁਲਿਸ ਪਹੁੰਚਦੀ ਹੈ। ਇਸ ਤੋਂ ਮਗਰੋਂ ਜਦੋਂ ਨੇਹਾ ਮਨ ਦੀ ਸ਼ਾਂਤੀ ਲਈ ਧਾਰਮਿਕ ਸੰਸਥਾ ਦੀ ਓਟ ਲੱਭਦੀ ਹੈ ਤਾਂ ਉਥੋਂ ਵੀ ਸਹਾਰਾ ਨਹੀਂ ਮਿਲਦਾ। ਸੋ ਬਲਾਤਕਾਰ ਦੀ ਸ਼ਿਕਾਰ ਨੇਹਾ ਨੂੰ ਸਰੀਰਕ ਪੀੜਾ ਦੇ ਨਾਲ ਮਾਨਸਿਕ ਪੀੜਾ ਵੀ ਝੱਲਣੀ ਪੈਂਦੀ ਹੈ। ਇਸ ਪੀੜਾ ਨੂੰ ਵੀ ਨਾਵਲਕਾਰ ਮਿੱਥ ਰਾਹੀਂ ਰੂਪਮਾਨ ਕਰਦਾ ਹੈ।

ਹੁਣ ਕਿਸੇ ਤੜਕਾਸੁਰ ਨੇ ਨੇਹਾ ਦੀਆਂ ਸਾਰੀਆਂ ਵੈਦਿਕ ਸ਼ਕਤੀਆਂ ਹਰ ਲਈਆਂ ਸਨ। ਉਸਨੂੰ ਇਕ ਸਰਾਪੀ ਜ਼ਿੰਦਗੀ ਜਿਉਣੀ ਪੈ ਰਹੀ ਸੀ।[55]

ਜਿਥੇ ਨਾਵਲਕਾਰ ਮਹਾਂਭਾਰਤ ਦੀ ਮਿੱਥ ਨੂੰ ਆਧਾਰ ਬਣਾ ਕੇ ਅਜੋਕੇ ਲੋਕਤੰਤਰ ਯੁੱਗ ਦੀ ਦਾਸਤਾਨ ਪੇਸ਼ ਕਰਦਾ ਹੈ ਉਥੇ ਨਾਵਲ ਦਾ ਸਮੁੱਚਾ ਥੀਮਿਕ ਖੇਤਰ ਹੀ ਮਨੁੱਖੀ ਬਿਪਤਾ ਤੱਕ ਫੈਲਿਆ ਹੋਇਆ ਹੈ। ਕਿਉਂਕਿ ਨੇਹਾ ਦਾ ਬਲਾਤਕਾਰ ਇਕ ਵਾਰ ਨਹੀਂ ਸਗੋਂ ਅਦਾਲਤ ਵਿਚ ਹਰ ਪੇਸ਼ੀ ਦੌਰਾਨ ਹੁੰਦਾ ਹੈ। ਜਿਵੇਂ :

"ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਣ ਤੋਂ ਡਰਨ ਲੱਗੀ।"[56]

ਕਿਉਂਕਿ ਅਦਾਲਤਾਂ ਵਿਚ ਰਾਮਨਾਥ ਵਰਗੇ ਵਕੀਲ ਛਿੰਦੋ ਤੇ ਨੇਹਾ ਵਰਗੀਆਂ ਕੁੜੀਆਂ ਤੋਂ ਘਟੀਆ ਸਵਾਲ ਪੁੱਛਕੇ ਉਹਨਾਂ ਨੂੰ ਵਾਰ-ਵਾਰ ਨਿਰਬਸਤਰ ਕਰਕੇ ਉਹਨਾਂ ਦਾ ਅਪਮਾਨ ਕਰਦੇ ਹਨ ਜਿਸ ਕਰਕੇ ਨਾਵਲ ਦੇ ਸ਼ੁਰੂ ਵਿਚ ਰਾਮਨਾਥ ਆਪਣੀ ਭਾਣਜੀ ਨੇਹਾ ਤੇ ਹੋਏ ਬਲਾਤਕਾਰ ਨੂੰ ਛੁਪਾਉਣਾ ਚਾਹੁੰਦਾ ਹੈ। ਡਾਕਟਰਨੀ ਨੂੰ ਬਲਾਤਕਾਰ ਨਾ ਹੋਏ ਦੀ ਰਿਪੋਰਟ ਤਿਆਰ ਕਰਨ ਲਈ ਪੈਸੇ ਦੇਣ ਲਈ ਵੀ ਤਿਆਰ ਹੁੰਦਾ ਹੈ। ਅਜੋਕੀ ਮਹਾਂਭਾਰਤ ਹਰ ਪੱਖ ਤੋਂ ਪੁਰਾਤਨ ਮਹਾਂਭਾਰਤ ਤੋਂ ਉਲਟ ਹੈ ਜਦੋਂ ਦਰੋਪਤੀ ਆਪਣੀ ਬੇਇਜ਼ਤੀ ਦਾ ਬਦਲਾ ਲੈਣਾ ਚਾਹੁੰਦੀ ਹੈ ਤਾਂ ਉਸਦਾ ਪਤੀ ਉਸਦੀ ਪੂਰੀ ਮੱਦਦ ਕਰਦਾ ਹੈ ਜਦਕਿ ਨੇਹਾ ਦਾ ਪ੍ਰੇਮੀ ਸਾਗਰ ਉਸ ਨਾਲ ਵਾਪਰੀ ਬਲਾਤਕਾਰ ਦੀ ਘਟਨਾ ਕਾਰਨ ਉਸਨੂੰ ਛੱਡ ਹੀ ਜਾਂਦਾ ਹੈ, ਹਮਦਰਦੀ ਤਾਂ ਕੀ ਕਰਨੀ ਹੋਈ। ਇਹਨਾਂ ਹਾਲਾਤਾਂ ਦੀ ਸਤਾਈ ਹੋਈ ਨੇਹਾ ਆਤਮ-ਔਤਿਆ ਕਰਨਾ ਚਾਹੁੰਦੀ ਹੈ, ਜਿਥੇ ਉਸਨੂੰ ਆਪਣੇ ਭਰਾ ਕਮਲ ਦੇ ਕਹੇ ਬੋਲ ਯਾਦ ਆਉਂਦੇ ਹਨ ਕਿ ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸਦੀ ਮਜ਼ਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ 'ਤੇ ਪੱਟੀ ਬੰਨਣ ਦੀ ਕੰਧਾਰੀ ਦੀ ਕੀ ਮਜ਼ਬੂਰੀ ਸੀ ?

ਇਕ ਵਾਰ ਨੇਹਾ ਤੋਂ ਕਮਲ ਨੇ ਇਹ ਪ੍ਰਸ਼ਨ ਪੁੱਛਿਆ ਸੀ। ਫੇਰ ਆਪੇ ਉਸਨੇ ਉੱਤਰ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ।

ਕਮਲ ਅੱਜ ਫੇਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ। ਕਮਲ ਨੂੰ ਕਤਲ ਕਰ ਦਿੱਤਾ ਗਿਆ। ਇਹ ਕਮਲ ਦੀ ਮਜ਼ਬੂਰੀ ਸੀ। ਨੇਹਾ ਜਿਉਂਦੀ ਹੋ ਕੇ ਕਿਉਂ ਮਰ ਰਹੀ ਸੀ ? ਜੇ ਉਹ ਮਰ ਗਈ ਪਿਛੋਂ ਇਕ ਹੋਰ ਮਹਾਂਭਾਰਤ ਹੋ ਜਾਏਗਾ। ਉਨ੍ਹਾਂ ਦੇ ਮਾਂ-ਬਾਪ ਰੁਲ ਕੇ ਮਰ ਜਾਣਗੇ। ਕਮਲ ਦੇ ਕਾਤਲ ਬਰੀ ਹੋ ਜਾਣਗੇ।[57]

ਨੇਹਾ ਆਤਮ ਹੱਤਿਆ ਕਰਨ ਤੋਂ ਆਪਣੇ ਫ਼ਰਜ਼ਾਂ ਕਾਰਨ ਤਾਂ ਰੁਕ ਜਾਂਦੀ ਹੈ ਪਰ ਆਪਣੇ ਭਰਾ ਦੇ ਕਾਤਲ ਤੋਂ ਕਾਨੂੰਨੀ ਲੜਾਈ ਰਾਹੀਂ ਬਦਲਾ ਨਹੀਂ ਲੈ ਸਕਦੀ ਤੇ ਨਾ ਹੀ ਆਪਣੇ ਮਾਂ ਬਾਪ ਨੂੰ ਰੁਲਣ ਤੋਂ ਬਚਾ ਸਕਦੀ ਹੈ।

ਅੱਜ ਦੀ ਮਹਾਂਭਾਰਤ ਦੇ ਖਲਨਾਇਕ ਪਾਤਰ ਪੰਕਜ, ਨੀਰਜ, ਵਕੀਲ ਨੰਦ ਲਾਲ, ਸਿੰਗਲਾ, ਵਾਸੂਦੇਵਾ, ਗੇਲੂ ਡੇਅਰੀ ਵਾਲਾ, ਰਾਮ ਲੁਭਾਇਆ, ਜੱਜ, ਸਰਕਾਰੀ ਅਤੇ ਪ੍ਰਾਈਵੇਟ ਡਾਕਟਰ, ਪੁਲਿਸ ਕਪਤਾਨ, ਸੰਤੋਖ ਸਿੰਘ, ਕੌਰਵਾਂ (ਪੰਕਜ ਤੇ ਨੀਰਜ) ਦਾ ਪੱਖ ਪੂਰਦੇ ਹੋਏ ਹਰ ਮਹਿਕਮੇ ਨੂੰ ਕੌਰਵ ਸਭਾ ਦਾ ਰੂਪ ਦੇ ਰਹੇ ਹਨ ਜਿਨ੍ਹਾਂ ਲਈ ਪੈਸਾ ਕਮਾਉਣਾ ਹੀ ਜ਼ਿੰਦਗੀ ਦਾ ਮੁੱਖ ਮਕਸਦ ਹੈ। ਨੈਤਿਕ ਕਦਰਾਂ-ਕੀਮਤਾਂ ਸਭ ਪੈਸੇ ਦੀ ਲਾਲਸਾ ਵਿਚ ਰੁੜ੍ਹ ਰਹੀਆਂ ਹਨ। ਆਧੁਨਿਕ ਸਮੇਂ ਦੀ ਕੌਰਵ-ਸਭਾ ਵਿਚ ਨੇਕੀ ਦਾ ਪੱਖ ਪੂਰਨ ਵਾਲੇ ਵੀ ਜੱਜ ਸਾਧੂ ਸਿੰਘ ਵਰਗੇ ਨਜ਼ਰ ਆਉਂਦੇ ਹਨ ਪਰ ਉਹਨਾਂ ਦੀ ਇਸ ਪੈਸੇ ਦੇ ਯੁੱਗ ਵਿਚ ਕੋਈ ਪੇਸ਼ ਨਹੀਂ ਚਲਦੀ ਕਿਉਂਕਿ ਚਾਰੋਂ ਪਾਸੇ ਬੇਈਮਾਨੀ ਤੇ ਪੈਸੇ ਦੀ ਚੌਧਰ ਹੈ।

ਉਹ ਨੇਹਾ ਦੇ ਕੇਸ ਬਾਰੇ ਕੁਝ ਕਰਨਾ ਚਾਹੁੰਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ। ਕਿਉਂਕਿ "ਸਾਧੂ ਸਿੰਘ ਭਾਂਪ ਗਿਆ। ਸਾਰੇ ਵਕੀਲ ਇਕੋ ਥੈਲੀ ਦੇ ਚੱਟੇ ਵੱਟੇ ਸਨ। ਡੱਡੂਆਂ ਵਾਂਗ ਸਾਰੇ ਇਕੋ ਰਾਗ ਅਲਾਪ ਰਹੇ ਸਨ। ਇਕੱਠੇ ਹੋ ਕੇ ਉਨ੍ਹਾਂ ਨੇ ਅਭਿਮੰਨੂ ਵਾਂਗ ਉਸਨੂੰ ਚੱਕਰਵਿਯੂ ਵਿਚ ਫਸਾ ਲਿਆ ਸੀ।"[58]

ਸੋ ਸਾਧੂ ਸਿੰਘ ਸਾਰੀ ਅਸਲੀਅਤ ਨੂੰ ਜਾਣਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ ਸੀ। ਚੁੱਪ-ਚਾਪ ਦਰਸ਼ਕ ਦੀ ਤਰ੍ਹਾਂ ਵੇਖ ਸਕਦਾ ਸੀ। ਜਿਸ ਤਰ੍ਹਾਂ :

"ਉਹ ਆਪਣੇ ਆਪ ਨੂੰ ਕੌਰਵ ਸਭਾ ਦਾ ਮੁਖੀ ਮਹਿਸੂਸ ਕਰਨ ਲਗਦਾ ਸੀ। ਇਕ ਮਾਸੂਮ ਕੁੜੀ ਨੂੰ ਵਕੀਲਾਂ ਨੇ ਸ਼ਬਦ-ਬਾਣਾਂ ਰਾਹੀਂ ਨਿਰਵਸਤਰ ਕਰਨਾ ਸੀ। ਮਰਿਆਦਾ ਵਿਚ ਬੰਨੇ ਜੱਜ ਨੇ ਨਾ ਚਾਹੁੰਦੇ ਹੋਏ ਵੀ ਮੂਕ ਦਰਸ਼ਕ ਬਣ ਕੇ ਰਹਿ ਜਾਣਾ ਸੀ।"[59]

ਜੱਜ ਸਾਧੂ ਸਿੰਘ ਸਭ ਜਾਣਦੇ ਹੋਏ ਵੀ ਅੱਖਾਂ ਬੰਦ ਕਰਨ ਲਈ ਮਜ਼ਬੂਰ ਹੈ ਕਿਉਂਕਿ ਕੌਰਵ ਧਿਰ ਦੇ ਕੀਤੇ ਵਕੀਲਾਂ ਦੀਆਂ ਚਾਲਾਂ ਨੂੰ ਝੁਠਲਾਉਣਾ ਉਸਦੇ ਵੱਸ ਨਹੀਂ, ਕੇਵਲ ਸਾਧੂ ਸਿੰਘ ਹੀ ਨਹੀਂ ਸਗੋਂ ਵਕੀਲ ਊਧਮ ਸਿੰਘ, ਹਰੀਸ਼ ਰਾਏ, ਵਿਕਟਮ ਵੈਲਫੇਅਰ ਸੁਸਾਇਟੀ, ਰਾਮਨਾਥ ਵਰਗੇ ਸਭ ਇਸ ਭ੍ਰਿਸ਼ਟਾਚਾਰੀ ਦੇ ਸਿਸਟਮ ਦੇ ਖਿਲਾਫ਼ ਬੋਲਣ ਤੋਂ ਬੇਵੱਸ ਹੋਏ ਸਿਰਫ਼ ਮਾਨਸਿਕ ਸੰਤਾਪ ਹੀ ਭੋਗ ਰਹੇ ਹਨ। ਕਿਉਂਕਿ ਕੌਰਵਾਂ ਦਾ ਸਾਥ ਦੇਣ ਲਈ ਚਪੜਾਸੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਸਭ ਤਿਆਰ ਹਨ (ਜਿਵੇਂ ਡਾਕਟਰ, ਪੁਲਿਸ, ਵਕੀਲ, ਜੱਜ ਆਦਿ)। ਪਰੰਤੂ ਪਾਂਡਵਾਂ ਦੀ ਧਿਰ ਦਾ ਸਾਥ ਉਹਨਾਂ ਦੇ ਸਕੇ ਸੰਬੰਧੀ ਵੀ ਛੱਡ ਜਾਂਦੇ ਹਨ ਕਿਉਂਕਿ ਅੱਜ ਦੇ ਪੈਸੇ ਵਾਲੇ ਯੁਗ ਵਿਚ ਪੈਸੇ ਵਾਲਿਆਂ ਨਾਲ ਹੀ ਹਰੇਕ ਦਾ ਰਿਸ਼ਤਾ-ਨਾਤਾ ਹੈ। ਨੇਹਾ ਦਾ ਸਾਥ ਦੇਣ ਵਾਲਾ ਉਸਦਾ ਮਾਮਾ ਰਾਮਨਾਥ ਹੀ ਰਹਿ ਜਾਂਦਾ ਹੈ। ਬਾਕੀ ਸਭ ਦੋਸਤ ਮਿੱਤਰ ਸੁਦਾਮੇ ਬਣ ਜਾਂਦੇ ਹਨ ਕਿਉਂਕਿ ਸੁਦਾਮੇ ਗਰੀਬ ਹੋਣ ਕਰਕੇ ਆਧੁਨਿਕ ਮਹਾਂਭਾਰਤ ਦਾ ਯੁੱਧ ਲੜਨ ਲਈ ਅਸਮਰੱਥ ਹਨ।

ਨੇਹਾ ਦਾ ਪਿਤਾ ਪਲੱਸਤਰ ਨਾਲ ਬੰਨ੍ਹਿਆ ਹੋਇਆ ਆਪਣੇ ਪਰਿਵਾਰ ਲਈ ਕੁਝ ਨਹੀਂ ਕਰ ਸਕਦਾ, ਸਿਰਫ਼ ਮਹਾਂਭਾਰਤ ਦੇ ਪਾਤਰ ਭੀਸ਼ਮ ਪਿਤਾਮਾ ਦੀ ਤਰ੍ਹਾਂ ਅਨਾਥ ਨੂੰ ਦੇਖ ਹੀ ਰਿਹਾ ਹੈ। ਉਸਨੂੰ ਪਤਾ ਸੀ ਜਦ ਤੱਕ ਉਹਨਾਂ ਨੇ ਸਰੀਰਕ ਤੇ ਮਾਨਸਿਕ ਤੌਰ ਤੇ ਠੀਕ ਹੋਣਾ ਸੀ ਕੌਰਵਾਂ ਦੀ ਧਿਰ ਆਪਣੀਆਂ ਚੁਸਤ ਚਲਾਕੀਆਂ ਨਾਲ ਫੈਸਲਾ ਆਪਣੇ ਹੱਕ ਵਿਚ ਕਰਵਾ ਲੈਵੇਗੀ। ਜਿਵੇਂ :

"ਜਦੋਂ ਤੱਕ ਮੁਦੱਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ, ਉਦੋਂ ਤੱਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨ੍ਹਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ।"[60]

ਤੇ ਹੁੰਦਾ ਵੀ ਇਸੇ ਤਰ੍ਹਾਂ ਹੈ, ਭਾਵੇਂ ਪੰਡਤ ਪਰਮਾਨੰਦ ਨੇਹਾ ਨੂੰ ਅਦਾਲਤ ਵਿਚ ਕੌਰਵਾਂ ਦੇ ਖਿਲਾਫ਼ ਡੱਟ ਜਾਣ ਦਾ ਉਪਦੇਸ਼ ਦਿੰਦਾ ਹੈ ਜਿਸ ਤਰ੍ਹਾਂ ਮਹਾਂਭਾਰਤ ਵਿਚ ਕ੍ਰਿਸ਼ਨ ਅਰਜਨ ਨੂੰ ਰਣ-ਖੇਤਰ ਵਿਚ ਜਾਣ ਤੋਂ ਪਹਿਲਾਂ ਰਿਸ਼ਤਿਆਂ ਨੂੰ ਸਾਹਮਣੇ ਵੇਖ ਕੇ ਦੁਬਿਧਾ ਵਿਚ ਪਏ ਨੂੰ ਕੱਢਦਾ ਹੈ ਤੇ ਉਸਨੂੰ ਕੁਰੂਕਸ਼ੇਤਰ ਦੇ ਮੈਦਾਨ ਵਿਚ ਯੁੱਧ ਕਰਨ ਲਈ ਪ੍ਰੇਰਿਤ ਵੀ

ਕਰਦਾ ਹੈ :

"ਪੰਡਤ ਪਰਮਾਨੰਦ ਨੇ ਨੇਹਾ ਨੂੰ ਮਾਇਆ ਨਗਰ ਵੱਲ ਤੁਰਨ ਤੋਂ ਪਹਿਲਾਂ ਛੋਟਾ ਜਿਹਾ ਉਪਦੇਸ਼ ਦਿੱਤਾ ਸੀ। ਅਦਾਲਤ ਉਸ ਲਈ ਕੁਰੂਕਸ਼ੇਤਰ ਦਾ ਮੈਦਾਨ ਸੀ। ਨੇਹਾ ਨੇ ਹੁੰਦੇ ਚੀਰ ਹਰਨ ਤੋਂ ਡਰ ਕੇ ਰਹਿਮ ਦੀ ਪੁਕਾਰ ਨਹੀਂ ਸੀ ਕਰਨੀ ਉਸਨੇ ਅਰਜਨ ਬਣਕੇ ਗਵਾਹੀ ਵਾਲੇ ਤੀਰ ਕੌਰਵਾਂ ਵੱਲ ਸੁੱਟਣੇ ਸਨ। ਇਨ੍ਹਾਂ ਤੀਰਾਂ ਨੇ ਮਜਲੂਮਾਂ ਲਈ ਫਾਂਸੀ ਦਾ ਫੰਦਾ ਬਣਨਾ ਸੀ।"[61]

ਨੇਹਾ ਪਰਮਾਨੰਦ ਦੇ ਉਪਦੇਸ਼ ਕਾਰਨ ਲੜਾਈ ਲਈ ਦਿਲੋਂ ਤਾਂ ਤਿਆਰ ਹੁੰਦੀ ਹੈ ਪਰੰਤੂ ਅਦਾਲਤ ਵਿਚ ਅਰਜੁਨ ਦੇ ਤੀਰਾਂ ਦੀ ਤਰ੍ਹਾਂ ਕੋਈ ਕਰਾਮਾਤ ਨਹੀਂ ਦਿਖਾਉਂਦੀ। ਅੰਤ ਵਿਚ ਵੈਦ ਦਾ ਪਰਿਵਾਰ ਆਰਥਿਕ, ਸਰੀਰਕ ਤੇ ਮਾਨਸਿਕ ਪੱਖੋਂ ਮਹਾਂਭਾਰਤ ਦਾ ਯੁੱਧ ਹਾਰ ਜਾਂਦਾ ਹੈ। ਜਦਕਿ ਮਹਾਂਭਾਰਤ ਵਿਚ ਪਾਂਡਵਾਂ ਦੀ ਜਿੱਤ ਹੁੰਦੀ ਹੈ। ਆਧੁਨਿਕ ਯੁੱਗ ਦੀ ਮਹਾਂਭਾਰਤ ਪੈਸੇ ਦੀ ਹੈ ਇਸ ਕਰਕੇ ਕੌਰਵ ਪੈਸੇ ਕਾਰਨ ਜਿੱਤ ਜਾਂਦੇ ਹਨ ਤੇ ਪਾਂਡਵ ਸੱਚੇ ਹੋਣ ਦੇ ਬਾਵਜੂਦ ਵੀ ਇਨਸਾਫ਼ ਦੀ ਉਡੀਕ ਕਰਦੇ ਹੋਏ ਹਾਰ ਜਾਂਦੇ ਹਨ ਤੇ ਝੂਠੀ ਤਸੱਲੀ ਲਈ ਹਾਈ ਕੋਰਟ ਜਾਣ ਦਾ ਮਨ ਬਣਾਉਂਦੇ ਹਨ। ਜਿਵੇਂ :

"ਅੱਗੇ ਵਧ ਕੇ ਨੇਹਾ ਦੇ ਸਿਰ 'ਤੇ ਹੱਥ ਰੱਖ ਕੇ ਹਰੀਸ਼ ਨੇ ਨੇਹਾ ਨਾਲ ਹਮਦਰਦੀ ਪ੍ਰਗਟਾਈ ਨਾਲੇ ਫ਼ੈਸਲੇ ਦੇ ਅਰਥ ਸਮਝਾਏ।

"ਹੌਸਲਾ ਰੱਖ ਧੀਏ ! ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ। ਆਪਾਂ ਉਪਰ ਅਪੀਲ ਕਰਾਂਗੇ।"[62]

ਰਾਮਨਾਥ ਨੇਹਾ ਦਾ ਦਿਲ ਰੱਖਣ ਲਈ ਉਸਨੂੰ ਉਪਰਲੇ ਕਾਨੂੰਨ ਕੋਲ ਜਾਣ ਦਾ ਦਾਅਵਾ ਕਰਦਾ ਹੈ ਪਰ ਹੋਣ ਵਾਲਾ ਕੁਝ ਵੀ ਨਹੀਂ। ਨਾਵਲ ਇਥੇ ਹੀ ਖਤਮ ਨਹੀਂ ਹੁੰਦਾ ਸਗੋਂ ਅੰਤ ਵਿਚ ਉਪਰ ਜਾਣ ਦਾ ਸੰਕੇਤ ਇਹ ਦਰਸਾਉਂਦਾ ਹੈ ਕਿ ਆਖਰ ਕਿੰਨਾ ਚਿਰ ਪੈਸੇ ਦੇ ਜ਼ੋਰ ਤੇ ਕੌਰਵ ਜਿੱਤਦੇ ਰਹਿਣਗੇ।

ਸੋ ਨਾਵਲਕਾਰ ਭਾਰਤੀ ਪਰੰਪਰਾ ਅਨੁਸਾਰ ਮਹਾਂਭਾਰਤ ਨੂੰ ਆਧੁਨਿਕ ਮਹਾਂਭਾਰਤ ਦੇ ਰੂਪ ਵਿਚ ਰੂਪਮਾਨ ਕਰਦਾ ਹੋਇਆ ਇਸ ਪੂਰਵ ਮਨੌਤ ਅੱਗੇ ਪ੍ਰਸ਼ਨ-ਚਿੰਨ੍ਹ ਲਾਉਂਦਿਆਂ ਕੌਰਵ-ਸਭਾ ਨਾਵਲ ਵਿਚ ਨੇਕੀ ਅਤੇ ਬਦੀ ਦੀ ਇਸ ਲੜਾਈ ਵਿਚ ਬਦੀ ਦੀ ਜਿੱਤ ਤੇ ਨੇਕੀ ਨੂੰ ਬੁਰੀ ਤਰ੍ਹਾਂ ਹਾਰਦੀ ਦਿਖਾਉਂਦਾ ਹੈ। ਮਹਾਂਭਾਰਤ ਦੀ ਮਿੱਥ ਬਦੀ ਦਾ ਰਾਹ ਤਿਆਗ ਕੇ ਨੇਕੀ ਦੇ ਰਾਹ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਬਦੀ ਦੇ ਰਾਹ ਤੇ ਬਰਬਾਦੀ ਤੋਂ ਬਿਨਾਂ ਕੁਝ ਵੀ ਹਾਸਿਲ ਨਹੀਂ ਹੁੰਦਾ। ਪਰ ਨਾਵਲ ਵਿਚ ਨੇਕੀ ਦੀ ਹਾਰ ਤੇ ਬਰਬਾਦੀ ਦਿਖਾ ਕੇ ਨਾਵਲਕਾਰ ਬਦੀ ਪ੍ਰਤੀ ਨਫ਼ਰਤ ਪੈਦਾ ਕਰਨ ਵਿਚ ਸਫ਼ਲ ਹੋਇਆ ਹੈ। ਨਾਵਲਕਾਰ ਇਸ ਨਾਵਲ ਦੇ ਤਿੰਨ ਕਾਂਡਾਂ ਵਿਚ ਜੋ ਜਿੱਤ ਗਿਆ ਸੋ ਹਰ ਗਿਆ, ਜੋ ਹਰ ਗਿਆ ਸੋ ਮਰ ਗਿਆ, ਪੰਜਾਬੀ ਕਹਾਵਤ ਦੇ ਅਰਥ ਪ੍ਰਸਾਰਿਤ ਕਰਦਾ ਹੈ।

'ਕੌਰਵ-ਸਭਾ' ਨਾਵਲ ਵਿਚ ਨਾਵਲਕਾਰ ਦਾ ਲਗਭਗ ਤਿੰਨ ਦਹਾਕਿਆਂ ਦਾ ਅਨੁਭਵ ਸਮਾਇਆ ਹੋਇਆ ਹੈ ਜਿਸ ਰਾਹੀਂ ਉਸਨੇ (ਮਹਾਂਭਾਰਤ) ਇਤਿਹਾਸ ਦਾ ਪੁਨਰ-

ਵਿਵੇਚਨ ਕਰਦੇ ਮਿੱਥ ਕਥਾ ਅਥਵਾ ਇਸ ਸੰਕਲਪ ਨੂੰ ਆਧਾਰ ਬਣਾ ਕੇ ਜੀਵਨ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ ਹੈ, ਇਹ ਨਾਵਲਕਾਰ ਦੀ ਵਿਲੱਖਣਤਾ ਕਹੀ ਜਾ ਸਕਦੀ ਹੈ। ਸ਼ਹਿਰੀਕਰਨ ਤੇ ਪੂੰਜੀਵਾਦ ਦੇ ਪ੍ਰਭਾਵ ਵਜੋਂ ਉਪਜੀ ਪਦਾਰਥਕ ਸੋਚ ਦੇ ਅਮਾਨਵੀ ਪੱਖਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੰਜਾਬ ਦੇ ਵਿਭਿੰਨ ਖੇਤਰਾਂ ਵਿਚ ਪੂੰਜੀਵਾਦ ਤੋਂ ਪੈਦਾ ਹੋਏ ਸੰਕਟ ਦੀ ਤਸਵੀਰਕਸੀ ਪੇਸ਼ ਕਰਦਿਆਂ ਬਾਹਰੀ ਮਜ਼ਦੂਰਾਂ ਭਾਵ ਪਰਵਾਸੀ (ਭਈਆਂ) ਮਜ਼ਦੂਰਾਂ ਕਾਰਨ ਪੰਜਾਬ ਵਿਚ ਉਤਪੰਨ ਹੋਈਆਂ ਸਮੱਸਿਆਵਾਂ ਨੂੰ ਵੀ ਆਪਣੇ ਨਾਵਲ ਵਿਚ ਕੇਂਦਰੀ ਸਮੱਸਿਆਵਾਂ ਵਜੋਂ ਵਿਸਥਾਰ ਨਾਲ ਚਿਤਰਿਆ ਹੈ।

ਨਾਵਲਕਾਰ ਕਾਨੂੰਨ ਪ੍ਰਬੰਧ ਦੀਆਂ ਵਿਧੀਆਂ ਅਤੇ ਕਾਨੂੰਨ ਪ੍ਰਬੰਧ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਸਾਹਮਣੇ ਲਿਆਉਂਦਾ ਹੋਇਆ ਇਸ ਪ੍ਰਣਾਲੀ ਨੂੰ ਆਧੁਨਿਕ ਰੂਪ ਦੇਣਾ ਚਾਹੁੰਦਾ ਹੈ ਜਿਵੇਂ ਨਾਵਲ ਵਿਚ ਵਕੀਲਾਂ ਦੀ ਬਹਿਸ ਦੌਰਾਨ ਇਹ ਵਿਚਾਰ ਸਾਹਮਣੇ ਆਉਂਦੇ ਹਨ :

"ਵਿਗਿਆਨ ਚੰਦ ਵੀ ਹਿੱਕ ਤੇ ਪੈਰ ਰੱਖ ਕੇ ਮੰਗਲ ਗ੍ਰਹਿ ਤੱਕ ਪੁੱਜ ਗਿਆ। ਅਸੀਂ ਅਠਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜ਼ੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਵਿਗਿਆਨਕ ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ।"[63]

ਇਸ ਵੇਰਵੇ ਤੋਂ ਪ੍ਰਤੱਖ ਹੈ ਕਿ ਨਾਵਲਕਾਰ ਸੁਧਾਰਵਾਦੀ ਦ੍ਰਿਸ਼ਟੀਕੋਣ ਰਾਹੀਂ ਦੋਸ਼ਗ੍ਰਸਤ ਨਿਆਂ ਪ੍ਰਣਾਲੀ ਨੂੰ ਬਦਲਣ ਪ੍ਰਤੀ ਵੀ ਯਤਨਸ਼ੀਲ ਹੈ। ਪੁਰਾਤਨ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੋਇਆ ਨਾਵਲਕਾਰ ਨਾਵਲ ਵਿਚ ਪੇਸ਼ ਹੁੰਦੇ ਮਹਾਂਨਗਰੀ ਮਾਨਵੀ ਰਿਸ਼ਤੇ, ਉਸ ਸਮਾਜਿਕ ਸੰਕਟ ਵੱਲ ਇਸ਼ਾਰਾ ਕਰ ਜਾਂਦੇ ਹਨ ਜੋ ਜ਼ਿੰਦਗੀ ਦੇ ਹਰ ਪਹਿਲੂ ਨੂੰ ਆਪਣੀ ਮੁੱਠੀ ਵਿਚ ਬੰਦ ਕਰ ਰਿਹਾ ਹੈ। ਇਹ ਸਮਾਜਿਕ ਸੰਕਟ ਮਨੁੱਖ ਦੇ ਮਨੁੱਖ ਨਾਲ ਰਾਬਤੇ ਦਾ ਵੀ ਹੈ ਤੇ ਮਨੁੱਖ ਦੀ ਇਕੱਲਤਾ ਅਤੇ ਖੰਡਤਾ ਦਾ ਵੀ ਹੈ। ਜਿਵੇਂ ਵੇਦ ਪਰਿਵਾਰ ਇਕ ਛੋਟੇ ਨਗਰ ਤੋਂ ਉੱਠ ਕੇ ਮਹਾਂਨਗਰ ਵਿਚ ਚਲਾ ਜਾਂਦਾ ਹੈ। ਅਖੀਰ ਵਿਚ ਇਸ ਪਰਿਵਾਰ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਸ ਨਾਲ ਇਹ ਪਰਿਵਾਰ ਟੁੱਟਿਆ-ਬਿਖਰਿਆ ਤਬਾਹ ਹੋਇਆ ਮਹਾਂਨਗਰ ਨੂੰ ਅਲਵਿਦਾ ਆਖਦਾ ਹੈ।

ਸੋ ਨਾਵਲਕਾਰ ਜਿਥੇ ਨਾਵਲ ਵਿਚ ਸਥਾਨਕ ਯਥਾਰਥ ਨੂੰ ਪੇਸ਼ ਕਰਦਾ ਹੈ, ਉਥੇ ਯਥਾਰਥ ਵਿਚ ਪੈਦਾ ਹੋਏ ਨਵੇਂ ਵਿਸਥਾਰਾਂ ਦਾ ਵਿਸ਼ਲੇਸ਼ਣ ਉਘਾੜਦਾ ਹੈ। ਪੰਜਾਬ ਵਿਚ ਭਈਆਂ ਦਾ ਆਉਣਾ ਤੇ ਹਰ ਕੰਮ ਕਰਨ ਦੇ ਨਾਲ-ਨਾਲ ਸਿਸਟਮ ਵਿਚ ਪੈਦਾ ਹੋਏ ਕ੍ਰਾਈਮ ਦਾ ਹਿੱਸੇਦਾਰ ਬਣਨਾ, ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ ਦੀ ਤ੍ਰਾਸਦੀ ਅਤੇ ਪੈਸੇ ਦੀ ਪ੍ਰਾਪਤੀ ਲਈ ਟੁੱਟ ਰਹੇ ਖੂਨ ਦੇ ਰਿਸ਼ਤੇ ਅਤੇ ਪੈਸੇ ਲਈ ਸਮਾਜ ਵਿਚ ਨਿਰੰਤਰ ਵਧ ਰਹੇ ਜ਼ੁਰਮ ਆਦਿ ਵਰਗੀਆਂ ਸਮਕਾਲੀ ਸਮੱਸਿਆਵਾਂ ਨੂੰ ਲੈ ਕੇ ਨਾਵਲਕਾਰ ਇਸ ਨਾਵਲ ਦੇ ਬਿਰਤਾਂਤ ਵਿਚ ਸੰਘਣਾਪਣ ਤੇ ਵਾਧਾ ਕਰਦਾ ਹੈ। ਇਸ ਨਾਵਲ ਬਾਰੇ ਕਿਹਾ ਜਾ ਸਕਦਾ ਹੈ ਕਿ ਮੀਤ ਨੇ ਬੜੇ ਈਮਾਨਦਾਰ ਢੰਗ ਨਾਲ ਧਾਰਮਿਕ, ਸਮਾਜਿਕ ਤੇ

ਸਭਿਆਚਾਰਕ ਪੱਖ ਤੋਂ ਵੀ ਯਥਾਰਥਕ ਪਰਸਥਿਤੀਆਂ ਨੂੰ ਮਿੱਥ ਦੇ ਪਿਛੋਕੜ ਰਾਹੀਂ ਬਹੁ-ਪਾਸਾਰੀ ਬਿੰਬ ਰਾਹੀਂ ਚਿਤਰਿਆ ਹੈ।

## (ਕ) ਸੁਧਾਰ-ਘਰ : ਜੇਲ੍ਹ ਪ੍ਰਬੰਧ ਦੇ ਬਹੁ-ਪਰਤੀ ਪਾਸਾਰ

ਮਿੱਤਰ ਸੈਨ ਮੀਤ ਦਾ ਛੇਵਾਂ ਨਾਵਲ 'ਸੁਧਾਰ-ਘਰ' ਇਸ ਸਮੇਂ ਵਧੇਰੇ ਚਰਚਿਤ ਹੈ, ਜਿਸਨੂੰ ਸਾਹਿਤ ਅਕਾਦਮੀ ਦਾ ਸਰਵੋਤਮ ਐਵਾਰਡ ਮਿਲ ਚੁੱਕਾ ਹੈ। ਇਹ ਨਾਵਲ ਉਸਦੇ ਪਹਿਲੇ ਦੋ ਨਾਵਲਾਂ 'ਤਫ਼ਤੀਸ਼' ਤੇ 'ਕਟਹਿਰਾ' ਦਾ ਤੀਜਾ ਹਿੱਸਾ ਵੀ ਹੈ ਤੇ ਆਪਣੇ ਆਪ ਵਿਚ ਸੁਤੰਤਰ ਪੂਰਾ ਨਾਵਲ ਵੀ ਹੈ। ਇਸਨੂੰ ਲੰਬੇ ਇਤਿਹਾਸਕ ਕਾਲ ਵਿਚ ਇਕ ਨਿਰੰਤਰਤਾ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ ਅਤੇ ਇਕ ਕਾਲ ਖੰਡ ਵਿਚ ਰੱਖਕੇ ਵੀ, ਕਿਉਂਕਿ ਇਸ ਵਿਚ ਪਹਿਲੇ ਨਾਵਲਾਂ ਦਾ ਡੂੰਘਾ ਤੇ ਗਹਿਰਾ ਵਿਸਥਾਰ ਵੀ ਵੇਖਣ ਨੂੰ ਮਿਲਦਾ ਹੈ ਅਤੇ ਇਹ ਆਪਣਾ ਇਕ ਵੱਖਰਾ ਸੰਸਾਰ ਵੀ ਉਭਾਰਦਾ ਹੈ। ਇਸ ਨਾਵਲ ਦਾ ਮੁੱਖ ਵਿਸ਼ਾ ਭਾਵੇਂ ਜੇਲ੍ਹ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸੰਬੰਧੀ ਹੈ। ਪਰੰਤੂ ਆਪਣੇ ਪਹਿਲੇ ਨਾਵਲਾਂ ਵਾਂਗ ਨਾਵਲਕਾਰ ਨੇ ਜੇਲ੍ਹ ਦੀ ਦੁਨੀਆਂ ਰਾਹੀਂ ਸਮੁੱਚੇ ਸਮਾਜ ਵਿਚ ਚਲਦੇ ਦੁਰਾਚਾਰ ਦੇ ਜਮਾਤੀ ਸੰਦਰਭ ਨੂੰ ਪੇਸ਼ ਕੀਤਾ ਹੈ। ਮੀਤ ਕਾਨੂੰਨੀ ਲੜੀਵਾਰ ਨਾਵਲਾਂ ਵਿਚ ਅਜਿਹੇ ਯਥਾਰਥ ਨੂੰ ਦਰਸਾਉਣ ਦਾ ਯਤਨ ਕਰਦਾ ਹੈ ਕਿ ਭਾਰਤ ਵਿਚ ਭ੍ਰਿਸ਼ਟ ਹੋ ਚੁੱਕੀ ਨਿਆਂ-ਪ੍ਰਣਾਲੀ ਕੋਲੋਂ ਇਨਸਾਫ਼ ਲੈਣਾ ਅਤਿ ਦਾ ਮਹਿੰਗਾ, ਲੰਮਾ ਤੇ ਪੇਚੀਦਾ ਮਸਲਾ ਹੈ। ਆਮ ਆਦਮੀ ਇਨਸਾਫ਼ ਲੈਣ ਦੀ ਉਮੀਦ ਛੱਡ ਦਿੰਦਾ ਹੈ। ਕਿਉਂਕਿ ਕਚਹਿਰੀਆਂ ਦੇ ਚੱਕਰ ਕੱਟਦਿਆਂ ਉਹਨਾਂ ਦੀਆਂ ਪੀੜ੍ਹੀਆਂ ਬਦਲ ਜਾਂਦੀਆਂ ਹਨ। ਜਿਵੇਂ ਤਫ਼ਤੀਸ਼ ਤੋਂ ਲੈ ਕੇ ਸੁਧਾਰ-ਘਰ ਤੱਕ ਪਹੁੰਚਦਿਆਂ ਲੋਕਾਂ ਲਈ ਬੰਟੀ ਦੇ ਕਤਲ ਦੀ ਘਟਨਾ ਜਾਂ ਵਾਰਦਾਤ ਭੁੱਲੀ ਵਿਸਰੀ ਸ਼ੈਅ ਬਣ ਜਾਂਦੀ ਹੈ। 'ਸੁਧਾਰ-ਘਰ' ਨਾਵਲ ਵਿਚ ਮੀਤ ਨੇ ਇਹ ਦਰਸਾਇਆ ਹੈ ਕਿ ਕਾਨੂੰਨ ਤੇ ਪ੍ਰਸ਼ਾਸਨ ਤਕੜੇ ਦੇ ਹਿੱਤ ਮੁਤਾਬਿਕ ਤੁਰਦਾ ਤੇ ਮਾੜੇ ਨੂੰ ਆਪਣੇ ਮੁਤਾਬਿਕ ਤੋਰਦਾ ਹੈ। ਨਾਵਲਕਾਰ ਲਿਖਦਾ ਹੈ :

"ਕਾਨੂੰਨ ਕਿੰਨਾ ਲਚਕਦਾਰ ਹੈ। ਜਾਬਰ ਲੋਕ ਆਪਣੇ ਹੱਕ ਪਾਲਣ ਲਈ ਇਸਨੂੰ ਕਿਸ ਤਰ੍ਹਾਂ ਤੋੜ ਮਰੋੜ ਲੈਂਦੇ ਹਨ। ਪੁਲਿਸ ਮਾਸੂਮਾਂ ਨਾਲ ਖੜ੍ਹੋਣ ਦੀ ਥਾਂ ਕਿਸ ਤਰ੍ਹਾਂ ਪੈਸੇ ਵਾਲਿਆਂ ਨਾਲ ਮੌਕਾ ਜੋੜਦੀ ਹੈ।"[64]

ਇਸ ਨਾਵਲ ਦਾ ਵਿਸ਼ਾ ਇਹ ਵੀ ਹੈ ਕਿ ਜੇਲ੍ਹ ਪ੍ਰਸ਼ਾਸਨ ਦਾ ਆਪਣਾ ਦਬਦਬਾ ਦਹਿਸ਼ਤ ਤੇ ਬਹਿਸ਼ਤ ਹੈ। ਬਾਹਰਲੇ ਸਮਾਜ ਮੁਤਾਬਿਕ ਜੇਲ੍ਹ ਅੰਦਰਲੀ ਦੁਨੀਆਂ ਬਹੁਭਾਗੀ ਅਤੇ ਬਹੁਰੰਗੀ ਹੈ। ਜਿਵੇਂ ਸਾਧੂ ਸਿੰਘ ਅਤੇ ਗੁਰਨਾਮ ਸਿੰਘ ਨੂੰ ਜੇਲ੍ਹ ਵਿਚ ਧੰਦਾ ਕਰਦਿਆਂ ਨੂੰ ਦ੍ਰਿਸ਼ਟਮਾਨ ਕੀਤਾ ਹੈ :

"ਜੱਜਾਂ ਨਾਲ ਉਸ (ਗੁਰਨਾਮ) ਨੇ ਪਤਾ ਨਹੀਂ ਕੀ ਅੱਟੀ ਸੱਟੀ ਲਾਈ ਹੋਈ ਸੀ। ਜਦੋਂ ਦਿਲ ਕਰਦਾ ਹੈ ਜੇਲ੍ਹ ਆ ਜਾਂਦਾ ਜਦੋਂ ਦਿਲ ਕਰਦਾ ਹੈ ਬਾਹਰ ਚਲਾ ਜਾਂਦਾ ਹੈ।"[65]

ਉਕਤ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਜੇਲ੍ਹ ਪ੍ਰਸ਼ਾਸਨ ਪੈਸੇ ਤੇ ਸੱਤਾ ਦੀ ਤਾਕਤ ਅਨੁਸਾਰ ਰੰਗ ਬਦਲਦਾ ਹੈ। ਇਹ ਨਾਵਲ ਜੇਲ੍ਹ ਦੇ ਵਰਨਣ ਦੇ ਨਾਲ ਪੂਰੇ ਸਮਾਜ ਦੀ

ਝਲਕ ਪੇਸ਼ ਕਰਦਾ ਹੈ ਕਿ ਜਿਸ ਤਰ੍ਹਾਂ ਬਾਹਰਲੇ ਪ੍ਰਸ਼ਾਸਨ ਵਿਚ ਲੁੱਟ ਹੈ ਉਸ ਤਰ੍ਹਾਂ ਹੀ ਜੇਲ੍ਹ ਵਿਚ ਲੁੱਟ ਪੈਂਦੀ ਹੈ। ਸਾਧਨ ਹੀਣਿਆਂ ਦੀ ਬਾਹਰ ਕੋਈ ਪੁੱਛ ਪ੍ਰਤੀਤ ਨਹੀਂ ਤਿਵੇਂ ਹੀ ਜੇਲ੍ਹ ਅੰਦਰ ਵੀ ਉਨ੍ਹਾਂ ਨੂੰ ਰੋਲਿਆ ਤੇ ਮਧੋਲਿਆ ਜਾਂਦਾ ਹੈ। ਜੇਲ੍ਹ ਸੁਪਰਡੈਂਟ ਅੱਗੇ ਆਨਾਕਾਨੀ ਕਰਨ ਵਾਲੇ ਜਿੰਦਰ ਨੂੰ ਨਸ਼ੇ ਦੇ ਕੇ ਮਾਰ ਦਿੱਤਾ ਜਾਂਦਾ ਹੈ। ਜੇਲ੍ਹ ਅੰਦਰ ਪ੍ਰੀਤੋ, ਮਿੱਠੋ ਤੇ ਹੇਮਾ ਵਰਗੀਆਂ ਇਸਤਰੀ ਕੈਦਣਾਂ ਅੜੇ-ਥੁੜੇ ਪਰਿਵਾਰਾਂ ਨਾਲ ਸੰਬੰਧਿਤ ਹਨ। ਜਿਨ੍ਹਾਂ ਨੂੰ ਪਰਿਵਾਰ ਦੀ ਰੋਜ਼ੀ-ਰੋਟੀ ਲਈ ਮਜ਼ਬੂਰੀ ਤਹਿਤ ਗਲਤ ਸਮਝੌਤੇ ਤੇ ਧੰਦੇ ਕਰਨੇ ਪੈਂਦੇ ਹਨ ਤੇ ਕੈਦ ਕੱਟਣੀ ਪੈਂਦੀ ਹੈ। ਅਜਿਹੇ ਪਾਤਰ ਜੇਲ੍ਹ ਅੰਦਰ ਵੀ ਮੁਸ਼ੱਕਤ ਭਰਿਆ ਸਮਾਂ ਬਤੀਤ ਕਰਦੇ ਹਨ। ਹੇਮਾ ਕੈਦਣ ਨੂੰ ਜੇਲ੍ਹ ਦੇ ਦਰੋਗੇ ਸੰਤੋਖ ਸਿੰਘ ਦੀ ਜ਼ਬਰਦਸਤੀ ਝੱਲਣੀ ਪੈਂਦੀ ਹੈ ਕਿ ਇਸ ਤਰ੍ਹਾਂ ਮਿੱਠੋ ਕੈਦਣ ਨੂੰ ਜੇਲ੍ਹ ਸੁਪਰਡੈਂਟ ਨੂੰ ਨਾਂਹ ਨੁਕਰ ਕਰਨ ਦੀ ਸਜ਼ਾ ਭੁਗਤਣੀ ਪੈਂਦੀ ਹੈ। ਜੇਲ੍ਹ ਵਿਚ ਹਰ ਛੋਟੇ ਤੋਂ ਲੈ ਕੇ ਹਰ ਵੱਡਾ ਅਫ਼ਸਰ ਭ੍ਰਿਸ਼ਟ ਹੈ। ਲੁੱਟ ਦੇ ਮਾਲ ਦੀ ਵੰਡ ਕੀਤੀ ਜਾਂਦੀ ਹੈ। ਜਿਵੇਂ :

"ਕੜਾ ਮੈਂ ਰੱਖ ਲੈਣਾ, ਚੇਨੀ ਤੂੰ ਪਾ ਲੈ, ਮੁੰਦਰੀਆਂ ਵੱਡੇ ਸਾਹਬ ਨੂੰ ਦੇ ਦੇਵਾਂਗੇ।"[66]

ਇਸ ਤਰ੍ਹਾਂ ਕੈਦੀਆਂ ਨੂੰ ਮਿਲਣ ਵਾਲਾ ਰਾਸ਼ਨ ਸਬਜੀਆਂ, ਦਾਲਾਂ ਵਿਚੋਂ ਅੱਧਾ ਮੁਲਾਜ਼ਮਾਂ ਦੇ ਘਰਾਂ ਵਿਚ ਵੰਡਿਆ ਜਾਂਦਾ ਹੈ। ਜੇਲ੍ਹ ਵਿਚ ਨਸ਼ੇ ਵੇਚਣ ਤੇ ਖਾਣ ਦੀ ਪੂਰੀ ਖੁੱਲ੍ਹ ਹੈ :

"ਗੁਰਨਾਮ ਸਿੰਘ ਹਰ ਨਸ਼ਾ ਜੇਲ੍ਹ 'ਚ ਪਹੁੰਚਾਉਂਦਾ ਸੀ। ਕਨਟੀਨ ਤੋਂ ਲੈ ਕੇ ਜ਼ਨਾਨਾ ਵਾਰਡ ਤੱਕ ਉਸਦਾ ਮਾਲ ਵਿਕਦਾ ਸੀ। ਹਰ ਬੈਰਕ ਵਿਚ ਉਸ ਨੇ ਆਪਣਾ ਕਰਿੰਦਾ ਛੱਡਿਆ ਹੋਇਆ ਸੀ। ਨਸ਼ਾ ਕਿਸੇ ਹੋਰ ਪਾਸਿਉਂ ਆ ਜਾਵੇ ਤਾਂ ਬੈਰਕ ਵਿਚ ਦੰਗਾ ਹੋ ਜਾਂਦਾ ਸੀ।"[67]

ਇਸ ਹਵਾਲੇ ਅਨੁਸਾਰ ਪੈਸੇ ਤੇ ਸੱਤਾ ਵਿਚ ਮੁੱਖ ਸਥਾਨ ਰੱਖਣ ਵਾਲੇ ਅਮੀਰ ਵਰਗ ਦੇ ਲੋਕ ਗੁਨਾਹ ਕਰਕੇ ਵੀ ਸਮਾਜ ਵਿਚ ਸੁਤੰਤਰ ਵਿਚਰਦੇ ਹਨ ਤੇ ਉਨ੍ਹਾਂ ਨੂੰ ਜੇਲ੍ਹ ਵਿਚ ਵੀ ਨਸ਼ੇ ਵੇਚਣ ਤੇ ਖਰੀਦਣ ਦੀ ਪੂਰੀ ਖੁੱਲ੍ਹ ਹੈ ਜਦਕਿ ਗਰੀਬ ਵਰਗ ਦੇ ਲੋਕ ਬੇਗੁਨਾਹ ਤੇ ਭੋਲੇ-ਭਾਲੇ ਹੁੰਦੇ ਹੋਏ ਵੀ ਸੰਕਟਮਈ ਜੀਵਨ ਜਿਉਣ ਲਈ ਮਜਬੂਰ ਹਨ। ਜਿਵੇਂ ਅਮਰੂ ਨਾਂ ਦੇ ਪਾਤਰ ਨੂੰ ਦੇਖਿਆ ਜਾ ਸਕਦਾ ਹੈ :

"ਅਮਰੂ ਗਰੀਬ ਆਦਮੀ ਸੀ... ਉਸਨੂੰ ਭੱਠੀ ਲਾ ਕੇ ਨਜਾਇਜ਼ ਸ਼ਰਾਬ ਕਸ਼ੀਦ ਕਰਨ ਦੇ ਦੋਸ਼ ਵਿਚ ਦੋ ਸਾਲ ਦੀ ਕੈਦ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਹੋਇਆ ਸੀ ...ਜੁਰਮਾਨਾ ਨਾ ਭਰ ਸਕਣ ਕਾਰਨ ਅਮਰੂ ਨੂੰ ਜੇਲ੍ਹ ਆਉਣਾ ਪਿਆ ਸੀ ...ਨਾਲ ਲਾਭ ਸਿੰਘ ਨੇ ਚਿਤਾਵਨੀ ਦਿੱਤੀ ਸੀ ਜਿੰਨਾ ਚਿਰ ਉਹ ਸ਼ਰਾਬ ਦੀ ਪੇਟੀ ਦਾ ਇੰਤਜਾਮ ਨਹੀਂ ਕਰਦਾ ਉਨਾ ਚਿਰ ਉਹ ਇਸੇ ਬੈਰਕ ਵਿਚ ਬੰਦ ਰਹੇਗਾ।"[68]

ਇਸ ਹਵਾਲੇ ਰਾਹੀਂ ਨਾਵਲਕਾਰ ਅਜਿਹੇ ਮੁਜ਼ਰਮਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ ਕਾਨੂੰਨ ਦੁਆਰਾ ਪ੍ਰਵਾਨ ਰੋਜ਼ੀ-ਰੋਟੀ ਦਾ ਵਸੀਲਾ ਨਹੀਂ ਮਿਲਦਾ ਤਾਂ ਉਹ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਗੈਰ-ਕਾਨੂੰਨੀ ਧੰਦੇ ਕਰਦੇ ਹਨ ਤੇ ਪੁਲਿਸ

ਦੁਬਾਰੇ ਫੜੇ ਜਾਣ ਤੇ ਫਿਰ ਜੇਲ੍ਹ ਵਿਚ ਸੜਦੇ ਰਹਿੰਦੇ ਹਨ। ਨਾਵਲਕਾਰ ਦੀ ਇਥੇ ਇਹ ਖ਼ਾਸੀਅਤ ਨਜ਼ਰ ਆਉਂਦੀ ਹੈ ਕਿ ਉਹ ਕੇਵਲ ਜੇਲ੍ਹ ਵਿਚ ਬੈਠੇ ਕੈਦੀਆਂ ਦਾ ਵਰਨਣ ਹੀ ਨਹੀਂ ਕਰਦਾ ਸਗੋਂ ਕਿਉਂ ਜੇਲ੍ਹ ਆਉਂਦੇ ਹਨ ਇਸ ਗੱਲ ਦੀ ਘੋਖ ਵੀ ਕਰਦਾ ਹੈ ਤੇ ਪਾਠਕਾਂ ਨੂੰ ਵੀ ਜਾਣੂ ਕਰਵਾਉਂਦਾ ਹੈ।

ਕਾਨੂੰਨ ਦੇ ਰਖਵਾਲੇ ਸੰਤੋਖ ਸਿੰਘ ਵਰਗੇ ਅਫ਼ਸਰ ਕੈਦੀਆਂ ਨਾਲ ਐਨਾ ਬੁਰਾ ਸਲੂਕ ਕਰਦੇ ਹਨ ਕਿ ਕੈਦੀਆਂ ਨੇ ਉਸਦਾ ਨਾਂ ਸਾਨ੍ਹ ਰੱਖਿਆ ਹੈ ਜੋ ਕਿ ਵਿਅੰਗਭਾਵੀ ਹੈ। ਉਸ ਦੀਆਂ ਘਿਨੌਣੀਆਂ ਹਰਕਤਾਂ ਵਿਚੋਂ ਹੇਮਾ ਵਰਗੀ ਕੈਦਣ ਨੂੰ ਗਰਭਵਤੀ ਕਰਨਾ ਵੀ ਆਪਣਾ ਹੱਕ ਸਮਝਦਾ ਹੈ :

"ਸੰਤੋਖ ਸਿੰਘ ਨੂੰ ਜਿਵੇਂ ਪੱਕਾ ਪਾਸ ਮਿਲਿਆ ਹੋਇਆ ਸੀ। ਉਹ ਜਦ ਚਾਹੇ ਹਿਣ-ਹਿਣਾਉਂਦਾ ਜਨਾਨਾ ਵਾਰਡ ਵਿਚ ਜਾ ਸਕਦਾ ਸੀ। ਸੰਤੋਖ ਸਿੰਘ ਹਰ ਪੰਦਰੀਂ ਦਿਨੀਂ ਐਲਾਨ ਕਰਦਾ ਸੀ, ਮੈਂ ਆਹ ਕੈਦਣ ਫਸਾਈ ਹੈ...ਦੋ ਤਿੰਨ ਮਹੀਨੇ ਬਾਅਦ ਫੇਰ ਐਲਾਨ ਕਰਦਾ, ਮੈਂ ਉਸ ਜੱਟੀ, ਬਨਿਆਣੀ ਜਾਂ ਖਤਰਾਣੀ ਨੂੰ ਗਰਭਵਤੀ ਕਰ ਦਿੱਤਾ ਹੈ।"[69]

ਸੋ ਔਰਤਾਂ ਨਾਲ ਹੁੰਦੇ ਸਰੀਰਕ ਸ਼ੋਸ਼ਣ ਦਾ ਕਾਰਜ 'ਸੁਧਾਰ-ਘਰ' ਦੇ ਅਸਲੀ ਚਿਹਰੇ ਤੇ ਨਕਾਬ ਉਤਾਰਨ ਦਾ ਕਾਰਜ ਕਰਦਾ ਹੈ। ਜੇਲ੍ਹ ਵਿਚ ਮਰਦਾਂ ਨਾਲੋਂ ਔਰਤ ਕੈਦਣਾਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਜਿਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਦੋਹਾਂ ਪੱਖਾਂ ਤੋਂ ਸ਼ੋਸ਼ਣ ਸਹਿਣਾ ਪੈਂਦਾ ਹੈ। ਇਸ ਤਰ੍ਹਾਂ ਜਿਥੇ ਜੇਲ੍ਹ ਪ੍ਰਸ਼ਾਸਨ ਦਾ ਭ੍ਰਿਸ਼ਟ ਕਿਰਦਾਰ ਵੀ ਸਾਹਮਣੇ ਆਉਂਦਾ ਹੈ, ਉਥੇ ਕੈਦੀਆਂ ਦੇ ਪਿਛੋਕੜ ਤੇ ਉਹਨਾਂ ਦੀਆਂ ਸੋਚਾਂ ਰਾਹੀਂ ਕਿਰਿਆਵਾਂ-ਪ੍ਰਤੀਕਿਰਿਆਵਾਂ ਵਿਚੋਂ ਇਸ ਨਾਵਲ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀ ਤਰਤੀਬ ਅਤੇ ਤਫ਼ਤੀਸ਼ ਉਜਾਗਰ ਹੁੰਦੀ ਹੈ। ਜਿਵੇਂ ਮਿੱਠੋ ਕੈਦਣ ਕੰਡੀ ਹੋਣ ਤੋਂ ਬਾਅਦ ਗੋਹਾ-ਕੂੜਾ ਕਰਕੇ ਆਪਣੇ ਬੱਚਿਆਂ ਨੂੰ ਪਾਲਣਾ ਚਾਹੁੰਦੀ ਹੈ ਪਰ ਪਿੰਡ ਦੇ ਜਿਮੀਦਾਰਾਂ, ਸੇਠਾਂ, ਦਿਉਰਾਂ ਤੇ ਜੇਠਾਂ ਨੇ ਉਸਨੂੰ ਵੇਸਵਾ ਵਾਲਾ ਜੀਵਨ ਜਿਉਣ ਲਈ ਮਜ਼ਬੂਰ ਕੀਤਾ ਤੇ ਇਕ ਦਿਨ ਉਸ ਹੱਥੋਂ ਸ਼ਰਾਬੀ ਦਾ ਕਤਲ ਹੋ ਗਿਆ ਤੇ ਉਸਨੂੰ ਮਜ਼ਬੂਰੀ ਵੱਸ ਜੇਲ੍ਹ ਜਾਣਾ ਪਿਆ ਤੇ ਜੇਲ੍ਹ ਵਿਚ ਉਸ ਨਾਲ ਇਹ ਸਲੂਕ ਕੀਤਾ ਗਿਆ :

ਮਿੱਠੋ ਦਾ ਕਹਿਣਾ ਸੀ ...ਉਸ ਉਪਰ ਲੱਗੇ ਦੋਸ਼ਾਂ ਨੂੰ ਸੁਣ ਹਰ ਮਰਦ ਉਹਨੂੰ ਵੇਸਵਾ ਸਮਝਣ ਲੱਗਦਾ ਸੀ। ਕੈਦੀ ਤੋਂ ਲੈ ਕੇ ਜੇਲ੍ਹ ਦਾ ਚਪੜਾਸੀ ਤੱਕ ਟਿਚਰ ਕਰਨਾ, ਉਸਦੀ ਚੁੰਨੀ ਖਿੱਚਣਾ ਅਤੇ ਤੁਰੀ ਜਾਂਦੀ ਨੂੰ ਚੂੰਢੀ ਵੱਢਣਾ ਆਪਣਾ ਕਾਨੂੰਨੀ ਹੱਕ ਸਮਝਦਾ ਸੀ।[70]

ਨਾਵਲਕਾਰ ਇਨ੍ਹਾਂ ਮੁਜ਼ਰਮਾਂ ਨੂੰ ਹਮਦਰਦੀ ਨਾਲ ਚਿਤਰਦਾ ਹੈ ਕਿਉਂਕਿ ਇਹ ਪੈਦਾਇਸ਼ੀ ਮੁਜ਼ਰਮ ਨਹੀਂ ਸਗੋਂ ਸਮਾਜ ਦੀਆਂ ਵਿਰੋਧੀ ਹਾਲਤਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕੀਤਾ ਹੈ। ਅੱਗੇ ਜੇਲ੍ਹ ਵਿਚ ਸਜ਼ਾ ਦੌਰਾਨ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਕੈਦੀਆਂ ਤੇ ਕੈਦਣਾਂ ਨੂੰ ਪਾਗਲ ਹੋਣ ਤੱਕ ਦੀ ਨੌਬਤ ਵੀ ਆ ਜਾਂਦੀ ਹੈ :

"ਮਿਠੋ ਸਾਰਾ ਦਿਨ ਮੂੰਹ ਵਿਚ ਕੁਝ ਬੁੜਬੜਾਉਂਦੀ ਰਹਿੰਦੀ ...ਜੇ ਉਸਦੀ ਹਾਲਤ ਇਸੇ ਤਰ੍ਹਾਂ ਨਿਘਰਦੀ ਰਹੀ ਤਾਂ ਜਲਦੀ ਹੀ ਉਸਨੇ ਪਾਗਲਾਂ ਵਾਲੀ ਕੋਠੜੀ ਵਿਖੇ ਪੁੱਜ

ਜਾਣਾ ਹੈ।"[71]

ਅਜਿਹੀਆਂ ਘਟਨਾਵਾਂ ਰਾਹੀਂ ਜੇਲ੍ਹ ਪ੍ਰਬੰਧ ਦਾ ਜੋ ਮਹਾਂ ਦ੍ਰਿਸ਼ ਉਭਰਦਾ ਹੈ ਉਸ ਵਿਚ ਜੇਲ੍ਹ ਅੰਦਰਲੀ ਦੁਨੀਆਂ ਤਾਂ ਉਭਰਦੀ ਹੀ ਹੈ, ਨਾਲ ਹੀ ਜ਼ੁਰਮ ਦੇ ਸੰਸਾਰ ਦਾ ਉਹ ਚਿਹਰਾ ਵੀ ਸਾਹਮਣੇ ਆਉਂਦਾ ਹੈ ਜਿਸਦੀ ਤਸਵੀਰ ਆਮ ਆਦਮੀ ਦੀ ਸੋਚ ਦੇ ਘੇਰੇ ਵਿਚ ਨਹੀਂ ਆਉਂਦੀ। ਜਦਕਿ ਨਾਵਲਕਾਰ ਗੁਰਮੀਤ ਪਾਤਰ ਰਾਹੀਂ ਭਾਰਤੀ ਕਾਨੂੰਨ ਦੀ ਹਕੀਕਤ ਨੂੰ ਵੀ ਵਿਅੰਗ ਨਾਲ ਦਰਸਾਉਂਦਾ ਹੈ। ਜਿਵੇਂ :

"ਜਦੋਂ ਕੋਈ ਅਣਜਾਣ ਬੰਦਾ ਇਸ ਕਾਨੂੰਨ ਨੂੰ ਪੜ੍ਹਦਾ ਹੈ, ਬੜਾ ਖੁਸ਼ ਹੁੰਦਾ ਹੈ। ਬੜੀਆਂ ਡੀਂਗਾਂ ਮਾਰੀਆਂ ਗਈਆਂ ਹਨ। ਬੱਚਿਆਂ ਨੂੰ ਆਮ ਕੈਦੀਆਂ ਤੋਂ ਦੂਰ ਰੱਖਿਆ ਜਾਏਗਾ। ਉਨ੍ਹਾਂ ਦੀਆਂ ਮਨੋਵਿਗਿਆਨਕ ਗੁੰਝਲਾਂ ਸੁਲਝਾਉਣ ਲਈ ਜੇਲ੍ਹ 'ਚ ਮਨੋਵਿਗਿਆਨੀ ਹੋਣਗੇ। ਸਰੀਰਕ ਵਿਕਾਸ ਲਈ ਪੋਸ਼ਟਿਕ ਖੁਰਾਕ ਦਿੱਤੀ ਜਾਏਗੀ। ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਏਗਾ।"[72]

ਪਰ ਹੁੰਦਾ ਜੇਲ੍ਹ ਵਿਚ ਉਲਟ ਹੈ ਕਿਉਂਕਿ ਉਥੇ ਮੁਜ਼ਰਮਾਂ ਤੋਂ ਬੱਚਿਆਂ ਨੂੰ ਵੱਖ ਨਹੀਂ ਰੱਖਿਆ ਜਾਂਦਾ। ਜੇਲ੍ਹ ਵਿਚ ਆਏ ਬੱਚੇ ਸਮਾਜ ਦੀਆਂ ਹੈਵਾਨ ਕੁਰੀਤੀਆਂ ਕਾਰਨ ਹੀ ਕੈਦੀ ਬਣਦੇ ਹਨ। ਕੋਈ ਬੱਚਾ ਨਜਾਇਜ਼ ਔਲਾਦ ਹੋਣ ਕਾਰਨ ਜੇਲ੍ਹ ਆਉਂਦਾ ਹੈ ਤੇ ਕੋਈ ਬੱਚਾ ਮਾਂ ਪਿਉ ਦੀ ਲੜਾਈ ਤੋਂ ਮਗਰੋਂ ਜੂਠੇ ਭਾਂਡੇ ਮਾਂਜਣ ਵਾਲਾ, ਜਿਸਨੂੰ ਪੁਲਿਸ ਜੇਬ ਕਤਰਾ ਸਮਝ ਕੇ ਜੇਲ੍ਹ ਸੁੱਟ ਦਿੰਦੀ ਹੈ। ਜਿਥੇ ਉਹ ਸਿਗਰਟ, ਬੀੜੀ ਪੀਣੀ ਆਮ ਸਿੱਖਦੇ ਹਨ, ਵੱਡੇ ਹੋਏ ਸੁਧਰਨ ਦੀ ਬਜਾਇ ਬੇ-ਸਮਝ ਬੱਚੇ ਵੱਡੇ ਮੁਜ਼ਰਮ ਬਣਦੇ ਹਨ। ਬੱਚਿਆਂ ਦੇ ਸੁਧਾਰ ਦਾ ਕੋਈ ਪ੍ਰਬੰਧ ਜੇਲ੍ਹ ਵਿਚ ਨਹੀਂ ਹੁੰਦਾ। ਇਸ ਤਰ੍ਹਾਂ ਬੀਮਾਰ ਕੈਦੀਆਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ। ਇਥੋਂ ਤੱਕ ਕਿ ਤਪਦਿਕ ਨਾਲ ਮਰਦੇ ਖੂਨ ਦੀਆਂ ਉਲਟੀਆਂ ਲੱਗੀਆਂ ਵਾਲੇ ਮਰੀਜ਼ਾਂ ਨੂੰ ਡਿਸਪਰੀਨ ਦੀ ਗੋਲੀ ਬੜੀ ਮੁਸ਼ਕਲ ਨਾਲ ਮਿਲਦੀ ਹੈ। ਕਿਉਂਕਿ :

ਹਸਪਤਾਲ ਦਾ ਫਾਰਮਾਸਿਸਟ ਜੇਲ੍ਹ ਅੰਦਰ ਦਵਾਈਆਂ ਵੇਚਦਾ ਸੀ ...ਉਹ ਸਿਹਤ ਮੰਤਰੀ ਦਾ ਦੂਰ ਨੇੜੇ ਦਾ ਰਿਸ਼ਤੇਦਾਰ ਸੀ... ਉਹ ਸਰਕਾਰੀ ਦਵਾਈਆਂ ਅਸਾਨੀ ਨਾਲ ਵੇਚ ਸਕਦਾ ਸੀ ...ਡਾਕਟਰ ਦਵਾਈ ਲਿਖ ਦਿੰਦਾ ਸੀ। ਕੈਦੀ ਫਾਰਮਾਸਿਸਟ ਤੋਂ ਖਰੀਦ ਲੈਂਦੇ ਸਨ।[73]

ਉਕਤ ਹਵਾਲੇ ਤੋਂ ਜੇਲ੍ਹ ਵਿਚ ਬੈਠੇ ਕੈਦੀਆਂ ਲਈ ਦਿੱਤੀ ਜਾਂਦੀ ਡਾਕਟਰੀ ਸਹਾਇਤਾ ਦੀ ਕਰਤੂਤ ਸਾਹਮਣੇ ਆਉਂਦੀ ਹੈ। ਅਜਿਹੇ ਸਥਾਨ ਵਿਚ ਕੈਦੀਆਂ ਨੂੰ ਸੁਧਾਰਨ ਲਈ ਜੇਲ੍ਹ ਕੀ ਕਰ ਸਕਦੀ ਹੈ। ਇਸ ਤੋਂ ਇਲਾਵਾ ਜੇਲ੍ਹ ਦਾ ਜਿਹੜਾ ਰੂਪ 'ਸੁਧਾਰ-ਘਰ' ਨਾਵਲ ਵਿਚ ਰੂਪਮਾਨ ਕੀਤਾ ਗਿਆ ਹੈ ਉਸ ਵਿਚ ਕੈਦੀਆਂ ਦੀ ਸੋਚ ਉਸਾਰੂ ਕਰਨ ਦੀ ਬਜਾਇ ਉਨ੍ਹਾਂ ਨਾਲ ਧੱਕਾ ਕੀਤਾ ਜਾਂਦਾ ਹੈ। ਸਮੁੱਚੇ ਵੇਰਵਿਆਂ ਰਾਹੀਂ ਜੋ ਕਰੂਰ ਯਥਾਰਥ ਸਾਹਮਣੇ ਦਿਖਾਈ ਦਿੰਦਾ ਹੈ ਉਹ ਕੈਦੀਆਂ ਦੇ ਸੁਧਰਨ ਦਾ ਕੋਈ ਰਾਹ ਨਹੀਂ ਦਿਖਾਉਂਦਾ। ਇਹ ਬਾਰੀਕੀ ਵਿਅੰਗ ਅਤੇ ਵਿਡੰਬਨਾ ਦੀ ਜੁਗਤ ਰਾਹੀਂ 'ਸੁਧਾਰ-ਘਰ' ਦਾ 'ਵਿਗਾੜ-ਘਰ'

ਵਜੋਂ ਵਿਸ਼ਾਲ ਤੇ ਬਹੁ-ਪਾਸਾਰੀ ਬਿੰਬ ਉਭਰਦਾ ਹੈ :

"ਜੇਲ੍ਹ ਵਿਚ ਬੰਦ ਅੱਸੀ ਫੀਸਦੀ ਕੈਦੀ ਨਿਮਨ ਵਰਗ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਵਿਚੋਂ ਤਿੰਨ ਚੌਥਾਈ ਹਵਾਲਾਤੀ ਅਜਿਹੇ ਸਨ, ਜਿਨ੍ਹਾਂ ਦੇ ਮੁਕੱਦਮੇ ਤਫ਼ਤੀਸ਼ ਅਧੀਨ ਸਨ, ਉਹ ਕਾਨੂੰਨ ਵੱਲੋਂ ਨਿਸ਼ਚਿਤ ਕੀਤੀ ਵੱਧ ਤੋਂ ਵੱਧ ਸਜ਼ਾ ਨਾਲੋਂ ਕਈ ਗੁਣਾ ਵੱਧ ਸਜ਼ਾ ਕੱਟ ਚੁੱਕੇ ਸਨ। ਕਾਰਨ ਹਵਾਲਾਤੀਆਂ ਦੀ ਗਰੀਬੀ ਸਰਕਾਰ ਦੀ ਬੇਰੁੱਖਤਾ ਅਤੇ ਅਦਾਲਤਾਂ ਦੀ ਲਾ-ਪ੍ਰਵਾਹੀ ਸੀ।"[74]

ਸੋ ਬਹੁਤੇ ਕੈਦੀ ਸਰਕਾਰ ਦੀ ਰਹਿਮਦਿਲੀ ਦੀ ਘਾਟ ਕਾਰਨ ਤੇ ਬਹੁਤੇ ਪੈਸੇ ਦੀ ਘਾਟ ਕਾਰਨ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ। ਪੈਸੇ ਵਾਲੇ ਜੇਲ੍ਹ ਵਿਚ ਬਣੀਆਂ ਸ਼ਾਨਦਾਰ ਬੈਰਕਾਂ ਵਿਚ ਜਾਂਦੇ ਸਨ ਜਦਕਿ ਪੈਸੇ ਦੀ ਘਾਟ ਵਾਲੇ ਜਾਂ ਜੇਲ੍ਹ ਅਧਿਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਕੈਦੀ ਘਟੀਆ (ਬਾਦਸ਼ਾਹਾਂ ਦੀ ਬੈਰਕ ਜੋ ਵਿਅੰਗਕ ਨਾਂ ਹੈ) ਬੈਰਕਾਂ ਵਿਚ ਜਾਂਦੇ ਸਨ।

ਨਾਵਲ ਦੀ ਕਰੂਰਤਾ ਇਹੀ ਰਹੀ ਹੈ ਕਿ ਮਨੁੱਖ ਆਪਦੀਆਂ ਇੱਛਾਵਾਂ ਦੀ ਪੂਰਤੀ ਨਾ ਹੋਣ ਕਾਰਨ ਜ਼ੁਰਮ ਕਰਦਾ ਹੈ। ਜ਼ੁਰਮ ਕਰਕੇ ਜੇਲ੍ਹ ਜਾਂਦਾ ਹੈ ਤੇ ਉਥੇ ਆਪਣੇ ਕੀਤੇ ਜ਼ੁਰਮ ਦੀ ਸਜ਼ਾ ਭੁਗਤਣ ਤੋਂ ਇਲਾਵਾ ਵੱਡਾ ਮੁਜ਼ਰਮ ਬਣ ਜਾਂਦਾ ਹੈ। ਬਹੁਤੀਆਂ ਬੈਰਕਾਂ ਦੇ ਕੈਦੀ ਨੌਜਵਾਨ ਛੋਟੀਆਂ-ਛੋਟੀਆਂ ਇੱਛਾਵਾਂ ਦੀ ਪੂਰਤੀ ਲਈ ਜ਼ੁਰਮ ਕਰਕੇ ਜੇਲ੍ਹ ਆਏ ਹਨ ਜਿਵੇਂ ਕੁਲਵੰਤ ਸਰਦਾਰ ਦੇ ਤਲਾਅ ਵਿਚੋਂ ਮੱਛੀ ਚੋਰੀ ਕਰਕੇ ਆਪਣੇ ਸਵਾਦ ਨੂੰ ਪੂਰਾ ਕਰਨਾ ਚਾਹੁੰਦਾ ਸੀ ਜਦਕਿ ਪਹਿਲੀ ਵਾਰ ਹੀ ਫੜ੍ਹਿਆ ਗਿਆ ਤੇ ਜੇਲ੍ਹ ਵਿਚ ਡੱਕ ਦਿੱਤਾ। ਇਸ ਤਰ੍ਹਾਂ ਮੋਦਨ, ਜੋ ਸਰੀਰਕ ਪੱਖੋਂ ਪੂਰਾ ਨਾ ਹੋਣ ਕਰਕੇ ਵਿਆਹਿਆ ਨਹੀਂ ਜਾਂਦਾ ਤੇ ਸੈਕਸ ਦੀ ਪੂਰਤੀ ਨਾ ਹੋਣ ਕਾਰਨ ਪਸ਼ੂ ਬਿਰਤੀ ਧਾਰ ਕੇ ਕੱਟੀ ਨਾਲ ਬਲਾਤਕਾਰ ਕਰਦਾ ਹੈ, ਜਿਸਨੂੰ ਇਸੇ ਜ਼ੁਰਮ ਲਈ ਕੈਦ ਭੁਗਤਣੀ ਪੈਂਦੀ ਹੈ। ਅਣਗਿਣਤ ਪਾਤਰ ਹਨ ਜਿਹੜੇ ਮਜ਼ਬੂਰੀ ਵੱਸ ਦੀਵਾਨੀ ਫ਼ੌਜਦਾਰੀ ਮੁਕੱਦਮਿਆਂ ਵਿਚ ਮਿਲੀਆਂ ਸੱਚੀਆਂ ਝੂਠੀਆਂ ਸਜ਼ਾਵਾਂ ਕੱਟ ਰਹੇ ਹਨ। ਜਿਨ੍ਹਾਂ ਰਾਹੀਂ ਨਾਵਲਕਾਰ ਇਹ ਦਰਸਾਉਂਦਾ ਹੈ ਕਿ ਵਿਸ਼ੇਸ਼ ਪਰਸਥਿਤੀਆਂ ਵਿਅਕਤੀ ਨੂੰ ਜ਼ੁਰਮ ਕਰਨ ਲਈ ਪ੍ਰੇਰਦੀਆਂ ਹਨ। ਜਿਸ ਦਾ ਹੱਲ ਇਹ ਹੈ ਕਿ ਜ਼ੁਰਮ ਨੂੰ ਖਤਮ ਕਰਨ ਤੋਂ ਪਹਿਲਾਂ ਵਿਸ਼ੇਸ਼ ਪਰਸਥਿਤੀਆਂ ਦਾ ਸੁਧਾਰ ਕੀਤਾ ਜਾਣਾ ਜ਼ਰੂਰੀ ਹੈ।

ਇਸ ਤਰ੍ਹਾਂ ਇਸ ਨਾਵਲ ਦਾ ਮੱਧ ਸ਼੍ਰੇਣੀ ਦਾ ਪੜ੍ਹਿਆ-ਲਿਖਿਆ ਪਾਤਰ ਹਾਕਮ ਸਿੰਘ ਜੋ ਵਕੀਲ ਹੈ, ਉਸ ਨਾਲ ਮੇਜਰ ਸਿੰਘ ਵਕੀਲ ਆਪਣੀ ਬੇਟੀ ਰਵਿੰਦਰ ਦਾ ਰਿਸ਼ਤਾ ਇਸ ਕਰਕੇ ਕਰ ਦਿੰਦਾ ਹੈ ਕਿ ਇਕ ਦਿਨ ਉਹ ਵੀ ਮੇਰੇ ਵਾਂਗ ਅਮੀਰ ਤੇ ਪਹੁੰਚਿਆ ਹੋਇਆ ਵਕੀਲ ਅਖਵਾਏਗਾ। ਪਰੰਤੂ ਹਾਕਮ ਸਿੰਘ ਈਮਾਨਦਾਰ ਤੇ ਨਿਰਦੋਸ਼ਾਂ ਨੂੰ ਬਰੀ ਕਰਾਉਣ ਲਈ ਕੇਸ ਝਗੜਨ ਵਾਲਾ ਵਕੀਲ ਹੀ ਰਹਿੰਦਾ ਹੈ ਜਿਸ ਕਰਕੇ ਅਮੀਰ ਵਕੀਲ ਦੇ ਘਰ ਪਲੀ ਧੀ ਰਵਿੰਦਰ ਨੂੰ ਆਪਣੇ ਗਰੀਬ ਪਤੀ ਦੇ ਘਰ ਰਹਿਣਾ ਔਖਾ ਲਗਦਾ ਹੈ ਤੇ ਪੱਖੇ ਨਾਲ ਫਾਹਾ ਲੈ ਕੇ ਉਹ ਆਪਣੇ ਜੀਵਨ ਦਾ ਅੰਤ ਕਰ ਲੈਂਦੀ ਹੈ। ਜਿਸਦੀ ਸਜ਼ਾ ਮਿਲਦੀ ਹੈ ਪ੍ਰਤਿਭਾ ਦੇ ਮਾਲਕ ਨਿਰਦੋਸ਼ ਵਕੀਲ ਹਾਕਮ ਸਿੰਘ ਨੂੰ।

ਨਾਵਲਕਾਰ ਹਾਕਮ ਸਿੰਘ ਤੇ ਉਸਦੀ ਪਤਨੀ ਰਵਿੰਦਰ ਰਾਹੀ ਜਿਥੇ ਮਰਦ ਤੇ ਔਰਤ ਦੇ ਅਣਸੁਖਾਵੇਂ ਸੰਬੰਧਾਂ ਨੂੰ ਰੂਪਮਾਨ ਕਰਦਾ ਹੈ, ਉਥੇ ਰਵਿੰਦਰ ਦੀ ਮਾਨਸਿਕਤਾ ਰਾਹੀਂ ਨਵੀਆਂ ਜੀਵਨ ਕੀਮਤਾਂ ਦੇ ਪ੍ਰਸੰਗ ਵਿਚ ਵੀ ਪਿਛਾਂਹ ਖਿੱਚੂ ਸੋਚ ਦੀ ਪੇਸ਼ਕਾਰੀ ਕਰਦਾ ਹੈ ਕਿਉਂਕਿ ਉਹ ਅਮੀਰੀ ਵਿਚ ਪਲੀ, ਗਰੀਬ ਪਰ ਕਾਬਲ ਵਕੀਲ ਹਾਕਮ ਸਿੰਘ ਦੀ ਸੋਚ ਤੇ ਭਾਰੂ ਪੈਂਦੀ ਹੈ। ਇਸ ਤਰ੍ਹਾਂ ਨਾਵਲਕਾਰ ਅਜਿਹੇ ਵੇਰਵਿਆਂ ਰਾਹੀਂ ਪੂੰਜੀਵਾਦੀ ਜੀਵਨ ਕੀਮਤਾਂ ਤੋਂ ਪ੍ਰਭਾਵਿਤ ਸਮਾਜ ਵਿਚ ਆ ਰਹੀ ਨੈਤਿਕ ਕਦਰਾਂ-ਕੀਮਤਾਂ ਦੀ ਗਿਰਾਵਟ ਨੂੰ ਵੀ ਪੇਸ਼ ਕਰਦਾ ਹੈ। ਅਮੀਰ ਸ਼੍ਰੇਣੀ ਨਵੀਂ ਸੋਚ ਦੇ ਵਿਕਸਿਤ ਹੋਣ ਨਾਲ ਪੁਰਾਣੀਆਂ ਕੀਮਤਾਂ ਨੂੰ ਛੱਡ ਕੇ ਜੋ ਨਵੀਆਂ ਸਿਰਜੀਆਂ ਜਾ ਰਹੀਆਂ ਹਨ, ਉਹ ਸਮਾਜ ਨੂੰ ਉਸਾਰੂ ਸੋਚ ਵਾਲੇ ਪਾਸੇ ਨਹੀਂ ਸਗੋਂ ਪਤਨ ਵੱਲ ਲੈ ਜਾ ਰਹੀਆਂ ਹਨ, ਜਿਸ ਕਰਕੇ ਨਵੇਂ ਸਮਾਜਿਕ ਸੰਕਟ ਜਨਮ ਲੈ ਰਹੇ ਹਨ।

ਹਾਕਮ ਸਿੰਘ ਵਰਗੇ ਨਿਰਦੋਸ਼ ਨੂੰ ਆਪਣੀ ਪਤਨੀ ਤੋਂ ਦਾਜ ਲੈਣ ਦੀ ਮੰਗ ਦੌਰਾਨ ਸਜ਼ਾ ਹੋ ਜਾਂਦੀ ਹੈ ਤੇ ਉਸਨੂੰ 'ਬਾਦਸ਼ਾਹਾਂ' ਵਾਲੀ ਬੈਰਕ ਵਿਚ ਰੱਖਿਆ ਜਾਂਦਾ ਹੈ ਕਿਉਂਕਿ ਉਹ ਜੇਲ੍ਹ ਜਾਣ ਸਮੇਂ ਆਪਣੇ ਨਾਲ ਵਕੀਲ ਹੋਣ ਕਰਕੇ ਜੇਲ੍ਹ ਮੈਨੂਅਲ ਲੈ ਜਾਂਦਾ ਹੈ :

"ਲੱਗਦਾ ਕਾਨੂੰਨ ਤੇਰੇ ਦਿਮਾਗ ਨੂੰ ਜ਼ਿਆਦਾ ਹੀ ਚੜ੍ਹਿਆ ਹੋਇਆ ਹੈ। ਹੋਰਾਂ ਕੈਦੀਆਂ ਨੂੰ ਮੈਨੂਅਲ ਪੜ੍ਹਾ-ਪੜ੍ਹਾ ਤੂੰ ਤਾਂ ਦੋ ਦਿਨਾਂ ਵਿਚ ਜੇਲ੍ਹ ਵਿਚ ਬਗਾਵਤ ਕਰਵਾ ਦੇਵੇਂਗਾ। ਸਾਨੂੰ ਤੇਰਾ ਦਿਮਾਗ ਤਨਹਾਈ ਚੱਕੀ ਵਿਚ ਬੰਦ ਕਰਕੇ ਠੀਕ ਰੱਖਣਾ ਪਵੇਗਾ।"[75]

ਹਾਕਮ ਨੂੰ ਜੇਲ੍ਹ ਅਧਿਕਾਰੀ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਂਦੇ ਹੋਏ ਉਸਦੇ ਵਕੀਲ ਹੋਣ ਦੇ ਬਾਵਜੂਦ ਵੀ ਉਸਨੂੰ ਧਰਤੀ ਤੇ ਫੈਲੇ ਨਰਕ ਵਿਚ ਸੁੱਟ ਦਿੰਦੇ ਹਨ। ਜਿਥੇ ਪੰਜਾਹ ਕੈਦੀਆਂ ਦੀ ਥਾਂ ਸੌ ਕੈਦੀ ਸਜ਼ਾ ਕੱਟ ਰਹੇ ਹਨ। ਜਿਥੇ ਅੱਸੀਆਂ ਤੋਂ ਵੱਧ ਨੂੰ ਛੂਤ ਦੀਆਂ ਬਿਮਾਰੀਆਂ ਹਨ। ਜਿਥੇ ਪਖਾਨੇ ਤੇ ਪੀਣ ਵਾਲੇ ਪਾਣੀ ਦਾ ਕੋਈ ਚੰਗਾ ਪ੍ਰਬੰਧ ਨਹੀ। ਜੇਕਰ ਪੜ੍ਹੇ-ਲਿਖੇ ਤੇ ਉਸਾਰੂ ਸੋਚ ਵਾਲੇ ਕੈਦੀ ਨਾਲ ਇਸ ਤਰ੍ਹਾਂ ਦਾ ਵਿਤਕਰਾ ਹੋਣਾ ਸੰਭਵ ਹੈ ਤਾਂ ਆਮ ਕੈਦੀਆਂ ਨੂੰ ਸਭਿਅਕ ਬਣਾਉਣ ਲਈ ਸਾਡਾ ਜੇਲ੍ਹ ਪ੍ਰਸ਼ਾਸਨ ਕੀ ਕਰ ਸਕਦਾ ਹੈ, ਕਹਿਣ ਤੋਂ ਭਾਵ ਇਹ ਹੈ ਕਿ ਸਾਧਾਰਨ ਬੰਦੇ ਨੂੰ ਮੌਜੂਦਾ ਨਿਆਂ-ਪ੍ਰਬੰਧ ਕੋਲੋਂ ਇਨਸਾਫ਼ ਦੀ ਉਮੀਦ ਨਹੀਂ ਰੱਖਣੀ ਚਾਹੀਦੀ :

"ਜਦੋਂ ਧੱਕੇਸ਼ਾਹੀ ਸਾਰੇ ਹੱਦ ਬੰਨੇ ਟੱਪ ਜਾਵੇ ਤਾਂ ਲੋਕ ਅਦਾਲਤ ਦਾ ਦਰਵਾਜਾ ਖੜਕਾਉਂਦੇ ਹਨ। ਜਾਪਦਾ ਹੈ ਲੋਕਾਂ ਦੀ ਆਖਰੀ ਆਸ ਦੀ ਲੋਅ ਵੀ ਧੁੰਦਲੀ ਪੈ ਗਈ ਹੈ।"[76]

ਇਨਸਾਫ਼ ਦੀ ਪ੍ਰਾਪਤੀ ਲਈ ਲੋਕ ਕਾਨੂੰਨ ਵੱਲ ਭੱਜਦੇ ਹਨ ਪਰ ਕਾਨੂੰਨ ਨਿਆਂ ਦੇਣ ਤੋਂ ਅਸਮਰੱਥ ਹੋ ਚੁੱਕਿਆ ਹੈ, ਕਿਉਂਕਿ ਰਾਜਸੀ ਨੇਤਾਵਾਂ, ਜੇਲ੍ਹ ਪ੍ਰਬੰਧਕਾਂ, ਜੱਜਾਂ, ਪੁਲਿਸ ਅਫ਼ਸਰਾਂ ਆਦਿ ਨੇ ਇਸ ਤਰ੍ਹਾਂ ਦਾ ਇਕ ਅਪਰਾਧਜਨਕ ਨਕਾਬ ਆਪਣੇ ਚਿਹਰੇ ਉਪਰ ਚੜ੍ਹਾਇਆ ਹੋਇਆ ਹੈ ਜੋ ਆਮ ਲੋਕਾਂ ਨੂੰ ਸਮਾਜ ਸੁਧਾਰਕ ਤੇ ਕਾਨੂੰਨ ਦੇ ਰਖਵਾਲੇ ਨਜ਼ਰ ਆਉਂਦੇ ਹਨ ਪਰ ਅੰਦਰੋਂ ਮਿਲੀ ਭੁਗਤ ਰੱਖਦੇ ਹਨ। ਜਿਸ ਤਰ੍ਹਾਂ 'ਸੁਧਾਰ-ਘਰ'

ਨਾਵਲ ਵਿਚ ਕੈਦੀਆਂ ਲਈ ਖੇਤ ਵਿਚ ਪੈਦਾ ਕੀਤੀ ਸਬਜੀ ਕਦੇ ਨਹੀਂ ਬਣਦੀ ਸਗੋਂ ਉਨ੍ਹਾਂ ਨੂੰ ਢੋਰੇ ਦੀ ਖਾਧੀ ਪਾਣੀ ਵਰਗੀ ਦਾਲ ਮਿਲਦੀ ਹੈ। ਪਰ ਇੰਸਪੈਕਸ਼ਨ ਕਰਨ ਆਏ ਅਧਿਕਾਰੀ ਨੂੰ ਫਾਈਵ ਸਟਾਰ ਹੋਟਲ ਦਾ ਖਾਣਾ ਖਵਾ ਕੇ ਇਹ ਕਿਹਾ ਜਾਂਦਾ ਹੈ ਕਿ ਇਹ ਖਾਣਾ ਕੁਝ ਕੈਦੀ ਲਾਂਗਰੀਆਂ ਦਾ ਬਣਾਇਆ ਹੋਇਆ ਹੈ। ਇੰਸਪੈਕਸ਼ਨ ਅਫ਼ਸਰ ਇਹ ਸਭ ਕੁਝ ਜਾਣ ਕੇ ਪ੍ਰਸੰਨ ਹੋ ਜਾਂਦਾ ਹੈ ਤੇ ਜੇਲ੍ਹਰ ਨਾਲ ਬੀਅਰ ਦਾ ਗਲਾਸ ਸਾਂਝਾ ਕਰਦਾ ਹੈ। ਜੇਕਰ ਦੇਖਿਆ ਜਾਵੇ ਤਾਂ ਇੰਸਪੈਕਸ਼ਨ ਅਫ਼ਸਰ ਖਾਣ-ਪੀਣ ਵਿਚ ਹੀ ਕੈਦ ਹੋ ਜਾਂਦਾ ਹੈ।

ਇਥੇ ਨਾਵਲਕਾਰ ਆਪਣੀ ਮਹਾਂਦ੍ਰਿਸ਼ਟੀ ਰਾਹੀਂ ਇਹ ਪ੍ਰਗਟਾਉਂਦਾ ਹੈ ਕਿ ਸਰਮਾਏਦਾਰੀ ਵਿਵਸਥਾ ਦੀ ਵਿਚਾਰਧਾਰਾਈ ਸਿਖਲਾਈ ਨੂੰ ਅੰਦਰੋਂ-ਅੰਦਰੀਂ ਹਰੇਕ ਮਨੁੱਖ ਨੇ ਗ੍ਰਹਿਣ ਕਰ ਲਿਆ ਹੈ, ਜਿਸ ਕਾਰਨ ਸਾਰੀ ਧਰਤੀ ਨੂੰ ਇਕ ਜੇਲ੍ਹ ਦਾ ਪ੍ਰਤੀਕ ਮੰਨਿਆ ਹੈ। ਆਮ ਤੌਰ ਤੇ ਇੱਟਾਂ ਦੀਆਂ ਦੀਵਾਰਾਂ ਵਿਚ ਜੇਲ੍ਹ ਨਹੀਂ ਸਗੋਂ ਬਾਹਰ ਦੀ ਜ਼ਿੰਦਗੀ ਵੀ ਜੇਲ੍ਹ ਦਾ ਬਾਹਰੀ ਰੂਪ ਹੈ ਜਿਵੇਂ ਚੈਖੋਵ ਨੇ ਕਹਾਣੀ ਵਾਰਡ ਨੰ. ਛੇ ਵਿਚ ਇਹ ਦੱਸਿਆ ਹੈ ਕਿ ਇਕੱਲੇ ਹਸਪਤਾਲਾਂ ਵਿਚ ਹੀ ਬਿਮਾਰ ਨਹੀਂ ਹੋਣਗੇ ਸਗੋਂ ਵੀਹਵੀਂ ਸਦੀ ਵਿਚ ਸਾਰੀ ਧਰਤੀ ਬਿਮਾਰਖਾਨਾ ਬਣ ਜਾਵੇਗੀ ਭਾਵ ਆਦਮੀ ਆਤਮਕ ਤੌਰ ਤੇ ਬਿਮਾਰ ਹੋ ਜਾਏਗਾ।

ਇਸ ਤਰ੍ਹਾਂ 'ਸੁਧਾਰ-ਘਰ' ਦੇ ਵੰਨ-ਸੁਵੰਨੇ ਪਾਤਰਾਂ ਰਾਹੀਂ ਜੇਲ੍ਹ ਦੀ ਦੁਨੀਆਂ ਦਾ ਜੋ ਮਹਾਂਦ੍ਰਿਸ਼ ਉਭਰਦਾ ਹੈ ਉਸ ਵਿਚ ਸੇਠ, ਵਿਧਾਇਕ, ਅਫ਼ਸਰ, ਮੁਲਾਜ਼ਮ, ਚੋਰ, ਸਮਗਲਰ, ਬੱਚੇ, ਇਸਤਰੀਆਂ, ਜੇਬ ਕਤਰੇ ਤੇ ਮੰਗਤੇ, ਦੋਸ਼ੀ ਤੇ ਨਿਰਦੋਸ਼ੀ ਦੋਵੇਂ ਧਿਰਾਂ ਸ਼ਾਮਿਲ ਹਨ। ਜਿਨ੍ਹਾਂ ਵਿਚੋਂ ਪਾਲੇ, ਮੀਤੇ, ਹਾਕਮ ਅਤੇ ਸੇਠ ਸੁਭਾਸ਼ ਜੈਨ ਆਦਿ ਨੂੰ ਵਿਅਕਤੀਗਤ ਤੌਰ ਤੇ ਨਹੀਂ ਸਗੋਂ ਸਮੁੱਚੀ ਵਿਵਸਥਾ ਦੇ ਆਰ-ਪਾਰ ਫੈਲੇ ਹੋਇਆ ਦਿਖਾਇਆ ਹੈ, ਉਨ੍ਹਾਂ ਦੀ ਜੀਵਨ ਯਾਤਰਾ ਰਾਹੀਂ ਪੁਲਿਸ ਵਧੀਕੀਆਂ, ਕੋਰਟ ਕਚਹਿਰੀਆਂ ਅਤੇ ਜੇਲ੍ਹਾਂ ਅੰਦਰ ਵਾਪਰਦੇ ਸੰਕਟ ਸਮੱਸਿਆਵਾਂ ਤੇ ਮਨਮਾਨੀਆਂ ਨੂੰ ਵਿਅੰਗਕ ਰੂਪ ਵਿਚ ਦਰਸਾਇਆ ਹੈ।

ਸੋ ਵਿਸ਼ੇ ਪੱਖੋਂ ਵੀ ਤੇ ਕਲਾ ਪੱਖੋਂ ਵੀ 'ਸੁਧਾਰ-ਘਰ' ਨਾਵਲ ਪੰਜਾਬੀ ਸਾਹਿਤ ਤੇ ਨਾਵਲਕਾਰ ਦੀ ਅਹਿਮ ਪ੍ਰਾਪਤੀ ਹੈ। ਕਿਉਂਕਿ ਉਸਨੇ ਜੇਲ੍ਹ ਪ੍ਰਬੰਧ ਰਾਹੀਂ ਸਮੁੱਚੇ ਸਮਾਜ ਦੇ ਹਰੇਕ ਪ੍ਰਬੰਧ ਦਾ ਸਮੱਗਰ ਰੂਪ ਵਿਚ ਚਿਤਰਨ ਕੀਤਾ ਹੈ। ਜੇਲ੍ਹ ਵਿਚ ਵੱਖ-ਵੱਖ ਜੇਲ੍ਹ ਬੈਰਕਾਂ ਰਾਹੀਂ ਸਿੰਘਾਂ, ਮੰਗਤਿਆਂ, ਵੈਲੀਆਂ, ਬੱਚਿਆਂ, ਔਰਤਾਂ, ਛੜਿਆਂ ਅਤੇ ਬਹਾਦਰਾਂ ਆਦਿ ਦੀਆਂ ਬੈਰਕਾਂ ਵਿਚਲੇ ਹਰ ਪਾਤਰ ਪਿੱਛੇ ਹਰ ਵਰਗ ਨੂੰ ਜੇਲ੍ਹ ਦੇ ਝਰੋਖੇ ਵਿਚੋਂ ਦ੍ਰਿਸ਼ਟਮਾਨ ਕੀਤਾ ਹੈ, ਜੋ ਵਿਗੜ ਚੁੱਕੇ ਸਮਾਜ ਦਾ ਵਿਸਤ੍ਰਿਤ ਵੇਰਵਾ ਹੈ, ਜਿਸ ਰਾਹੀਂ ਹਰੇਕ ਵਿਅਕਤੀ ਦੇ ਚਰਿਤਰਗਤ ਦੋਸ਼ਾਂ ਦਾ ਪਰਦਾਫ਼ਾਸ਼ ਹੁੰਦਾ ਹੈ। ਜਿਸ ਤਰ੍ਹਾਂ ਸਿੰਘਾਂ ਦੀ ਜੇਲ੍ਹ ਵਿਚਲੀ ਚੜ੍ਹਾਈ, ਮੰਗਤਿਆਂ ਦੀ ਨਰਕ ਨਾਲੋਂ ਭੈੜੀ ਜ਼ਿੰਦਗੀ, ਜੇਲ੍ਹ ਵਿਚ ਕਿਸੇ ਨਿਯਮ ਜਾਂ ਵਿਵਸਥਾ ਦੀ ਅਣਹੋਂਦ, ਵਿਆਪਕ ਭ੍ਰਿਸ਼ਟਾਚਾਰ, ਨਿੱਜੀ ਹਿੱਤਾਂ ਦੀ ਹੋੜ,

ਜੂਏਬਾਜ਼ੀ, ਰਿਸ਼ਵਤਖੋਰੀ, ਬਲਾਤਕਾਰ ਅਤੇ ਯੌਨ-ਸ਼ੋਸ਼ਣ ਵਰਗੇ ਕੁਕਰਮਾਂ ਦਾ ਸਾਹਮਣਾ ਕਰਨਾ ਆਦਿ ਵਿਭਿੰਨ ਵੇਰਵੇ ਹਨ, ਜਿਨ੍ਹਾਂ ਰਾਹੀਂ ਅਸੀਂ 'ਸੁਧਾਰ-ਘਰ' ਦੀ ਅਸਲੀ ਤਸਵੀਰ ਵੇਖ ਸਕਦੇ ਹਾਂ ਕਿ 'ਸੁਧਾਰ-ਘਰ' ਸੱਚਮੁੱਚ 'ਸੁਧਾਰ-ਘਰ' ਹੈ ਜਾਂ 'ਵਿਗਾੜ-ਘਰ' ਵਧੇਰੇ ਸਾਬਤ ਹੁੰਦਾ ਹੈ।

ਨਾਵਲਕਾਰ ਦੀ ਖ਼ਾਸੀਅਤ ਇਸ ਵਿਚ ਹੈ ਕਿ ਉਸਨੇ ਭਾਰਤੀ ਜੇਲ-ਪ੍ਰਣਾਲੀ ਦਾ ਬੜਾ ਬੇਕਿਰਕ ਵਸਤੂਗਤ ਵਿਸ਼ਲੇਸ਼ਣ ਕੀਤਾ ਹੈ ਕਿਉਂਕਿ ਉਸਨੇ ਦੋ ਪਾਤਰਾਂ (ਪਾਲ ਤੇ ਮੀਤੇ) ਨੂੰ ਆਧਾਰ ਬਣਾ ਕੇ ਉਸ ਨਾਲ ਜੁੜੇ ਵੇਰਵਿਆਂ ਦੀ ਲੜੀਵਾਰ, ਜੀਵੰਤ ਅਤੇ ਕਲਾਤਮਕ ਪੇਸ਼ਕਾਰੀ ਜ਼ਰੀਏ ਸਮਾਜ ਦਾ ਜਾਤੀ ਵਿਰੋਧ, ਜੀਵਨ-ਘੋਲ, ਉਨ੍ਹਾਂ ਦੇ ਆਪਸੀ ਆਲੇ-ਦੁਆਲੇ ਨਾਲ ਰਿਸ਼ਤੇ, ਕਦਰਾਂ-ਕੀਮਤਾਂ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਰੂਪਮਾਨ ਕੀਤਾ ਹੈ ਜੋ ਉਸਦੀ ਕਲਾਤਮਕ ਸੂਝ ਦਾ ਪ੍ਰਮਾਣ ਹੈ। ਅੰਤ ਵਿਚ ਇਸ ਨਾਵਲ ਦੀ ਮੁੱਖ ਸੁਰ ਲੋਕਾਂ ਨੂੰ ਸੁਚੇਤ ਵੀ ਕਰਦੀ ਹੈ ਕਿ ਜਿਸ ਦੇਸ਼ ਦਾ ਕਾਨੂੰਨ ਅੰਨ੍ਹਾ ਬੋਲਾ ਹੋਵੇ, ਜਿਥੇ ਜੱਜਾਂ ਨੂੰ ਅਸਲੀਅਤ ਖੋਜਣ ਦੀ ਇਜਾਜ਼ਤ ਨਾ ਹੋਵੇ, ਉਸ ਦੇਸ਼ ਦੀਆਂ ਜੇਲ੍ਹਾਂ 'ਸੁਧਾਰ-ਘਰ' ਸਾਬਤ ਨਹੀਂ ਹੋ ਸਕਦੀਆਂ।

## (2) ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਦੇ ਵਿਭਿੰਨ ਵਿਸ਼ਿਆਂ ਦੇ ਥੀਮਿਕ ਪਾਸਾਰ

ਹਰ ਇਕ ਸਾਹਿਤਕਾਰ ਜਦੋਂ ਕੋਈ ਰਚਨਾ ਸਿਰਜਦਾ ਹੈ ਤੇ ਉਸ ਰਚਨਾ ਨੂੰ ਸਿਰਜਨ ਲਈ ਜਿਸ ਆਧਾਰ-ਬਿੰਦੂ ਨੂੰ ਲੈਂਦਾ ਹੈ ਉਸਨੂੰ ਥੀਮ ਕਹਿ ਸਕਦੇ ਹਾਂ। ਥੀਮ ਅੰਗਰੇਜ਼ੀ ਦੇ Thame ਦਾ ਤਤਸਮ ਰੂਪ ਹੈ, ਜੋ ਸਾਹਿਤ ਅਤੇ ਕਲਾ ਦੇ ਖੇਤਰਾਂ ਵਿਚ ਵਿਸ਼ੇ ਦੇ ਮੂਲ ਸਰੋਤਾਂ ਲਈ ਵਰਤਿਆ ਜਾਂਦਾ ਹੈ। ਹਰ ਸਮੇਂ ਵਿਚ ਹਰ ਸਾਹਿਤ ਦੇ ਥੀਮ ਵੱਖਰੇ-ਵੱਖਰੇ ਆਧਾਰਾਂ ਨਾਲ ਸੰਬੰਧਿਤ ਰਹੇ ਹਨ। ਮੱਧਕਾਲੀਨ ਸਾਹਿਤ ਧਾਰਮਿਕ ਥੀਮ ਨਾਲ ਸੰਬੰਧਿਤ ਰਿਹਾ ਹੈ, ਜਦਕਿ ਆਧੁਨਿਕ ਸਮੇਂ ਦਾ ਸਾਹਿਤ ਰੁਮਾਂਟਿਕ ਥੀਮ ਨਾਲ ਸੰਬੰਧਿਤ ਰਿਹਾ ਪਰੰਤੂ ਵੀਹਵੀਂ ਸਦੀ ਦੇ ਸਾਹਿਤ ਦਾ ਥੀਮ ਯਥਾਰਥ ਨੂੰ ਪੇਸ਼ ਕਰਨ ਵਾਲਾ ਰਿਹਾ ਹੈ।

ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਵਿਭਿੰਨ ਵਿਸ਼ਿਆਂ ਤੇ ਥੀਮਿਕ ਪਾਸਾਰਾਂ ਨੂੰ ਜਾਣਨ ਤੋਂ ਪਹਿਲਾਂ ਥੀਮ ਬਾਰੇ ਜਾਣ ਲੈਣਾ ਜ਼ਰੂਰੀ ਹੈ। ਕਿਉਂਕਿ ਕੋਈ ਵੀ ਰਚਨਾ ਥੀਮ ਤੋਂ ਬਿਨਾਂ ਸੰਭਵ ਨਹੀਂ ਹੈ। ਥੀਮ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਵੱਖਰੀਆਂ-ਵੱਖਰੀਆਂ ਪਰਿਭਾਸ਼ਾਵਾਂ ਤੇ ਵੱਖਰੇ-ਵੱਖਰੇ ਵਿਚਾਰ ਹਨ ਜਿਨ੍ਹਾਂ ਨੂੰ ਵਿਚਾਰਨ ਤੋਂ ਬਾਅਦ ਹੀ ਅਸੀਂ ਥੀਮ ਬਾਰੇ ਜਾਣ ਸਕਦੇ ਹਾਂ।

ਡਾ. ਟੀ.ਆਰ.ਵਿਨੋਦ ਅਨੁਸਾਰ, "ਥੀਮ ਨਾਵਲੀ ਪਾਠ ਦੇ ਆਰ-ਪਾਰ ਫੈਲਿਆ ਹੋਇਆ ਅਤੇ ਵਿਸ਼ੇ-ਵਸਤੂ/ਕੇਂਦਰੀ ਭਾਵ ਨਾਲ ਮਿਲਦਾ-ਜੁਲਦਾ ਉਹ ਤੱਤ ਹੈ ਜਿਹੜਾ ਨਾਵਲ ਦੇ ਕੁਲ ਤੱਤਾਂ ਦੇ ਸਮੂਹਿਕ ਪ੍ਰਬੰਧ ਦੁਆਰਾ ਹੋਂਦ ਗ੍ਰਹਿਣ ਕਰਦਾ ਹੈ ਅਤੇ ਉਹਨਾਂ ਤੱਤਾਂ ਨੂੰ ਸੰਗਠਨ ਵਿਚ ਬੰਨ੍ਹਦਾ ਹੈ।"[77]

ਡਾ. ਰਤਨ ਸਿੰਘ ਜੱਗੀ ਅਨੁਸਾਰ, "ਭਾਵੇਂ ਪੂਰਵ ਵਰਤੀ ਆਲੋਚਕ ਇਸ ਸ਼ਬਦ

ਨੂੰ ਸਾਰ, ਸੰਦੇਸ਼, ਕਥਨ, ਵਿਸ਼ਾ, ਵਿਆਖਿਆ, ਉਦੇਸ਼ ਆਦਿ ਦੇ ਅਰਥਾਂ ਵਿਚ ਵੀ ਵਰਤਦੇ ਰਹੇ ਹਨ ਪਰ ਥੀਮ ਵਿਗਿਆਨਿਕ ਆਲੋਚਨਾ ਪੱਧਤੀ ਵਿਚ ਥੀਮ ਤੋਂ ਭਾਵ ਰਚਨਾ ਦਾ ਉਹ ਕੇਂਦਰ ਤੱਤ ਲਿਆ ਜਾਂਦਾ ਹੈ ਜੋ ਉਸਨੂੰ ਰੂਪ ਪ੍ਰਦਾਨ ਕਰਦਾ ਹੈ।"[78]

ਸੋ ਹਰ ਰਚਨਾ ਵਿਚ ਪੇਸ਼ ਵਿਸ਼ੇ, ਵਸਤੂ, ਵਿਚਾਰਧਾਰਾ ਜਾਂ ਦ੍ਰਿਸ਼ਟੀ ਨੂੰ ਥੀਮ ਕਿਹਾ ਜਾਂਦਾ ਹੈ। ਪਰੰਪਰਾਗਤ ਰੂਪ ਵਿਚ ਜਦੋਂ ਅਸੀਂ 'ਥੀਮ' ਸ਼ਬਦ ਵਰਤਦੇ ਹਾਂ ਤਾਂ ਉਸ ਤੋਂ ਅਸੀਂ ਇਹ ਭਾਵ ਲੈਂਦੇ ਹਾਂ ਕਿ ਰਚਨਾ ਦਾ ਵਿਸ਼ਾ ਕੀ ਹੈ ? ਇਥੇ ਨਾਵਲ ਦੇ ਥੀਮ ਬਾਰੇ ਗੱਲ ਕਰਨਾ ਵੀ ਅਨਿਵਾਰੀ ਜਾਪਦਾ ਹੈ। ਜਿਸ ਤਰ੍ਹਾਂ ਇਕ ਵਾਕ ਦਾ ਥੀਮ ਹੁੰਦਾ ਹੈ ਉਸੇ ਤਰ੍ਹਾਂ ਨਾਵਲ ਦੇ ਹਰ ਕਾਂਡ ਦਾ ਵੀ ਥੀਮ ਹੋ ਸਕਦਾ ਹੈ।

"ਥੀਮ ਦਾ ਅਧਿਐਨ ਕਰਨ ਨੂੰ ਅਸੀਂ ਥੀਮਕ ਅਧਿਐਨ ਦਾ ਨਾਂ ਦਿੰਦੇ ਹਾਂ। ਕਿਸੇ ਵੀ ਰਚਨਾ ਦੇ ਗਲਪੀ ਜਗਤ ਨੂੰ ਇਕ ਥੀਮ ਸੰਗਠਨ ਵਜੋਂ ਗ੍ਰਹਿਣ ਕਰਕੇ ਉਸਦੀ ਬਣਤਰ ਵਿਚ ਕੰਮ ਕਰਦੀਆਂ ਜੁਗਤਾਂ ਦੇ ਅਧਿਐਨ ਨੂੰ ਥੀਮਿਕ ਅਧਿਐਨ ਕਿਹਾ ਜਾਂਦਾ ਹੈ।"[79]

ਉਪਰੋਕਤ ਟਿੱਪਣੀ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਥੀਮ ਵਿਗਿਆਨੀ ਥੀਮ ਦੇ ਸੰਕਲਪ ਵਿਚ ਰਚਨਾ ਦੇ ਵਿਸ਼ੇ ਦਾ ਅਧਿਐਨ ਕਰਨ ਦੇ ਨਾਲ-ਨਾਲ ਰਚਨਾ ਦੇ ਕਲਾਤਮਕ ਪੱਖ ਨੂੰ ਵੀ ਸ਼ਾਮਿਲ ਕਰਦੇ ਹਨ। ਸੋ ਥੀਮਿਕ ਅਧਿਐਨ ਦੁਆਰਾ ਕਿਸੇ ਰਚਨਾ ਦੇ ਸੰਰਚਨਾਤਮਕ ਅਧਿਐਨ ਨੂੰ ਜਾਣਿਆ ਜਾਂਦਾ ਹੈ।

"ਥੀਮ ਵਿਗਿਆਨ ਤੋਂ ਭਾਵ ਥੀਮ ਅਧਿਐਨ ਮੰਨਿਆ ਜਾਂਦਾ ਹੈ। ਇਹ ਥੀਮ ਦੇ ਅਧਿਐਨ ਦੁਆਰਾ ਸਾਹਿਤ ਚਿੰਤਨ ਤੱਕ ਪਹੁੰਚਣ ਦੀ ਵਿਧੀ ਹੈ।"[80]

ਸੋ ਥੀਮ ਦਾ ਅਸਲੀ ਉਦੇਸ਼ ਰਚਨਾ ਦੇ ਉਪਰ ਧਿਆਨ ਕੇਂਦਰਿਤ ਕਰਕੇ ਥੀਮਕ ਅਧਿਐਨ ਪੱਖੋਂ ਰਚਨਾ ਵਿਚ ਪੇਸ਼ ਕੀਤੀਆਂ ਗਈਆਂ ਜੁਗਤਾਂ ਨੂੰ ਬਹੁਤ ਬਾਰੀਕੀ ਤੋਂ ਜਾਣਨਾ ਹੈ। ਉਪਰੋਕਤ ਟਿੱਪਣੀਆਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਚਨਾ ਨੂੰ ਬੜੀ ਕੁਸ਼ਲਤਾ ਨਾਲ ਪ੍ਰਭਾਵ ਉਸਾਰਨ ਦੇ ਉਦੇਸ਼ ਨਾਲ ਪੇਸ਼ ਕੀਤਾ ਜਾਂਦਾ ਹੈ। ਥੀਮ ਵਿਗਿਆਨ ਨੂੰ ਸਪੱਸ਼ਟ ਕਰਨ ਲਈ ਸਾਨੂੰ ਸਾਹਿਤਕ ਆਲੋਚਨਾ ਵਿਚ ਇਸ ਦੀਆਂ ਤਿੰਨ ਵਿਧੀਆਂ ਮਿਲਦੀਆਂ ਹਨ : ਰੂਸੀ ਥੀਮ ਵਿਗਿਆਨਕ ਵਿਧੀ, ਫ਼ਰਾਂਸੀਸੀ ਥੀਮ ਵਿਗਿਆਨਕ ਵਿਧੀ ਅਤੇ ਅਮਰੀਕੀ ਥੀਮ ਵਿਗਿਆਨਕ ਵਿਧੀ। ਰੂਸੀ ਰੂਪਵਾਦੀ ਉਹ ਵਿਧੀ ਹੈ ਜੋ ਵੀਹਵੀਂ ਸਦੀ ਦੇ ਦੂਜੇ ਅਤੇ ਤੀਜੇ ਦਹਾਕਿਆਂ ਵਿਚ ਰੂਸ ਵਿਚ ਵਿਕਸਤ ਹੋਈ। ਇਹ ਥੀਮ ਵਿਗਿਆਨ ਨੂੰ ਸਪੱਸ਼ਟ ਕਰਨ ਵਾਲੀ ਸਭ ਤੋਂ ਪਹਿਲੀ ਵਿਧੀ ਹੈ।

ਸੋ ਇਸ ਰੂਸੀ ਥੀਮ ਵਿਗਿਆਨ ਦੇ ਮੁੱਖ ਸਿਧਾਂਤਕਾਰ ਵਿਕਟਰ ਸਕਲੋਵਸਕੀ, ਬੋਰਿਸ ਤੋਮਾਸੋਵਸਕੀ ਅਤੇ ਬੋਰਿਸ ਈਖਨਬਾਮ ਸਨ। ਇਹਨਾਂ ਦਾ ਵਿਚਾਰ ਸੀ ਕਿ ਸਾਹਿਤਕ ਕਿਰਤ ਨੂੰ ਏਕਤਾ ਉਸਦੇ ਥੀਮ ਤੋਂ ਮਿਲਦੀ ਹੈ ਜੋ ਉਸਦੇ ਅੰਦਰ-ਬਾਹਰ ਆਦਿ ਤੋਂ ਅੰਤ ਤੱਕ ਹਾਜ਼ਰ ਰਹਿੰਦਾ ਹੈ। ਇਨ੍ਹਾਂ ਰੂਸੀ ਰੂਪਵਾਦੀਆਂ ਵਿਚ ਥੀਮ ਦੀ ਚਰਚਾ ਸਭ ਤੋਂ ਪਹਿਲਾਂ ਤੋਮਾਕੋਵਸਕੀ ਦਾ ਜ਼ਿਕਰ ਆਉਂਦਾ ਹੈ। ਉਸ ਅਨੁਸਾਰ ਉੱਤਮ ਸਾਹਿਤਕ ਕਿਰਤ ਵਿਚ ਸਮਕਾਲੀ ਅਤੇ ਸਰਬਕਾਲੀ ਥੀਮ ਦਾ ਸੁਮੇਲ ਹੋਣਾ ਜ਼ਰੂਰੀ ਹੈ।[81]

ਰੂਸੀ ਰੂਪਵਾਦੀ ਥੀਮ ਨੂੰ ਰਚਨਾ ਦਾ ਸੰਗਠਨਕਾਰੀ ਤੱਤ ਮੰਨਦੇ ਹਨ। ਥੀਮ ਦਾ ਸਮਕਾਲੀ ਹਾਲਤਾਂ ਉਤੇ ਕੇਂਦਰਿਤ ਹੋਣਾ ਬਹੁਤ ਜ਼ਰੂਰੀ ਹੈ ਪਰ ਪਾਠਕਾਂ ਦੀ ਦਿਲਚਸਪੀ ਪੈਦਾ ਕਰਨ ਲਈ ਇਸਨੂੰ ਸਰਬਕਾਲੀ ਪ੍ਰਸ਼ਨਾਂ ਨਾਲ ਜੋੜ ਕੇ ਪੇਸ਼ ਕਰਨਾ ਹੁੰਦਾ ਹੈ।

ਰੂਸੀ ਰੂਪਵਾਦੀਆਂ ਦਾ ਬੁਨਿਆਦੀ ਮਾਡਲ ਭਾਸ਼ਾਈ ਪ੍ਰਬੰਧ ਹੈ। ਉਹ ਇਹ ਖਿਆਲ ਕਰਦੇ ਹਨ ਕਿ ਭਾਸ਼ਾਈ ਪ੍ਰਬੰਧ ਵੀ ਇਕ ਹੀ ਹੈ, ਜਿਸਦੀ ਮੱਦਦ ਦੁਆਰਾ ਮਨੁੱਖ ਆਪਦੇ ਜਗਤ ਦੇ ਯਥਾਰਥ ਬੋਧ ਨੂੰ ਸਿਰਜਦਾ ਹੈ। ਭਾਸ਼ਾਈ ਜੁਗਤ ਤੋਂ ਬਿਨਾਂ ਵੀ ਕੁਝ ਐਸੀਆਂ ਜੁਗਤਾਂ ਹਨ ਜਿਨ੍ਹਾਂ ਨੂੰ ਭਾਸ਼ਾ ਅਤਿਰਿਕਤ ਜੁਗਤਾਂ ਵਜੋਂ ਸਵੀਕਾਰਿਆ ਜਾ ਸਕਦਾ ਹੈ।[82]

ਵਿਦਵਾਨਾਂ ਅਨੁਸਾਰ ਥੀਮ ਰਚਨਾ ਦਾ ਪ੍ਰਮੁੱਖ ਤੱਤ ਹੈ ਜੋ ਰਚਨਾ ਵਿਚ ਹੀ ਉਦੈ ਹੁੰਦਾ ਹੈ। ਬਿਰਤਾਂਤਕ ਰਚਨਾ ਵਿਚ ਛੋਟੇ ਤੋਂ ਛੋਟੇ ਤੱਤ ਦੇ ਥੀਮ ਨੂੰ ਮੋਟਿਫ਼ ਕਿਹਾ ਜਾਂਦਾ ਹੈ। ਪਰੰਪਰਾਗਤ ਅਰਥਾਂ ਵਿਚ ਮੋਟਿਫ਼ ਨੂੰ ਸਾਹਿਤ ਕਿਰਤਾਂ ਵਿਚ ਵਾਰ-ਵਾਰ ਵਾਪਰਨ ਵਾਲੇ ਤੱਤ ਵਜੋਂ ਵੀ ਸਵੀਕਾਰ ਕੀਤਾ ਜਾਂਦਾ ਹੈ। ਮੋਟਿਫ਼ ਨੂੰ ਰਚਨਾ ਵਿਚਲੀਆਂ ਘਟਨਾਵਾਂ ਅਤੇ ਪਾਤਰਾਂ ਦੇ ਦੋਹਰਾਵੇਂ ਲੱਛਣਾਂ ਵਿਚ ਪੇਸ਼ ਕਰਨ ਲਈ ਸਭ ਤੋਂ ਵਧੇਰੇ ਸਾਰਥਕ ਤੱਤ ਮੰਨਿਆ ਜਾਂਦਾ ਹੈ। ਇਸ ਲਈ ਮੋਟਿਫ਼ ਉਹ ਥੀਮਿਕ ਅਰਥਸ਼ੀਲ ਇਕਾਈ ਹੈ ਜੋ ਇਕ ਤੋਂ ਵੱਧ ਕਿਰਤਾਂ ਵਿਚ ਦੁਹਰਾਇਆ ਗਿਆ ਹੋਵੇ ਅਤੇ ਸਾਹਿਤ ਰੂੜ੍ਹੀ ਵਾਂਗ ਸਥਾਪਤ ਹੋ ਗਿਆ ਹੋਵੇ। ਰਤਨ ਸਿੰਘ ਜੱਗੀ ਅਨੁਸਾਰ, "ਇਹ ਅਰਥਸ਼ੀਲ ਇਕਾਈਆਂ ਸ਼ੈਲੀਗਤ/ਥੀਮਕ ਰੂੜ੍ਹੀਆਂ ਬਣ ਜਾਂਦੀਆਂ ਹਨ ਜਿਵੇਂ ਸਾਡੀਆਂ ਲੋਕ ਕਹਾਣੀਆਂ ਵਿਚ ਕਿਸੇ ਰਾਜੇ/ਰਾਣੀ ਦੇ ਕੋਈ ਪੁੱਤਰ ਨਹੀਂ ਹੁੰਦਾ ਉਹ ਕਿਸੇ ਸਾਧੂ ਕੋਲ ਜਾਂਦਾ/ਜਾਂਦੀ ਹੈ ਜੋ ਉਸਨੂੰ ਆਸ਼ੀਰਵਾਦ ਦਿੰਦਾ ਹੈ ਜਿਸ ਨਾਲ ਉਸਦੇ ਸੱਤ ਪੁੱਤਰ ਹੁੰਦੇ ਹਨ।"[83]

ਸਾਹਿਤ ਕਿਰਤ ਦੇ ਥੀਮ ਅਧਿਐਨ ਦੀ ਪ੍ਰਕਿਰਤੀ ਸਿੱਧੇ ਤੌਰ ਤੇ ਵਿਧਾਗਤ ਖੇਤਰ ਨਾਲ ਸੰਬੰਧਿਤ ਹੁੰਦੀ ਹੈ। ਸਾਹਿਤ ਕਿਰਤ ਦੇ ਖੇਤਰ ਵਿਚ ਥੀਮ ਨੂੰ ਕਈ ਜੁਗਤਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਇਨ੍ਹਾਂ ਜੁਗਤਾਂ ਵਿਚ ਖੁੱਲ੍ਹੇ ਅਤੇ ਬੱਝੇ ਮੋਟਿਫ਼, ਗਤੀਸ਼ੀਲ ਤੇ ਗਤੀਹੀਣ ਮੋਟਿਫ਼, ਪਾਤਰਾਂ ਦੀ ਗਤੀਆਤਮਕ, ਸਥਿਤੀਆਤਮਕ, ਪ੍ਰਕਿਰਤੀ, ਸੁਜੇਤ ਅਤੇ ਫੇਬੁਲਾ, ਅਜਨਬੀਕਰਨ, ਆਮ ਭਾਸ਼ਾ ਅਤੇ ਸਾਹਿਤਕ ਭਾਸ਼ਾ ਕਥਾ ਸਮੱਗਰੀ ਦਾ ਵਿਗੋਪਨ ਆਦਿ ਸ਼ਾਮਿਲ ਹੁੰਦੇ ਹਨ। ਸੋ ਉਪਰੋਕਤ ਥੀਮ ਬਾਰੇ ਕੀਤੀ ਚਰਚਾ ਦੇ ਆਧਾਰ ਤੇ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਵਿਸ਼ਿਆਂ ਦੇ ਥੀਮਕ ਪਾਸਾਰਾਂ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ।

### (ੳ) ਪੁਲਿਸ ਅਤੇ ਆਮ ਲੋਕਾਂ ਦੇ ਅੰਤਰ-ਸੰਬੰਧਾਂ ਦੀ ਵਿਆਖਿਆ

'ਤਫ਼ਤੀਸ਼' ਮਿੱਤਰ ਸੈਨ ਮੀਤ ਦਾ ਬਹੁ-ਚਰਚਿਤ ਨਾਵਲ ਹੈ, ਜਿਸ ਰਾਹੀਂ ਉਸਨੇ ਆਪਣੇ ਪੇਸ਼ੇ (ਵਕੀਲੀ) ਦੇ ਅਨੁਭਵ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕੀਤਾ ਹੈ। ਪੇਸ਼ੇ ਦੇ ਤੌਰ ਤੇ ਨਾਵਲਕਾਰ ਦੀ ਸਾਹਿਤ ਸੰਵੇਦਨਾ ਨੂੰ ਕਾਨੂੰਨ ਵਿਚਲੀਆਂ ਅਜਿਹੀਆਂ ਪਰਸਥਿਤੀਆਂ ਨੇ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਜਿਸ ਕਰਕੇ ਉਸਦੇ ਨਾਵਲਾਂ ਦੇ ਮੁੱਖ ਵਿਸ਼ੇ ਕਾਨੂੰਨ ਸੁਧਾਰ ਵਾਲੇ ਤੇ ਕਾਨੂੰਨ ਨਾਲ ਸੰਬੰਧਿਤ ਸੰਸਥਾਵਾਂ ਵਾਲੇ ਰਹੇ ਹਨ।

'ਤਫ਼ਤੀਸ਼' ਨਾਵਲ ਦਾ ਵਿਸ਼ਾ ਬੇਸ਼ੱਕ ਪੁਲਿਸ ਸਭਿਆਚਾਰ ਨੂੰ ਬਾਰੀਕੀ ਤੋਂ ਘੋਖਣਾ ਹੈ ਪਰੰਤੂ ਇਸ ਨਾਵਲ ਦੇ ਮੂਲ ਵਿਸ਼ਿਆਂ ਰਾਹੀਂ ਮਨੁੱਖੀ ਜੀਵਨ ਦੇ ਬਹੁਪਰਤੀ ਪੱਖਾਂ ਦੀ ਬਾਰੀਕੀ ਨਾਲ ਕੀਤੀ ਘੋਖ ਨੂੰ ਵੀ ਬੜੇ ਕਲਾਤਮਕ ਢੰਗ ਨਾਲ ਗਲਪ-ਬਿੰਬ ਵਿਚ ਢਾਲਿਆ ਹੈ। ਇਹ ਨਾਵਲ ਬੱਚੇ ਬੰਟੀ ਦੇ ਕਾਤਲਾਂ ਦੀ ਤਫ਼ਤੀਸ਼ ਕਰਦਾ ਹੋਇਆ ਸਮੁੱਚੇ ਸਮਾਜ ਦੀ ਤਫ਼ਤੀਸ਼ ਵਿਅੰਗਾਤਮਕ ਭਾਸ਼ਾ ਰਾਹੀਂ ਪੇਸ਼ ਕਰਦਾ ਹੈ।

'ਤਫ਼ਤੀਸ਼' ਨਾਵਲ ਵਿਚ ਭਾਰਤੀ ਪੁਲਿਸ ਦੇ ਕਿਰਦਾਰ ਤੇ ਸਰੂਪ ਅਤੇ ਇਸਦੇ ਸਮਾਜਿਕ ਕਰਤੱਵ ਬਾਰੇ ਜਾਣਨ ਤੋਂ ਪਹਿਲਾਂ ਪੁਲਿਸ ਪ੍ਰਬੰਧ ਦੇ ਸਰੂਪ ਨੂੰ ਸਿਧਾਂਤਕ ਤੌਰ ਤੇ ਸੰਖੇਪ ਵਿਚ ਜਾਣਨਾ ਜ਼ਰੂਰੀ ਹੈ।

ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ ਵਿਚ ਪੁਲਿਸ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ :

"ਪੁਲਿਸ ਸਿਸਟਮ ਬੁਰਾਈਆਂ ਨੂੰ ਰੋਕਣ ਲਈ ਅਤੇ ਸਮਾਜ ਨੂੰ ਸਹੂਲਤਾਂ ਦੇਣ ਲਈ ਵਿਉਂਤ ਵਿਚ ਆਇਆ ਹੈ। ਆਪਣੇ ਪ੍ਰਥਮ ਅਰਥਾਂ ਵਿਚ ਇਹ ਕਿਸੇ ਸਮਾਜ ਨੂੰ ਬਾਗੀਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਅਜਿਹੇ ਵਿਅਕਤੀ ਆਚਰਣ ਦੇ ਸਾਧਾਰਨ ਮਿਆਰ ਨੂੰ ਨਹੀਂ ਮੰਨਦੇ। ਇਹ ਮਿਆਰ ਇਕ ਵੱਡੀ ਗਿਣਤੀ ਦੇ ਲੋਕਾਂ ਨੂੰ ਪ੍ਰਭਾਵਿਤ ਹੁੰਦਾ ਹੈ। ਇਸਦਾ ਭਾਵ ਇਹ ਨਿਕਲਦਾ ਹੈ ਕਿ ਪੁਲਿਸ ਪ੍ਰਬੰਧ ਜ਼ੁਰਮ ਅਥਵਾ ਅਪਰਾਧ ਨਾਲ ਮੁੱਖ ਰੂਪ ਵਿਚ ਜੁੜਿਆ ਹੋਇਆ ਹੈ। ਇਸਦਾ ਦੂਸਰਾ ਅਤੇ ਵਧੇਰੇ ਵਿਸਥਾਰਤ ਅਰਥ ਲੋਕ ਜੀਵਨ ਦੇ ਪ੍ਰਚਾਲਨ ਨਾਲ ਸੰਬੰਧਿਤ ਹੈ। ਇਸ ਅਰਥ ਅਧੀਨ ਪੁਲਿਸ ਸਿਸਟਮ ਇਕ ਵਧੀਆ ਸਰਕਾਰ ਚਲਾਉਣ ਦਾ ਸਾਧਨ ਵੀ ਹੈ।[84]

ਸੋ ਪੁਲਿਸ ਪ੍ਰਬੰਧ ਇਕ ਅਜਿਹਾ ਪ੍ਰਬੰਧ ਹੈ ਜਿਹੜਾ ਸਮਾਜ ਦੇ ਸੰਤੁਲਨ ਨੂੰ ਬਣਾ ਕੇ ਰੱਖ ਸਕੇ, ਉਹ ਸਮਾਜ ਵਿਚੋਂ ਅਪਰਾਧ ਖਤਮ ਕਰਨ ਲਈ ਆਮ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਕਰੇ ਅਤੇ ਅਪਰਾਧ ਕਰਨ ਵਾਲਿਆਂ ਨੂੰ ਰੋਕੇ। ਪਰ ਸਮੇਂ ਦੇ ਬਦਲਣ ਨਾਲ ਸਭਿਆਚਾਰਕ ਤੇ ਸਮਾਜਿਕ ਤਬਦੀਲੀਆਂ ਕਾਰਨ ਇਸ ਪ੍ਰਬੰਧ ਦੀ ਰੂਪ-ਰੇਖਾ ਵੀ ਤਬਦੀਲ ਹੋ ਚੁੱਕੀ ਹੈ। ਜਿਸ ਦਾ ਵਰਨਣ ਵਿਅੰਗਾਤਮਕ ਰੂਪ ਵਿਚ ਨਾਵਲਕਾਰ ਨੇ ਆਪਣੇ ਨਾਵਲ 'ਤਫ਼ਤੀਸ਼' ਵਿਚ ਕੀਤਾ ਹੈ। ਪੁਲਿਸ ਅਤੇ ਥਾਣਿਆਂ ਨਾਲ ਸੰਬੰਧਿਤ ਮਾਹੌਲ ਸਿਰਜਣ ਦੇ ਨਾਲ ਥਾਣੇ ਵਿਚ ਰਿਪੋਰਟ ਲਿਖਣ ਵਾਲੇ ਮੁਨਸ਼ੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਦੇ ਜੀਵਨ ਨੂੰ ਦਰਸਾਉਂਦਾ ਹੋਇਆ ਸਮਾਜ ਵਿਚ ਵਰਤਮਾਨ ਸਮੇਂ ਦੇ ਪੁਲਿਸ ਪ੍ਰਬੰਧ ਦੀ ਭ੍ਰਿਸ਼ਟਤਾ ਨੂੰ ਇਸ ਤਰ੍ਹਾਂ ਬੇਨਕਾਬ ਕਰਦਾ ਹੈ :

"ਕਿੱਧਰ ਨੂੰ ਮੂੰਹ ਚੁੱਕਿਐ ਬਈ ਸੇਠੋ ?" ਖਿਝੇ ਸੰਤਰੀ ਨੇ ਬਿਨਾਂ ਦੁਆ ਸਲਾਮ ਕਰੇ ਥਾਣੇ ਅੰਦਰ ਘੁਸਦੇ ਲਾਲਿਆਂ ਨੂੰ ਦਬਕਾ ਮਾਰਿਆ ਸੀ। ਉਨ੍ਹਾਂ ਦੇ ਘਬਰਾਏ ਚਿਹਰਿਆਂ ਤੋਂ ਸੰਤਰੀ ਨੇ ਅੰਦਾਜ਼ਾ ਲਾ ਲਿਆ ਸੀ ਕਿ ਨਾ ਉਹ ਨੇਤਾ ਲੋਕ ਸਨ ਅਤੇ ਨਾ ਹੀ ਮੋਹਤਬਰ। ਉਹ ਕੇਵਲ ਫਰਿਆਦੀ ਸਨ।[85]

ਇਸ ਟਿੱਪਣੀ ਤੋਂ ਜ਼ਾਹਿਰ ਹੈ ਕਿ ਜੋ ਪੁਲਿਸ ਪ੍ਰਬੰਧ ਆਮ ਲੋਕਾਂ ਦੀ ਜਾਨ-ਮਾਲ

ਦੀ ਰਖਵਾਲੀ ਲਈ ਹੋਂਦ ਵਿਚ ਆਈ ਸੀ, ਅਜੋਕੇ ਸਮੇਂ ਵਿਚ ਰਿਪੋਟ ਲਿਖਾਉਣ ਵਾਲੀ ਧਿਰ ਜੇਕਰ ਨਾ ਰਾਜਨੀਤਿਕ ਨੇਤਾ ਹੈ ਤੇ ਨਾ ਹੀ ਕੋਈ ਮੋਹਤਬਰ ਤਾਂ ਪੁਲਿਸ ਥਾਣੇ ਦੇ ਮੁਨਸ਼ੀ ਵੀ ਉਹਨਾਂ ਨੂੰ ਅੰਦਰ ਜਾਣ ਤੋਂ ਮਨ੍ਹਾ ਕਰਦਾ ਹੈ। ਵਰਤਮਾਨ ਸਮੇਂ ਦੀ ਪੁਲਿਸ ਵਿਭਾਗ ਦੀ ਅਗਲੇਰੀ ਕਾਰਵਾਈ ਇਹ ਹੈ। ਪੈਸੇ ਧੇਲੇ ਖਾਣ ਦੀ ਆਦੀ ਪੁਲਿਸ ਰਿਸ਼ਵਤ ਲਈ ਮੋਹਤਬਰ ਭਾਲਦੀ ਹੈ :

"ਸੋਨੂੰ ਪਤਾ ਰਪਟ ਕੀ ਹੁੰਦੀ ਹੈ। ਘਾਬਰਿਆ ਬੰਦਾ ਰਪਟ ਦਰਜ ਨਹੀਂ ਕਰਾ ਸਕਦਾ... ਚੰਗਾ ਹੋਵੇ ਜੇ ਮੋਹਤਬਰ ਬੰਦਾ ਲੈ ਆਵੋ।"[86]

ਉਪਰੋਕਤ ਹਵਾਲੇ ਰਾਹੀਂ ਨਾਵਲਕਾਰ ਨੇ ਰਿਪੋਰਟ ਲਿਖਾਉਣ ਵਾਲੀ ਧਿਰ ਅਤੇ ਰਿਪੋਰਟ ਲਿਖਣ ਵਾਲੀ ਧਿਰ ਦੀ ਸਥਿਤੀ ਨੂੰ ਵਿਚਾਰਧਾਰਾਈ ਅੰਤਰ ਵਿਰੋਧਾਂ ਦੇ ਪ੍ਰਗਟਾਵੇ ਨੂੰ ਵਿਅੰਗ ਰਾਹੀਂ ਦ੍ਰਿਸ਼ਟਮਾਨ ਕੀਤਾ ਹੈ ਕਿ ਰਿਪੋਰਟ ਲਿਖਣ ਲਈ ਰਿਸ਼ਵਤ ਦੇਣ ਲੈਣ ਵਾਲਾ ਵਿਚੋਲਾ (ਮੋਹਤਬਰ) ਨਾਲ ਹੋਣਾ ਜ਼ਰੂਰੀ ਹੈ। ਪੁਲਿਸ ਆਮ ਲੋਕਾਂ ਦੀ ਸਹਾਇਤਾ ਕਰਨ ਦੀ ਬਜਾਇ ਉਨ੍ਹਾਂ ਨੂੰ ਦੁਖੀ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਅਨਿਆਂ ਵਿਰੁੱਧ ਆਵਾਜ਼ ਉਠਾਈ ਸੀ :

ਰਾਜੇ ਸ਼ੀਂਹ ਮੁਕੱਦਮ ਕੁੱਤੇ।
ਜਾਇ ਜਗਾਇਨ ਬੈਠੇ ਸੁੱਤੇ।
ਚਾਕਰ ਨਹ ਦਾ ਪਾਇਨ ਘਾਉ।
ਰਤ-ਪਿਤ ਕੁਤਿਹੋ ਚਟਿ ਜਾਹੁ।
ਜਿਥੈ ਜੀਆ ਹੋਸੀ ਸਾਰ
ਨਕੀਂ ਵੱਢੀਂ ਲਾਇਬਤਾਰ।[87]

ਉਪਰੋਕਤ ਗੁਰਬਾਣੀ ਦੀਆਂ ਤੁਕਾਂ ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਰਾਜਿਆਂ ਨੂੰ ਸ਼ੇਰ ਅਤੇ ਉਨ੍ਹਾਂ ਦੇ ਰਖਵਾਲਿਆਂ ਪੁਲਿਸ ਅਧਿਕਾਰੀਆਂ ਨੂੰ ਕੁੱਤੇ ਆਖਿਆ ਹੈ। ਕਿਉਂਕਿ ਰਾਜਿਆਂ ਦੇ ਅੱਗੇ ਕੰਮ ਕਰਨ ਵਾਲੇ ਪੁਲਿਸ ਅਧਿਕਾਰੀ ਆਮ ਲੋਕਾਂ ਨੂੰ ਤੰਗ ਕਰਦੇ ਹਨ ਤੇ ਰਾਜੇ (ਸ਼ੇਰਇ) ਇਨ੍ਹਾਂ ਰਾਹੀਂ ਆਮ ਜਨਤਾ ਦਾ ਖ਼ੂਨ ਚੂਸਦੇ ਹਨ। ਪਰ ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਦਰਗਾਹ ਵਿਚ ਇਨ੍ਹਾਂ ਅਧਿਕਾਰੀਆਂ ਦੇ ਨੱਕ ਵੱਢੇ ਜਾਣਗੇ ਤੇ ਆਪਣੇ ਕੀਤੇ ਕਰਮਾਂ ਦੀ ਸਜ਼ਾ ਪਾਉਣਗੇ। ਸੋ ਪੁਲਿਸ ਪ੍ਰਬੰਧ ਅੱਜ ਹੀ ਨਹੀਂ ਸਗੋਂ ਲੰਬੇ ਸਮੇਂ ਤੋਂ ਆਮ ਲੋਕਾਂ ਦੀ ਹਮਦਰਦੀ ਗੁਆ ਚੁੱਕਾ ਹੈ। ਕਿਉਂਕਿ ਮੰਤਰੀ ਦੀ ਹੱਲਾਸ਼ੇਰੀ ਤੇ ਇਹ ਆਮ ਜਨਤਾ ਨੂੰ ਲੁੱਟਦੇ ਹਨ ਜਿਸਦਾ ਕਰਤੱਵ ਆਮ ਜਨਤਾ ਦੀ ਰਖਵਾਲੀ ਸੀ ਅਜੋਕੇ ਸਮੇਂ ਵਿਚ ਇਹ ਪ੍ਰਬੰਧ ਮੰਤਰੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਸਾਧਾਰਨ ਸਿਪਾਹੀ ਜਿਵੇਂ ਆਪਣੇ ਤੋਂ ਉਪਰਲੇ ਅਫ਼ਸਰ ਤੱਕ ਪਹੁੰਚਦੇ ਲੋਕਾਂ ਦੀ ਲੁੱਟ ਕਰਦਾ ਹੈ :

"ਮੁਖਤਿਆਰ ਨੂੰ ਸਮਝ ਆ ਗਿਆ ਸੀ ਕਿ ਪਹਿਲੇ ਹੱਲੇ ਅਸਾਮੀ ਨੂੰ ਅਫ਼ਸਰ ਦੇ ਮੱਥੇ ਨਹੀਂ ਲਾਉਣਾ ਚਾਹੀਦਾ। ਪਹਿਲਾਂ ਪੰਜ ਚਾਰ ਚੱਕਰ ਕਟਾਓ। ਦੋ ਚਾਰ ਹਜ਼ਾਰ ਝਾੜੋ।

ਦੂਜੇ ਤੀਜੇ ਦਿਨ ਅਗਲੇ ਕੋਲੋਂ ਦਾਰੂ ਪੀਓ। ਪੰਜ ਚਾਰ ਵਗਾਰਾਂ ਪਾਓ। ਖੋਖਲਾ ਕਰਕੇ ਅਫ਼ਸਰ ਅੱਗੇ ਪੇਸ਼ ਕਰੋ। ਪਿੱਛੋਂ ਆਪਣਾ ਕਮਿਸ਼ਨ ਲਓ। ਅਫ਼ਸਰ ਤੋਂ ਵੀ ਅਤੇ ਅਸਾਮੀ ਤੋਂ ਵੀ। ਗਰੇਵਾਲ ਦੀ ਛਤਰ ਛਾਇਆ ਵਿਚ ਮੁਖਤਿਆਰ ਨੇ ਨਵਾਂ ਮੋਟਰਸਾਈਕਲ ਖਰੀਦਿਆ। ਮੁੰਦਰੀ ਤੇ ਕੜਾ ਬਣਵਾਇਆ।"[88]

ਇਸ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਸ ਆਰੰਭ ਹੋਣ ਤੋਂ ਲੈ ਕੇ ਪੁਲਿਸ ਦੇ ਵੱਡੇ ਅਫ਼ਸਰ ਤੱਕ ਪਹੁੰਚਣ ਲਈ ਆਮ ਬੰਦੇ ਨੂੰ ਕਿੰਨਾ ਖੱਜਲ ਹੋਣਾ ਪੈਂਦਾ ਹੈ। ਹਰ ਪੱਧਰ ਦੀ ਰਿਸ਼ਵਤ ਦੇਣੀ ਪੈਂਦੀ ਹੈ ਤਾਂ ਕਿਤੇ ਜਾ ਕੇ ਕਿਸੇ ਅਫ਼ਸਰ ਨਾਲ ਗੱਲ ਹੁੰਦੀ ਹੈ। ਪੁਲਿਸ ਕਰਮਚਾਰੀਆਂ ਜਿਵੇਂ ਕਿਵੇਂ ਰੌਲੇ-ਰੱਪੇ ਦਾ ਕੇਸ ਲੱਭਦੇ ਰਹਿੰਦੇ ਹਨ।

"ਅਖਬਾਰ ਤੇ ਝਾਤ ਮਾਰੀਏ ਤਾਂ ਚਾਰ ਚਾਰ ਪੰਨੇ ਵਾਰਦਾਤਾਂ ਨਾਲ ਭਰੇ ਪਏ ਹੁੰਦੇ ਹਨ। ਬੰਦਾ ਪੜ੍ਹਦਾ-ਪੜ੍ਹਦਾ ਥੱਕ ਜਾਂਦਾ ਹੈ। ਕਤਲ, ਡਕੈਤੀਆਂ, ਖੋਹਾਂ ਅਤੇ ਚੋਰੀਆਂ ਕਿਹੜਾ ਜ਼ੁਰਮ ਹੈ ਜਿਹੜਾ ਇਨੀਂ ਦਿਨੀਂ ਪੰਜਾਬ ਵਿਚ ਨਹੀਂ ਹੋ ਰਿਹਾ। ਸੁਰਖੀਆਂ ਦੇਖਕੇ ਲੱਗੂ ਜਿਵੇਂ ਅੱਜ ਦਾ ਦਿਨ ਦੁਨੀਆਂ ਦਾ ਆਖਰੀ ਦਿਨ ਹੈ। ਥਾਣੇ ਆ ਕੇ ਦੇਖੋ ਤਾਂ ਲੱਗੇਗਾ ਚਾਰੇ ਪਾਸੇ ਸ਼ਾਂਤੀ ਹੈ। ਕੋਈ ਗੜਬੜ ਨਹੀਂ। ਕਿਸੇ ਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ।"[89]

ਮੁਨਸ਼ੀ ਦੀ ਸੋਚ ਤੋਂ ਜ਼ਾਹਿਰ ਹੁੰਦਾ ਹੈ ਕਿ ਪੁਲਿਸ ਥਾਣੇ ਵਿਚ ਜਾਣ ਤੋਂ ਆਮ ਲੋਕ ਡਰਦੇ ਹਨ। ਪੁਲਿਸ ਪ੍ਰਬੰਧ ਹੋਂਦ ਵਿਚ ਆਇਆ ਲੋਕਾਂ ਨੂੰ ਬੁਰੇ ਧੰਦਿਆਂ ਤੋਂ ਰੋਕਣ ਲਈ ਸੀ ਪਰ ਖ਼ੁਦ ਇਹ ਪ੍ਰਬੰਧ ਨਸ਼ਿਆਂ ਦਾ ਗੜ੍ਹ ਬਣ ਗਿਆ :

"ਡਿਪਟੀ ਦਾ ਫੋਨ ਹੋਇਆ ਤਾਂ ਅਫ਼ੀਮ ਮੰਗੇਗਾ। ਪਤਾ ਨਹੀਂ ਕਿੰਨੇ ਕੇ ਸਰਦਾਰਾਂ ਨਾਲ ਲਿਹਾਜ ਪਾਲ ਰੱਖੀ ਹੈ। ਥਾਣਾ-ਥਾਣਾ ਨਾ ਹੋਇਆ। ਡੋਡਿਆਂ ਦੀ ਦੁਕਾਨ ਹੋਈ। ਜਣੇ ਖਣੇ ਨੂੰ ਬੋਰੀ ਚੁਕਾ ਕੇ ਤੋਰ ਦਿੰਦੈ।...ਡਿਪਟੀ ਦਾ ਡੰਡਾ ਨਾ ਹੋਵੇ ਤਾਂ ਮੁਨਸ਼ੀ ਦਾ ਖਰਚਾ ਕੱਢਣ ਲਈ ਅਫ਼ੀਮ ਤੇ ਡੋਡੇ ਹੀ ਬਥੇਰੇ ਹਨ। ਇਹੋ ਜਿਹਾ ਕਰਫਿਊ ਲਾਇਐ ਕਿ ਮੁਨਸ਼ੀ ਨੂੰ ਆਪਣੇ ਘਰ ਭੇਜਣ ਲਈ ਲੋਕਾਂ ਤੋਂ ਡੋਡੇ ਮੰਗਣੇ ਪਏ।"[90]

ਪੰਜਾਬ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣ ਲਈ ਪੁਲਿਸ ਆਪਣੀ ਜ਼ਿੰਮੇਵਾਰੀ ਨਿਭਾਅ ਸਕਦੀ ਹੈ ਪਰੰਤੂ ਆਪਣੇ ਲਾਲਚ ਦੇ ਲਈ ਪੁਲਿਸ ਨਸ਼ੇ ਪੰਜਾਬ ਅੰਦਰ ਆਉਣ ਵੀ ਦਿੰਦੀ ਹੈ ਤੇ ਰਿਸ਼ਵਤ ਲੈ ਕੇ ਅੱਗੇ ਵੇਚਣ ਦੀ ਇਜ਼ਾਜਤ ਤਾਂ ਦਿੰਦੀ ਹੀ ਦਿੰਦੀ ਹੈ ਪਰੰਤੂ ਸਰਦੇ ਪੁਜਦੇ ਲੋਕਾਂ ਨੂੰ ਦਾਨ ਵੀ ਕਰਦੀ ਹੈ। ਉਪਰੋਕਤ ਵੇਰਵਾ ਇਸੇ ਹਕੀਕਤ ਨੂੰ ਬਿਆਨ ਕਰਦਾ ਹੈ। ਸ਼ਰਾਬ ਦੇ ਠੇਕਿਆਂ ਵਿਚ ਹਿੱਸੇਦਾਰੀ ਪਾਉਣ ਵਾਲੇ ਮਨਬੀਰ ਥਾਣੇਦਾਰ ਦੇ ਪਾਤਰ ਰਾਹੀਂ ਨਾਵਲਕਾਰ ਪੁਲਿਸ ਦੀ ਕਾਰਗੁਜ਼ਾਰੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :

"ਉਂਝ ਤਾਂ ਸਿਪਾਹੀਆਂ ਦੀਆਂ ਵਗਾਰਾਂ ਵੀ ਮਾਣ ਨਹੀਂ। ਦਿਨ ਢਲਦਿਆਂ ਹੀ ਬੋਤਲ ਮੰਗਣ ਆ ਜਾਂਦੇ ਹਨ। ਹੌਲਦਾਰਾਂ, ਥਾਣੇਦਾਰਾਂ ਦਾ ਮਹੀਨਾ ਅਲੱਗ ਅਤੇ ਵਗਾਰ ਅਲੱਗ। ...ਇਕ ਵਾਰ ਕਿਸੇ ਨੇ ਉਹਨਾਂ ਤੋਂ ਉਪਰ ਦੀ ਬੋਲੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਡਿਪਟੀ

ਦੇ ਬੰਦਿਆਂ ਨੇ ਉਨ੍ਹਾਂ ਦੇ ਸਿਰ ਪਾੜ ਦਿੱਤੇ।"[91]

ਜਿਸ ਤਰ੍ਹਾਂ ਇਸ ਵੇਰਵੇ ਰਾਹੀਂ ਡਿਪਟੀ ਤੇ ਪੁਲਿਸ ਅਧਿਕਾਰੀਆਂ ਦਾ ਵਰਨਣ ਹੋਇਆ ਹੈ ਕਿ ਇਹ ਪੁਲਿਸ ਅਧਿਕਾਰੀ ਆਮ ਜਨਤਾ ਦੇ ਖ਼ੁਦ ਸਿਰ ਪਾੜਦੇ ਹਨ ਤਾਂ ਫਿਰ ਰਖਵਾਲੀ ਲਈ ਆਮ ਜਨਤਾ ਕਿਥੇ ਜਾਵੇ। ਇਸ ਤਰ੍ਹਾਂ ਖੁੱਡੀ ਵਾਲੇ ਨੰਬਰਦਾਰ ਦਾ ਡੋਡਿਆਂ ਦਾ ਕਾਰੋਬਾਰ ਵੀ ਪੁਲਿਸ ਦੀ ਸਾਂਝੇਦਾਰੀ ਨਾਲ ਚਲਦਾ ਸੀ। ਠੇਕੇਦਾਰ ਮੇਜਰ ਸਿੰਘ ਦਾ ਵੀ।

ਬੰਟੀ ਦੀ ਭਾਲ ਵਿਚ ਲਾਏ ਨਾਕੇ ਤੇ ਦਰਸ਼ਨ ਹੌਲਦਾਰਾਂ ਨੇ ਆਮ ਲੋਕਾਂ ਨੂੰ ਇਸ ਤਰ੍ਹਾਂ ਲੁੱਟਿਆ।

"ਦੋ ਘੰਟਿਆਂ ਵਿਚ ਹੀ ਦਰਸ਼ਨ ਨੇ ਨੋਟਾਂ ਨਾਲ ਝੋਲਾ ਭਰ ਲਿਆ। ਪਹਿਲਾਂ ਸੀ.ਆਰ.ਪੀ. ਵਾਲੇ ਝਿੜਕੇ। ਉਨ੍ਹਾਂ ਨੂੰ ਕਾਗਜ਼ਾਂ ਪੱਤਰਾਂ ਦੀ ਬਹੁਤੀ ਸਮਝ ਨਹੀਂ ਸੀ। ਜਿਉਂ-ਜਿਉਂ ਝੋਲਾ ਭਰਦਾ ਗਿਆ, ਉਨ੍ਹਾਂ ਨੂੰ ਵੀ ਕਾਗਜ਼ਾਂ ਦੀ ਸਮਝ ਆਉਂਦੀ ਗਈ। ਇੰਨੇ ਰੂਲ ਲਾਗੂ ਸਨ ਕਿ ਚੰਗੀ ਭਲੀ ਗੱਡੀ ਦਾ ਚਲਾਨ ਕੀਤਾ ਜਾ ਸਕਦਾ ਸੀ। ਕਿਸੇ ਨੇ ਬੀਮਾ ਨਹੀਂ ਕਰਾਇਆ, ਕਿਸੇ ਨੇ ਟੈਕਸ ਨਹੀਂ ਭਰਿਆ ਅਤੇ ਕਿਸੇ ਨੇ ਗੱਡੀ ਪਾਸ ਨਹੀਂ ਕਰਾਈ।"[92]

ਉਪਰੋਕਤ ਹਵਾਲਾ ਵੀ ਆਮ ਭੋਲੀ-ਭਾਲੀ ਜਨਤਾ ਤੇ ਜ਼ੁਲਮ ਕਰਨ ਵਾਲੀ ਸ਼ਕਤੀ ਦੇ ਰੂਪ ਵਿਚ ਪੁਲਿਸ ਪ੍ਰਬੰਧ ਦੀ ਹਾਮੀ ਭਰਦਾ ਹੈ। ਇਸ ਤਰ੍ਹਾਂ ਬੰਟੀ ਦੀ ਭਾਲ ਵਿਚ ਡਿਊਟੀ ਤੇ ਲੱਗੇ ਏ.ਐਸ.ਆਈ. ਗੱਜਣ ਸਿੰਘ ਦੀ ਆਮ ਲੋਕਾਂ ਨੂੰ ਕੇਹਰ ਢਹਾਉਂਦਾ ਹੈ। ਜਿਵੇਂ :

"ਦਰਵਾਜਾ ਖੁੱਲਦਿਆਂ ਹੀ ਗੱਜਣ ਨੇ ਦਰਵਾਜ਼ਾ ਖੋਲ੍ਹਣ ਆਈ ਮੁਟਿਆਰ ਦੀ ਧੌਣ ਵਿਚ ਪੰਜ ਛੇ ਜੜ ਦਿੱਤੀਆਂ। ਉਹ ਵਿਹੜੇ ਵਿਚ ਜਾ ਡਿੱਗੀ। ਬਾਕੀ ਉਸਨੂੰ ਸੰਭਾਲਨ ਲੱਗੀਆਂ ਤਾਂ ਗੱਜਣ ਨੇ ਗਾਲ੍ਹਾਂ ਦੁੱਪੜਾਂ ਦਾ ਗੱਫਾ ਉਨ੍ਹਾਂ ਦੇ ਪੱਲੇ ਵੀ ਪਾ ਦਿੱਤਾ। ਪੰਜ ਚਾਰ ਡੰਡੇ ਉਸ ਮਲੂਕੜੇ ਜਿਹੇ ਮੁੰਡੇ ਦੇ ਵੀ ਜੜੇ, ਜਿਸਨੂੰ ਸਮਝ ਨਹੀਂ ਸੀ ਆ ਰਿਹਾ ਇਹ ਕੀ ਹੋ ਰਿਹਾ ਸੀ ?... ਹੋਰ ਸਖਤੀ ਦਿਖਾਉਣ ਲਈ ਉਸਨੇ ਬੁੱਢੀ ਦੀ ਗੁੱਤ ਨੂੰ ਵੀ ਗੇੜਾ ਦੇ ਦਿੱਤਾ।"[93]

ਤਫ਼ਤੀਸ਼ ਕਰ ਰਹੇ ਪੁਲਿਸ ਕਰਮਚਾਰੀਆਂ ਦੇ ਦ੍ਰਿਸ਼ ਨੂੰ ਭਾਵਪੂਰਤ ਦ੍ਰਿਸ਼ਟੀ ਦੀ ਮਦਦ ਨਾਲ ਆਮ ਜਨਤਾ ਤੇ ਕਰ ਰਹੇ ਤਸ਼ੱਦਦ ਦੀ ਹਕੀਕਤ ਪਾਠਕਾਂ ਸਾਹਮਣੇ ਸਾਕਾਰ ਹੁੰਦੀ ਹੈ। ਇਹ ਪ੍ਰਸੰਗ ਜਿਥੇ ਆਮ ਲੋਕਾਂ ਤੇ ਪੁਲਿਸ ਸੰਬੰਧਾਂ ਦੀ ਅੰਤਰ-ਵਿਆਖਿਆ ਕਰਦਾ ਹੈ ਉਥੇ ਪੁਲਿਸ ਦੀ ਆਪਸ ਵਿਚਲੀ ਖਹਿਬਾਜੀ ਦਾ ਵੀ ਚਿੱਤਰ ਪੇਸ਼ ਕਰਦਾ ਹੈ, ਜਿਵੇਂ:

"ਉਥੇ ਲਾਇਆ ਵੀ ਬੁਝਾ ਸਿੰਘ ਸਬ ਇੰਸਪੈਕਟਰ। ਉਹ ਪ੍ਰੀਤਮ ਦਾ ਦੁਸ਼ਮਣ ਨੰਬਰ ਇੱਕ ਸੀ। ...ਇਕੋ ਸਮੇਂ ਸਬ-ਇੰਸਪੈਕਟਰ ਬਣੇ। ਉਸ ਤੋਂ ਬੰਦਾ ਕਾਹਦਾ ਮਰ ਗਿਆ, ਪੁੱਠੇ ਦਿਨ ਹੀ ਆ ਗਏ। ਸਸਪੈਂਡ ਤਾਂ ਹੋਇਆ ਹੀ, ਪ੍ਰਮੋਟ ਹੋਣੋਂ ਵੀ ਰਹਿ ਗਿਆ। ਏ.ਕਲਾਸ ਥਾਣੇ ਦਾ ਐਸ.ਐੱਚ.ਓ. ਲੱਗਾ ਪ੍ਰੀਤਮ ਉਸਨੂੰ ਫੁੱਟੀ ਅੱਖ ਨਹੀਂ ਭਾਉਂਦਾ।"[94]

ਸੋ ਨਾਵਲਕਾਰ ਸਮੁੱਚੇ ਸਮਾਜ ਦੀਆਂ ਪਰਤਾਂ ਫਰੋਲਦਾ ਹੋਇਆ ਪੁਲਿਸ ਪ੍ਰਬੰਧ ਤੇ

ਆਮ ਮਨੁੱਖੀ ਜ਼ਿੰਦਗੀ ਭਾਵ ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਵੱਖ-ਵੱਖ ਦ੍ਰਿਸ਼ਟੀ ਅਤੇ ਵਿਚਾਰਧਾਰਾ ਰਾਹੀਂ ਜ਼ੁਰਮਾਂ ਦੀ ਜਮਾਤੀ ਖ਼ਾਸੀਅਤ ਨੂੰ ਉਘਾੜਨ ਦੀ ਕੋਸ਼ਿਸ਼ ਕਰਦਾ ਹੈ। ਪੁਲਿਸ ਦੇ ਅਣ-ਮਨੁੱਖੀ ਤਸ਼ੱਦਦ ਬਾਰੇ ਨਾਵਲਕਾਰ ਇਉਂ ਬਿਆਨ ਕਰਦਾ ਹੈ :

"ਉਨ੍ਹਾਂ ਦੀਆਂ ਪੈਂਟਾਂ ਲੁਹਾ ਕੇ ਖੁੱਲੇ-ਖੁੱਲੇ ਪਜਾਮੇ ਪਾਏ ਗਏ। ਪਜਾਮਿਆਂ ਵਿਚ ਚੂਹੇ ਛੱਡੇ ਗਏ। ਚੂਹਿਆਂ ਦੀਆਂ ਨੌਂਦਰਾਂ ਅਤੇ ਦੰਦੀਆਂ ਉਨ੍ਹਾਂ ਨੂੰ ਹਾਲੋਂ ਬੇਹਾਲ ਕਰਨ ਲੱਗੀਆਂ। ਇਕ ਦੋ ਵਾਰ ਉਨ੍ਹਾਂ ਚੂਹੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਲਵੰਤ ਦੇ ਡੰਡਿਆਂ ਨੇ ਉਂਗਲਾਂ ਸੁਜਾ ਦਿੱਤੀਆਂ।"[95]

ਬੁੱਢੇ ਬਲਵੰਤ ਸਿਪਾਹੀ ਨੇ ਬੇਕਸੂਰ ਮੁੰਡਿਆਂ ਨੂੰ ਹਾਲੋਂ-ਬੇਹਾਲ ਕਰ ਦਿੱਤਾ। ਉਹ ਬੇਕਸੂਰ ਆਪਣਾ ਕਸੂਰ ਕਿਵੇਂ ਮੰਨਣ। ਇਸ ਤਰ੍ਹਾਂ ਹੀ ਉਹਨਾਂ ਦੇ ਪ੍ਰਧਾਨ ਮੁੰਡੇ ਨੂੰ ਸਜ਼ਾ ਦਿੱਤੀ।

"ਫੱਟੇ ਹੇਠ ਕਿੜ-ਕਿੜ ਹੋਣ ਲੱਗੀ। ਮੀਤੇ ਨੂੰ ਲੱਗਾ, ਪ੍ਰਧਾਨ ਦੀਆਂ ਹੱਡੀਆਂ ਟੁੱਟ ਰਹੀਆਂ ਸਨ। ਉਹ ਡਰਦਾ ਹੇਠਾਂ ਉੱਤਰ ਗਿਆ। ਪਿੱਛੇ ਹੀ ਸਿਪਾਹੀ ਵੀ ਉੱਤਰ ਗਏ। ਪ੍ਰਧਾਨ ਬੇਹੋਸ਼ ਹੋਣ ਵਾਲਾ ਹੀ ਸੀ।"[96]

ਇਸ ਤਰ੍ਹਾਂ ਇਸ ਨਾਵਲ ਵਿਚ ਪੁਲਿਸ ਕਰਮਚਾਰੀਆਂ ਦੀ ਕਾਰਗੁਜ਼ਾਰੀ ਦਾ ਸਮੁੱਚਾ ਵਿਸਥਾਰ ਦਿੱਤਾ ਗਿਆ ਹੈ। ਅੰਤ ਵਿਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਨੂੰ ਆਜ਼ਾਦ ਹੋਇਆਂ ਪੰਜਾਹ ਸਾਲਾਂ ਤੋਂ ਉੱਪਰ ਸਮਾਂ ਹੋ ਗਿਆ ਪਰ ਭਾਰਤੀ ਪੁਲਿਸ ਦੇ ਵਿਵਹਾਰ ਵਿਚ ਕੋਈ ਤਬਦੀਲੀ ਨਹੀਂ ਆਈ। ਭਾਵੇਂ ਪੜ੍ਹੇ-ਲਿਖੇ ਇਮਾਨਦਾਰ ਪੁਲਿਸ ਕਰਮਚਾਰੀਆਂ ਦਾ ਵਰਨਣ ਵੀ ਨਾਵਲ ਵਿਚ ਹੋਇਆ ਹੈ। ਪਰੰਤੂ ਉਹਨਾਂ ਦੀ ਗਿਣਤੀ ਬਹੁਤ ਘੱਟ ਹੈ। ਉਪਰੋਕਤ ਹਵਾਲੇ ਅਤੇ ਵੇਰਵੇ ਇਹੀ ਸਪੱਸ਼ਟ ਕਰਦੇ ਹਨ ਕਿ ਸਮਾਜ ਦਾ ਸੁਧਾਰ ਕਰਨ ਵਾਲੇ ਪੁਲਿਸ ਅਤੇ ਆਮ ਜਨਤਾ ਦੇ ਆਪਸੀ ਸੰਬੰਧ ਚੰਗੇ ਨਹੀਂ ਹਨ।

"ਦੋ ਸਿਪਾਹੀ ਸਾਂਸੀ ਦਾ ਜਮੂਰਾਂ ਨਾਲ ਮਾਸ ਖਿੱਚ ਰਹੇ ਸਨ। ਸਾਂਸੀ, ਬਾਜੀਗਰਾਂ ਦਾ ਕੀ ਐ ? ਇਹਨਾਂ ਦੀ ਕਿਹੜਾ ਕੋਈ ਸਿਫਾਰਸ਼ ਆਉਂਦੀ ਐ, ਜਦ ਮਰਜ਼ੀ ਵੰਝ 'ਤੇ ਚਾੜ੍ਹ ਦਿਓ।"[97]

'ਤਫ਼ਤੀਸ਼' ਨਾਵਲ ਦਾ ਇਹ ਇਕ ਹੋਰ ਪਹਿਲੂ ਉਘੜਦਾ ਹੈ ਕਿ ਜਦ ਜ਼ੁਰਮ ਦੀ ਤਫ਼ਤੀਸ਼ ਕਰਨ ਲਈ ਸ਼ੱਕੀ ਲੋਕਾਂ ਨੂੰ ਹਿਰਾਸਤ ਵਿਚ ਰੱਖ ਕੇ ਪੁੱਛ-ਗਿੱਛ ਕੀਤੀ ਜਾਂਦੀ ਹੈ ਤਾਂ ਬਾਹਰੋਂ ਦੇਖਣ-ਸੁਣਨ ਨੂੰ ਸਾਧਾਰਨ ਤੇ ਸੁਭਾਵਿਕ ਲਗਦਾ ਹੈ ਪਰ ਅੰਦਰੂਨੀ ਤਸਵੀਰ ਉਪਰੋਕਤ ਵੇਰਵੇ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ ਕਿ ਪੁਲਿਸ ਆਮ ਜਨਤਾ ਤੋਂ ਪੁੱਛ-ਗਿੱਛ ਕਿਸ ਤਰ੍ਹਾਂ ਕਰਦੀ ਹੈ। ਸ਼ੱਕੀ ਬੰਦਿਆਂ ਨੂੰ ਅਮਾਨਵੀ ਤਸੀਹੇ ਦਿੱਤੇ ਜਾਂਦੇ ਹਨ ਜੋ ਉਨ੍ਹਾਂ ਦੇ ਮਨੋਬਲ ਨੂੰ ਤੋੜਨ ਅਤੇ ਮਨਮਰਜ਼ੀ ਦੇ ਬਿਆਨ ਉਤੇ ਦਸਤਖਤ ਕਰਾਉਣ ਦਾ ਵਸੀਲਾ ਬਣ ਜਾਂਦੇ ਹਨ। ਪਾਲ ਬਚਪਨ ਵਿਚ ਜਦੋਂ ਛੋਟੀਆਂ-ਮੋਟੀਆਂ ਚੋਰੀਆਂ ਕਰਦਾ ਤਾਂ ਪੁਲਿਸ ਉਸਨੂੰ ਫੜ ਲੈਂਦੀ ਕਦੇ ਵੈਸੇ ਛੱਡ ਦਿੰਦੀ ਤੇ ਕਦੇ ਕੁੱਟ ਮਾਰ ਕਰਕੇ ਛੱਡਦੀ ਅੱਜ ਵੀ ਉਸਨੂੰ ਯਾਦ ਹੈ :

"ਬੁੱਢੇ ਬਾਪੂ ਦੀ ਦਾੜ੍ਹੀ ਪੁੱਟੀ ਗਈ। ਭਰਾਵਾਂ ਨੂੰ ਪੁੱਠਾ ਲਟਕਾਇਆ ਜਾਂਦਾ। ਮਾਂ ਅਤੇ ਭੈਣਾਂ ਨਾਲ ਜੋ ਸਲੂਕ ਹੁੰਦਾ, ਉਸ ਬਾਰੇ ਸੋਚ ਕੇ ਪਾਲੇ ਨੂੰ ਆਪਣੇ ਆਪ ਨਾਲ ਨਫ਼ਰਤ ਹੋਣ ਲਗਦੀ ਹੈ। ...ਭੈਣਾਂ ਪੁਲਸੀਆਂ ਦੀ ਹਵਸ ਦਾ ਸ਼ਿਕਾਰ ਹੀ ਨਹੀਂ ਸੀ ਹੁੰਦੀਆਂ, ਉਨਾ ਚਿਰ ਗੋਹਾ ਕੂੜਾ ਵੀ ਕਰਦੀਆਂ ਜਿੰਨਾ ਚਿਰ ਪਾਲਾ ਹਾਜ਼ਰ ਨਾ ਹੁੰਦਾ।"[98]

ਅਜਿਹੇ ਹਵਾਲਿਆਂ ਰਾਹੀਂ ਨਾਵਲਕਾਰ ਲੋਕਤੰਤਰੀ ਚੌਗਿਰਦੇ ਵਿਚ ਪੁਲਿਸ ਦੇ ਜਬਰ ਅਤੇ ਪ੍ਰਸ਼ਾਸਨ ਦੀ ਤਾਨਾਸ਼ਾਹੀ ਨੂੰ ਬੇਪਰਦ ਕਰਦਾ ਹੈ। ਹੁਣ ਤੱਕ ਦੇ ਸਮੁੱਚੇ ਵੇਰਵੇ ਇਹੀ ਦਰਸਾਉਂਦੇ ਹਨ ਕਿ ਬੰਟੀ ਦੇ ਅਗਵਾ ਹੋਣ ਦੀ ਸੂਰਤ ਵਿਚ ਪੁਲਿਸ ਬੇਕਸੂਰ, ਨਿਹੱਥੇ ਲੋਕਾਂ ਦੇ ਘਰਾਂ ਦੀ ਤਲਾਸ਼ੀ ਲੈਂਦੀ, ਉਹਨਾਂ ਦੀ ਕੁੱਟ ਮਾਰ ਕਰਦੀ, ਨਿੱਜੀ ਲਾਭ ਪ੍ਰਾਪਤ ਕਰਦੀ, ਕਿੜਾਂ ਕੱਢਣ ਦੀ ਪ੍ਰਕਿਰਿਆ ਦੁਆਰਾ ਨਿਰਦੋਸ਼ ਪਾਲੇ ਤੇ ਮੀਤੇ ਦੇ ਸਿਰ ਬੰਟੀ ਦਾ ਕਤਲ ਕੇਸ ਮੜ ਦਿੰਦੇ ਹਨ। ਕਦੇ ਮਾਡਲ ਟਾਊਨ ਦੇ ਲੋਕਾਂ ਦੀਆਂ ਕੋਠੀਆਂ ਦੀ ਤਲਾਸ਼ੀ ਹੁੰਦੀ ਹੈ, ਕਦੇ ਸਾਂਸੀਆਂ ਦੇ ਵਿਹੜਿਆਂ ਦੀ ਤੇ ਕਦੇ ਕੁਸ਼ਟ ਆਸ਼ਰਮਾਂ ਦੀ ਤਲਾਸ਼ੀ ਹੁੰਦੀ ਹੈ। ਪੁਲਿਸ ਕਰਮਚਾਰੀ ਆਪਣੀ ਤਰੱਕੀ ਲਈ ਵੱਧ ਤੋਂ ਵੱਧ ਨਿਹੱਥੇ ਲੋਕਾਂ ਨੂੰ ਕੁੱਟਦੇ ਮਾਰਦੇ ਤੇ ਲੁੱਟਦੇ ਹਨ।

ਡਾ. ਐਸ.ਐਸ.ਦੁਸਾਂਝ ਅਨੁਸਾਰ, "ਪੁਲਿਸ ਨੇ ਤਫ਼ਤੀਸ਼ ਤਾਂ ਬੰਟੀ ਦੇ ਲੱਭਣ ਲਈ ਕਰਨੀ ਹੈ ਪਰ ਹਰ ਪੁਲਿਸ ਕਰਮਚਾਰੀ ਹੌਲਦਾਰ ਤੋਂ ਡੀ.ਐਸ.ਪੀ. ਤੱਕ ਇਸੇ ਤਾਕ ਵਿਚ ਹੈ ਕਿ ਇਸ ਅਵਸਰ ਨੂੰ ਆਪਣੀ ਕਮਾਈ ਦੇ ਸਾਧਨ ਵਿਚ ਬਦਲਣ ਲਈ ਕਿਵੇਂ ਵਰਤਿਆ ਜਾਏ। ਬੰਟੀ ਦੀ ਭਾਲ ਵਿਚ ਉਨ੍ਹਾਂ ਬਦਮਾਸ਼ਾਂ ਤੇ ਰੇਡ ਕੀਤੇ ਜਾਂਦੇ ਹਨ ਜੋ ਡੋਡੇ ਵੇਚਦੇ ਹਨ ਅਤੇ ਥਾਣੇਦਾਰ ਨੂੰ ਜਾਂ ਡੀ.ਐਸ.ਪੀ. ਨੂੰ ਪੂਰਾ ਹਿੱਸਾ ਨਹੀਂ ਦਿੰਦੇ। ਇਸੇ ਤਰ੍ਹਾਂ ਸ਼ਰਾਬ ਦੇ ਠੇਕੇਦਾਰ, ਸਮਗਲਰ, ਟਰੱਕ ਯੂਨੀਅਨ ਵਾਲੇ, ਆੜਤੀਏ, ਜਰਾਇਮ ਪੇਸ਼ਾ ਲੋਕ ਪੁਲਿਸ ਦੀ ਸਾੜਸਤੀ ਦਾ ਸ਼ਿਕਾਰ ਇਸ ਲਈ ਨਹੀਂ ਬਣਦੇ ਕਿ ਉਹਨਾਂ ਬੰਟੀ ਅਗਵਾ ਕੀਤਾ ਹੈ ਸਗੋਂ ਇਸ ਲਈ ਕਿ ਪੁਲਿਸ ਹਾਕਮਾਂ ਨੂੰ ਉਹ ਲੁੱਟ ਵਿਚੋਂ ਪੂਰਾ ਹਿੱਸਾ ਨਹੀਂ ਦਿੰਦੇ। ਪੁਲਿਸ ਇਕ ਮੋਟੇ ਅਸੂਲ ਤੇ ਚਲਦੀ ਹੈ, ਜਿੰਨਾ ਡੰਡਾ ਵਰ੍ਹਾਓ ਉਨੇ ਹੀ ਪੈਸੇ ਝੜਨਗੇ।"[99]

ਸੋ ਪੁਲਿਸ ਦੀ ਗੈਰ-ਸਮਾਜੀ ਅਨਸਰਾਂ ਨਾਲ ਮਿਲੀ ਭੁਗਤ ਹੈ। ਇਹ ਚੋਰ, ਲੁਟੇਰੇ, ਜੇਬ ਕਤਰੇ, ਸਮਗਲਰਾਂ ਅਤੇ ਮੋਹਤਬਰ ਬੰਦਿਆਂ ਨਾਲ ਸਾਂਝ ਰੱਖਦੀ ਹੋਈ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਣ ਲਈ ਬਹੁਤ ਸਾਰੀਆਂ ਦਿਖਾਵੇ ਦੀਆਂ ਕਾਰਵਾਈਆਂ ਕਰਦੀ ਹੈ। ਪੁਲਿਸ ਦੁਆਰਾ ਝੂਠੇ ਕੇਸਾਂ ਦੀ ਰਿਪੋਰਟ ਤਿਆਰ ਕਰਨ ਦੀ ਬਹੁਤ ਫੁਰਤੀ ਹੈ :

"ਇਹ ਸਾਰੀ ਸ਼ਰਾਰਤ ਪੁਲਿਸ ਦੀ ਸੀ। ਲਾਸ਼ ਮਿਲੀ ਤਾਂ ਖੰਡ ਮਿੱਲ ਵਾਲੇ ਭੱਠੇ ਕੋਲੋਂ ਹੈ। ਇਹ ਆਖਦੇ ਨੇ ਡੰਗਰਾਂ ਵਾਲੇ ਹਸਪਤਾਲ ਵਿਚ ਪਈ ਸੀ...ਨਿਰਾ ਝੂਠ।"[100]

ਸੋ ਪੁਲਿਸ ਝੂਠਾ ਮੁਕੱਦਮਾ ਦਾਇਰ ਕਰਨ, ਝੂਠੇ ਚਲਾਨ ਪੇਸ਼ ਕਰਨ ਵਿਚ ਉਸਤਾਦ ਹੈ। ਬੰਟੀ ਦੀ ਲਾਸ਼ ਭਾਵੇਂ ਖੰਡ ਮਿੱਲ ਵਾਲੇ ਭੱਠੇ ਤੋਂ ਮਿਲੀ ਪਰ ਪੁਲਿਸ ਨੇ ਕਿਹਾ ਕਿ ਉਸਦੀ ਲਾਸ਼ ਡੰਗਰਾਂ ਦੇ ਹਸਪਤਾਲ ਵਿਚੋਂ ਮਿਲੀ ਹੈ। ਇਸ ਝੂਠੇ ਚਲਾਨ ਲਈ ਪੁਲਿਸ

ਸਬੂਤ ਵੀ ਪੈਦਾ ਕਰਨ ਲੱਗ ਪੈਂਦੀ ਹੈ। ਅਸਲ ਵਿਚ ਪੁਲਿਸ ਨੂੰ ਬੰਟੀ ਦੇ ਅਸਲ ਕਾਤਲਾਂ ਦਾ ਕੋਈ ਪਤਾ ਨਹੀਂ ਲਗਦਾ। ਉਹ ਕੇਵਲ ਮਨਘੜਤ ਕਹਾਣੀਆਂ ਬਣਾ ਕੇ ਖਾਨਾਪੂਰਤੀ ਕਰਦੀ ਹੈ। ਜਦੋਂ ਚੀਫ਼ ਮਨਿਸਨਰ ਕਾਤਲ ਲੱਭਣ ਲਈ ਪੁਲਿਸ ਅਫ਼ਸਰਾਂ ਤੇ ਐਕਸ਼ਨ ਲੈਣਾ ਆਖਦਾ ਹੈ ਤਾਂ ਪੁਲਿਸ ਅਫ਼ਸਰਾਂ ਦੀਆਂ ਬਦਲੀਆਂ ਕਰ ਦਿੰਦੇ ਹਨ ਤੇ ਨਵੇਂ ਆਏ ਅਫ਼ਸਰ ਦਸ ਦਿਨ ਪਹਿਲਾਂ ਫੜੇ ਪਾਲੇ ਤੇ ਮੀਤੇ ਨੂੰ ਕਾਤਲ ਸਿੱਧ ਕਰਕੇ ਚਲਾਨ ਪੇਸ਼ ਕਰ ਦਿੰਦੇ ਹਨ। ਇਸ ਤਰ੍ਹਾਂ ਪੁਲਿਸ ਦੀ ਧੱਕੇਸ਼ਾਹੀ ਆਮ ਲੋਕਾਂ ਲਈ ਕਲੰਕ ਸਾਬਤ ਹੁੰਦੀ ਹੈ ਕਿਉਂਕਿ ਨਿਰਦੋਸ਼ ਵਿਅਕਤੀਆਂ ਨੂੰ ਕਾਤਲ ਸਾਬਤ ਕਰ ਦਿੱਤਾ ਜਾਂਦਾ ਹੈ। ਨਾਵਲਕਾਰ ਕਿਤੇ-ਕਿਤੇ ਪੁਲਿਸ ਦੀ ਧੱਕੇਸ਼ਾਹੀ ਖਿਲਾਫ਼ ਆਮ ਲੋਕਾਂ ਦੁਆਰਾ ਕੀਤੀ ਸ਼ਿਕਾਇਤ ਨੂੰ ਵੀ ਬਿਆਨ ਕਰਦਾ ਹੈ :

"ਸੋਡਾ ਇਹ ਡਿਪਟੀ ਸਾਰਾ ਦਿਨ ਸ਼ਰਾਬੀ ਰਹਿੰਦਾ ਹੈ। ਭਾਵੇਂ ਇਸ ਵਕਤ ਮੁਆਇਨਾ ਕਰਾ ਕੇ ਦੇਖ ਲੌਂ। ਉਹ ਸ਼ਰਾਬੀ ਨਿਕਲੇਗਾ। ਨਸ਼ੇ 'ਚ ਧੁੱਤ ਇਸ ਡਿਪਟੀ ਨੂੰ ਚੰਗੇ ਮਾੜੇ ਦੀ ਪਛਾਣ ਨਹੀਂ ਰਹਿੰਦੀ। ...ਬੇਅੰਤ ਪੁਲਿਸ ਮੁਕਾਬਲੇ ਵਿਚ ਨਹੀਂ ਮਰਿਆ ਉਸਨੂੰ ਪਹਿਲਾਂ ਫੜਿਆ ਗਿਆ, ਤਸੀਹੇ ਦਿੱਤੇ ਗਏ ਅਤੇ ਫੇਰ ਮਾਰਿਆ ਗਿਆ।"[101]

ਸੋ ਪੁਲਿਸ ਕਰਮਚਾਰੀ ਇਮਾਨਦਾਰੀ ਅਤੇ ਰਿਸ਼ਵਤਖੋਰੀ ਤੋਂ ਦੂਰ ਰਹਿਣ ਵਾਲੇ ਉਂਗਲਾਂ ਤੇ ਗਿਣਨਯੋਗ ਹਨ। ਜਿਵੇਂ ਐਸ.ਪੀ.ਖਾਨ, ਅਮੀ ਚੰਦ ਇੰਸਪੈਕਟਰ ਆਦਿ। ਜਿਨ੍ਹਾਂ ਦੁਆਰਾ ਨਿਭਾਈ ਭੂਮਿਕਾ ਆਮ ਲੋਕਾਂ ਲਈ ਲਾਹੇਵੰਦ ਹੋ ਸਕਦੀ ਹੈ। 'ਕਟਹਿਰਾ' ਨਾਵਲ ਵਿਚ ਨਾਵਲਕਾਰ ਅਜਿਹੀ ਪੁਲਿਸ ਦੇ ਖਿਲਾਫ਼ ਲੋਕਾਂ ਨੂੰ ਜਾਗ੍ਰਿਤ ਵੀ ਕਰਦਾ ਹੈ।

"ਪੁਲਿਸ ਨੂੰ ਨੱਥ ਪਾਉਣ ਲਈ ਸਮੁੱਚਾ ਹੰਭਲਾ ਮਾਰਿਆ ਜਾਵੇਗਾ। ਹਰ ਪਿੰਡ ਦੀ ਇਕਾਈ ਸੁਚੇਤ ਰਹੇਗੀ। ਕਿਸੇ ਵੀ ਸਿਪਾਹੀ, ਹੌਲਦਾਰ ਨੂੰ ਪਿੰਡ ਵਿਚ ਪੁੱਠਾ-ਸਿੱਧਾ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਕੋਈ ਕਰੇ ਤਾਂ ਪਹਿਲਾਂ ਪਿੰਡ ਵਿਚ ਉਸਦਾ ਜਲੂਸ ਕੱਢਿਆ ਜਾਵੇਗਾ।"[102]

ਸੋ ਲੇਖਕ ਦੋਗਲੇ ਪੁਲਿਸ ਪ੍ਰਬੰਧ ਦੇ ਖਿਲਾਫ਼ ਪਾਠਕਾਂ ਦੀ ਮਾਨਸਿਕਤਾ ਨਾਲ ਸੰਵਾਦ ਰਚਾਉਂਦਾ ਹੋਇਆ ਭ੍ਰਿਸ਼ਟਾਚਾਰ ਦੇ ਵਿਰੁੱਧ ਇਕ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਪੈਦਾ ਕਰਦਾ ਹੈ। ਪਰੰਤੂ ਪੁਲਿਸ ਮਹਿਕਮਾ ਕੇਵਲ ਨਸ਼ੇ ਦੇ ਠੇਕੇਦਾਰਾਂ ਜਾਂ ਬੇਕਸੂਰਾਂ ਨੂੰ ਕਸੂਰਵਾਰ ਬਣਾਉਣ ਜਾਂ ਰਿਸ਼ਵਤ ਲੈਣ ਤੱਕ ਹੀ ਸੀਮਤ ਨਹੀਂ ਸਗੋਂ ਔਰਤਾਂ ਨਾਲ ਜਬਰਦਸਤੀ ਕਰਨ ਵਿਚ ਮੋਹਰੀ ਹਨ। ਜਿਵੇਂ 'ਸੁਧਾਰ-ਘਰ' ਨਾਵਲ ਦਾ ਪਾਤਰ ਸੰਤੋਖ ਸਿੰਘ ਔਰਤ ਕੈਦਣਾਂ ਨਾਲ ਬੁਰਾ ਸਲੂਕ ਕਰਦਾ ਹੈ। ਉਸ ਦੀਆਂ ਘਿਨੌਣੀਆਂ ਹਰਕਤਾਂ ਵਿਚੋਂ ਹੇਮਾ ਵਰਗੀ ਕੈਦਣ ਨੂੰ ਗਰਭਵਤੀ ਕਰਨਾ ਵੀ ਇਕ ਹੈ :

"ਸੰਤੋਖ ਸਿੰਘ ਨੂੰ ਜਿਵੇਂ ਪੱਕਾ ਪਾਸ ਮਿਲਿਆ ਹੋਇਆ ਸੀ। ਉਹ ਜਦ ਚਾਹੇ ਹਿਣ-ਹਿਣਾਉਂਦਾ ਜ਼ਨਾਨਾ ਵਾਰਡ ਵਿਚ ਜਾ ਸਕਦਾ ਸੀ। ਸੰਤੋਖ ਸਿੰਘ ਹਰ ਪੰਦਰੀਂ ਦਿਨੀਂ ਐਲਾਨ ਕਰਦਾ ਸੀ, ਮੈਂ ਆਹ ਕੈਦਣ ਫਸਾਈ ਐ। ਇਸ ਵਾਰ ਆਹ।"[103]

ਸੋ ਔਰਤਾਂ ਨਾਲ ਹੁੰਦੇ ਸਰੀਰਕ ਸ਼ੋਸ਼ਣ ਦਾ ਸਿਹਰਾ ਵੀ ਪੁਲਿਸ ਦੇ ਸਿਰ ਜਾਂਦਾ ਹੈ ਕਿਉਂਕਿ ਉਹ ਆਪਣੀ ਹਵਸ ਦੀ ਪੂਰਤੀ ਲਈ ਜੇਲ੍ਹ ਵਿਚ ਬੈਠੀਆਂ ਕੈਦਣਾਂ ਨੂੰ ਵਰਤਦੇ ਹਨ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮੀਤ ਦੇ ਨਾਵਲ ਜਗਤ ਵਿਚ ਪੁਲਿਸ ਅਤੇ ਆਮ ਲੋਕਾਂ ਦੀ ਅੰਤਰ-ਸੰਬੰਧ ਦੀ ਵਿਆਖਿਆ ਵਧੇਰੇ ਗਹਿਰਾਈ ਤੇ ਵਿਸਥਾਰ ਰੂਪ ਵਿਚ ਦ੍ਰਿਸ਼ਟਮਾਨ ਹੋਈ ਹੈ। ਉਸਦੇ ਨਾਵਲਾਂ ਵਿਚ ਪੁਲਿਸ ਦਾ ਰੋਲ ਸਿਆਸੀ ਸ਼ਕਤੀਆਂ ਅਤੇ ਮੋਹਤਬਰਾਂ ਦੀ ਹਮਾਇਤ ਕਰਨ ਵਾਲਾ ਤੇ ਆਮ ਜਨਤਾ ਤੇ ਤਸ਼ੱਦਦ ਢਾਹੁਣ ਵਾਲਾ ਹੈ। ਪੁਲਿਸ ਦਾ ਜ਼ਾਲਮ ਤੇ ਬੇ-ਰਹਿਮ ਵਿਤਕਰਾ ਆਮ ਲੋਕਾਂ ਦੀ ਰਖਵਾਲੀ ਵਾਲਾ ਨਹੀਂ ਸਗੋਂ ਉਹਨਾਂ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ ਵਾਲਾ ਹੈ। ਸਿਆਸੀ ਦਖ਼ਲ-ਅੰਦਾਜ਼ੀ ਨੇ ਪੁਲਿਸ ਮਹਿਕਮੇ ਦੀ ਕਾਰਗੁਜ਼ਾਰੀ ਨੂੰ ਹੋਰ ਵੀ ਨਿਕੰਮਾ ਕਰ ਦਿੱਤਾ ਹੈ।

ਨਾਵਲਕਾਰ ਇੰਦਰ ਸਿੰਘ ਖਾਮੋਸ਼ ਦੇ ਵਿਚਾਰ ਅਨੁਸਾਰ, "ਵਿਸ਼ੇ, ਵਿਸਥਾਰ, ਵਿਸ਼ਲੇਸ਼ਣ ਅਤੇ ਪੁਲਿਸ ਕਿਰਦਾਰ ਸੰਬੰਧੀ ਜਾਣਕਾਰੀ ਦੇ ਪੱਖੋਂ ਇਹ ਨਾਵਲ ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਵਿਸ਼ੇ ਉਪਰ ਨਾਵਲਕਾਰ ਦੀ ਕੇਵਲ ਪਕੜ ਹੀ ਮਜ਼ਬੂਤ ਨਹੀਂ ਸਗੋਂ ਇਸਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਵਿਚ ਵੀ ਉਸਨੇ ਕਮਾਲ ਦੀ ਮੁਹਾਰਤ ਦਾ ਸਬੂਤ ਦਿੱਤਾ ਹੈ।"[104]

ਸੋ ਨਾਵਲਕਾਰ ਦਾ ਉਦੇਸ਼ ਸਿਰਫ਼ ਪੁਲਿਸ ਅਤੇ ਆਮ ਲੋਕਾਂ ਦੇ ਸੰਬੰਧਾਂ ਦੀ ਵਿਆਖਿਆ ਕਰਨਾ ਹੀ ਨਹੀਂ ਸਗੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਪੁਲਿਸ ਨੂੰ ਆਪਣੇ ਸਹੀ ਕਰਤੱਵ ਦੀ ਪਛਾਣ ਕਰਨ, ਆਪਣੀ ਨੌਕਰੀ ਬਚਾਉਣ ਲਈ ਤੇ ਹਾਕਮਾਂ ਨੂੰ ਖੁਸ਼ ਕਰਨ ਲਈ ਨਿਰਦੋਸ਼ਾਂ ਨੂੰ ਸਜ਼ਾ ਦਿਵਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਡਾ. ਅਨੂਪ ਸਿੰਘ ਅਨੁਸਾਰ, "ਪੁਲਿਸ ਦੀ ਭਰਤੀ, ਟਰੇਨਿੰਗ ਅਤੇ ਕੰਮ-ਕਾਰ ਦੀਆਂ ਅਵਸਥਾਵਾਂ ਦਾ ਆਲੋਚਨਾਤਮਕ ਵਿਵਰਣ ਰਚਨਾ ਵਿਚ ਪੇਸ਼ ਹੈ। ਪੁਲਿਸ ਦੀਆਂ ਵਧੀਕੀਆਂ ਅਤੇ ਗਲਤ ਕਾਰਵਾਈਆਂ ਨੂੰ ਦ੍ਰਿੜਾਉਣ ਲਈ ਨਾਵਲਕਾਰ ਕਈ ਕੇਸਾਂ ਅਤੇ ਕਹਾਣੀਆਂ ਦਾ ਜ਼ਿਕਰ ਕਰਦਾ ਹੈ। ਪੁਲਿਸ ਦੇ ਇਸ ਅਮਾਨਵੀ ਵਿਵਹਾਰ ਤੇ ਜਮਾਤੀ ਵਿਵਸਥਾ ਦੀ ਕਾਰਜਸ਼ੀਲਤਾ ਦਾ ਵਾਸਤਵਿਕ ਚਿੱਤਰ ਪ੍ਰਾਪਤ ਹੁੰਦਾ ਹੈ।"[105]

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਾਵਲਕਾਰ ਨੇ 'ਤਫ਼ਤੀਸ਼' ਨਾਵਲ ਵਿਚ ਪੁਲਿਸ ਦੀ ਭੂਮਿਕਾ ਦੇ ਅਨੇਕ ਰੂਪ ਪੇਸ਼ ਕੀਤੇ ਤੇ ਪੁਲਿਸ ਦੇ ਜ਼ਾਲਮ, ਬੇ-ਰਹਿਮ ਤੇ ਭ੍ਰਿਸ਼ਟ ਕਿਰਦਾਰ ਨੂੰ ਦ੍ਰਿਸ਼ਟਮਾਨ ਕਰਨ ਦੇ ਨਾਲ-ਨਾਲ ਸਿਆਸੀ ਦਖ਼ਲ-ਅੰਦਾਜ਼ੀ ਨੂੰ ਵੀ ਆਪਣਾ ਵਿਸ਼ਾ ਬਣਾਇਆ ਜਿਸ ਰਾਹੀਂ ਇਹ ਸਾਬਤ ਕੀਤਾ ਹੈ ਕਿ ਸਿਆਸੀ ਦਖ਼ਲ-ਅੰਦਾਜ਼ੀ ਨੇ ਵੀ ਪੁਲਿਸ-ਪ੍ਰਬੰਧ ਨੂੰ ਖੋਖਲਾ ਤੇ ਨਿਕੰਮਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਹੈ ਜਿਸ ਕਰਕੇ ਪੁਲਿਸ ਅਤੇ ਰਾਜਨੀਤੀ ਦੇ ਅਜਿਹੇ ਮਿਲਾਪ ਨੇ ਸਮੁੱਚੀ ਵਿਵਸਥਾ ਦੀ ਰਗ-ਰਗ ਵਿਚ ਭ੍ਰਿਸ਼ਟਾਚਾਰੀ ਤੇ ਲੁੱਟ-ਖਸੁੱਟ ਦੀ ਭਰਮਾਰ ਦਿਖਾਈ ਦਿੰਦੀ ਹੈ।

## (ਅ) ਪੁਲਿਸ ਅਤੇ ਰਾਜਨੀਤੀ ਦਾ ਵਿਸ਼ਲੇਸ਼ਣ

ਸਾਹਿਤ ਅਤੇ ਰਾਜਨੀਤੀ ਦਾ ਅਟੁੱਟ ਸੰਬੰਧ ਹੈ। ਜਿਥੇ ਰਾਜਨੀਤੀ ਦਾ ਸਾਹਿਤ 'ਤੇ ਪ੍ਰਭਾਵ ਪੈਂਦਾ ਹੈ ਉਥੇ ਸਾਹਿਤ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ। ਰਾਜਨੀਤੀ ਦਾ ਵਿਸ਼ਵ ਪ੍ਰਬੰਧ ਦੀ ਕਾਰਜਸ਼ੀਲਤਾ ਵਿਚ ਵਿਸ਼ੇਸ਼ ਮਹਾਨਤਾ ਵਾਲਾ ਹੈ ਪਰੰਤੂ ਰਾਜਸੀ ਨੇਤਾ ਆਪਣੇ ਜਮਾਤੀ ਹਿੱਤ ਜਾਂ ਨਿੱਜੀ ਹਿੱਤਾਂ ਲਈ ਆਪਦੇ ਸਮਾਜ ਤੇ ਮਨੁੱਖਤਾ ਨੂੰ ਕੁਰਬਾਨ ਕਰ ਦਿੰਦੇ ਹਨ। ਮੀਤ ਦੇ ਨਾਵਲਾਂ ਵਿਚ ਰਾਜਨੀਤੀ ਦਾ ਕੇਂਦਰੀ ਸਥਾਨ ਹੈ। ਜਿਥੇ ਕਾਨੂੰਨ ਨਾਲ ਸੰਬੰਧਿਤ ਮਹਿਕਮਿਆਂ ਦਾ ਵਰਨਣ ਹੈ ਉਥੇ ਰਾਜਨੀਤੀ ਦਾ ਜ਼ਿਕਰ ਬਹੁਤ ਥਾਂਈਂ ਕੀਤਾ ਮਿਲਦਾ ਹੈ। 'ਤਫ਼ਤੀਸ਼' ਨਾਵਲ ਦਾ ਆਰੰਭ ਮੁੱਖ ਮੰਤਰੀ ਦੇ ਸਹੁੰ ਚੁੱਕਣ ਦੇ ਘਟਨਾ ਪ੍ਰਸੰਗ ਤੋਂ ਹੁੰਦਾ ਹੈ :

"ਮੁੱਖ ਮੰਤਰੀ ਦੀ ਜਾਨ ਦੋਹਾਂ ਪੁੜਾਂ ਵਿਚ ਫਸੀ ਹੋਈ ਸੀ। ਸਹੁੰ ਚੁੱਕਦਿਆਂ ਹੀ ਉਸਨੇ ਜਣੇ ਖਣੇ ਨੂੰ ਝੰਡੀ ਵਾਲੀ ਕਾਰ ਫੜਾ ਦਿੱਤੀ।"[106]

ਉਪਰੋਕਤ ਵੇਰਵੇ ਰਾਹੀਂ ਨਾਵਲਕਾਰ ਰਾਜਨੀਤਿਕ ਖੇਤਰ ਦੇ ਵਰਤਾਰਿਆਂ ਨੂੰ ਰੂਪਮਾਨ ਕਰਦਾ ਹੈ। ਇਸ ਵਿਚ ਹਰੇਕ ਮੋਹਤਬਰ ਦੇ ਵਿਅਕਤੀਗਤ ਲਾਭਾਂ ਨੂੰ ਬਿਆਨ ਕਰਦਾ ਉਹਨਾਂ ਦੁਆਰਾ ਆਉਣ ਵਾਲੇ ਵੋਟ ਬੈਂਕ ਪੱਕੇ ਕਰਨ ਲਈ ਭਲਾਈ ਸਕੀਮਾਂ ਦਾ ਐਲਾਨ ਇਸ ਤਰ੍ਹਾਂ ਕਰਦੇ ਹਨ :

"ਹਾਬੜੇ ਵਜ਼ੀਰਾਂ ਨੂੰ ਰਾਤੋ ਰਾਤ ਯਾਰਾਂ, ਦੋਸਤਾਂ, ਹਮਾਇਤੀਆਂ ਅਤੇ ਰਿਸ਼ਤੇਦਾਰਾਂ ਦਾ ਮੋਹ ਜਾਗ ਪਿਆ। ਕੋਈ ਪਤਾ ਨਹੀਂ ਸੀ ਅਗਲੇ ਦਿਨ ਕੁਰਸੀ ਹੇਠਾਂ ਰਹੇਗੀ ਵੀ ਜਾਂ ਨਹੀਂ ...ਵੋਟਰਾਂ ਨੂੰ ਖੁਸ਼ ਕਰਨ ਲਈ ਕਿਸੇ ਨੂੰ ਆਪਣੇ ਇਲਾਕੇ ਵਿਚ ਸਕੂਲ ਖੋਲ੍ਹਣ ਦੀ ਬਣੀ ਸੀ।...ਜੇ ਗਿਆਨੀ ਜੀ ਨੇ ਆਪਣੇ ਪਿੰਡ ਸਕੂਲ ਖੁਲਾਉਣਾ ਹੈ ਤਾਂ ਉਸਨੂੰ ਜਥੇਦਾਰ ਦੇ ਪਿੰਡ ਹਸਪਤਾਲ ਖੋਲ੍ਹਣਾ ਪਏਗਾ... ਤਾਂ ਉਸਨੂੰ ਦੀਵਾਨਾ ਜੀ ਦੇ ਪਿੰਡ ਵਾਲੀ ਹਰੀਜਨਾਂ ਦੀ ਧਰਮਸ਼ਾਲਾ ਨੂੰ ਗਰਾਂਟ ਦੇਣੀ ਹੋਏਗੀ।"[107]

ਇਹਨਾਂ ਹਵਾਲਿਆਂ ਤੋਂ ਵਰਤਮਾਨ ਰਾਜਨੀਤੀ ਦੇ ਸਰੋਕਾਰ ਭਲੀ-ਭਾਂਤ ਸਪੱਸ਼ਟ ਹੋ ਜਾਂਦੇ ਹਨ। ਅਜੋਕੀ ਰਾਜਨੀਤੀ ਨੂੰ ਸਮਾਜ ਨੂੰ ਸੁੱਖ-ਸਹੂਲਤਾਂ ਦੇਣ ਦੀ ਥਾ ਵੱਖ-ਵੱਖ ਢੰਗਾਂ ਨਾਲ ਵੋਟਰਾਂ ਨੂੰ ਗੁੰਮਰਾਹ ਕਰਨ ਅਤੇ ਫੋਕੇ ਨਾਅਰਿਆਂ ਤੇ ਪ੍ਰਗਟਾਵਿਆਂ ਵਿਚ ਗਹਿਰੀ ਦਿਲਚਸਪੀ ਹੈ। ਰਾਜਨੀਤੀਵਾਨਾਂ ਦੇ ਪਾਖੰਡਾਂ ਭਰੇ ਚਰਿੱਤਰ ਦਾ ਵਰਨਣ ਇਸ ਨਾਵਲ ਵਿਚ ਵਧੇਰੇ ਡੂੰਘਾਈ ਤੋਂ ਪੇਸ਼ ਕੀਤਾ ਗਿਆ ਹੈ। ਮੁੱਖ ਮੰਤਰੀ ਆਪਣੀ ਕੁਰਸੀ ਬਣਾਈ ਰੱਖਣ ਲਈ ਅਤੇ ਲੋਕਾਂ ਨੂੰ ਆਪਣੇ ਨਾਲ ਜੁੜਿਆ ਰੱਖਣ ਲਈ ਸਮਾਜ ਸੇਵੀ ਲਾਲਾ ਹਰਦਿਆਲ ਦੇ ਪੋਤਰੇ ਬੰਟੀ ਦੇ ਅਗਵਾ ਹੋਣ ਦੀ ਘਟਨਾ ਕਾਰਨ ਖ਼ੁਦ ਲਾਲੇ ਦੀ ਹਮਦਰਦੀ ਲਈ ਪਹੁੰਚਦਾ ਹੈ। ਪੁਲਿਸ ਦੁਆਰਾ ਸ਼ਹਿਰ ਦੇ ਕੋਨੇ-ਕੋਨੇ ਦੀ ਤਲਾਸ਼ੀ ਲੈਣ ਤੋਂ ਬਾਅਦ ਵੀ ਲਾਲੇ ਦੇ ਪੋਤੇ ਦਾ ਕੋਈ ਸੁਰਾਗ ਨਹੀਂ ਮਿਲਦਾ ਤਾਂ ਮੁੱਖ ਮੰਤਰੀ ਨੂੰ ਲੋਕਾਂ ਲਾਲੇ ਦੀ ਹਮਦਰਦੀ ਲਈ ਅਤੇ ਆਪਣੀ ਕੁਰਸੀ ਬਚਾਉਣ ਲਹੀ ਮਜ਼ਬੂਰੀ ਵੱਸ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਬਦਲੀ ਦਾ ਹੁਕਮ ਦੇਣਾ ਪੈਂਦਾ ਹੈ। ਨਵੇਂ ਪੁਲਿਸ ਅਧਿਕਾਰੀਆਂ

ਨੂੰ ਸੌਂਪੀ ਜ਼ਿੰਮੇਵਾਰੀ ਦੌਰਾਨ ਬੰਟੀ ਦੀ ਲਾਸ਼ ਮਿਲ ਜਾਂਦੀ ਹੈ। ਉਧਰੋਂ ਮੁੱਖ ਮੰਤਰੀ ਭੋਗ ਤੋਂ ਪਹਿਲਾਂ ਕਾਤਲਾਂ ਨੂੰ ਫੜਨ ਦਾ ਹੁਕਮ ਜਾਰੀ ਕਰ ਦਿੰਦਾ ਹੈ। ਮੁੱਖ ਮੰਤਰੀ ਦੇ ਹੁਕਮ ਦੀ ਪਾਲਣਾ ਕਰਦੀ ਪੁਲਿਸ ਆਪਣੀਆਂ ਤਰੱਕੀਆਂ ਲਈ ਝੂਠੇ ਪੁਲਿਸ ਮੁਕਾਬਲੇ ਵਿਚ ਛੋਟੀਆਂ-ਛੋਟੀਆਂ ਚੋਰੀਆਂ ਕਰਨ ਵਾਲੇ ਬੇਕਸੂਰ ਪਾਲੇ ਤੇ ਮੀਤੇ ਨੂੰ ਬੰਟੀ ਦੇ ਕਾਤਲ ਕਰਾਰ ਦੇ ਕੇ ਫੜ੍ਹ ਲੈਂਦੀ ਹੈ। ਮੁੱਖ ਮੰਤਰੀ ਬੰਟੀ ਦੇ ਭੋਗ ਤੇ ਪਹੁੰਚਦਾ ਹੈ।

"ਮੰਤਰੀ ਜੀ ਨੂੰ ਬੈਠਕ ਤੱਕ ਪਹੁੰਚਦਿਆਂ ਅੱਧਾ ਘੰਟਾ ਲੱਗ ਗਿਆ। ਬਾਹਰ ਉਪਾਸ਼ਕਾਂ ਦਾ ਤਾਂਤਾ ਲੱਗਾ ਹੋਇਆ ਸੀ। ਹਰ ਇਕ ਦੀ ਇੱਛਾ ਸੀ ਕਿ ਉਹ ਮੰਤਰੀ ਨਾਲ ਹੱਕ ਮਿਲਾਏ... ਕਈਆਂ ਨੇ ਤਾਂ ਫੋਟੋਗ੍ਰਾਫਰ ਨਾਲ ਲਿਆਂਦੇ ਸਨ। ...ਮੁੱਖ ਮੰਤਰੀ ਦੇ ਨੇੜੇ ਹੋਣ ਦਾ ਮੌਕਾ ਮਿਲੇ, ਝੱਟ ਫੋਟੋ ਖਿੱਚ ਲਈ ਜਾਵੇ।"[108]

ਉਪਰੋਕਤ ਹਵਾਲਾ ਵਿਅੰਗਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਹਰੇਕ ਆਦਮੀ ਮੁੱਖ ਮੰਤਰੀ ਨਾਲ ਫੋਟੋ ਕਰਵਾਉਣੀ ਚਾਹੁੰਦਾ ਹੈ। ਮੁੱਖ ਮੰਤਰੀ ਬੰਟੀ ਦੀ ਮਾਂ ਕਾਂਤਾ ਨੂੰ ਇਕ ਲੱਖ ਰੁਪਏ ਦਾ ਚੈੱਕ ਦਿੰਦਾ ਹੈ ਅਤੇ ਉਸਦੀ ਨੌਕਰੀ ਦਾ ਐਲਾਨ ਵੀ ਕਰਦਾ ਹੈ।

"ਮੁੱਖ ਮੰਤਰੀ ਜੀ ਕਾਂਤਾ ਨੂੰ ਚੈੱਕ ਇਸ ਢੰਗ ਨਾਲ ਦੇਣਾ ਚਾਹੁੰਦੇ ਸਨ ਜਿਵੇਂ ਕਿਸੇ ਜੇਤੂ ਨੂੰ ਟਰਾਫੀ ਦਿੱਤੀ ਜਾਂਦੀ ਹੈ। ਜਿੰਨਾ ਚਿਰ ਕੈਮਰੇ ਵਾਲਿਆਂ ਨੇ ਪੋਜ਼ੀਸ਼ਨਾਂ ਨਾ ਸੰਭਾਲ ਲਈਆਂ, ਉਹ ਰੁਕੇ ਰਹੇ।"[109]

ਇਸ ਸਮੇਂ ਰਾਜਨੀਤੀਵਾਨਾਂ ਦੀਆਂ ਹੋਰ ਪਾਰਟੀਆਂ ਵੀ ਮੁੱਖ ਮੰਤਰੀ ਨਾਲ ਫੋਟੋਆਂ ਖਿਚਵਾਉਣ ਲਈ ਉਤਾਵਲੇ ਹੋ ਰਹੇ ਸਨ। ਮੁੱਖ ਮੰਤਰੀ ਅਤੇ ਰਾਜਸੀ ਕਾਰਕੁੰਨਾਂ ਨਾਲ ਸੰਬੰਧਿਤ ਅਜਿਹੀਆਂ ਪਰਸਥਿਤੀਆਂ ਰਾਹੀਂ ਨਾਵਲਕਾਰ ਸਮਕਾਲੀਨ ਰਾਜਨੀਤੀ ਦੇ ਪਾਖੰਡ ਭਰੇ ਕਿਰਦਾਰ ਨੂੰ ਰੂਪਮਾਨ ਕਰਦਾ ਹੈ। ਨਾਵਲਕਾਰ ਦਰਸਾਉਂਦਾ ਹੈ ਕਿ ਪੁਲਿਸ ਅਤੇ ਰਾਜਨੀਤੀ ਦਾ ਗਹਿਰਾ ਸੰਬੰਧ ਹੈ। ਸਾਡੇ ਰਾਜਸੀ ਨੇਤਾ ਪੁਲਿਸ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ ਅਤੇ ਪੁਲਿਸ ਅਫ਼ਸਰ ਜਿਵੇਂ ਆਪਣੀ ਬਦਲੀ ਵੱਧ ਪੈਸੇ ਬਣਨ ਵਾਲੇ ਥਾਣਿਆਂ ਵਿਚ ਕਰਵਾਉਣ ਲਈ ਮੰਤਰੀਆਂ ਨੂੰ ਖੁਸ਼ ਕਰਦੇ ਹਨ, 'ਤਫ਼ਤੀਸ਼' ਨਾਵਲ ਦੇ ਪੰਜਵੇਂ ਕਾਂਡ ਵਿਚ ਸਿਟੀ ਇੰਚਾਰਜ ਮਨਬੀਰ ਸਿੰਘ ਭੁੱਲਰ ਚੋਣਾਂ ਦੌਰਾਨ, ਸ਼ਰਾਬ, ਅਫ਼ੀਮ ਅਤੇ ਹੋਰ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਨੂੰ ਖੁੱਲੀ ਛੁੱਟੀ ਦਿੰਦਾ ਹੈ ਤੇ ਬਦਲੇ ਵਿਚ ਮੰਤਰੀ ਨੂੰ ਖੁਸ਼ ਰੱਖਣ ਦੀ ਰਿਸ਼ਵਤ ਮੰਗਦਾ ਹੈ :

"ਮੁੱਖ ਮੰਤਰੀ ਮਨਬੀਰ ਨੂੰ ਇਥੋਂ ਤਬਦੀਲ ਕਰਨ ਲਈ ਤਿਆਰ ਨਹੀਂ ਸੀ। ਉਹ ਭੁੱਲਰ ਤੇ ਪੁੱਤਰਾਂ ਜਿੰਨਾ ਵਿਸ਼ਵਾਸ ਕਰਦਾ ਸੀ। ਚੰਗਾ ਮਾੜਾ ਕੋਈ ਵੀ ਕੰਮ ਹੋਵੇ, ਮੁੱਖ ਮੰਤਰੀ ਸਿੱਧਾ ਹੀ ਮਨਬੀਰ ਨੂੰ ਆਖ ਦਿੰਦਾ ਸੀ। ਕਿਸੇ ਉੱਚ ਅਧਿਕਾਰੀ ਕੋਲ ਪੜਦਾ ਚੁੱਕਣ ਦੀ ਲੋੜ ਨਹੀਂ ਸੀ ਪੈਂਦੀ। ਮਨਬੀਰ ਤਰੱਕੀ ਲਈ ਹੀ ਅੱਗ ਦੇ ਮੂੰਹ ਜਾਣਾ ਚਾਹੁੰਦਾ ਹੈ। ਉਹ ਸਬਰ ਰੱਖੇ। ਜਿਉਂ ਹੀ ਮੁੱਖ ਮੰਤਰੀ ਨੂੰ ਮੌਕਾ ਲੱਗਾ, ਉਹ ਇਕ ਹੋਰ ਸਟਾਰ ਮਨਬੀਰ ਦੇ ਮੋਢੇ ਤੇ ਸਜ਼ਾ ਦੇਵੇਗਾ।"[110]

ਮੁੱਖ ਮੰਤਰੀ ਵੋਟਾਂ ਲਈ ਮਨਬੀਰ ਵਰਗੇ ਛੋਟੇ ਅਫ਼ਸਰਾਂ ਨੂੰ ਤਰੱਕੀ ਦਿੰਦੇ ਹਨ ਜਦਕਿ ਪੁਲਿਸ ਅਫ਼ਸਰ ਆਪਣੀ ਦਹਿਸ਼ਤ ਨਾਲ ਕਿਸੇ ਦੇ ਵੋਟ ਤੋੜਦੇ ਹਨ ਤੇ ਕਿਸੇ ਦੇ ਵੋਟ ਜੋੜਦੇ ਹਨ :

"ਵੋਟਾਂ ਵਾਲੇ ਦਿਨ ਮਨਬੀਰ ਨੇ ਖ਼ਾਸ ਚੌਕਸੀ ਰੱਖੀ। ਜਿਸ ਜਿਸ ਬੂਥ ਤੇ ਸਰਦਾਰ ਦੀ ਪੋਜ਼ੀਸ਼ਨ ਕਮਜ਼ੋਰ ਸੀ ਉਥੇ ਮਨਬੀਰ ਨੇ ਆਪਣੇ ਖ਼ਾਸ ਖ਼ਾਸ ਬੰਦੇ ਤਾਇਨਾਤ ਕੀਤੇ। ਕੋਈ ਵਿਰੋਧੀ ਹੱਕ ਵਿਚ ਜਾਲ੍ਹੀ ਵੋਟ ਭੁਗਤਣੀ ਹੁੰਦੀ ਤਾਂ ਉਹ ਡਰਾ ਕੇ ਭਜਾ ਦਿੰਦਾ।"[111]

ਇਸ ਤਰ੍ਹਾਂ ਇਸ ਨਾਵਲ ਵਿਚ ਵੀ ਇਹ ਰੂਪਮਾਨ ਹੁੰਦਾ ਹੈ ਕਿ ਜਦੋਂ ਮੁੱਖ ਮੰਤਰੀ ਦਾ ਕੋਈ ਝੰਡਾ ਲਾਉਣ ਲਈ ਤਿਆਰ ਨਹੀਂ ਹੁੰਦਾ ਸੀ ਅਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਸੂਬਾ ਪੱਧਰ ਤੇ ਹੀ ਅਕਾਲੀਆਂ ਦਾ ਵਿਰੋਧ ਕਰ ਰਹੀ ਸੀ ਤਾਂ ਥਾਣੇਦਾਰ ਮਨਬੀਰ ਨੇ ਹੀ ਵਿਉਪਾਰ ਮੰਡਲ ਦੇ ਪ੍ਰਧਾਨ ਰਾਮ ਲਾਲ ਅਤੇ ਮਾਸਟਰ ਨੂੰ ਸਰਕਾਰ ਨਾਲ ਰਲਾਉਣ ਦੀ ਮੱਦਦ ਕੀਤੀ ਸੀ, ਜਿਸ ਕਰਕੇ ਮੁੱਖ ਮੰਤਰੀ ਖੁਸ਼ ਸੀ :

"ਮੁੱਖ ਮੰਤਰੀ ਤਾਂ ਉਸ ਤੇ ਖੁਸ਼ ਸੀ ਹੀ। ਸੌ ਬੰਦਿਆਂ ਚੋਂ ਪਛਾਣ ਕੇ ਹਾਲ-ਚਾਲ ਪੁੱਛਦਾ ਹੈ। ...ਆਪਣਾ ਸਭ ਕੁਝ ਦਾਅ ਤੇ ਲਾ ਕੇ ਸਰਦਾਰ ਦੀ ਡੋਲ੍ਹਦੀ ਕਿਸ਼ਤੀ ਨੂੰ ਪਾਰ ਲਾਇਆ ਸੀ।"[112]

ਸੋ ਪੁਲਿਸ ਮੁੱਖ ਮੰਤਰੀਆਂ ਨੂੰ ਖੁਸ਼ ਕਰਨ ਲਈ ਤੇ ਆਪਣੀਆਂ ਤਰੱਕੀਆਂ ਲਈ ਆਮ ਜਨਤਾ ਨਾਲ ਧੱਕੇਸ਼ਾਹੀ ਕਰਦੀ ਹੈ। ਸਾਧਾਰਨ ਲੋਕਾਂ ਲਈ ਖੌਫ਼ ਬਣੀ ਪੁਲਿਸ ਨਜਾਇਜ਼ ਧੰਦਾ ਕਰਨ ਵਾਲਿਆਂ ਲਈ ਮਿੱਤਰਤਾ ਦਾ ਕੰਮ ਕਰਦੀ ਹੈ। ਇਸ ਕਰਕੇ ਪੁਲਿਸ ਅਤੇ ਰਾਜਨੀਤੀ ਦੀ ਗੂੜ੍ਹੀ ਸਾਂਝ ਹੀ ਲੋਕਤੰਤਰੀ ਦੇਸ਼ ਵਿਚ ਭ੍ਰਿਸ਼ਟਾਚਾਰ ਫੈਲਾਉਣ ਦੀ ਜ਼ਿੰਮੇਵਾਰ ਹੈ।

ਮਹਿਲ ਸਿੰਘ ਦਾ ਵਿਚਾਰ ਹੈ ਕਿ "ਨੈਤਿਕਤਾ, ਦਿਆਨਤਦਾਰੀ ਤੇ ਇਮਾਨਦਾਰੀ ਵਰਗੀਆਂ ਕਦਰਾਂ ਅਜੋਕੀ ਰਾਜਨੀਤੀ ਵਿਚੋਂ ਬੀਤੇ ਦੀ ਚੀਜ਼ ਬਣਕੇ ਰਹਿ ਗਈਆਂ ਹਨ। ਇਸ ਸਿਸਟਮ ਦੀ ਗੰਗਾ ਜਦ ਗੰਗੋਤਰੀ ਤੋਂ ਹੀ ਮੈਲੀ ਹੈ ਤਾਂ ਅੱਗੋਂ ਇਸਦੇ ਸਾਫ਼ ਹੋਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ।"[113]

ਸੋ ਜਿਸ ਤਰ੍ਹਾਂ ਦਾ ਰਾਜਾ ਹੁੰਦਾ ਹੈ ਉਸੇ ਤਰ੍ਹਾਂ ਦੀ ਪਰਜਾ ਬਣ ਜਾਂਦੀ ਹੈ। ਰਾਜਨੀਤੀ ਦੇ ਗੰਧਲੀ ਹੋਣ ਕਾਰਨ ਹੀ ਹਰੇਕ ਮਹਿਕਮਾ ਲੁੱਟ ਖਸੁੱਟ ਕਰ ਰਿਹਾ ਹੈ। ਹਰੇਕ ਗੈਰ-ਕਾਨੂੰਨੀ ਕੰਮ ਕਰਨ ਵਾਲਾ ਕਿਸੇ ਮੰਤਰੀ ਦਾ ਨਜ਼ਦੀਕ ਹੁੰਦਾ ਹੈ। ਨਾਵਲਕਾਰ ਨੇ ਸਿਆਸੀ ਨਿਘਾਰ ਨੂੰ ਬਹੁਤ ਬਾਰੀਕਬੀਨੀ ਨਾਲ ਦ੍ਰਿਸ਼ਟਮਾਨ ਕੀਤਾ ਹੈ। ਜਿਸ ਤਰ੍ਹਾਂ ਮੁੱਖ ਮੰਤਰੀ ਬੰਟੀ ਦੀ ਮੌਤ ਤੇ ਦਿਖਾਵੇ ਲਈ ਅਫ਼ਸੋਸ ਕਰਦਾ ਤੇ ਬੰਟੀ ਦੀ ਮਾਂ ਕਾਂਤਾ ਨੂੰ ਇਕ ਲੱਖ ਰੁਪਿਆ ਤੇ ਨੌਕਰੀ ਦੇਣ ਦਾ ਐਲਾਨ ਕਰਦਾ ਹੈ, ਉਸ ਤਰ੍ਹਾਂ ਛੋਟੇ ਨੇਤਾ ਲੋਕ ਜਿਵੇਂ ਬਾਬੂ ਤੇ ਲਾਲੇ ਵਰਗੇ ਪਾਤਰਾਂ ਰਾਹੀਂ ਅਜਿਹਾ ਯਥਾਰਥ ਚਿਤਰਦਾ ਹੈ ਕਿ ਇਹ ਲੋਕ ਸੱਤਾ ਹਾਸਲ ਕਰਨ ਲਈ ਧਾਰਮਿਕ ਤੇ ਜਾਤੀਵਾਦ ਦੇ ਨਾਅਰਿਆਂ ਦੀ ਆੜ ਲੈਂਦੇ ਹੋਏ ਆਮ ਜਨਤਾ ਨੂੰ ਧਾਰਮਿਕ ਪੱਖਪਾਤ ਤੇ ਜਾਤੀ ਭੇਦ-ਭਾਵ ਵਿਚ ਵੰਡ ਦਿੰਦੇ ਹਨ। ਜਿਸ ਤੇ ਕਟਾਖਸ

ਕਰਦਿਆਂ ਡਾ. ਰਮਿੰਦਰ ਸਿੰਘ ਕਹਿੰਦੇ ਹਨ :

"ਅਜੇਹੀ ਰਾਜਨੀਤੀ ਫ਼ਿਰਕਾਪ੍ਰਸਤੀ ਨੂੰ ਉਤਸਾਹਤ ਕਰਦੀ ਸਮੂਹ ਸਾਂਝੀ ਰਹਿਣੀ-ਸਹਿਣੀ ਲਈ ਕਲੇਸ਼ ਦਾ ਕਾਰਨ ਬਣਦੀ ਹੈ।...ਪੂੰਜੀਵਾਦੀ ਯੁੱਗ ਦੀਆਂ ਮੰਡੀ ਕੀਮਤਾਂ ਦੀ ਲਪੇਟ ਵਿਚ ਸਿਆਸਤ ਵੀ ਮੰਡੀ ਦੀ ਵਸਤ ਬਣੀ ਦਿਸਦੀ ਹੈ। ਰਾਜਨੀਤੀ ਦਾ ਅਜੇਹਾ ਬਦਲਿਆ ਚਰਿੱਤਰ ਹੀ ਅੱਗੇ ਵਿਭਿੰਨ ਮਹਿਕਮਿਆਂ ਦੇ ਨਿਘਾਰ ਦਾ ਆਧਾਰ ਬਣਦਾ ਹੈ।"[114]

ਪੁਲਿਸ ਦੁਆਰਾ ਦੋ ਨਿਰਦੋਸ਼ ਪਾਲੇ ਅਤੇ ਮੀਤੇ ਨੂੰ ਕਾਤਲ ਬਣਾਉਣ ਪਿੱਛੇ ਵੀ ਰਾਜਨੀਤੀ ਦਾ ਪੂਰਾ ਹੱਥ ਹੈ, ਕਿਉਂਕਿ ਨਾਵਲ ਦੇ ਅੰਤ ਵਿਚ ਨਾਵਲਕਾਰ ਨੇ ਰਾਜਨੀਤੀ ਦਾ ਜੋ ਯਥਾਰਥ ਚਿਤਰਨ ਕੀਤਾ ਹੈ, ਉਹ ਇਹੀ ਹੈ ਕਿ ਲਾਲੇ ਅਤੇ ਆਮ ਜਨਤਾ ਨੂੰ ਖ਼ੁਸ਼ ਕਰਨ ਲਈ ਮੁੱਖ ਮੰਤਰੀ ਬੰਟੀ ਦੇ ਭੋਗ ਤੋਂ ਪਹਿਲਾਂ ਪਹਿਲਾਂ ਕਾਤਲ ਫੜੇ ਜਾਣ ਦਾ ਐਲਾਨ ਕਰਦਾ ਹੈ। ਮੁੱਖ ਮੰਤਰੀ ਦੀ ਇਸੇ ਨਿੱਜੀ ਦਿਲਚਸਪੀ ਕਾਰਨ ਦੋ ਨਿਰਦੋਸ਼ਾਂ ਪਾਲੇ ਅਤੇ ਮੀਤੇ ਨੂੰ ਝੂਠੇ ਕਾਤਲ ਬਣਾ ਕੇ ਸਿਆਸਤ ਦੀ ਬਲੀ ਚਾੜ੍ਹ ਦਿੱਤਾ ਜਾਂਦਾ ਹੈ। ਇਸ ਲਈ ਕਿਹਾ ਜਾਂਦਾ ਹੈ :

"ਰਾਜਨੀਤੀ ਮਨੁੱਖ ਦੀ ਜੀਵਨ ਚਾਲ ਨੂੰ ਰਾਹੇ ਜਾਂ ਕੁਰਾਹੇ ਪਾਉਣ ਵਾਲੀ ਸਭ ਤੋਂ ਵੱਡੀ ਸ਼ਕਤੀ ਹੈ। ਜਨ ਜਾਂ ਜਨਤਾ ਸ਼ਬਦ ਲਾ ਕੇ ਹਰ ਸਿਆਸਤਦਾਨ ਕੁਰਸੀ ਉੱਤੇ ਬੈਠਣ ਦਾ ਚਾਹਵਾਨ ਹੈ।"[115]

ਉਪਰੋਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਰਾਜਨੀਤੀ ਦਾ ਬਦਲਿਆ ਹੋਇਆ ਇਹ ਰੂਪ ਹੀ ਸਮੁੱਚੇ ਸਿਸਟਮ ਦੇ ਵਿਭਿੰਨ ਮਹਿਕਮਿਆਂ ਦੇ ਨਿਘਾਰ ਦਾ ਮੁੱਖ ਆਧਾਰ ਬਣਦਾ ਹੈ।

### (ੲ) ਨਿਆਂ-ਪ੍ਰਣਾਲੀ ਅਤੇ ਰਾਜਨੀਤੀ ਦੇ ਸੰਬੰਧਾਂ ਦੀ ਅੰਤਰ-ਵਿਆਖਿਆ

ਮਿੱਤਰ ਸੈਨ ਮੀਤ ਦੇ 'ਤਫ਼ਤੀਸ਼' ਨਾਵਲ ਵਿਚ ਜਿਥੇ ਪੁਲਿਸ ਅਤੇ ਰਾਜਨੀਤੀ ਦੇ ਗਹਿਰੇ ਸੰਬੰਧਾਂ ਦਾ ਚਿਤਰਨ ਹੋਇਆ ਹੈ ਉਥੇ 'ਕਟਹਿਰਾ' ਨਾਵਲ ਵਿਚ ਨਿਆਂ-ਪ੍ਰਣਾਲੀ ਅਤੇ ਰਾਜਨੀਤੀ ਦੇ ਗਹਿਰੇ ਸੰਬੰਧਾਂ ਦਾ ਯਥਾਰਥ ਚਿਤਰਨ ਹੋਇਆ ਮਿਲਦਾ ਹੈ। ਕਿਉਂਕਿ 'ਕਟਹਿਰਾ' ਨਾਵਲ ਦਾ ਸੰਬੰਧ ਨਿਆਂ-ਪ੍ਰਣਾਲੀ ਨਾਲ ਹੈ ਤੇ ਨਿਆਂ-ਪ੍ਰਣਾਲੀ ਰਾਜਨੀਤੀ ਤੋਂ ਸੁਤੰਤਰ ਹੋ ਕੇ ਨਿਆਂ ਨਹੀਂ ਕਰ ਸਕਦੀ। ਕਿਉਂਕਿ ਰਾਜਨੀਤੀ ਸਮਾਜ ਦੇ ਹਰੇਕ ਪੱਖ ਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਮੁੱਖ ਮੰਤਰੀ ਦੀ ਦਿਲਚਸਪੀ ਨਾਲ ਪਾਲੇ ਤੇ ਮੀਤੇ ਨੂੰ ਕਾਤਲ ਕਰਾਰ ਦਿੱਤਾ ਜਾਂਦਾ ਹੈ ਤਾਂ ਪਾਲੇ ਤੇ ਮੀਤੇ ਦੇ ਖਿਲਾਫ਼ ਅਦਾਲਤੀ ਕੇਸ ਚਲਦਾ ਹੈ। ਕੇਸ ਦੀ ਤਫ਼ਤੀਸ਼ ਕਰਨ ਲਈ ਵਕੀਲਾਂ, ਜੱਜਾਂ, ਗਵਾਹਾਂ ਅਤੇ ਪ੍ਰਸ਼ਾਸਨ ਦੇ ਹੋਰ ਰਾਜਨੀਤਿਕ ਅੰਗ ਰਾਹੀਂ ਭਾਰਤੀ ਨਿਆਂ-ਪ੍ਰਣਾਲੀ ਦਾ ਮਹਾਂਚਿੱਤਰ ਪਾਠਕਾਂ ਸਾਹਮਣੇ ਸਾਕਾਰ ਹੁੰਦਾ ਹੈ।

ਸਾਡੀ ਨਿਆਂ-ਪ੍ਰਣਾਲੀ ਦਾ ਮੁੱਖ ਅੰਗ ਵਕਾਲਤ ਹੈ। ਇਹ ਅਜਿਹੀ ਪ੍ਰਾਈਵੇਟ ਸੰਸਥਾ ਹੈ ਜਿਸ ਨੂੰ ਚਲਾਉਣ ਲਈ ਜਿਥੇ ਲੋਕਤੰਤਰੀ ਪ੍ਰਣਾਲੀ ਦੀ ਮਹੱਤਵਪੂਰਨ ਭੂਮਿਕਾ ਹੈ

ਉਥੇ ਲੋਕਾਂ ਦੁਆਰਾ ਹੋਂਦ ਵਿਚ ਲਿਆਂਦੀ ਗਈ ਰਾਜਨੀਤੀ ਵੀ ਆਪਣਾ ਇਸ ਤੇ ਪੂਰਾ ਹੱਕ ਸਮਝਦੀ ਹੈ ਜਿਸ ਤਰ੍ਹਾਂ ਚਾਹੇ ਨਿਆਂ-ਪ੍ਰਣਾਲੀ ਨੂੰ ਵਰਤ ਸਕਦੀ ਹੈ। ਨਾਵਲਕਾਰ ਖ਼ੁਦ ਕਾਨੂੰਨ ਨਾਲ ਜੁੜਿਆ ਹੋਇਆ ਹੈ। ਜਿਸ ਕਰਕੇ ਆਪਣੇ ਨਿੱਜੀ ਅਨੁਭਵ ਰਾਹੀਂ ਵਕੀਲਾਂ ਤੇ ਰਾਜਨੀਤਿਕ ਸੰਬੰਧਾਂ ਨੂੰ ਖੂਬ ਵਿਸਥਾਰ ਨਾਲ ਚਿਤਰਦਾ ਹੈ। ਨਿਆਂ-ਪ੍ਰਣਾਲੀ ਨੂੰ ਚਲਾਉਣ ਵਾਲੀ ਵਕਾਲਤ ਦੇ ਸਾਰੇ ਵਕੀਲ ਹੀ ਆਪਣੇ ਵਕਾਲਤ ਨੂੰ ਚਲਾਉਣ ਲਈ ਕਿਸੇ ਰਾਜਨੀਤਿਕ ਪਾਰਟੀ ਦਾ ਸਹਾਰਾ ਲੈਂਦੇ ਹਨ। ਜਿਸ ਪਾਰਟੀ ਦਾ ਸਹਾਰਾ ਲੈਂਦੇ ਹਨ ਉਸ ਪਾਰਟੀ ਦੇ ਕੇਸ ਆਉਣ ਨਾਲ ਉਹਨਾਂ ਦਾ ਨਾਂ ਰੋਸ਼ਨ ਹੁੰਦਾ ਹੈ ਤੇ ਵਕਾਲਤ ਦਾ ਧੰਦਾ ਚਲਦਾ ਹੈ। 'ਕਟਹਿਰਾ' ਨਾਵਲ ਦੇ ਬਹੁਤੇ ਵਕੀਲ ਰਾਜਨੀਤੀ ਨਾਲ ਜੁੜੇ ਦਿਖਾਈ ਦਿੰਦੇ ਹਨ :

"ਚਹਿਲ ਨੇ ਸਰਦਾਰ ਦੇ ਨੇੜੇ-ਨੇੜੇ ਕੱਟੇ ਵੱਛੇ ਬੰਨ੍ਹਣੇ ਸ਼ੁਰੂ ਕੀਤੇ। ਉਹ ਪਾਰਟੀ ਮੈਂਬਰ ਬਣ ਗਿਆ। ਜਲਸੇ ਜਲੂਸਾਂ 'ਚ ਮੰਚ ਤੇ ਬੈਠਣ ਲੱਗਾ। ਵਕੀਲ ਹੋਣ ਕਾਰਨ ਪਾਰਟੀ 'ਚ ਪੁੱਛ ਜਲਦੀ ਪੈ ਗਈ।"[116]

ਇਸ ਵੇਰਵੇ ਤੋਂ ਜ਼ਾਹਿਰ ਹੈ ਵਕੀਲਾਂ ਦੀ ਜੇਕਰ ਵਕਾਲਤ ਨਹੀਂ ਚਲਦੀ ਤਾਂ ਰਾਜਨੀਤੀ ਵਿਚ ਉਨ੍ਹਾਂ ਦੀ ਪੁੱਛ-ਪੜਤਾਲ ਜ਼ਰੂਰ ਹੋ ਜਾਂਦੀ ਹੈ। ਜਦੋਂ ਅਕਾਲੀਆਂ ਦੀ ਸਰਕਾਰ ਟੁੱਟ ਜਾਂਦੀ ਹੈ ਤਾਂ ਚਾਹਿਲ ਵਕਾਲਤ ਦਾ ਫਾਇਦਾ ਉਠਾਉਂਦਾ ਕਾਂਗਰਸ ਵੱਲ ਰਲ ਜਾਂਦਾ ਹੈ :

"ਚਹਿਲ ਦਾ ਸੌਹਰਾ ਕਾਂਗਰਸੀ ਸੀ। ਪਾਰਟੀ ਵਿਚ ਚੰਗਾ ਰਸੂਖ ਸੀ।...ਬਹਾਨਾ ਵਧੀਆ ਸੀ। ਇਕ ਪੜ੍ਹੇ-ਲਿਖੇ ਅਕਾਲੀ ਤੋਂ ਦਲ-ਬਦਲੀ ਕਰਵਾਈ ਗਈ ਸੀ। ਵਕੀਲ ਨੂੰ ਮੁਆਵਜਾ ਮਿਲਣਾ ਚਾਹੀਦਾ ਸੀ।"[117]

ਉਪਰੋਕਤ ਹਵਾਲਾ ਦਰਸਾਉਂਦਾ ਹੈ ਕਿ ਵਕੀਲ ਹੋਣ ਕਰਕੇ ਤੇ ਪੜ੍ਹਿਆ-ਲਿਖਿਆ ਹੋਣ ਕਰਕੇ ਹਰੇਕ ਪਾਰਟੀ ਵਿਚ ਅਹੁਦਾ ਜਲਦੀ ਹੀ ਮਿਲ ਜਾਂਦਾ ਹੈ। ਅਹੁਦੇ ਦੇ ਕਾਰਨ ਪਾਰਟੀ ਦੇ ਵਰਕਰ ਕੇਸ ਲੈ ਆਉਂਦੇ ਹਨ ਤੇ ਚਹਿਲ ਦੀ ਵਕਾਲਤ ਦਾ ਧੰਦਾ ਚਲ ਪੈਂਦਾ ਹੈ। ਸੋ ਲਿਆਕਤ ਨਾ ਹੋਣ ਦੇ ਬਾਵਜੂਦ ਵੀ ਚਹਿਲ ਦੀ ਵਕਾਲਤ ਚਲਦੀ ਰਹਿੰਦੀ ਹੈ। ਕਿਉਂਕਿ ਰਾਜਨੀਤੀ ਵਿਚ ਉਸਦੇ ਸਹੁਰੇ ਦਾ ਨਾਂ ਵੀ ਚੰਗਾ ਚਲਦਾ ਹੈ। ਸੋ ਚਹਿਲ ਨੂੰ ਰਾਜਨੀਤੀ ਤਾਰ ਦਿੰਦੀ ਹੈ ਜਦਕਿ ਪਿਆਰੇ ਲਾਲ ਵਰਗੇ ਲਿਆਕਤ ਵਾਲੇ ਵਕੀਲਾਂ ਦੀਆਂ ਜੜ੍ਹਾਂ ਨੂੰ ਰਾਜਨੀਤੀ ਜੜੋਂ ਪੁੱਟ ਦਿੰਦੀ ਹੈ :

"ਜਦੋਂ ਪਿਆਰੇ ਲਾਲ ਇਮਤਿਹਾਨ ਵਿਚ ਬੈਠਾ ਸੀ ਤਾਂ ਉਸਦੇ ਦੋ ਜਮਾਤੀ ਜੱਜ ਬਣੇ ਸਨ। ਉਨ੍ਹਾਂ ਵਿਚੋਂ ਇਕ ਦਾ ਬਾਪ ਸੀ.ਆਈ.ਡੀ. ਵਿਚ ਡੀ.ਐਸ.ਪੀ. ਸੀ।...ਬਹੁਤੇ ਨਹੀਂ ਪਰ ਦੋ ਪੇਪਰ ਲੀਕ ਕਰਾਉਣ ਵਿਚ ਉਹ ਕਾਮਯਾਬ ਹੋ ਗਿਆ ਸੀ।...ਡਿਪਟੀ ਦੀ ਮਿਹਨਤ ਕਰਕੇ ਕਾਕਾ ਜੱਜ ਬਣ ਗਿਆ।"[118]

ਪਿਆਰੇ ਲਾਲ ਮਿਹਨਤੀ ਹੋਣ ਦੇ ਬਾਵਜੂਦ ਵੀ ਜੱਜ ਨਹੀਂ ਬਣ ਸਕਦਾ ਕਿਉਂਕਿ ਉਸਦੀ ਕਿਸੇ ਵੱਡੇ ਅਫ਼ਸਰ ਜਾਂ ਕਿਸੇ ਨੇਤਾ ਨਾਲ ਜਾਣ-ਪਛਾਣ ਨਹੀਂ ਸੀ। ਨਾਵਲਕਾਰ

ਸਲੈਕਸ਼ਨ ਕਮਿਸ਼ਨ ਨੂੰ ਯਥਾਰਥ ਰੂਪ ਵਿਚ ਚਿਤਰਦਾ ਹੈ। ਜਿਵੇਂ :

"ਹੁਣ ਮਰਜ਼ੀ ਦਾ ਜੱਜ ਚੁਣਨਾ ਕਮਿਸ਼ਨ ਦੇ ਖੱਬੇ ਹੱਥ ਦੀ ਖੇਡ ਸੀ। ਯਾਰਾਂ ਦੋਸਤਾਂ ਦੇ ਧੀਆਂ ਪੁੱਤਰਾਂ ਨੂੰ ਵਰਤਾਉਣ ਲਈ ਉਸ ਕੋਲ ਨੰਬਰਾਂ ਦੇ ਗੱਫੇ ਸਨ। ਕਦੇ ਇਹ ਗੱਫਾ ਚੇਅਰਮੈਨ ਦੇ ਪੁੱਤ ਨੂੰ ਮਿਲਦਾ ਸੀ ਅਤੇ ਕਦੇ ਕਿਸੇ ਮਨਿਸਟਰ ਦੇ ਪੋਤੇ ਨੂੰ।"[119]

ਉਪਰੋਕਤ ਵੇਰਵੇ ਅਨੁਸਾਰ ਰਾਜਨੀਤੀ ਦੇ ਨਾਲ-ਨਾਲ ਅਫ਼ਸਰਾਂ ਦੀ ਭ੍ਰਿਸ਼ਟ ਨੀਤੀ ਨੂੰ ਬਿਆਨ ਕੀਤਾ ਹੈ। ਪਿਆਰੇ ਲਾਲ ਜੱਜ ਬਣਨ ਦਾ ਸੁਪਨਾ ਇਸੇ ਕਰਕੇ ਛੱਡ ਦਿੰਦਾ ਹੈ। ਉਸਦੀ ਨਾ ਕਿਸੇ ਰਾਜਨਭੀਤਕ ਪਾਰਟੀ ਨੂੰ ਲੋੜ ਸੀ ਤੇ ਨਾ ਹੀ ਕਿਸੇ ਵੱਡੇ ਅਫ਼ਸਰ ਨੂੰ। ਅਫ਼ਸਰਸ਼ਾਹੀ ਤੇ ਸਿਆਸੀ ਸਿਫਾਰਸ਼ ਜਾਂ ਪੁੱਛ-ਗਿੱਛ ਤੋਂ ਬਿਨਾਂ ਜੱਜ ਬਣਨਾ ਸਾਡੇ ਦੇਸ਼ ਵਿਚ ਅਸੰਭਵ ਹੈ।

ਅਮਰਜੀਤ ਗਰੇਵਾਲ ਅਨੁਸਾਰ, "ਸਮਾਜਿਕ ਅਨੁਸ਼ਾਸਨ ਖਤਮ ਹੁੰਦਾ ਜਾ ਰਿਹਾ ਹੈ। ਰਾਜਨੀਤਿਕ ਅਤੇ ਪ੍ਰਬੰਧਕੀ ਸ਼ਕਤੀ ਦੇ ਆਧਾਰ ਖੁਰ ਰਹੇ ਹਨ। ਰਿਸ਼ਵਤ ਲੈਣ ਵਾਲੇ ਸਿਆਸਤਦਾਨ, ਸਰਕਾਰੀ ਅਫ਼ਸਰ ਅਤੇ ਜੱਜ ਇੱਜ਼ਤਦਾਰ ਸ਼ਹਿਰੀ ਅਖਵਾਉਣ ਲੱਗ ਪਏ ਹਨ। ਜਿਹੜਾ ਕੋਈ ਰਿਸ਼ਵਤ ਨਹੀਂ ਲੈਂਦਾ ਉਸਨੂੰ ਡਰਪੋਕ ਅਤੇ ਕਮਜ਼ੋਰ ਸਮਝਿਆ ਜਾਂਦਾ ਹੈ।"[120]

ਨਾਵਲ ਵਿਚ ਕੁਝ ਲੋਕ ਇਕੱਠੇ ਹੋ ਕੇ ਲੋਕ-ਪੱਖੀ ਸ਼ਕਤੀਆਂ ਵਾਲੀ ਇਕ ਸੰਮਤੀ ਬਣਾਉਂਦੇ ਹਨ, ਜਿਸ ਵਿਚ ਕੁਝ ਰਾਜਨੀਤਿਕ ਪਾਰਟੀਆਂ ਸਿਆਸੀ ਲਾਹਾ ਲੈਣ ਲਈ ਇਸ ਵਿਚ ਸ਼ਾਮਿਲ ਹੋ ਜਾਂਦੀਆਂ ਹਨ। ਇਹ ਸੰਮਤੀ ਪੁਲਿਸ ਦੁਆਰਾ ਆਮ ਜਨਤਾ ਤੇ ਕੀਤੇ ਜਾਂਦੇ ਤਸ਼ੱਦਦ ਦਾ ਵਿਰੋਧ ਕਰਦੀ ਹੈ। ਜਦੋਂ ਪਾਲੇ ਤੇ ਮੀਤੇ ਨੂੰ ਬਿਨਾਂ ਕਸੂਰ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਇਹ ਸੰਮਤੀ ਵਿਰੋਧ ਕਰਦੀ ਹੈ। ਪਰੰਤੂ ਉਨ੍ਹਾਂ ਨੂੰ ਕਾਤਲ ਠਹਿਰਾਉਣ ਲਈ ਅਤੇ ਫਾਂਸੀ ਦੀ ਸਜ਼ਾ ਦਿਵਾਉਣ ਲਈ ਸਿਆਸੀ ਆਗੂ ਪੁਲਿਸ ਤੇ ਵਕੀਲਾਂ ਦਾ ਸਾਥ ਦਿੰਦੇ ਹਨ।

"ਸੰਮਤੀ ਦੀ ਹਮਾਇਤ ਦੀ ਥਾਂ ਭਾਰਤੀ ਜਨਤਾ ਪਾਰਟੀ ਪਾਲੇ ਅਤੇ ਮੀਤੇ ਨੂੰ ਸਜ਼ਾ ਕਰਾਉਣ ਤੇ ਡੁਲ ਗਈ। ਸੰਮਤੀ ਨਾਲੋਂ ਵੱਖ ਹੋਣ ਦਾ ਐਲਾਨ ਉਸਨੇ ਭਰੇ ਇਕੱਠ ਵਿਚ ਕੀਤਾ।"[121]

ਸੋ ਸਿਆਸੀ ਪਾਰਟੀਆਂ ਹੌਲੀ-ਹੌਲੀ ਲੋਕ-ਪੱਖੀ ਸ਼ਕਤੀਆਂ ਤੋਂ ਤੋੜ ਵਿਛੋੜਾ ਕਰ ਲੈਂਦੀਆਂ ਹਨ ਕਿਉਂਕਿ ਪਾਲੇ ਤੇ ਮੀਤੇ ਦੇ ਮੁਕੱਦਮੇ ਦੀ ਪੈਰਵਾਈ ਨਾਲ ਸਿਆਸੀ ਪਾਰਟੀਆਂ ਨੂੰ ਕੋਈ ਲਾਭ ਨਹੀਂ ਹੋਣ ਵਾਲਾ।

"ਮੁੱਖ ਮੰਤਰੀ ਨੇ ਜਥੇਦਾਰਾਂ ਨੂੰ ਮਿੱਠੀਆਂ-ਮਿੱਠੀਆਂ ਝਾੜਾਂ ਪਾਈਆਂ ਸਨ। ਜੇ ਹੁਕਮਰਾਨ ਪਾਰਟੀ ਹੀ ਪੁਲਿਸ ਦਾ ਵਿਰੋਧ ਕਰਨ ਲੱਗੇ ਤਾਂ ਪੁਲਿਸ ਨਾਲੋਂ ਜ਼ਿਆਦਾ ਨੁਕਸਾਨ ਪਾਰਟੀ ਦਾ ਹੁੰਦੈ। ਲੋਕ ਪੁਲਿਸ ਵਧੀਕੀਆਂ ਲਈ ਹੁਕਮਰਾਨ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਨੇ।"[122]

ਨਿਆਂ-ਪ੍ਰਣਾਲੀ ਵਿਚ ਨਿਘਾਰ ਆਉਣ ਦਾ ਕਾਰਨ ਸਮਾਜ ਸੇਵੀ ਸੰਸਥਾਵਾਂ ਅਤੇ

ਰਾਜਨੀਤਿਕ ਪਾਰਟੀਆਂ ਦਾ ਸਵਾਰਥਹਿਤ ਹੋਣਾ ਹੈ। ਨਿਆਂਪਾਲਿਕਾ ਵਿਚ ਫੈਲਿਆ ਹੋਇਆ ਭ੍ਰਿਸ਼ਟਾਚਾਰ ਅਤੇ ਲਾਲਸਾ ਹੀ ਇਸਨੂੰ ਪ੍ਰਸ਼ਾਸਨ ਅਤੇ ਸਿਆਸਤ ਦੇ ਅਧੀਨ ਬਣਾ ਦਿੰਦੀ ਹੈ। ਜਿਸ ਕਾਰਨ ਸਾਡੀ ਰਾਜਨੀਤੀ ਸਾਡੀ ਨਿਆਂ-ਪ੍ਰਣਾਲੀ ਤੇ ਭਾਰੂ ਦਿਖਾਈ ਦਿੰਦੀ ਹੈ। ਰਾਜਨੀਤੀ ਵਿਚ ਬੋਲ-ਬਾਲਾ ਨਾ ਹੋਣ ਕਾਰਨ ਪਿਆਰੇ ਲਾਲ ਜੱਜ ਨਹੀਂ ਬਣ ਸਕਦਾ ਪਰੰਤੂ ਨਾਵਲ ਨੇ ਤਰੱਕੀ ਨਾਲ, ਬੱਬੂ ਤੇ ਬਿੱਲੂ ਵਰਗੇ ਪਾਤਰਾਂ ਰਾਹੀਂ ਇਹ ਦਰਸਾਇਆ ਹੈ ਕਿ ਇਹ ਪਾਤਰ ਬਿਨਾਂ ਲਿਆਕਤ, ਡਿਗਰੀ ਅਤੇ ਕਾਨੂੰਨ ਦੀ ਮੁਹਾਰਤ ਤੋਂ ਵੀ ਆਪਣਾ ਨਾਂ ਬਣਾ ਲੈਂਦੇ ਹਨ। ਕਿਉਂਕਿ ਅਦਾਲਤ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਲਿਆਕਤ ਜਾਂ ਕਾਨੂੰਨ ਦੀ ਮੁਹਾਰਤ ਕੰਮ ਨਹੀਂ ਆਉਂਦੀ, ਸਗੋਂ :

"ਬੱਬੂ ਤਾਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਦਾ ਪੋਤਾ ਹੈ। ਇਸ ਕਰਕੇ ਵਕਾਲਤ ਦੇ ਪਹਿਲੇ ਸਾਲ ਹੀ ਉਸਦੇ ਫੱਟੇ ਤੇ ਬਾਣੀਆਂ ਦਾ ਝੁਰਮਟ ਬੱਝਣ ਲੱਗੈ। ਕਿਸੇ ਬਾਣੀਏ ਕੋਲ ਬਹੀਆਂ ਦਾ ਬਸਤਾ ਹੁੰਦੈ ਅਤੇ ਕਿਸੇ ਕੋਲ ਪ੍ਰਨੋਟਾਂ ਦਾ ਥੱਬਾ। ਕਿਸੇ ਨੇ ਦੁਕਾਨ ਖਾਲੀ ਕਰਾਉਣੀ ਹੁੰਦੀ ਹੈ ਅਤੇ ਕਿਸੇ ਨੇ ਮਕਾਨ। ਅਸਾਮੀ ਲਿਆਉਣ ਵਾਲਾ ਪਾਰਟੀ ਵਰਕਰ ਹੁੰਦਾ ਹੈ। ...ਬਿੱਲੂ ਦੀ ਵਕਾਲਤ ਚਮਕਣ ਲਈ ਇੰਨਾ ਹੀ ਕਾਫ਼ੀ ਸੀ ਕਿ ਉਹ ਪੁਲਿਸ ਕਪਤਾਨ ਦਾ ਸਾਲਾ ਸੀ। ਇਲਾਕੇ ਦੀ ਪੁਲਿਸ ਤੇ ਇਸੇ ਗੱਲ ਦਾ ਰੋਹਬ ਸੀ। ਸਰਦਾਰ ਜੀ ਪਟਿਆਲੇ ਲੱਗੇ ਸਨ ਫੇਰ ਕੀ ਹੋਇਆ ? ਕਦੇ ਇਥੇ ਵੀ ਆ ਸਕਦੇ ਸਨ।"[123]

ਉਪਰੋਕਤ ਹਵਾਲਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਕਿਸੇ ਪਿਆਰੇ ਲਾਲ ਵਰਗੇ ਨੂੰ ਲਿਆਕਤ ਦੇ ਸਿਰ ਤੇ ਜੱਜੀ ਨਹੀਂ ਮਿਲਦੀ ਪਰੰਤੂ ਰਾਜਨੀਤਿਕ ਤੇ ਉੱਚ ਅਫ਼ਸਰ ਨਾਲ ਜਾਣ-ਪਛਾਣ ਰੱਖਣ ਵਾਲੇ ਬੱਬੂ ਤੇ ਬਿੱਲੂ ਵਰਗਿਆਂ ਦੇ ਕਾਨੂੰਨ ਦੀ ਮੁਹਾਰਤ ਵਿਚ ਕਮਜ਼ੋਰ ਹੋਣ ਦਾ ਕਾਰਨ ਵੀ ਵਕਾਲਤ ਚਮਕ ਉਠੀ ਸੀ। ਤਫ਼ਤੀਸ਼ ਦੌਰਾਨ ਤਫ਼ਤੀਸ਼ੀਆਂ ਦੇ ਕਾਰਨਾਮਿਆਂ ਤੋਂ ਲੈ ਕੇ ਅਦਾਲਤ ਦੇ ਸਮੁੱਚੇ ਅਮਲੇ ਜਿਵੇਂ ਵਕੀਲ, ਜੱਜ, ਗਵਾਹ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਅੰਗਾਂ, ਰਾਜਨੀਤੀਵਾਨਾਂ ਆਦਿ ਸਮੁੱਚੇ ਅਮਲੇ ਤੇ ਇਹਨਾਂ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੀ ਪਰਤ-ਦਰ-ਪਰਤ ਅਸਲੀਅਤ ਉਘਾੜਦਾ ਹੋਇਆ ਨਾਵਲਕਾਰ ਭਾਰਤੀ ਨਿਆਂ-ਪ੍ਰਣਾਲੀ ਅਤੇ ਰਾਜਨੀਤੀ ਦਾ ਮਹਾਂ-ਚਿੱਤਰ ਪਾਠਕ ਸਾਹਮਣੇ ਉਜਾਗਰ ਕਰਦਾ ਹੈ। ਜਦੋਂ ਮੇਜਰ ਸਿੰਘ ਤੇ ਅਲਿਹਮਦ ਵਿਚਕਾਰ ਗੱਲਬਾਤ ਹੁੰਦੀ ਹੈ :

"ਹਾਂ ਛੋਟੇ ਵੀਰ, ਅੱਜ ਬੰਟੀ ਕਤਲ ਕੇਸ ਦਾ ਫਾਹਾ ਵੱਢਣੈ। ਹੱਥਲੇ ਕਾਗਜ਼ਾਂ ਨੂੰ ਠੀਕ ਕਰਦੇ ਥਾਣੇਦਾਰ ਨੇ ਆਪਣੇ ਆਉਣ ਦਾ ਮਕਸਦ ਦੱਸਿਆ; ਨਾਲ ਰਮਜ਼ ਨਾਲ ਸਮਝਾਇਆ ਕਿ ਇਹ ਵਾਧੂ ਵਗਾਰੀ ਕੇਸ ਹੈ। ਇਸ ਵਿਚ ਬਹੁਤੀ ਆਸ ਨਾ ਰੱਖੋ।"[124]

ਸਮਾਜ ਦੀ ਅੰਦਰੂਨੀ ਝਲਕ ਸਮਾਜ ਵਿਚ ਰਹਿਣ ਵਾਲੇ ਵਿਅਕਤੀਆਂ ਦੇ ਸੋਚਣ ਢੰਗ ਅਤੇ ਉਨ੍ਹਾਂ ਦੇ ਸੁਭਾਅ ਤੋਂ ਪ੍ਰਾਪਤ ਹੋ ਜਾਂਦੀ ਹੈ ਕਿ ਬੰਟੀ ਕੇਸ ਵਿਚੋਂ ਪੁਲਿਸ ਅਤੇ ਵਕੀਲਾਂ ਨੂੰ ਕੁਝ ਵੀ ਮਿਲਣ ਵਾਲਾ ਨਹੀਂ। ਇਸ ਤਰ੍ਹਾਂ ਨਾਵਲਕਾਰ ਇਨਸਾਫ਼ ਕਰਨ ਵਾਲੀ ਜੱਜਾਂ ਦੀ ਵਾਸਤਵਿਕ ਸਥਿਤੀ ਨੂੰ ਇਸ ਤਰ੍ਹਾਂ ਸਪੱਸ਼ਟ ਕਰਦਾ ਹੈ :

"ਸੁਣਵਾਈ ਕਰ ਰਹੇ ਜੱਜਾਂ ਨੂੰ ਇਨਸਾਫ਼ ਨਾਲੋਂ ਵੱਧ ਇਸ ਗੱਲ ਦੀ ਚਿੰਤਾ ਲੱਗ

ਗਈ ਕਿ ਉਨ੍ਹਾਂ ਦੇ ਫੈਸਲੇ ਦਾ ਲੋਕਾਂ ਅਤੇ ਸਰਕਾਰ ਤੇ ਕੀ ਪ੍ਰਤੀਕਰਮ ਹੋਏਗਾ? ਜੇ ਉਨ੍ਹਾਂ ਦਰਖਾਸਤ ਮਨਜ਼ੂਰ ਕਰ ਲਈ ਤਾਂ ਕੱਲ੍ਹ ਨੂੰ ਅਖਬਾਰਾਂ ਵਿਚ ਛਪਣ ਵਾਲੀਆਂ ਰਿਪੋਰਟਾਂ ਦਾ ਰੁੱਖ ਕਿਧਰ ਹੋਏਗਾ ? ਰਿਪੋਰਟਾਂ ਲੋਕਾਂ ਦੇ ਮੂਡ ਨੂੰ ਪ੍ਰਭਾਵਿਤ ਕਰਨਗੀਆਂ ਅਤੇ ਲੋਕਾਂ ਦਾ ਮੂਡ ਸਰਕਾਰ ਨੂੰ। ਅਗਾਂਹ ਸਰਕਾਰ ਦੇ ਮੂਡ ਤੇ ਜੱਜਾਂ ਦਾ ਭਵਿੱਖ ਨਿਰਭਰ ਕਰੇਗਾ।"[125]

ਇਨਸਾਫ਼ ਦੇਣ ਦੀ ਬਜਾਇ ਜੱਜਾਂ ਨੂੰ ਆਪਣੇ ਭਵਿੱਖ, ਰਾਜਨੀਤਿਕ ਪਾਰਟੀਆਂ ਅਤੇ ਉੱਚ-ਪਦਵੀਆਂ ਤੇ ਬਿਰਾਜਮਾਨ ਲੋਕਾਂ ਦੀ ਚਿੰਤਾ ਹੈ ਨਾ ਕਿ ਇਨਸਾਫ਼ ਦੇਣ ਤੇ ਲੈਣ ਵਾਲੀ ਧਿਰ ਨਾਲ ਕੋਈ ਵਾਹ-ਵਾਸਤਾ ਹੈ। ਉਪਰੋਕਤ ਸੰਕੇਤ ਇਹੀ ਸਪੱਸ਼ਟ ਕਰਦਾ ਹੈ ਕਿ ਦੋਸ਼ੀ ਨੌਕਰਸ਼ਾਹੀ ਦੀਆਂ ਜੰਜ਼ੀਰਾਂ ਵਿਚ ਜਕੜੇ ਹੋਏ ਹਨ। ਸਾਰਾ ਕਸੂਰ ਕਾਨੂੰਨ ਵਿਵਸਥਾ ਤੇ ਰਾਜਨੀਤੀ ਦਾ ਹੈ ਜੋ ਇਨ੍ਹਾਂ ਨੂੰ ਆਪਣੇ ਅਨੁਸਾਰ ਚੱਲਣ ਲਈ ਮਜ਼ਬੂਰ ਕਰਦੀ ਹੈ। 'ਕਟਹਿਰਾ' ਨਾਵਲ ਦੀ ਪ੍ਰਾਪਤੀ ਇਹ ਨਹੀਂ ਕਿ ਉਹ ਭ੍ਰਿਸ਼ਟ ਅਫ਼ਸਰਸ਼ਾਹੀ ਜਾਂ ਨਿਆਂਪਾਲਿਕਾ ਦੇ ਅਸਲ ਕਿਰਦਾਰ ਨੂੰ ਚੰਗਾ ਬਣਾਉਣ ਤੱਕ ਸੀਮਤ ਰਹਿੰਦਾ ਹੈ ਸਗੋਂ ਉਸਦੀ ਪ੍ਰਾਪਤੀ ਇਹ ਹੈ ਕਿ ਉਹ ਪੂਰੇ ਸਮਾਜਿਕ ਰਾਜਨੀਤਿਕ ਪ੍ਰਬੰਧ ਨੂੰ ਇਕਾਈ ਦੇ ਰੂਪ ਵਿਚ ਦੇਖਦਾ ਹੋਇਆ ਆਪਣੀ ਮਹੀਨ ਦ੍ਰਿਸ਼ਟੀ ਨਾਲ ਕਾਨੂੰਨੀ ਵਿਸ਼ੇ ਨੂੰ ਪੇਸ਼ ਕਰਦਾ ਹੈ ਕਿ ਹਰ ਅਫ਼ਸਰ, ਹਰ ਮੁਲਜ਼ਮ, ਹਰ ਮੁਲਾਜ਼ਮ, ਹਰ ਗਵਾਹ, ਹਰ ਵਕੀਲ, ਜੱਜ, ਹਰ ਪੁਲਿਸ ਅਧਿਕਾਰੀ ਗੱਲ ਕੀ ਨਾਵਲ ਦਾ ਹਰ ਪਾਤਰ ਇਸ ਪ੍ਰਬੰਧ ਹੱਥੋਂ ਬੇਵੱਸ ਤੇ ਦੁਖੀ ਹੈ। ਸੁਰਜੀਤ ਜੱਜ ਆਪਣੇ ਲੇਖ ਵਿਚ ਲਿਖਦਾ ਹੈ :

"ਇਸ ਤੰਦੂਆ ਜਾਲ ਦਾ ਜਿੰਨਾ ਸਪੱਸ਼ਟ ਚਿਤਰਨ ਮੀਤ ਨੇ ਕੀਤਾ ਹੈ ਉਸਦੀ ਮਿਸਾਲ ਇਸ ਤੋਂ ਪਹਿਲਾਂ ਦੇ ਪੰਜਾਬੀ ਨਾਵਲ ਵਿਚੋਂ ਲੱਭਣੀ ਮੁਸ਼ਕਿਲ ਹੈ।"[126]

ਸਮੁੱਚੇ ਤੰਦੂਆ ਜਾਲ ਨੂੰ ਦੇਖਣ ਘੋਖਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਿਆਂ-ਪ੍ਰਣਾਲੀ ਅਤੇ ਰਾਜਨੀਤਿਕ ਪ੍ਰਬੰਧ ਪੂਰੀ ਤਰ੍ਹਾਂ ਇਕ ਦੂਜੇ ਦੇ ਪੂਰਕ ਬਣ ਗਏ ਹਨ। ਰਿਸ਼ਵਤ ਲੈਣਾ ਦੇਣਾ ਸਿਰਫ਼ ਅਦਾਲਤ ਤੱਕ ਹੀ ਸੀਮਤ ਨਹੀਂ ਸਗੋਂ ਇੱਜ਼ਤਦਾਰ ਨੇਤਾ ਲੋਕ ਵੀ ਇਸ ਵਿਚ ਸ਼ਾਮਿਲ ਹਨ।

ਮਿੱਤਰ ਸੈਨ ਮੀਤ ਨੇ 'ਕੌਰਵ-ਸਭਾ' ਨਾਵਲ ਵਿਚ ਪੂੰਜੀਵਾਦੀ ਵਿਵਸਥਾ ਰਾਹੀਂ ਸਮੁੱਚੇ ਸਿਸਟਮ ਦਾ ਵਿਸਥਾਰ ਵਿਚ ਵਰਨਣ ਕੀਤਾ ਹੈ। ਪਰੰਤੂ ਅਸੀਂ ਇਥੇ ਪੂੰਜੀਵਾਦ ਦੇ ਰਾਜਨੀਤੀ ਨਾਲ ਸੰਬੰਧਾਂ ਦੀ ਵਿਆਖਿਆ ਕਰਨ ਦਾ ਯਤਨ ਕਰਾਂਗੇ। ਕਿਉਂਕਿ ਸਮੁੱਚੇ ਸਿਸਟਮ ਦਾ ਵਰਨਣ ਰਾਜਨੀਤੀ ਤੋਂ ਬਿਨਾਂ ਸੰਭਵ ਨਹੀਂ, ਇਸ ਲਈ ਡਾ. ਟੀ.ਆਰ.ਵਿਨੋਦ ਨੇ ਕਿਹਾ ਹੈ :

"ਜਿਹਾ ਕਿ ਨਾਂ ਤੋਂ ਹੀ ਸਪੱਸ਼ਟ ਹੈ ਕਿ ਕੌਰਵ ਸਭਾ ਮਿੱਤਰ ਸੈਨ ਮੀਤ ਦਾ ਸਿਆਸੀ ਨਾਵਲ ਹੈ।"[127]

ਨਾਵਲ ਦੇ ਆਰੰਭ ਵਿਚ ਮੋਹਨ ਅਤੇ ਵੇਦ ਦੋ ਭਰਾਵਾਂ ਦੇ ਪਰਿਵਾਰ ਵਿਚ ਆਪਸੀ ਹੋਈ ਟੱਕਰ ਨਾਵਲ ਦੀ ਕੇਂਦਰੀ ਘਟਨਾ ਬਣਦੀ ਹੈ। ਮੋਹਨ ਨੌਕਰੀ ਤੋਂ ਉਪਰ ਉਠ ਕੇ ਭਾਵ ਰਿਸ਼ਵਤ ਰਾਹੀਂ ਮਾਇਆ ਨਗਰ ਦਾ (ਲੁਧਿਆਣੇ) ਅਮੀਰ ਵਿਅਕਤੀ ਬਣ ਜਾਂਦਾ

ਹੈ। ਵੇਦ ਨੂੰ ਸ਼ਹਿਰ ਬੁਲਾ ਲੈਂਦਾ ਹੈ ਤੇ ਕਿਸੇ ਪਲਾਂਟ ਦੇ ਝਗੜੇ ਨੂੰ ਲੈ ਕੇ ਵੇਦ ਦੇ ਮੁੰਡੇ ਭਈਆਂ ਦੁਆਰਾ ਮੋਹਨ ਦੇ ਘਰ ਤੇ ਹਮਲਾ ਕਰਵਾ ਦਿੰਦੇ ਹਨ ਪਰਵਾਸੀ ਮਜ਼ਦੂਰ ਸੱਟਾਂ ਮਾਰਨ ਦੀ ਥਾਂ ਮੋਹਨ ਦੇ ਬੇਟੇ ਕਮਲ ਨੂੰ ਮਾਰ ਦਿੰਦੇ ਹਨ ਤੇ ਬੇਟੀ ਨੇਹਾ ਨਾਲ ਬਲਾਤਕਾਰ ਕਰਦੇ ਹਨ। ਮੋਹਨ ਅਤੇ ਉਸਦੀ ਪਤਨੀ ਦੇ ਗਹਿਰੀਆਂ ਸੱਟਾਂ ਮਾਰਦੇ ਹਨ। ਪੁਲਿਸ ਹੋਈ ਵਾਰਦਾਤ ਤੇ ਪਹੁੰਚ ਕੇ ਕੇਸ ਦਰਜ ਕਰ ਲੈਂਦੀ ਹੈ। ਵੇਦ ਦੇ ਬੇਟਿਆਂ ਨੀਰਜ ਅਤੇ ਪੰਕਜ ਨੂੰ ਗ੍ਰਿਫਤਾਰੀ ਦਾ ਡਰ ਹੋ ਜਾਂਦਾ ਹੈ ਤੇ ਇਥੇ ਹੀ ਰਾਜਨੀਤਿਕ ਪਹੁੰਚ ਬਾਰੇ ਸੋਚਿਆ ਜਾਂਦਾ ਹੈ :

"ਠੇਕੇਦਾਰ ਰਾਹੀਂ ਪੁਲਿਸ ਦੇ ਹੱਥ ਕਿਸੇ ਵੀ ਸਮੇਂ ਉਨ੍ਹਾਂ ਤੱਕ ਪੁੱਜ ਸਕਦੇ ਸਨ। ਚੰਗਾ ਹੋਵੇ ਜੇ ਪਹਿਲਾਂ ਹੀ ਮੌਕਾ ਸੰਭਾਲ ਲਿਆ ਜਾਵੇ... ਗ੍ਰਿਫ਼ਤਾਰੀ ਭਈਆਂ ਤੱਕ ਸੀਮਤ ਕਰਵਾ ਦਿੱਤੀ ਜਾਵੇ। ਸਭ ਤੋਂ ਪਹਿਲਾਂ ਪੰਕਜ ਨੇ ਐਮ.ਪੀ. ਸਾਹਿਬ ਨੂੰ ਫੋਨ ਕੀਤਾ।...ਬਾਬੂ ਜੀ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸੀ...ਪੁਲਿਸ ਦੀ ਕੀ ਮਜਾਲ ਹੈ ਤੁਹਾਨੂੰ ਝੂਠੇ ਕੇਸ ਵਿਚ ਫਸਾ ਲਏ ?...ਪੁਲਿਸ ਤੁਹਾਡੀ ਵਾ ਵੱਲ ਨਹੀਂ ਝਾਕ ਸਕਦੀ।"[128]

ਉਪਰੋਕਤ ਸੰਕੇਤ ਇਹ ਸਪੱਸ਼ਟ ਕਰਦਾ ਹੈ ਕਿ ਸਭ ਕੁਝ ਕਰਵਾਉਣ ਤੋਂ ਮਗਰੋਂ ਨੀਰਜ ਵਰਗੇ ਆਪਣੇ ਬਚਾਅ ਲਈ ਬਾਬੂ ਐਸ.ਪੀ. ਕੋਲ ਚਲੇ ਜਾਂਦੇ ਹਨ ਜਿਸਨੂੰ ਵੋਟਾਂ ਤੇ ਰੈਲੀਆਂ ਸਮੇਂ ਉਹ ਪੈਸਾ ਫੰਡ ਦੇ ਰੂਪ ਵਿਚ ਦਿੰਦੇ ਹਨ ਤੇ ਉਥੋਂ ਹੀ ਉਹ ਪੁਲਿਸ ਦੀ ਜ਼ਿੰਮੇਵਾਰੀ ਲੈ ਲੈਂਦਾ ਹੈ। ਇਥੋਂ ਭ੍ਰਿਸ਼ਟਾਚਾਰ ਤੇ ਰੋਸ਼ਨੀ ਪੈਂਦੀ ਹੈ ਕਿ ਨਿਆਂਪਾਲਿਕਾ ਦੀ ਪ੍ਰਮੁੱਖ ਧਿਰ ਪੁਲਿਸ ਤੋਂ ਲੈ ਕੇ ਅਫ਼ਸਰਸ਼ਾਹੀ ਤੱਕ ਸਭ ਨੂੰ ਕਾਬੂ ਕਰਨ ਵਾਲੀ ਇਕੋ ਇਕ ਧਿਰ ਰਾਜਨੀਤੀ ਹੈ। 'ਕਟਹਿਰਾ' ਨਾਵਲ ਤੋਂ ਮਗਰੋਂ 'ਕੌਰਵ-ਸਭਾ' ਨਾਵਲ ਰਾਜਨੀਤੀ ਦੇ ਇਸੇ ਯਥਾਰਥ ਨੂੰ ਚਿਤਰਦਾ ਹੈ ਕਿ ਸਿਆਸੀ ਪਾਰਟੀਆਂ ਕੋਝੀਆਂ ਤੋਂ ਕੋਝੀਆਂ ਚਾਲਾਂ ਚੱਲ ਕੇ ਜਾਂ ਤਾਂ ਫੈਸਲਿਆਂ ਨੂੰ ਆਪਣੇ ਹੱਕ ਵਿਚ ਕਰਵਾ ਲੈਂਦੀਆਂ ਹਨ ਜਾਂ ਫੇਰ ਰੱਦ ਕਰਵਾ ਦਿੰਦੀਆਂ ਹਨ।

ਪੰਕਜ ਅਤੇ ਨੀਰਜ ਤਸੱਲੀ ਲਈ ਭਾਰੀ ਉਦਯੋਗ ਮਾਲਕ ਸੰਘ ਦੇ ਪ੍ਰਧਾਨ ਅਨਿਲ ਜੈਨ ਕੋਲ ਜਾਂਦੇ ਹਨ। ਅੱਗੋਂ ਉਹ ਥਾਣੇਦਾਰ ਨੂੰ ਲਾਲਚ ਦੇ ਕੇ ਆਪਣੀ ਫੈਕਟਰੀ ਬੁਲਾਉਂਦਾ ਹੈ, ਕੰਮ ਵਿਚ ਰੁੱਝਾ ਹੋਣ ਦੇ ਬਾਵਜੂਦ ਵੀ ਉਹ ਜੈਨ ਦੀ ਫੈਕਟਰੀ ਆਉਂਦਾ ਹੈ:

"ਮੁੱਖ ਅਫ਼ਸਰ ਤਫ਼ਤੀਸ਼ ਵਿਚ ਰੁੱਝਾ ਹੋਇਆ ਸੀ। ਇਕ ਮਿੰਟ ਦੀ ਫੁਰਸਤ ਨਹੀਂ ਸੀ। ਪਰ ਉਹ ਪ੍ਰਧਾਨ ਨੂੰ ਨਰਾਜ ਵੀ ਨਹੀਂ ਸੀ ਕਰ ਸਕਦਾ। ਉਪਰੋਂ ਜਦੋਂ ਵੱਡੀ ਵਗਾਰ ਪੈਂਦੀ ਸੀ ਤਾਂ ਅੜਿਆ ਗੱਡਾ ਪ੍ਰਧਾਨ ਹੀ ਕੱਢਦਾ ਸੀ। ...ਪ੍ਰਧਾਨ ਦੀ ਪਹੁੰਚ ਚੰਡੀਗੜ੍ਹ ਦੇ ਪੁਲਿਸ ਅਧਿਕਾਰੀਆਂ ਤੱਕ ਸੀ। ਕਦੇ ਬਦਲੀ ਹੁੰਦੀ ਦਿਖੇ ਜਾਂ ਕਿਸੇ ਪੁੱਛ ਪੜਤਾਲ ਦਾ ਖ਼ਤਰਾ ਹੋਵੇ ਉਹ ਝੱਟ ਫੋਨ ਖੜਕਾ ਕੇ ਠੱਲ ਪਾ ਦਿੰਦਾ ਸੀ।"[129] ਇਕੱਲੇ ਐਸ.ਪੀ. ਦੀ ਸਿਫਾਰਸ਼ ਨਾਲ ਕੰਮ ਨਾ ਚਲਦੇ ਵੇਖਕੇ ਨੀਰਜ ਹੋਰੀਂ ਪ੍ਰਧਾਨ ਰਾਹੀਂ ਥਾਣੇਦਾਰ ਤੋਂ ਕੇਸ ਵਿਚ ਦਰਜ ਆਪਣੇ ਨਾਂ ਪਤਾ ਕਰਨ ਲਈ ਉਸਨੂੰ ਦਸ ਹਜ਼ਾਰ ਰਿਸ਼ਵਤ ਦਿੰਦੇ ਹਨ। ਨਾਵਲਕਾਰ ਨਾਵਲ ਵਿਚ ਪੇਸ਼ ਸਮੁੱਚੀਆਂ ਘਟਨਾਵਾਂ ਰਾਹੀਂ ਜਿਥੇ ਰਾਜਨੀਤੀ ਅਤੇ

ਰਾਜਨੀਤਿਕ ਨੇਤਾਵਾਂ ਦੀਆਂ ਚਾਲਾਂ ਬਿਆਨ ਕਰਦਾ ਹੈ ਉਥੇ ਛੋਟੇ ਤੋਂ ਛੋਟੇ ਵਪਾਰੀਆਂ ਜਾਂ ਫੈਕਟਰੀਆਂ ਦੇ ਮਾਲਕਾਂ ਨੂੰ ਵੀ ਇਸ ਵਿਚ ਸ਼ਾਮਿਲ ਹੋਇਆ ਚਿਤਰਦਾ ਹੈ। ਨਿਆਂ ਦੇ ਰਖਵਾਲਿਆਂ ਦੀ ਤਸਵੀਰ ਨਾਵਲਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ :

"ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖਕੇ ਅਜੇ ਨੰਦ ਲਾਲ ਨੂੰ ਵਕੀਲ ਕਰਨ ਦੇ ਹੱਕ ਵਿਚ ਸੀ। ਉਹ ਫੀਸ ਜ਼ਰੂਰ ਠੋਕ ਕੇ ਲੈਂਦਾ ਸੀ ਪਰ ਫੀਸ ਤੈਅ ਹੋਣ ਬਾਅਦ ਸਾਇਲ ਦੀ ਸਿਰਦਰਦੀ ਮੁੱਕ ਜਾਂਦੀ ਸੀ।

..."ਮੈਂ ਇੱਕ ਲੱਖ ਰੁਪਿਆ ਫੀਸ ਲਵਾਂਗਾ। ਜੇ ਕੇਸ ਲੜਨਾ ਪਿਆ। ਫੇਰ ਪੰਜਾਹ ਹਜ਼ਾਰ ਹੋਰ ਲਗਣਗੇ। ਜੇ ਸ਼ਰਤ ਮਨਜ਼ੂਰ ਹੋਵੇ ਤਾਂ ਅੱਧੀ ਫੀਸ ਅਤੇ ਗੱਡੀ ਭੇਜ ਦੇਵੋ।"[130]

ਇਸ ਤਰ੍ਹਾਂ ਇਹ ਨਾਵਲ ਜਿਥੇ ਨਿਆਂ-ਪ੍ਰਣਾਲੀ ਤੇ ਰਾਜਨੀਤੀਵਾਨਾਂ ਦਾ ਵਿਸਥਾਰ ਚਿੱਤਰ ਹੈ ਉਥੇ ਨਿਆਂ-ਪ੍ਰਣਾਲੀ ਦੇ ਰਖਵਾਲਿਆਂ ਭਾਵ ਵਕੀਲਾਂ, ਜੱਜਾਂ ਦੀ ਫੀਸ ਦੁਆਰਾ ਪੂੰਜੀਵਾਦੀ ਯੁੱਗ ਵਿਚ ਪੈਸੇ ਦੀ ਪ੍ਰਧਾਨਤਾ ਨੂੰ ਵੀ ਚਿਤਰਦਾ ਹੈ। ਨੀਰਜ ਤੇ ਪੰਕਜ ਭਈਏ ਮਜ਼ਦੂਰਾਂ ਨੂੰ ਫੀਸ ਦੇ ਕੇ ਪਹਿਲਾਂ ਮੋਹਨ ਦੇ ਪਰਿਵਾਰ ਦੇ ਸੱਟਾਂ ਮਰਵਾਉਂਦੇ ਹਨ ਫਿਰ ਫੀਸਾਂ ਦੇ ਕੇ ਆਪਣੇ-ਆਪ ਦਾ ਬਚਾਉ ਕਰਦੇ ਹਨ। ਇਸ ਲਈ ਡਾ. ਕੇਸਰ ਸਿੰਘ ਕੇਸਰ ਨੇ 'ਕੌਰਵ-ਸਭਾ' ਨਾਵਲ ਨੂੰ ਪੈਸੇ ਦੀ ਸ਼ਕਤੀ ਦਾ ਪ੍ਰਵਚਨ ਕਿਹਾ ਹੈ। ਪੰਕਜ ਅਤੇ ਨੀਰਜ ਨੂੰ. ਪੈਸਾ ਹੋਣ ਦੇ ਬਾਵਜੂਦ ਵੀ ਰਾਜਨੀਤੀ ਦੀ ਗੁੱਟਬੰਦੀ ਦਾ ਹਿੱਸਾ ਬਣਨਾ ਪੈਂਦਾ ਹੈ। ਕਿਉਂਕਿ ਰਾਜਨੀਤੀ ਤੋਂ ਬਿਨਾਂ ਇਕੱਲਾ ਪੈਸਾ ਵੀ ਉਨ੍ਹਾਂ ਦੀ ਹਿਫਾਜ਼ਤ ਨਹੀਂ ਕਰ ਸਕਦਾ। ਮੁੱਖ ਮੰਤਰੀ ਇਨ੍ਹਾਂ ਦਾ ਕੇਸ ਖ਼ੁਦ ਕਪਤਾਨ ਨੂੰ ਸੌਂਪਦਾ ਹੈ ਤੇ ਇਸੇ ਕੇਸ ਰਾਹੀਂ ਉਹ ਆਪਦੇ ਕਈ ਰਾਜਸੀ ਮਸਲੇ ਹੱਲ ਕਰਵਾਉਂਦਾ ਹੈ। ਮੁੱਖ ਮੰਤਰੀ ਤੋਂ ਲੈ ਕੇ ਹੇਠਲੀ ਸਾਰੀ ਅਫ਼ਸਰਸ਼ਾਹੀ ਤੱਕ ਸਭ ਇਸ ਕੇਸ ਵਿਚ ਆਪਣਾ ਰੋਲ ਅਦਾ ਕਰਦੇ ਸਨ। ਪਰੰਤੂ ਬਘੇਲ ਸਿੰਘ ਇਸ ਤਰ੍ਹਾਂ ਨਹੀਂ ਕਰਦਾ ਸੀ, ਕਿਉਂਕਿ :

"ਲੋਕਾਂ ਵਿਚ ਆਮ ਚਰਚਾ ਸੀ। ਬਘੇਲ ਸਿੰਘ ਮੁੱਖ ਮੰਤਰੀ ਦੇ ਸਮਰਥਕ ਵਿਧਾਇਕਾਂ ਵਿਚੋਂ ਇਕ ਨਹੀਂ ਸੀ। ਉਹ ਜਥੇਦਾਰ ਦੇ ਧੜੇ ਵਿਚ ਗਿਣਿਆ ਜਾਂਦਾ ਸੀ ...ਅੰਦਰ ਖਾਤੇ ਮੁੱਖ ਮੰਤਰੀ ਨੇ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਸਨ। ਉਸਨੂੰ ਮੂੰਹ ਨਾ ਲਾਇਆ ਜਾਵੇ।"[131]

ਪਰੰਤੂ ਹੁਣ ਮੁੱਖ ਮੰਤਰੀ ਬਘੇਲ ਸਿੰਘ ਨੂੰ ਆਪਣੇ ਨਾਲ ਜੋੜਨਾ ਚਾਹੁੰਦਾ ਸੀ। ਉਸੇ ਵਿਧਾਇਕ ਨੂੰ ਮਿਲਣ ਲਈ ਆਖਿਆ ਸੀ ਜਿਸਦੀ ਮੁੱਖ ਮੰਤਰੀ ਸ਼ਕਲ ਦੇਖਣ ਲਈ ਤਿਆਰ ਨਹੀਂ ਸੀ।

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਮੁੱਖ ਮੰਤਰੀ ਨਾ ਚਾਹੁੰਦੇ ਹੋਏ ਵੀ ਬਘੇਲ ਸਿੰਘ ਵਿਧਾਇਕ ਨੂੰ ਮਿਲਦਾ ਹੈ ਕਿਉਂਕਿ ਮੁੱਖ ਮੰਤਰੀ ਨੀਰਜ ਹੋਰਾਂ ਦੇ ਕੇਸ ਨੂੰ ਨਿਪਟਾਉਣਾ ਚਾਹੁੰਦਾ ਹੈ। ਉਧਰ ਬਘੇਲ ਸਿੰਘ ਵੀ ਇਸੇ ਤਾਕ ਵਿਚ ਸੀ ਕਿ ਮੁਲਜ਼ਮ ਧਿਰ ਬਹੁਤ ਮੋਟੀ ਸਾਮੀ ਹੈ। ਇਹਨਾਂ ਤੋਂ ਰਕਮ ਮੋਟੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਰੇ ਪੁਲਿਸ ਅਫ਼ਸਰਾਂ ਵਲੋਂ ਇਕ ਕਰੋੜ ਦੀ ਮੰਗ ਕੀਤੀ ਗਈ ਸੀ। ਕਿਉਂਕਿ :

"ਮੁੱਖ ਮੰਤਰੀ ਵੱਲੋਂ ਬਘੇਲ ਸਿੰਘ ਨੂੰ ਪੂਰੇ ਅਖਤਿਆਰ ਸਨ। ਉਹ ਜਿਥੇ ਚਾਹੇ ਸੌਦਾ ਤੋੜ ਸਕਦਾ ਸੀ।"[132]

ਉਪਰੋਕਤ ਵੇਰਵਾ ਸਪੱਸ਼ਟ ਕਰਦਾ ਹੈ ਕਿ ਮੁੱਖ ਮੰਤਰੀ ਬਘੇਲ ਸਿੰਘ ਵਰਗੇ ਅਫ਼ਸਰਾਂ ਨੂੰ ਖੁੱਲ੍ਹ ਦੇ ਕੇ ਪਹਿਲਾਂ ਆਪਣੇ ਕੰਮ ਕਰਵਾਉਂਦੇ ਹਨ ਫਿਰ ਪੁਲਿਸ ਅਫ਼ਸਰਾਂ ਤੋਂ ਵੱਡੇ ਤੋਂ ਵੱਡੇ ਮੁਜ਼ਰਮਾਂ ਨੂੰ ਪੈਸੇ ਨਾਲ ਕਾਨੂੰਨੀ ਦਾਅ ਪੇਚਾਂ ਵਿਚੋਂ ਬਾਹਰ ਕਢਵਾ ਦਿੰਦੇ ਹਨ :

"ਇਹ ਕੀ ਹੈ ?

ਚਾਲੀ ਲੱਖ ਹੈ"

ਮੈਂ ਕੀ ਕਰਨੈ ? ਰੱਖ ਆਪਣੇ ਕੋਲ ਆਪਣੇ ਬਾਪੂ ਦੀਆਂ ਮਿਹਰਾਂ ਨਵੀਂ ਪੀੜ੍ਹੀ ਮੁੱਖ ਮੰਤਰੀ ਨੂੰ ਬਾਪੂ ਆਖ ਕੇ ਬਲਾਉਂਦੀ ਸੀ। ਇਕ ਸੁਹਿਰਦ ਬਾਪ ਵਾਲੇ ਫਰਜ਼ ਨਿਭਾਉਂਦਿਆਂ ਮੁੱਖ ਮੰਤਰੀ ਨੇ ਬਘੇਲ ਸਿੰਘ ਦੀ ਪਿੱਠ ਥਾਪੜ ਕੇ ਬਰੀਫ਼ ਕੇਸ ਉਸ ਵੱਲ ਖਿਸਕਾ ਦਿੱਤਾ।

ਮੈਂ ਅਗਲੀ ਕਿਸ਼ਤ ਲੈ ਲਵਾਂਗਾ। ਇਹ ਤੁਹਾਡੀ ਅਮਾਨਤ ਹੈ।[133]

ਇਸ ਵੇਰਵੇ ਤੋਂ ਜ਼ਾਹਿਰ ਹੁੰਦਾ ਹੈ ਕਿ ਸਾਡੀ ਅਜੋਕੀ ਰਾਜਨੀਤੀ ਹਮੇਸ਼ਾ ਪੂੰਜੀਵਾਦੀ ਲੋਕਾਂ ਦੇ ਸਹਾਰੇ ਆਪਣੇ ਸਿਆਸੀ ਹੱਲ ਕਰਦੀ ਹੈ। ਇਥੇ ਇਹ ਵੀ ਦਰਸਾਇਆ ਗਿਆ ਹੈ ਕਿ ਕੋਈ ਕਿੰਨਾ ਵੱਡਾ ਮੁਜਰਮ ਹੋਵੇ, ਜੇਕਰ ਉਸ ਕੋਲ ਪੈਸਾ ਹੈ ਤੇ ਰਾਜਨੀਤੀ ਵਿਚ ਕਿਸੇ ਨੇਤਾ ਨਾਲ ਕੋਈ ਸਾਂਝਗਿਰੀ ਹੈ ਤਾਂ ਕਾਨੂੰਨ ਉਸਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

'ਕੌਰਵ-ਸਭਾ' ਵਿਚ ਪਰਵਾਸੀ ਮਜਦੂਰਾਂ ਦੀਆਂ ਜੋ ਵੋਟਾਂ ਦਾ ਗਲਪ-ਬਿੰਬ ਉਸਾਰਿਆ ਗਿਆ ਹੈ, ਉਹ ਵੀ ਲੋਕਤੰਤਰੀ ਰਾਜ ਵਿਚ ਅੱਜ ਰਾਜਸੀ ਪਾਰਟੀਆਂ ਲਈ ਵੋਟ ਬੈਂਕ ਦਾ ਕੰਮ ਕਰਦਾ ਹੈ। ਰਾਮ ਲੁਭਾਇਆ ਵਰਗਾ ਪਰਵਾਸੀ ਮਜ਼ਦੂਰ ਠੇਕੇਦਾਰ ਬਣ ਕੇ ਪਿਛੋਂ ਆਏ ਭਈਆਂ ਨੂੰ ਮਰਜ਼ੀ ਨਾਲ ਕੰਮ ਦਿਵਾਉਂਦਾ ਹੈ ਤੇ ਮਰਜ਼ੀ ਨਾਲ ਉਹਨਾਂ ਦੀ ਵੋਟ ਦੀ ਵਰਤੋਂ ਕਰਵਾਉਂਦਾ ਹੈ। ਜਿਸ ਤੋਂ ਪਾਠਕ ਵਰਗ ਨੂੰ ਰਾਮ ਲੁਭਾਇਆ ਦੇ ਜੀਵਨ ਦੇ ਸਿਆਸੀਕਰਨ ਦੀ ਝਲਕ ਦਿਖਾਈ ਦਿੰਦੀ ਹੈ। ਪਰਵਾਸੀ ਮਜ਼ਦੂਰਾਂ ਤੇ ਪੂਰਾ ਹੋਲਡ ਰੱਖਣ ਕਾਰਨ ਵੋਟਾਂ ਵਿਚ ਰਾਮ ਲੁਭਾਇਆ ਦੀ ਕੀਮਤ ਵਧ ਜਾਂਦੀ ਸੀ। ਬਹੁਤ ਸਾਰੀਆਂ ਰਾਜਸੀ ਪਾਰਟੀਆਂ ਉਸਦੇ ਪਿੱਛੇ ਪਿੱਛੇ ਫਿਰਦੀਆਂ ਸਨ। ਭਾਰਤ ਦੇਸ਼ ਵਿਚ ਜ਼ੁਲਮ ਕਰਨਾ, ਕਤਲ ਕਰਨਾ ਕੋਈ ਵੱਡੀ ਗੱਲ ਨਹੀਂ, ਬੱਸ ਕਾਨੂੰਨ ਦੇ ਰਖਵਾਲਿਆਂ ਲਈ ਪੈਸਾ ਅਤੇ ਰਾਜਨੀਤਿਕ ਪਾਰਟੀਆਂ ਨਾਲ ਸਾਂਝ ਜ਼ਰੂਰੀ ਹੈ। ਸੋ ਨਾਵਲਕਾਰ ਨੇ ਅਜਿਹੇ ਗਲਪ ਚਿੱਤਰ ਸਿਰਜੇ ਹਨ ਜਿਨ੍ਹਾਂ ਰਾਹੀਂ ਨਿਆਂ-ਪ੍ਰਣਾਲੀ ਅਤੇ ਰਾਜਨੀਤੀ ਦੀ ਅਸਲੀਅਤ ਸਾਹਮਣੇ ਆਉਂਦੀ ਹੈ :

"ਲੇਖਕ ਸਪੱਸ਼ਟ ਕਰਦਾ ਹੈ ਕਿ ਜਮਾਤੀ-ਵੰਡ ਵਾਲੇ ਸਮਾਜ ਵਿਚ ਸਟੇਟ ਦੀ ਸੰਚਾਲਕ ਵਜੀਰ-ਮੰਡਲੀ, ਨਿਆਂਪਾਲਿਕਾ ਤੇ ਪੁਲਿਸ ਸਦਾ ਸਰਮਾਏ ਦੇ ਚਾਕਰ ਹੁੰਦੇ ਹਨ, ਤੇ ਸਦਾ ਉਨ੍ਹਾਂ ਦੇ ਹੱਕ ਵਿਚ ਭੁਗਤਦੇ ਹਨ। ...ਰਾਜਨੀਤੀ ਸ਼ਾਸਤਰ ਦੱਸਦਾ ਹੈ ਕਿ ਸਟੇਟ ਸਦਾ ਹੀ ਇਕ ਜਮਾਤ ਦੀ ਹੁੰਦੀ ਹੈ। ਉਹ ਵਿਰੋਧੀ ਜਮਾਤ ਨੂੰ ਦਬਾ ਕੇ ਰੱਖਣ ਦਾ ਕੰਮ

ਜਮਾਤੀ ਚੇਤਨਾ ਨਾਲ ਕਰਦੀ ਹੈ, ਪਰੰਤੂ ਰਹਿੰਦੀ ਕਸਰ ਸਰਮਾਏ ਰਾਹੀਂ ਭ੍ਰਿਸ਼ਟ ਸਾਧਨਾਂ ਨਾਲ ਪੂਰੀ ਕਰਦੀ ਹੈ। ਜਿੱਤਦੀ ਉਹੋ ਧਿਰ ਹੈ, ਜਿਸ ਕੋਲ ਬੈਂਕ ਸਰਮਾਇਆ ਹੁੰਦਾ ਹੈ। ਇਸ ਨਾਵਲ ਵਿਚ ਵੱਧ ਸਰਮਾਇਆ ਮੁਲਜ਼ਮ ਧਿਰ ਕੋਲ ਹੈ। ਉਹ ਜਿੱਤ ਜਾਂਦੀ ਹੈ।"[134]

ਮਿੱਤਰ ਸੈਨ ਮੀਤ ਦਾ ਇਹ ਨਾਵਲ ਪੁਲਿਸ ਤੇ ਸਰਕਾਰੀ ਵਕੀਲਾਂ, ਜੱਜਾਂ ਅਤੇ ਰਾਜਸੀ ਨੇਤਾਵਾਂ ਦੇ ਕਿਰਦਾਰ ਰਾਹੀਂ ਜੋ ਪੇਸ਼ਕਾਰੀ ਕਰਦਾ ਹੈ, ਇਹ ਨਾਵਲ ਦੀ ਵਰਨਣਯੋਗ ਪ੍ਰਾਪਤੀ ਹੈ। ਡਾ. ਜਗਬੀਰ ਸਿੰਘ ਦਾ ਵਿਚਾਰ ਹੈ :

"ਮੌਜੂਦਾ ਨਿਆਂ ਪ੍ਰਣਾਲੀ ਨੂੰ ਕੇਂਦਰ ਵਿਚ ਰੱਖ ਕੇ ਸਿਰਜਿਆ ਗਿਆ ਇਹ ਨਾਵਲ ਆਲੋਚਨਾਤਮਕ ਯਥਾਰਥਵਾਦ ਦੀ ਪ੍ਰਮਾਣਿਕ ਵਿਧੀ ਅਤੇ ਨਾਇਕ-ਵਿਹੂਣੇ ਦਸਤਾਵੇਜੀ ਬਿਰਤਾਂਤ ਰਾਹੀਂ, ਪੰਜਾਬ ਦੀ ਵਰਤਮਾਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਵਸਥਾ ਦਾ ਭਰਵਾਂ ਬਿੰਬ ਉਸਾਰਦਾ ਹੈ। ਇਸਦੀ ਬਿਰਤਾਂਤ ਸ਼ੈਲੀ ਘਟਨਾਵਾਂ ਅਤੇ ਸਥਿਤੀਆਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦੀ ਹੋਈ ਯਥਾਰਥ ਦੀ ਵਰਤਮਾਨ ਹਕੀਕਤ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਹੁੰਦੀ ਹੈ। ਇਕ ਤਰ੍ਹਾਂ ਨਾਲ ਯਥਾਰਥ ਦੀ ਵਰਤਮਾਨ ਹਕੀਕਤ 'ਕੌਰਵ-ਸਭਾ' ਨਾਵਲ ਦਾ ਉਹ ਪ੍ਰਸੰਗ ਹੈ ਜੋ ਇਸਦੇ ਆਰ-ਪਾਰ ਫੈਲਿਆ ਹੋਇਆ ਹੈ ਅਤੇ ਜਿਸਦੇ ਮਾਧਿਅਮ ਰਾਹੀਂ ਇਹ ਨਾਵਲ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ।"[135]

ਸੋ ਮੀਤ ਦੇ ਆਪਣੇ ਨਾਵਲਾਂ ਵਿਚ ਕਾਨੂੰਨ ਦਾ ਵਿਸ਼ਾ ਬਹੁ-ਦਿਸ਼ਾਵੀ ਪਾਸਾਰਾਂ ਵਿਚ ਵਿਚਰਦਾ ਵਿਕਾਸਸ਼ੀਲ ਰਹਿੰਦਾ ਹੈ। ਇਹ ਜਿੰਨਾ ਉਪਰਲੀਆਂ ਪਰਤਾਂ ਦੇਖਦਾ ਤੇ ਆਮ ਜਨਤਾ ਦੀ ਸੁਰੱਖਿਆ ਕਰਨ ਵਾਲਾ ਦਿਖਾਈ ਦਿੰਦਾ ਹੈ, ਉਨਾ ਹੀ ਇਸਦੀਆਂ ਹੇਠਲੀਆਂ ਪਰਤਾਂ ਵਿਚ ਘਿਨਾਉਣੇ ਪੱਖ ਵੀ ਕਾਰਜਸ਼ੀਲ ਰਹਿੰਦੇ ਹਨ। ਜਿਵੇਂ :

"ਸਭ ਨੂੰ ਪਤਾ ਹੈ ਕਿ ਖੁਰਾਕ ਵਿਭਾਗ ਅਤੇ ਭਾਰਤ ਖੁਰਾਕ ਨਿਗਮ ਦੇ ਅਧਿਕਾਰੀ ਹਰ ਸਾਲ ਕਰੋੜਾਂ ਦਾ ਅਨਾਜ ਚੋਰੀ ਕਰਕੇ ਵੇਚਦੇ ਹਨ। ਚੋਰੀ ਦਾ ਵੱਡਾ ਹਿੱਸਾ ਸੱਤਾਧਾਰੀ ਪਾਰਟੀ ਦੇ ਕਾਰਕੁੰਨਾਂ ਨੂੰ ਪੁੱਜਦਾ ਹੈ। ਬਦਲੇ ਵਿਚ ਸਰਕਾਰ ਅਫ਼ਸਰਾਂ ਦੇ ਸਿਰ 'ਤੇ ਹੱਥ ਰੱਖਦੀ ਹੈ।"[136]

ਉਪਰੋਕਤ ਹਵਾਲਾ ਤੋਂ ਜ਼ਾਹਿਰ ਹੁੰਦਾ ਹੈ ਕਿ ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਵਿਸ਼ਾ ਕੇਵਲ ਕਾਨੂੰਨ ਤੱਕ ਹੀ ਸੀਮਤ ਨਹੀਂ ਸਗੋਂ ਸਮੁੱਚੇ ਸਿਸਟਮ ਵਿਚ ਵੱਖਰੇ-ਵੱਖਰੇ ਵਿਭਾਗਾਂ ਦੀ ਕਾਰਗੁਜ਼ਾਰੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਹਨਾਂ ਵਿਚ ਹੋ ਰਹੀ ਲੁੱਟ ਨੂੰ ਵੀ ਪਾਠਕ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੈ। ਜੇਲ-ਘਰ ਵਿਚ ਵੀ ਮਨੁੱਖ ਨਾਲੋਂ ਮਾਇਆ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ। ਕਾਨੂੰਨਾਂ ਦੇ ਸੇਵਾਦਾਰ ਜੇਲ੍ਹ ਵਿਚ ਆਏ ਕੈਦੀਆਂ ਤੋਂ ਰਿਸ਼ਵਤ ਲੈ ਕੇ ਉਹਨਾਂ ਨੂੰ ਹਰ ਸਹੂਲਤ ਦੇਣਾ ਆਪਣਾ ਅਧਿਕਾਰ ਸਮਝਦੇ ਹਨ। ਜਿਥੋਂ ਪੈਸਾ, ਸੋਨਾ ਮਿਲੇ ਉਸ ਕੈਦੀ ਦੇ ਹੱਕ ਵਿਚ ਬੋਲਦੇ ਆਪਣੀ ਦੋਸਤੀ ਪਾਲਦੇ ਹਨ। ਕਾਨੂੰਨ ਦੇ ਅਧਿਕਾਰੀ ਲਾਭ ਸਿੰਘ ਤੇ ਨਿਹਾਲ ਸਿੰਘ ਜੈਨ ਸੇਠ ਬਾਰੇ ਇਹ ਕਹਿੰਦੇ ਹਨ :

"ਸੇਠ ਜੀ ਨੂੰ ਨਰਾਜ਼ ਥੋੜਾ ਕਰਨਾ ਹੈ। ਕੜਾ ਮੈਂ ਰੱਖ ਲੈਣਾ, ਚੈਨੀ ਤੂੰ ਪਾ ਲੈ, ਮੁੰਦਰੀਆਂ

ਵੱਡੇ ਸਾਹਿਬ ਨੂੰ ਦੇ ਦੇਵਾਂਗੇ।"[137]

ਜੇਲ੍ਹ ਵਿਚ ਹਰ ਛੋਟੇ ਤੋਂ ਲੈ ਕੇ ਵੱਡਾ ਅਫ਼ਸਰ ਭ੍ਰਿਸ਼ਟ ਹੈ। ਜਿਸ ਤਰ੍ਹਾਂ ਬਾਹਰਲੇ ਪ੍ਰਸ਼ਾਸਨ ਵਿਚ ਲੁੱਟ ਹੈ ਉਸੇ ਤਰ੍ਹਾਂ ਹੀ ਜੇਲ੍ਹ ਵਿਚ ਵੀ ਲੁੱਟ ਪੈਂਦੀ ਹੈ :

"ਆਮ ਲੋਕਾਂ ਖ਼ਾਸ ਕਰਕੇ ਮੱਧ-ਵਰਗੀ ਲੋਕਾਂ ਵਿਚ ਪੁਲਿਸ ਅਦਾਲਤਾਂ ਤੇ ਜੇਲ੍ਹਾਂ ਬਾਰੇ ਬਹੁਤ ਭੁਲੇਖੇ ਹਨ। ਉਹ ਪੁਲਿਸ ਨੂੰ ਕਾਨੂੰਨ ਦੀ ਰਾਖੀ ਕਰਨ ਵਾਲਾ ਅਦਾਰਾ, ਅਦਾਲਤ ਨੂੰ ਮੁਜਰਿਆਂ ਨੂੰ ਸਜ਼ਾ ਦੇਣ ਵਾਲਾ ਤੇ ਜੇਲ੍ਹ ਨੂੰ ਮੁਜ਼ਰਮਾਂ ਨੂੰ ਸੁਧਾਰਨ ਵਾਲਾ ਅਦਾਰਾ ਸਮਝਦੇ ਹਨ। ਉਨ੍ਹਾਂ ਨੂੰ ਯਕੀਨ ਹੈ ਕਿ ਰਾਜ ਪ੍ਰਥਾ ਇਨ੍ਹਾਂ ਤਿੰਨਾਂ ਦੇ ਸਿਰ ਤੇ ਖੜ੍ਹੀ ਹੈ। ਜੇ ਇਹ ਤਿੰਨੇ ਨਾ ਹੋਣ ਤਾਂ ਸੰਸਾਰ ਵਿਚ ਹਨੇਰ-ਗਰਦੀ ਮੱਚ ਜਾਵੇ...ਮਿਥਿਹਾਸ ਵਿਚ ਜਿਹੜੀ ਨਰਕ, ਕੁੰਭੀ ਨਰਕ ਤੇ ਜਮਦੂਤਾਂ ਦੀ ਤਸਵੀਰ ਚਿਤਰੀ ਗਈ ਹੈ, ਉਹ ਹਕੀਕਤ ਵਿਚ ਸੱਤ ਅਸਮਾਨਾਂ ਵਿਚ ਨਹੀਂ ਬਲਕਿ ਇਸ ਧਰਤੀ 'ਤੇ ਬਣੇ ਤਿੰਨ ਅਦਾਰਿਆਂ ਦੀ ਤਸਵੀਰ ਹੈ। ਜਮਾਤੀ ਸੰਘਰਸ਼ ਵਿਚ ਰਾਜ ਸੱਤਾ ਤੇ ਉਹਦੇ ਅਦਾਰਿਆਂ ਦੇ ਕਿਰਦਾਰ ਨੂੰ ਇਸ ਹੱਦ ਤੱਕ ਨੰਗਾ ਕਰ ਦੇਣਾ ਕਿ ਬੱਚਾ-ਬੱਚਾ ਉਹਨਾਂ ਬਾਰੇ ਜਾਣੂ ਹੋ ਜਾਏ ਤੇ ਤਰਾਹ-ਤਰਾਹ ਕਰਨ ਲੱਗ ਜਾਏ। ਫੇਰ ਅਗਲਾ ਕਦਮ ਇਸ ਨਰਕ ਨੂੰ ਖਤਮ ਕਰਨ ਲਈ ਸੰਘਰਸ਼ ਕਰਨਾ ਕੋਈ ਬਹੁਤਾ ਔਖਾ ਨਹੀਂ ਰਹਿ ਜਾਂਦਾ।"[138]

ਗਿੱਲ ਸੁਰਜੀਤ ਦੀ ਉਪਰੋਕਤ ਟਿੱਪਣੀ ਰਾਹੀਂ ਮੀਤ ਦੇ ਸਮੁੱਚੇ ਨਾਵਲ ਜਗਤ ਦੇ ਵਿਸ਼ਿਆਂ ਨੂੰ ਵਿਸਥਾਰ ਵਿਚ ਜਾਣਿਆ ਜਾ ਸਕਦਾ ਹੈ ਕਿ ਸਮੁੱਚਾ ਨਾਵਲ ਜਗਤ ਕਿਸੇ ਇਕ ਵਿਸ਼ੇ ਨੂੰ ਲੈ ਕੇ ਨਹੀਂ ਹੋਂਦ ਵਿਚ ਆਇਆ ਸਗੋਂ ਸਿਸਟਮ ਦੀਆਂ ਬਾਰੀਕੀਆਂ ਨੂੰ ਪਰਤ-ਦਰ-ਪਰਤ ਖੋਲ੍ਹਣ ਲਈ ਅਨੇਕਾਂ ਵਿਸ਼ਿਆਂ ਦੀ ਪਰਮਾਰ ਪੈਦਾ ਕਰਦਾ ਹੈ।

### (ਸ) ਸਮਾਜਿਕ ਤੇ ਸਭਿਆਚਾਰਕ ਅਸੰਤੁਲਨ

ਆਧੁਨਿਕ ਯੁੱਗ ਵਿਚ ਮਨੁੱਖੀ ਜੀਵਨ ਜਟਿਲ ਹੋਣ ਦੇ ਨਾਲ-ਨਾਲ ਮਨੁੱਖ ਦੀ ਸੋਚ ਵੀ ਬਦਲ ਰਹੀ ਹੈ, ਉਸੇ ਤਰ੍ਹਾਂ ਸਾਹਿਤਕ ਖੇਤਰ ਵਿਚ ਪਰਿਵਰਤਨ ਆ ਰਹੇ ਹਨ। ਅਜੋਕਾ ਮਨੁੱਖ ਗਿਆਨ-ਵਿਗਿਆਨ ਦੀ ਸਹਾਇਤਾ ਨਾਲ ਬੇਹਤਰ ਜੀਵਨ ਜਿਉਣ ਲੱਗਾ ਹੈ। ਜਿਸ ਅਨੁਸਾਰ ਉਸਦੀ ਸੋਚ ਵੀ ਬਹੁਪੱਖੀ ਤੇ ਬਹੁ-ਦਿਸ਼ਾਵੀ ਹੋ ਗਈ ਹੈ। ਜਿਸ ਦਾ ਵਰਨਣ ਸਾਹਿਤ ਦੇ ਨਾਵਲ ਰੂਪ ਵਿਚ ਵਧੇਰੇ ਡੂੰਘਾਈ ਅਤੇ ਸੂਖ਼ਮਤਾ ਤੇ ਸਹਿਜਤਾ ਨਾਲ ਹੁੰਦਾ ਮਿਲਦਾ ਹੈ ਕਿਉਂਕਿ ਨਾਵਲ ਸਾਹਿਤ ਮਨੁੱਖੀ ਜੀਵਨ ਦੀ ਵਿਆਪਕਤਾ ਨੂੰ ਵਿਸ਼ਾਲ ਰੂਪ ਵਿਚ ਦਰਸਾਉਣ ਦੀ ਸਮਰੱਥਾ ਰੱਖਦਾ ਹੈ। ਰੈਲਫ਼ ਫ਼ਾੱਕਸ ਦਾ ਵਿਚਾਰ ਹੈ :

"ਨਾਵਲ ਮਨੁੱਖੀ ਜੀਵਨ ਦੀ ਵਾਰਤਕ ਹੈ। ਇਹ ਪਹਿਲੀ ਕਲਾ ਹੈ ਜਿਸ ਵਿਚ ਮਨੁੱਖ ਦੇ ਸਮੁੱਚੇ ਜੀਵਨ ਨੂੰ ਬਿਆਨਣ ਦਾ ਯਤਨ ਕੀਤਾ ਜਾਂਦਾ ਹੈ।"[139]

ਸੋ ਨਾਵਲ ਦੀ ਪੇਸ਼ਕਾਰੀ ਤੋਂ ਭਾਵ ਮਨੁੱਖ ਦੇ ਸਮੁੱਚੇ ਜੀਵਨ ਵਿਚ ਉਸਦੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਹੀ ਨਹੀਂ ਕੀਤੀ ਜਾਂਦੀ ਸਗੋਂ ਮਨੁੱਖ ਦੀ ਸਮੁੱਚੀ ਜ਼ਿੰਦਗੀ ਦੇ ਚਿਤਰਨ ਤੋਂ ਭਾਵ ਉਸਦੀ ਸੰਸਕ੍ਰਿਤੀ, ਆਲੇ-ਦੁਆਲੇ, ਸਮਾਜਿਕ, ਆਰਥਿਕ, ਸਭਿਆਚਾਰਕ, ਤੇ ਰਾਜਨੀਤਿਕ ਆਦਿ ਗਤੀਵਿਧੀਆਂ ਨੂੰ ਉਸਦੀ ਬੌਧਿਕਤਾ,

ਭਾਵੁਕਤਾ ਅਤੇ ਵਿਹਾਰਿਕਤਾ ਰਾਹੀਂ ਉਜਾਗਰ ਕੀਤਾ ਜਾਂਦਾ ਹੈ। ਇਸ ਸੰਦਰਭ ਵਿਚ ਡਾ. ਟੀ.ਆਰ.ਵਿਨੋਦ ਦੇ ਮਤ ਨੂੰ ਦੇਖਿਆ ਜਾ ਸਕਦਾ ਹੈ :

"ਸੰਸਕ੍ਰਿਤੀ ਦਾ ਕੋਈ ਅਜਿਹਾ ਅੰਗ ਨਹੀਂ ਜਿਹੜਾ ਉਪਨਿਆਸ ਦੇ ਕਰਮ ਖੇਤਰ ਵਿਚ ਨਾ ਸਮਾ ਸਕਦਾ ਹੋਵੇ ਪਰ ਸੰਸਕ੍ਰਿਤੀ ਦਾ ਅਜਿਹਾ ਅੰਗ ਵੀ ਹੈ ਜਿਹੜਾ ਉਪਨਿਆਸ ਵਰਗੇ ਖੁੱਲ੍ਹੇ ਡੁੱਲ੍ਹੇ ਬੰਧਨ ਰਹਿਤ ਰੂਪ ਵਿਚ ਹੀ ਸਮਾ ਸਕਦਾ ਹੈ ਅਤੇ ਜਿਸਦੇ ਪ੍ਰਗਟਾ ਦੀ ਲੋੜ ਵਿਚੋਂ ਹੀ ਇਸ ਰੂਪ ਦਾ ਜਨਮ ਹੋਇਆ ਪ੍ਰਤੀਤ ਹੁੰਦਾ ਹੈ।"[140]

ਅਜੋਕਾ ਪੰਜਾਬੀ ਨਾਵਲ ਜਿਥੇ ਪੰਜਾਬ ਦੀਆਂ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਸਭਿਆਚਾਰਕ ਸਮੱਸਿਆਵਾਂ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ ਉਥੇ ਜੀਵਨ ਦੀ ਹਕੀਕਤ ਨਾਲ ਜੁੜੇ ਦਿਸਦੇ ਜਾਂ ਅਣਦਿਸਦੇ ਪੱਖਾਂ ਨੂੰ ਰੂਪਮਾਨ ਵੀ ਕਰਦਾ ਹੈ ਕਿਉਂਕਿ ਨਾਵਲ ਹੀ ਅਜਿਹਾ ਸਾਹਿਤ ਰੂਪ ਹੈ ਜੋ ਮਨੁੱਖੀ ਜ਼ਿੰਦਗੀ ਦੀ ਤਸਵੀਰ ਨੂੰ ਹੂ-ਬ-ਹੂ ਅੰਕਿਤ ਕਰਨ ਦੀ ਸਮਰੱਥਾ ਰੱਖਦਾ ਹੈ। ਸੋ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਵਿਚ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਸਭਿਆਚਾਰਕ ਪਹਿਲੂਆਂ ਨੂੰ ਲੈ ਕੇ ਸਫ਼ਲ ਨਾਵਲਾਂ ਦੀ ਸਿਰਜਨਾ ਕੀਤੀ ਹੈ। ਉਸਦੇ ਨਾਵਲਾਂ ਦੇ ਮੁੱਖ ਵਿਸ਼ੇ ਕਾਨੂੰਨੀ, ਸਿਆਸੀ, ਆਰਥਿਕ, ਸਭਿਆਚਾਰਕ, ਪਰਿਵਾਰਕ ਆਦਿ ਸੰਕਟਾਂ ਹੇਠ ਆਏ ਮਨੁੱਖ ਦੀ ਤ੍ਰਾਸਦੀ ਨੂੰ ਬਾਖ਼ੂਬੀ ਚਿਤਰਦੇ ਤੇ ਬਿਆਨਦੇ ਹਨ। ਸਮੁੱਚੀ ਰਚਨਾ ਦਾ ਥੀਮ ਭੂਤ, ਵਰਤਮਾਨ ਤੇ ਭਵਿਖ ਦੇ ਦੁਖਾਂਤਕ ਪਹਿਲੂਆਂ ਨੂੰ ਹਮਦਰਦੀ ਨਾਲ ਚਿਤਰਦਾ ਹੋਇਆ ਹਰ ਪਾਤਰ ਦੇ ਦੁਖਾਂਤਕ ਜੀਵਨ ਦੀ ਪਿੱਛਲਝਾਤ ਵਿਚ ਪੂਰਾ ਸਮਾਜ, ਸਭਿਆਚਾਰ, ਧਾਰਮਿਕ ਤੇ ਰਾਜਨੀਤਿਕ ਕਦਰਾਂ-ਕੀਮਤਾਂ ਅਤੇ ਭਾਰਤੀ ਮਿਥਿਹਾਸ ਖੜ੍ਹਾ ਨਜ਼ਰ ਆਉਂਦਾ ਹੈ। ਸਮੁੱਚਾ ਸਿਸਟਮ ਇੰਨਾ ਕੁਰੱਪਟ ਹੋ ਚੁੱਕਾ ਹੈ ਕਿ ਉਸ ਵਿਚ ਮਨੁੱਖ ਨਾਲੋਂ ਪੈਸੇ ਨੂੰ ਜ਼ਿਆਦਾ ਤਰਜੀਹ ਦਿੱਤੀ ਜਾ ਰਹੀ ਹੈ। ਮਨੁੱਖੀ ਰਿਸ਼ਤਿਆਂ ਦੀਆਂ ਸੂਖ਼ਮ ਪਰਤਾਂ ਵੀ ਪੈਸੇ ਲਈ ਤਿੜਕ ਰਹੀਆਂ ਹਨ, ਜਿਸ ਕਰਕੇ ਸਮਾਜਿਕ ਤੇ ਸਭਿਆਚਾਰਕ ਅਸੰਤੁਲਨ ਫੈਲ ਚੁੱਕਿਆ ਹੈ। ਇਸ ਨੂੰ ਦਰਸਾਉਣਾ ਹੀ ਇਸ ਅਧਿਆਇ ਦਾ ਮੁੱਖ ਮਕਸਿਦ ਹੈ ਕਿ ਨਾਵਲ ਸਮਾਜਿਕ ਤੇ ਸਭਿਆਚਾਰਕ ਅਸੰਤੁਲਨ ਵਿਚ ਵਾਪਰ ਰਹੇ ਪਰਿਵਰਤਨ ਦੇ ਕੇਵਲ ਸਰੂਪ ਨੂੰ ਹੀ ਸਾਕਾਰ ਨਹੀਂ ਕਰਦਾ ਸਗੋਂ ਇਸਦੇ ਕਾਰਨਾਂ ਨੂੰ ਵੀ ਉਜਾਗਰ ਕਰਦਾ ਹੈ।

ਮੀਤ ਦਾ ਪਲੇਠਾ ਨਾਵਲ 'ਅੱਗ ਦੇ ਬੀਜ' ਵਿਆਪਕ ਪੱਧਰ ਉਪਰ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਰੁਜ਼ਗਾਰੀ, ਮਿਹਨਤ, ਲਿਆਕਤ ਅਤੇ ਯੋਗਤਾ ਦੀ ਹੋ ਰਹੀ ਬੇਕਦਰੀ ਅਤੇ ਖੱਜਲ-ਖੁਆਰੀ, ਸੁਪਨਿਆਂ ਦਾ ਟੁੱਟਣਾ ਆਦਿ ਵਿਸ਼ਿਆਂ ਨੂੰ ਦਰਸਾਉਣ ਦੇ ਨਾਲ-ਨਾਲ ਸਮਾਜਿਕ ਸਭਿਆਚਾਰਕ ਅਸੰਤੁਲਨ ਨੂੰ ਵੀ ਰੂਪਮਾਨ ਕਰਦਾ ਹੈ। ਕਰਤਾਰ ਇਸ ਨਾਵਲ ਦਾ ਮਿਹਨਤੀ, ਹੁਨਰੀ, ਪੜ੍ਹਿਆ-ਲਿਖਿਆ ਪਰ ਬੇਰੁਜ਼ਗਾਰ ਪਾਤਰ ਹੈ। ਉਸਦੇ ਪਿਤਾ ਦੇ ਹਿੱਸੇ ਸਿਰਫ਼ ਤਿੰਨ ਕਿੱਲੇ ਜ਼ਮੀਨ ਦੇ ਹਨ ਜਿਸ ਵਿਚੋਂ ਫਸਲ ਰੱਬ ਦੇ ਆਸਰੇ ਹੀ ਨਿਕਲਦੀ ਹੈ :

"ਜੇ ਭੋਰਾ ਮੀਂਹ ਪੈ ਗਿਆ ਤਾਂ ਪਾਣੀ ਭਰ ਗਿਆ ਤੇ ਜੇ ਨਾ ਪਿਆ ਤਾਂ ਸੋਕਾ ਪੈ

ਗਿਆ। ਕਦੇ ਗੜੇ ਆ ਗਏ ਤੇ ਕਦੇ ਵਰੋਲਿਆਂ ਨੇ ਫਸਲਾਂ ਜੜੋਂ ਉਖੇੜ ਸੁਟਣੀਆਂ।"[141]

ਕਰਤਾਰ ਦੇ ਪਿਤਾ ਇੰਨੀ ਥੋੜ੍ਹੀ ਜ਼ਮੀਨ ਹੋਣ ਦੇ ਬਾਵਜੂਦ ਵੀ ਕਰਤਾਰ ਨੂੰ ਪੜ੍ਹਾ-ਲਿਖਾ ਕੇ ਅਫ਼ਸਰ ਬਣਾਉਣ ਦੀ ਚਾਹਤ ਰੱਖਦਾ ਹੋਇਆ ਆਪਣਾ ਸਭ ਕੁਝ ਵਿਕ ਜਾਣ ਦੀ ਵੀ ਪ੍ਰਵਾਹ ਕੀਤੇ ਬਿਨਾਂ ਪਦਾਰਥਕ ਖੁਸ਼ਹਾਲੀ ਦੀ ਆਸ ਰੱਖਦਾ ਹੈ ਅਤੇ ਫਸਲ ਉੱਤੇ ਹੁੰਦੀਆਂ ਕੁਦਰਤ ਦੀਆਂ ਕਰੋਪੀਆਂ ਤੋਂ ਡਰਦਾ ਆਪਣੇ ਪੁੱਤਰ ਦੀ ਨੌਕਰੀ ਦੀ ਉਮੀਦ ਰੱਖਦਾ ਹੈ :

"ਸਿਆਣੇ ਆਖਦੇ ਨੇ ਮੀਂਹ ਜਾਵੇ ਹਨੇਰੀ ਜਾਵੇ ਨੌਕਰੀ ਵਾਲਿਆਂ ਦੀ ਨੌਕਰੀ ਪੈਸੇ ਦੇ ਜਾਂਦੀ ਹੈ।"[142]

ਕਰਤਾਰ ਦਾ ਪਿਤਾ ਪੁੱਤਰ ਦੀ ਨੌਕਰੀ ਕਰਕੇ ਕੀਤੀ ਕਮਾਈ ਨੂੰ ਦੇਖਣ ਦਾ ਸੁਪਨਾ ਲੈਂਦਾ ਰਿਹਾ ਤੇ ਅਖੀਰ ਬਿਨਾਂ ਦੇਖੇ ਹੀ ਦੁਨੀਆਂ ਤੋਂ ਚਲਾ ਗਿਆ :

"ਅੱਜ ਫੇਰ ਉਸਨੂੰ ਇੰਟਰਵਿਊ ਕਾਰਡ ਆਇਆ ਸੀ। ਪਰ ਇਸ ਵਾਰ ਅੱਗੇ ਵਰਗੀ ਖੁਸ਼ੀ, ਹੌਸਲਾ ਤੇ ਉਮੀਦ ਉਸ ਵਿਚ ਨਹੀਂ ਸੀ। ਅਗਲੇ ਸੈਂਕੜੇ ਚੱਕਰਾਂ ਵਾਂਗ ਉਸਦਾ ਇਹ ਚੱਕਰ ਵੀ ਦਫ਼ਤਰਾਂ ਦੀ ਖਾਕ ਛਾਣ ਕੇ ਘਰ ਮੁੜ ਆਉਣ ਤੱਕ ਹੀ ਸੀਮਤ ਰਹਿਣਾ ਸੀ।"[143]

ਪਿਉ ਦੀ ਮੌਤ ਤੋਂ ਬਾਅਦ ਘਰ ਦੀ ਕਬੀਲਦਾਰੀ ਦਾ ਬੋਝ ਤੇ ਹੱਥ ਵਿਚ ਆਪਣੀ ਪ੍ਰਾਪਤ ਕੀਤੀਆਂ ਡਿਗਰੀਆਂ ਨੂੰ ਚੁੱਕ ਕੇ ਨੌਕਰੀ ਲੱਗਣ ਲਈ ਪਿੰਡ ਦੇ ਸਰਦਾਰ ਦੀ ਸਿਫਾਰਸ਼ ਦਾ ਸਹਾਰਾ ਲੱਭਦਾ ਹੈ। ਪਰ ਸਰਦਾਰ ਅੱਗੋਂ ਰਿਸ਼ਵਤ ਲੈਣ ਦੀ ਹੈਂਕੜਬਾਜ਼ੀ ਦਿਖਾਉਂਦਾ ਹੈ। ਇਹ ਜਵਾਬ ਦਿੰਦਾ ਹੈ :

"ਜਵਾਕ ਈ ਰਿਹਾ ਨਾ ਨੌਕਰੀਆਂ ਕੋਈ ਨੰਬਰਾਂ ਨਾਲ ਥੋੜ੍ਹਾ ਮਿਲਦੀਆਂ ਅੱਜ ਕੱਲ। ਇਹ ਨੋਟਾਂ ਨਾਲ ਮਿਲਦੀਆਂ ਨੇ।"[144]

ਉਪਰੋਕਤ ਵੇਰਵਾ ਸਪੱਸ਼ਟ ਕਰਦਾ ਹੈ ਕਿ ਇਥੇ ਮਨੁੱਖ ਦੀ ਲਿਆਕਤ ਨਾਲੋਂ ਪੈਸੇ ਦੀ ਜ਼ਿਆਦਾ ਅਹਿਮੀਅਤ ਹੈ। ਉਕਤ ਵੇਰਵੇ ਦੇ ਸੰਦਰਭ ਰਾਹੀਂ ਨਾਵਲਕਾਰ ਭ੍ਰਿਸ਼ਟ ਹੋ ਚੁੱਕੇ ਸਿਸਟਮ, ਸਮਾਜਿਕ ਵਿਵਸਥਾ, ਵਿਦਿਅਕ ਪ੍ਰਣਾਲੀ ਦੇ ਉੱਚ ਅਧਿਕਾਰੀਆਂ ਦੇ ਉਲਾਰਾਂ ਦੀਆਂ ਅਮਾਨਵੀ ਤੰਦਾਂ ਨੂੰ ਖਲਨਾਇਕ ਦੇ ਰੂਪ ਵਿਚ ਪ੍ਰਤੀਬਿੰਬਤ ਕਰਦਾ ਹੈ। ਸਰਦਾਰ ਨਵਾਂ ਬਣਿਆ ਅਮੀਰ, ਫੁਕਰਾ, ਕਾਮੀ ਪੁਰਸ਼ ਤੇ ਘਟੀਆ ਸੋਚ ਦਾ ਮਾਲਕ ਹੈ। ਉਹ ਜ਼ਿਆਦਾ ਰਿਸ਼ਵਤ ਦੇਣ ਵਾਲਿਆਂ ਦੀ ਸਿਫਾਰਸ਼ ਕਰਦਾ ਹੈ। ਰਿਸ਼ਵਤ ਦੇ ਪੈਸਿਆਂ ਨਾਲ ਐਸ਼ੋ-ਇਸ਼ਰਤ ਕਰਨ ਦਾ ਆਦੀ ਹੋ ਚੁੱਕਾ ਹੈ। ਇਸੇ ਪੈਸੇ ਕਾਰਨ ਉਸਦੇ ਘਰ ਦਾ ਸਮੁੱਚਾ ਮਾਹੌਲ ਬਦਲ ਜਾਂਦਾ ਹੈ :

"ਸਰਦਾਰ ਦੀ ਅਮੀਰੀ ਦਾ ਹੋਰ ਭਾਵੇਂ ਕੋਈ ਵੀ ਅਸਰ ਹੋਇਆ ਹੋਵੇ ਪਰ ਉਹਦੀ ਪਤਨੀ ਮੇਲੋ ਦੀ ਆਫ਼ਤ ਆ ਗਈ ਸੀ। ਗੋਹੇ ਕੂੜੇ ਕਰਦੀ ਤੇ ਡੰਗਰਾਂ 'ਚ ਪਲੀ ਗੋਲੋ ਭਲਾ ਕਿਵੇਂ ਰਾਤੋ ਰਾਤ ਬਦਲ ਕੇ ਇਕ ਮਾਡਰਨ ਪਤਨੀ ਬਣ ਸਕਦੀ ਸੀ। ...ਕੋਠੀ ਵਿਚ ਬਦਲਦੇ ਪਰਦਿਆਂ ਵਾਂਗ ਉਹ ਆਪਣੀ ਪਤਨੀ ਨੂੰ ਵੀ ਬਦਲਣਾ ਚਾਹੁੰਦਾ ਸੀ।"[145]

ਉਸਨੇ ਆਪਦੀਆਂ ਦੋ ਪਤਨੀਆਂ ਨੂੰ ਮਾਰ ਕੇ ਤੀਸਰਾ ਵਿਆਹ ਛੋਟੀ ਉਮਰ ਦੀ ਲੜਕੀ ਨਾਲ ਕਰਵਾ ਲਿਆ ਪਰੰਤੂ ਕਾਮਕ ਸੰਤੁਸ਼ਟੀ ਨਹੀਂ ਸੀ ਮਿਲੀ। ਇਸ ਕਰਕੇ ਉਹ ਹੋਟਲਾਂ ਵਿਚ ਜਾ ਕੇ ਕਾਲ ਗਰਲਜ਼ ਨਾਲ ਮੌਜ ਮਸਤੀ ਕਰਦਾ ਹੈ। ਉਹ ਕਰਤਾਰ ਨੂੰ ਜ਼ਮੀਨ ਵੇਚ ਕੇ ਨੌਕਰੀ ਦਿਵਾਉਣ ਦਾ ਲਾਰਾ ਲਾ ਦਿੰਦਾ ਹੈ, ਪਰ ਕਰਤਾਰ ਦੇ ਪੈਸਿਆਂ ਨਾਲ ਅੱਯਾਸ਼ੀ ਕਰਕੇ ਵਾਪਸ ਆ ਜਾਂਦਾ ਹੈ। ਕਰਤਾਰ ਆਪਣੀ ਲਿਆਕਤ ਮਿਹਨਤ ਤੇ ਸਿਆਣਪ ਨਾਲ ਵੀ ਆਪਣਾ ਹੱਕ ਨਹੀਂ ਪ੍ਰਾਪਤ ਕਰ ਸਕਦਾ। ਨਾਵਲਕਾਰ ਕਰਤਾਰ ਪਾਤਰ ਰਾਹੀਂ ਨਿਮਨ ਮੱਧ ਸ਼੍ਰੇਣੀ ਦੇ ਸੁਪਨਿਆਂ ਦੇ ਦੁਖਾਂਤ ਨੂੰ ਪ੍ਰਸਤੁਤ ਕਰਦਾ ਹੈ। ਗੁਰਸ਼ਰਨ ਸਿੰਘ ਦਾ ਕਥਨ ਹੈ :

"ਨਾਵਲ ਦਾ ਨਾਇਕ ਕਰਤਾਰ ਅੱਜ ਦੀ ਨੌਜਵਾਨ ਪੀੜ੍ਹੀ ਦਾ ਇਕ ਸਹੀ ਪ੍ਰਤੀਨਿਧ ਹੈ, ਉਸ ਕੋਲ ਹੁਨਰ ਹੈ, ਲਿਆਕਤ ਹੈ, ਪੜ੍ਹਾਈ ਹੈ ਪਰ ਉਸਦੇ ਕੋਲ ਜਿਉਣ ਲਈ ਕੋਈ ਸਾਧਨ ਨਹੀਂ, ਉਹ ਇਸ ਘੁੰਮਣਘੇਰੀ ਵਿਚ ਫਸਿਆ ਹੈ। ਜਿੰਨੀਆਂ ਬਾਹਵਾਂ ਉਹ ਇਸ ਘੁੰਮਣਘੇਰੀ ਤੋਂ ਬਾਹਰ ਨਿਕਲਣ ਲਈ ਮਾਰਦਾ ਹੈ, ਉਨਾ ਹੀ ਉਹ ਥੱਲੇ ਜਾਈ ਜਾਂਦਾ ਹੈ।"[146]

ਕਰਤਾਰ ਅਤੇ ਉਸਦਾ ਪਿਤਾ ਵਿਦਿਆ ਰਾਹੀਂ ਪਦਾਰਥਕ ਖੁਸ਼ਹਾਲੀ ਪ੍ਰਾਪਤ ਕਰਨਾ ਲੋਚਦੇ ਹਨ ਪਰੰਤੂ ਸਮਾਜ ਦੀ ਭ੍ਰਿਸ਼ਟਾਚਾਰੀ ਉਹਨਾਂ ਦੇ ਸੁਪਨਿਆਂ ਨੂੰ ਤੋੜ ਦਿੰਦੀ ਹੈ। ਕਰਤਾਰ ਅੰਦਰੋਂ ਨੌਕਰੀ ਨਾ ਮਿਲਣ ਕਰਕੇ ਦੁਖੀ ਹੁੰਦਾ ਹੈ। ਸਰਦਾਰ ਕਰਤਾਰ ਨੂੰ ਜ਼ਮੀਨ ਵੇਚਣ ਲਈ ਮਜ਼ਬੂਰ ਕਰਦਾ ਹੈ :

"ਅਸ਼ਟਾਮ ਤੇ ਅੰਗੂਠਾ ਲਾਉਂਦੇ ਸਮੇਂ ਉਸਦੇ ਪਿਉ ਦੀਆਂ ਅੱਖਾਂ ਵਿਚ ਜੋ ਅੱਥਰੂ ਟਪਕੇ ਸਨ ...ਆਖਦੇ ਹੁੰਦੇ ਆ ਹਨੇਰੇ ਪਿਛੋਂ ਹੀ ਸਵੇਰ ਦੀ ਹੋਂਦ ਹੁੰਦੀ ਹੈ ...ਉਹਦਾ ਪੁੱਤਰ ਸੈਂਕੜੇ ਵਿਘੇ ਜ਼ਮੀਨ ਖਰੀਦੇਗਾ, ਟਰੈਕਟਰਾਂ ਦੀ ਘੂਕਰ ਪਿਆ ਕਰੇਗੀ, ਹਰ ਹਾੜ੍ਹੀ ਸਾਉਣੀ ਦਾਣਿਆਂ ਨਾਲ ਕੋਠੇ ਭਰਿਆ ਕਰਨਗੇ।"[147]

ਇਥੇ ਨਾਵਲਕਾਰ ਨੇ ਕਿਸਾਨ ਦੇ ਪੁੱਤਰ ਦੇ ਭੂਮੀ ਨਾਲ ਜੁੜੇ ਸੰਸਕਾਰਾਂ, ਸੁਪਨਿਆਂ ਅਤੇ ਲਗਾਉ ਨੂੰ ਡੂੰਘੀ ਮਾਨਵੀ ਵੇਦਨਾ ਨਾਲ ਰੂਪਮਾਨ ਕੀਤਾ ਹੈ। ਜ਼ਮੀਨ ਵੇਚਣ ਦਾ ਉਸਦਾ ਨਿਰਣਾ ਕਿਰਸਾਨੀ ਦੀ ਸਭਿਆਚਾਰਕ ਚੇਤਨਾ ਵਿਚ ਦੁਖਾਂਤ ਦੇ ਰੂਪ ਨੂੰ ਪੇਸ਼ ਕਰਦਾ ਹੈ ਪਰ ਕਰਤਾਰ ਦੀ ਨੌਕਰੀ ਹਨੇਰੇ ਪਿਛੋਂ ਸਵੇਰ ਦੀ ਆਸ ਹੈ। ਜਿਸ ਬਾਰੇ ਸੁਖਦੇਵ ਸਿੰਘ ਖਾਹਰਾ ਲਿਖਦੇ ਹਨ, "ਰਿਸ਼ਵਤ ਲਈ ਰਹਿੰਦੇ ਜ਼ਮੀਨ ਦੇ ਕਿਲੇ ਨੂੰ ਵੇਚਣ ਦੀ ਕਠੋਰ ਅਸਲੀਅਤ ਦੇ ਸਨਮੁੱਖ ਬਚਪਨ ਦੀਆਂ ਯਾਦਾਂ, ਮਰਹੂਮ ਪਿਉ ਦੇ ਸੁਪਨੇ ਤੇ ਖੇਤਾਂ ਪ੍ਰਤੀ ਉਸਦੇ ਭਾਵੁਕ ਸਾਂਸਕ੍ਰਿਤਕ ਲਗਾਉ ਨੂੰ ਕਰੁਣਾਮਈ ਗਲਪ ਚਿੱਤਰਾਂ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਬੇਰੁਜ਼ਗਾਰ ਸਥਿਤੀ ਵਿਚ ਲੋਕਾਚਾਰੀ ਦੇ ਕਟਾਖਸ਼ਮਈ ਨਿਰਣੇ ਤੇ ਖੇਤਾਂ ਵੱਲੋਂ ਆਰਥਿਕ ਸਾਂਸਕ੍ਰਿਤਕ ਤੌਰ ਤੇ ਵਿਜੋਗੇ ਜਾਣ ਦਾ ਝੋਰਾ, ਉਸਦੀ ਮਾਨਸਿਕ ਦੁਬਿਧਾ ਨੂੰ ਜਨਮ ਦਿੰਦਾ ਹੈ। ਜੱਟ ਕਿਸਾਨ ਦੀ ਆਪਣੀ ਜ਼ਮੀਨ ਨਾਲ ਸਾਂਝ ਦੀ ਸਾਂਸਕ੍ਰਿਤਕ ਪਰੰਪਰਾ ਤੇ ਨੌਕਰੀ ਲੈਣ ਦੀ ਮੱਧ-ਸ਼੍ਰੇਣਿਕ ਮਜ਼ਬੂਰੀ ਵਿਚੋਂ ਉਹ ਪੂੰਜੀਵਾਦ

ਵਲੋਂ ਨਿੱਕੀ ਕਿਰਸਾਨੀ ਨੂੰ ਨਿਘਾਰਨ ਦੇ ਅਨਿਵਾਰੀ ਵੇਗਾਂ ਦੇ ਰੂ-ਬ-ਰੂ ਦੂਸਰੀ ਹਕੀਕਤ ਦੇ ਸਨਮੁੱਖ ਝੁਕ ਜਾਂਦਾ ਹੈ।"[148]

ਸਰਦਾਰ ਕਰਤਾਰ ਦੇ ਪੈਸਿਆਂ ਤੇ ਐਸ਼ ਕਰਨ ਲਈ ਨਿਊ ਹੋਟਲ ਪਹੁੰਚ ਜਾਂਦਾ ਹੈ ਜਿਥੇ ਸਮਾਜਿਕ ਤੇ ਸਭਿਆਚਾਰਕ ਅਸੁੰਤਨ ਇਹ ਪੇਸ਼ ਹੁੰਦਾ ਹੈ ਕਿ ਪੂੰਜੀਵਾਦੀ ਸਭਿਆਚਾਰ ਨੇ ਬਹੁਤ ਤਰੱਕੀ ਕੀਤੀ ਹੈ ਕਿਉਂਕਿ ਇਹ ਹੋਟਲ ਬਾਹਰੀ ਸਭਿਆਚਾਰ ਅਤੇ ਮਨ ਨੂੰ ਲੁਭਾਉਣਾ ਲਗਦਾ ਹੈ ਪਰ ਇਸਦੀ ਹਕੀਕਤ ਨਿੱਘਰ ਰਹੇ ਮਨੁੱਖੀ ਰਿਸ਼ਤਿਆਂ ਦੀ ਦਾਸਤਾਨ ਹੈ। ਗਰੀਬ ਘਰਾਂ ਦੀਆਂ ਲੜਕੀਆਂ ਹੋਟਲ ਵਿਚ ਮਜ਼ਬੂਰੀ ਵੱਸ ਡਾਂਸ ਕਰਦੀਆਂ ਹਨ ਤੇ ਸਰਦਾਰਾਂ ਵਰਗੇ ਅਮੀਰ ਲੋਕਾਂ ਦੀ ਹਵਸ ਦੀ ਪੂਰਤੀ ਕਰਦੀਆਂ ਹਨ। ਇਥੇ ਹੀ ਕਰਤਾਰ ਨਾਲ ਪੜ੍ਹਨ ਵਾਲੀ ਕੁੜੀ ਪਰਮਜੀਤ ਕੰਮ ਕਰਦੀ ਹੈ, ਜੋ ਨੌਕਰੀ ਦੇ ਝਾਂਸੇ ਕਾਰਨ ਲੁੱਟੀ ਜਾ ਚੁੱਕੀ ਹੈ। ਹੋਟਲ ਦੇ ਮਾਲਕ ਇਕ ਗਾਹਕ ਤੋਂ ਚਾਰ-ਪੰਜ ਸੌ ਰੁਪਿਆ ਲੈਂਦੇ ਹਨ ਜਦਕਿ ਉਨ੍ਹਾਂ ਨੂੰ ਸਿਰਫ 25-30 ਰੁਪਏ ਮਿਲਦੇ ਹਨ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਨ੍ਹਾਂ ਕੁੜੀਆਂ ਦੇ ਅਨੇਕਾਂ ਸੁਪਨੇ ਟੁੱਟਦੇ ਹਨ ਤੇ ਹਰ ਸੱਧਰ ਮਧੋਲੀ ਜਾਂਦੀ ਹੈ।

ਸੋ ਨਾਵਲਕਾਰ ਪ੍ਰਾਪਤੀ ਲੋੜਾਂ ਥੁੜਾਂ ਦੇ ਸਤਾਏ ਲੋਕਾਂ ਦੀ ਜ਼ਿੰਦਗੀ ਦੀ ਪੀੜਾ ਨੂੰ ਸਰਮਾਏਦਾਰੀ ਸਿਸਟਮ ਵਿਚ ਪੀੜ੍ਹੀ-ਦਰ-ਪੀੜ੍ਹੀ ਤੁਰੀ ਆ ਰਹੀ ਅਮੀਰੀ ਨੂੰ ਦਰਸਾਉਣ ਵਿਚ ਹੈ ਜੋ ਨੌਜਵਾਨ ਵਰਗ ਜਿਹੜਾ ਅਮੀਰੀ ਦਾ ਸਤਾਇਆ ਹੋਇਆ ਹੈ, ਉਸਦੇ ਮਨ ਵਿਚ ਨਫ਼ਰਤ ਪੈਦਾ ਕਰਦਾ ਹੈ ਜੋ ਆਪਣੀ ਜਿਉਂਈ ਜਾ ਰਹੀ ਜ਼ਿੰਦਗੀ ਦਾ ਕਾਰਨ ਸਮਾਜਿਕ, ਆਰਥਿਕ ਤੇ ਸਭਿਆਚਾਰਕ ਅਸੰਤੁਲਨ ਨੂੰ ਮੰਨਦੇ ਹਨ।

'ਕਾਫ਼ਲਾ' ਮਿੱਤਰ ਸੈਨ ਮੀਤ ਦਾ ਦੂਸਰਾ ਨਾਵਲ ਹੈ। ਇਹ ਨਾਵਲ ਜਗੀਰਦਾਰੀ ਸਿਸਟਮ ਦੇ ਲੁਕਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਜਿਸਦੇ ਵਿਸ਼ੇ ਜਗੀਰਦਾਰਾਂ ਦੁਆਰਾ ਸਾਧਾਰਨ ਬੰਦਿਆਂ ਨਾਲ ਕੀਤੀ ਧੱਕੇਸ਼ਾਹੀਆਂ ਅਤੇ ਦਰਿੰਦਗੀਆਂ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਨਾਵਲ ਵਿਚਲੇ ਮੁਜਾਰੇ ਗਰੀਬ ਅਤੇ ਦਲਿਤ ਲੋਕ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਧੱਕੇਸ਼ਾਹੀਆਂ ਦੇ ਸ਼ਿਕਾਰ ਹੁੰਦੇ ਹਨ, ਪਰ ਉਨ੍ਹਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ। ਸਗੋਂ ਪਿੰਡ ਦੇ ਸਰਦਾਰ ਅਤੇ ਚੌਧਰੀ ਉਨ੍ਹਾਂ ਨੂੰ ਆਪਣੀਆਂ ਕਠਪੁਤਲੀਆਂ ਸਮਝਦੇ ਤੇ ਸਰਕਾਰ, ਪੁਲਿਸ ਅਤੇ ਸਿਆਸੀ ਤਾਕਤ ਵੀ ਇਹਨਾਂ ਦੇ ਹੱਕ ਵਿਚ ਹੀ ਭੁਗਤਦੀ ਹੈ। ਨਾਵਲ ਦਾ ਮੁੱਖ ਵਿਸ਼ਾ ਸਰਮਾਏਦਾਰੀ ਸਿਸਟਮ ਦੀ ਜਕੜ ਵਿਚ ਆਏ ਗਰੀਬ ਲੋਕਾਂ ਦੇ ਜੀਵਨ ਦਾ ਕੌੜਾ ਸੱਚ ਰੂਪਮਾਨ ਕਰਦਾ ਹੈ :

"ਸਾਰੀ ਰਾਤ ਉਨ੍ਹਾਂ ਮਜਾਰਿਆਂ ਦੇ ਘਰ ਚੀਕ ਚਿਆੜਾ ਰਿਹਾ ਜਿਹੜੇ ਇਸ ਅੱਗ ਦੀ ਲਪੇਟ ਵਿਚ ਆ ਗਏ ਸਨ। ਅੱਗੇ ਕੀ ਹੋਵੇਗਾ; ਸਭ ਨੂੰ ਨਜ਼ਰ ਆ ਰਿਹਾ ਸੀ, ਕਰਜ਼ੇ ਚੁੱਕਣੇ ਪੈਣਗੇ, ਗਾਈਆਂ/ਮੱਝਾਂ ਵੇਚਣੀਆਂ ਪੈਣਗੀਆਂ ਤੇ ਹੋਰ ਸੌ ਤਰਲੇ ਹਾੜੇ, ਕਿੰਨਿਆਂ ਦੇ ਵਿਆਹ, ਕਿੰਨਿਆਂ ਦੀਆਂ ਕੁੜਮਾਈਆਂ ਤੇ ਕਿੰਨਿਆਂ ਦੀਆਂ ਹੋਰ ਧਾਰਮਿਕ ਰਸਮਾਂ ਧਰੀਆਂ ਰਹਿ ਜਾਣਗੀਆਂ। ਅਗਲੇ ਕਈ ਸਾਲ ਭੁੱਖ ਨੰਗ ਤੇ ਕੁਰਲਾਹਟ ਦੇ ਹੋਣਗੇ।"[149]

ਉਕਤ ਵੇਰਵਾ ਸਰਦਾਰਾਂ ਦੁਆਰਾ ਪਿੰਡ ਵਿਚ ਮੁਜ਼ਾਰਿਆਂ ਦੇ ਘਰਾਂ ਵਿਚ ਸਾਜਿਸ਼ ਤਹਿਤ ਲਾਈ ਅੱਗ ਦਾ ਹੈ। ਇਸ ਰਾਹੀਂ ਪੰਜਾਬ ਦੇ ਪੇਂਡੂ ਜੀਵਨ ਦੇ ਆਰਥਿਕ, ਭਾਈਚਾਰਕ, ਸਭਿਆਚਾਰਕ, ਜਿਨਸੀ, ਰਾਜਨੀਤਿਕ ਆਦਿ ਪੱਖਾਂ ਦਾ ਗਿਆਨ ਹੁੰਦਾ ਹੈ ਕਿ ਪਿੰਡ ਵਿਚ ਜਗੀਰਦਾਰ, ਸਰਦਾਰਾਂ ਅਤੇ ਚੌਧਰੀਆਂ ਦਾ ਪਿੰਡ ਦੇ ਲੋਕਾਂ ਤੇ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਾਅਵਾ ਹੈ। ਮੁਜਾਰੇ ਅਤੇ ਭੂਮੀਹੀਣ ਲੋਕਾਂ ਦਾ ਸਰਦਾਰ, ਚੌਧਰੀ, ਜਗੀਰਦਾਰ ਕੇਵਲ ਆਰਥਿਕ ਤੇ ਸਭਿਆਚਾਰਕ ਸ਼ੋਸ਼ਣ ਨਹੀਂ ਕਰਦੇ ਸਗੋਂ ਉਹਨਾਂ ਦੀਆਂ ਧੀਆਂ ਭੈਣਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਵੀ ਬਣਾਉਂਦੇ ਹਨ। ਕਰਤਾਰੋ ਅਮਲੀ ਦੀ ਧੀ ਹੈ ਜੋ ਆਪਣੀ ਜਵਾਨੀ ਦੀ ਰਖਵਾਲੀ ਲਈ ਪ੍ਰੇਮ ਕਰਦੀ ਹੈ ਪਰ ਪਿੰਡ ਦੇ ਸਰਦਾਰ, ਚੌਧਰੀ ਕਰਤਾਰੋ ਨੂੰ ਵਰਤਣਾ ਚਾਹੁੰਦੇ ਹਨ ਕਿਉਂਕਿ ਉਹ ਕੰਮੀਆਂ ਦੀਆਂ ਔਰਤਾਂ ਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ ਦੇ ਆਦੀ ਹੋ ਚੁੱਕੇ ਹਨ। ਪਰ ਕਰਤਾਰੋ ਹਮੇਸ਼ਾ ਪਾਸਾ ਵੱਟਦੀ ਹੈ। ਸਰਦਾਰ ਬੜੀ ਚੁਸਤੀ ਨਾਲ ਉਸ ਦਾ ਆਪਣੇ ਕਾਮੇ ਬਲਦੇਵ ਨਾਲ ਵਿਆਹ ਕਰਵਾ ਦਿੰਦੇ ਹਨ। ਤੇ ਉਸਨੂੰ ਨਸ਼ੇ ਤੇ ਲਾ ਕੇ ਸਰੀਰਕ ਪੱਖੋਂ ਆਰੀ ਕਰ ਦਿੰਦੇ ਹਨ। ਸਰੀਰਕ ਪੱਖੋਂ ਕਿਸੇ ਇਕ ਕਾਮੇ ਨੂੰ ਆਰੀ ਨਹੀਂ ਕਰਦੇ ਸਗੋਂ ਤਕੜੇ ਜੁੱਸਿਆਂ ਵਾਲੇ ਸਾਰੇ ਕਾਮਿਆਂ ਨੂੰ ਮੁਫ਼ਤ ਵਿਚ ਅਫ਼ੀਮ ਤੇ ਪੋਸਤ ਦੇ ਕੇ ਨਸੇੜੀ ਬਣਾ ਦਿੰਦੇ ਹਨ ਤੇ ਖੇਤਾਂ ਵਿਚ ਉਨ੍ਹਾਂ ਦੀਆਂ ਧੀਆਂ, ਭੈਣਾਂ ਤੇ ਤੀਵੀਆਂ ਨਾਲ ਕਾਮੁਕ ਖੇਡਾਂ ਖੇਡਦੇ ਹਨ। ਪਰ ਕਰਤਾਰੋ ਨਹੀਂ ਫਸਦੀ, ਜਿਸਦਾ ਸਰਦਾਰ ਨੂੰ ਪਛਤਾਵਾ ਹੈ :

"ਕਰਤਾਰੋ ਹੱਥੋਂ ਹੋਈ ਬੇਇਜ਼ਤੀ ਕਾਰਨ ਸਰਦਾਰ ਪੂਰੀ ਤਰ੍ਹਾਂ ਬੇਚੈਨ ਸੀ, ਉਹਨੂੰ ਆਪਣੀ ਉਮਰ ਦੇ ਬਾਈ ਵਰ੍ਹਿਆਂ ਵਿਚੋਂ ਇਹ ਪਹਿਲੀ ਹਾਰ ਹੋਈ ਸੀ ਫੇਰ ਉਹ ਵੀ ਇਕ ਕੰਮੀ ਦੀ ਔਲਾਦ ਹੱਥੋਂ। ਇਹ ਇਕ ਸਰਦਾਰ ਲਈ ਮਰ ਮਿਟਣ ਵਾਲੀ ਗੱਲ ਸੀ।"

"ਕੁਤੀਏ ਜਾਤੇ ...ਤੂੰ ਭੈਣ ! ਸੋਡੀ ਜਾਤ ਸਾਡੇ ਸੁਗਲ ਲਈ ਬਣੀ ਏ। ਤੈਨੂੰ ਸਾਡੇ ਟੁੱਕਰਾਂ ਤੇ ਪਲ ਕੇ ਇੰਨਾ ਘੁਮੰਡ ਨਹੀਂ ਹੋਣਾ ਚਾਹੀਦਾ।"[150]

ਇਥੇ ਨਾਵਲਕਾਰ ਕਰਤਾਰੋ ਦੇ ਪਾਤਰ ਰਾਹੀਂ ਸਮੁੱਚੀ ਕੰਮੀ ਔਰਤ ਜਾਤ ਦੀ ਪ੍ਰਤੀਨਿਧ ਪਾਤਰ ਹੈ। ਕਰਤਾਰੋ ਆਪਣੀ ਇੱਜ਼ਤ ਬਚਾਉਣ ਲਈ ਬਲਦੇਵ ਨੂੰ ਕਹਿੰਦੀ ਹੈ:

"ਕੱਲ ਤਾਂ ਸਰਦਾਰ ਆਪ ਏ ਚੰਬੜ ਗਿਆ। ਮੈਂ ਹਕੀ ਬਕੀ ਰਹਿ ਗਈ। ਮਸਾਂ ਜਾਨ ਛੁਡਾਈ ਦੈਂਤੜੇ ਤੋਂ।...ਇਕ ਦਿਨ ਤੇਰਾ ਇਹ ਚੌਧਰੀ ਵੀ ਲਗਿਆ ਸੀ ਟੋਹਨ। ਉਸ ਦਿਨ ਉਸਨੇ ਮੂੰਹ ਉਚੇੜ ਦਿੱਤਾ ਸੀ।...ਚੱਲ ਕਿਤੇ ਬਸ ਭੱਜ ਚੱਲੀਏ। ਨਹੀਂ ਤਾਂ ਇਹ ਮੇਰੀ ਬੋਟੀ ਬੋਟੀ ਨਚੋੜ ਲੈਣਗੇ। ਅੱਗੇ ਬੰਤੋ...ਜੀਤੋ...ਹਰਨਾਮੀ...ਕੀਹਦੀ ਕੀਹਦੀ ਗੱਲ ਨੀ ਉੱਡੀ।"[151]

ਉਪਰੋਕਤ ਹਵਾਲਾ ਜਿਥੇ ਕਰਤਾਰੋ ਦੀ ਦਲੇਰੀ ਨੂੰ ਸਪੱਸ਼ਟ ਕਰਦਾ ਹੈ ਉਥੇ ਮੁੱਢ ਤੋਂ ਹੁੰਦੇ ਆਏ ਸਰਦਾਰ ਤੇ ਚੌਧਰੀਆਂ ਹੱਥੋਂ ਕਾਮੀਆਂ ਦੀਆਂ ਔਰਤਾਂ ਦੀ ਹੁੰਦੀ ਬੇਇਜ਼ਤੀ ਨੂੰ ਵੀ ਮੂਰਤੀਮਾਨ ਕਰਦਾ ਹੈ। ਪੇਂਡੂ ਦਲਿਤ ਔਰਤਾਂ ਦੀ ਜ਼ਿੰਦਗੀ ਦਾ ਇਹ ਕਰੂਰ ਯਥਾਰਥ ਜਿਸਨੂੰ ਔਰਤ ਸਦੀਆਂ ਤੋਂ ਭੋਗਦੀ ਆ ਰਹੀ ਹੈ। ਪਰਸਥਿਤੀ ਦੀ ਵਿਡੰਬਨਾ ਇਹ ਹੈ

ਕਿ ਇਹਨਾਂ ਕੰਮ-ਕਾਜੀ ਔਰਤਾਂ ਦਾ ਹੁਸਨ ਹੀ ਇਨ੍ਹਾਂ ਦੀ ਹੋਣੀ ਬਣ ਜਾਂਦਾ ਹੈ ਤੇ ਇਹਨਾਂ ਦੇ ਘਰਾਂ ਦੀ ਮੰਦੀ ਆਰਥਿਕ ਹਾਲਤ ਇਹਨਾਂ ਨੂੰ ਸਕਤਿਆਂ ਦੇ ਦਰਵਾਜਿਆਂ ਤੇ ਜਾ ਖੜ੍ਹਾ ਕਰਦੀ ਹੈ। ਪੇਂਡੂ ਗੁਲਾਮੀ ਤੋਂ ਅੱਕੀ ਕਰਤਾਰੋ ਆਪਣੀ ਧੀ ਬੰਸੋ ਨੂੰ ਨਾਲ ਲੈ ਕੇ ਸ਼ਹਿਰ ਕੰਮ ਜਾਂਦੀ ਹੈ ਤਾਂ ਸ਼ਹਿਰੀ ਕਾਰਖਾਨਿਆਂ ਦੇ ਬਾਬੂ ਪਿੰਡ ਦੇ ਸਰਦਾਰਾਂ ਵਾਂਗ ਉਹਨਾਂ ਦੀ ਇੱਜ਼ਤ ਨਾਲ ਖੇਡਦੇ ਹਨ :

"ਇਕ ਅੱਧੀ ਦੀ ਗੱਲ ਨੀ। ਇਥੇ ਸਾਰੀਆਂ ਨਾਲ ਇਉਂ ਹੁੰਦੈ ਜਿਹੜਾ ਇਨ੍ਹਾਂ ਅੱਗੇ ਸਿਰ ਨਿਵਾ ਲੈਂਦੀ ਐ ਉਹ ਟਿਕ ਜਾਂਦੀ ਐ। ਨਹੀਂ ਫਸਦੀ ਅਗਲੇ ਦਿਨ ਛੁੱਟੀ ਕਰ ਦਿੰਦੇ ਐ।"[152]

ਸੋ ਇਹ ਵੇਰਵਾ ਸਭਿਆਚਾਰਕ ਅਸੰਤੁਲਨ ਨੂੰ ਪੇਸ਼ ਕਰਦਾ ਹੈ। ਇਕ ਮਹੱਤਵਪੂਰਨ ਪਾਸਾਰਾ ਹੈ, ਸੁਤੰਤਰਤਾ ਤੋਂ ਬਾਅਦ ਬੇਸ਼ੱਕ ਪਿੰਡ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ ਪਰ ਸ਼੍ਰੇਣੀ ਵਿੱਥ ਉਨ੍ਹੀ ਹੀ ਹੈ। ਪਿੰਡਾਂ ਨੂੰ ਸੜਕਾਂ ਰਾਹੀਂ ਸ਼ਹਿਰਾਂ ਨਾਲ ਜੋੜ ਦਿੱਤਾ ਜਾਂਦਾ ਹੈ। ਸ਼ਹਿਰਾਂ ਨਾਲ ਜੁੜਨ ਅਤੇ ਵਿਦਿਅਕ ਫੈਲਾਉ ਲਈ ਸਕੂਲ ਖੁੱਲ੍ਹ ਜਾਂਦੇ ਹਨ। ਅਮੀਰ ਕਿਰਸਾਨੀ ਦੀ ਰਾਜਨੀਤੀ ਵਿਚ ਅਹਿਮੀਅਤ ਵਧ ਜਾਂਦੀ ਹੈ। ਪਰੰਤੂ ਭੂਮੀਹੀਣ ਅਤੇ ਛੋਟੀ ਕਿਰਸਾਨੀ ਦਾ ਆਰਥਿਕ, ਸਮਾਜਿਕ ਤੇ ਸਭਿਆਚਾਰਕ ਸੰਕਟ ਨਿਰੰਤਰ ਡੂੰਘਾ ਹੁੰਦਾ ਜਾਂਦਾ ਹੈ। ਚਾਹੇ ਉਹ ਪਿੰਡ ਰਹਿਣ ਤੇ ਚਾਹੇ ਉਹ ਸ਼ਹਿਰ ਰਹਿਣ।

ਡਾ. ਸੁਖਦੇਵ ਸਿੰਘ ਖਾਹਰਾ ਅਨੁਸਾਰ, "ਮੀਤ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਹਕੀਕਤ ਦੀ ਪੇਸ਼ਕਾਰੀ, ਵਿਸ਼ੇਸ਼ ਕਰਕੇ ਜ਼ਮੀਨੀ ਰਿਸ਼ਤਿਆਂ ਦੇ ਇਰਦ-ਗਿਰਦ ਬੁਣੇ ਹੋਏ ਭਾਵ-ਸੰਸਕਾਰਾਂ ਦੇ ਅੰਤਰ-ਵਿਰੋਧਾਂ ਨੂੰ ਹਕੀਕਤ ਪਸੰਦੀ ਦੇ ਪੈਂਤੜੇ ਤੋਂ ਚਿਤ੍ਰਨ ਦੀ ਕੋਸ਼ਿਸ਼ ਕੀਤੀ ਗਈ ਹੈ।"[153]

'ਤਫ਼ਤੀਸ਼' ਮਿੱਤਰ ਸੈਨ ਮੀਤ ਦਾ ਬਹੁ-ਚਰਚਿਤ ਤੀਸਰਾ ਨਾਵਲ ਹੈ, ਜਿਸ ਰਾਹੀਂ ਉਸਨੇ ਆਪਣੇ ਪੇਸ਼ੇ ਦੇ ਅਨੁਸਾਰ ਨਾਵਲ ਦਾ ਵਿਸ਼ਾ ਬੇਸ਼ੱਕ ਪੁਲਿਸ ਸਭਿਆਚਾਰ ਨੂੰ ਬੜੀ ਬਾਰੀਕੀ ਨਾਲ ਘੋਖਣਾ ਚੁਣਿਆ ਹੈ ਪਰੰਤੂ ਇਸ ਨਾਵਲ ਦੇ ਮੂਲ ਵਿਸ਼ਿਆਂ ਰਾਹੀਂ ਮਨੁੱਖੀ ਜੀਵਨ ਦੇ ਬਹੁਪਰਤੀ ਪੱਖਾਂ ਦੀ ਬਾਰੀਕੀ ਨਾਲ ਕੀਤੀ ਘੋਖ ਨੂੰ ਵੀ ਬੜੇ ਕਲਾਤਮਕ ਢੰਗ ਨਾਲ ਗਲਪ-ਬਿੰਬ ਵਿਚ ਢਾਲਿਆ ਹੈ। ਇਹ ਨਾਵਲ ਬੱਚੇ ਬੰਟੀ ਦੇ ਕਾਤਲਾਂ ਦੀ ਤਫ਼ਤੀਸ਼ ਕਰਦਾ ਸਮੁੱਚੇ ਸਮਾਜ ਦੀ ਰਗ-ਰਗ ਦੀ ਤਫ਼ਤੀਸ਼ ਕਰਦਾ ਨਜ਼ਰ ਆਉਂਦਾ ਹੈ। ਗੁੰਮ ਬੱਚੇ ਬੰਟੀ ਦੀ ਰਿਪੋਰਟ ਲਿਖਵਾਉਣ ਆਏ ਲਾਲੇ ਤੇ ਰਿਸ਼ਤੇਦਾਰ ਨੂੰ ਸੰਤਰੀ ਆਪਣੇ ਨਾਲ ਮੋਹਤਬਰ ਬੰਦਾ ਲਿਆਉਣ ਲਈ ਕਹਿੰਦਾ ਹੈ :

"ਮੋਹਤਬਰ – ਜਾਣੀ ਉਹ ਬੰਦਾ ਜਿਹੜਾ ਮਗਰਮੱਛ ਵਾਂਗ ਉਪਰੋਂ ਮੁਸਤਗੀਸਾਂ ਦੇ ਹੱਕ ਵਿਚ ਹੰਝੂ ਬਹਾਏ ਪਰ ਅੰਦਰੋਂ ਪੁਲਿਸ ਨੂੰ ਪੈਸੇ ਦਬਾਉਣ ਲਈ ਹੱਥ ਪੈਰ ਮਾਰੇ।"[154]

ਸੋ ਥਾਣੇ ਵਿਚ ਬੰਟੀ ਦੇ ਗੁੰਮ ਹੋਣ ਦੇ ਰਿਪੋਰਟ ਲਿਖਣ ਅਨੁਸਾਰ ਹੀ ਮੋਹਤਬਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਲਾਲਾ ਹਰਦਿਆਲ ਦੇ ਪ੍ਰਮੁੱਖ ਹਸਤੀ ਦੇ ਪੋਤੇ ਬੰਟੀ ਨੂੰ ਲੱਭਣ ਲਈ ਮੁੱਖ ਮੰਤਰੀ ਤੋਂ ਲੈ ਕੇ ਸੰਤਰੀ ਤੱਕ ਆਪਣਾ-ਆਪਣਾ ਲਾਭ ਸੋਚਦੇ ਹਨ। ਮਨਬੀਰ

ਆਪਣੀ ਤਰੱਕੀ ਸੋਚਦਾ ਹੈ ਜਦਕਿ ਨੌਨਿਹਾਲ ਇਸ ਕੰਮ ਦੇ ਹੱਥ ਵਿਚ ਆ ਜਾਣ ਨਾਲ ਆਪਣੇ ਦੁਸ਼ਮਣਾਂ ਤੋਂ ਬਦਲਾ ਲੈਣਾ ਚਾਹੁੰਦਾ ਹੈ। ਮਨਬੀਰ ਸੋਚਦਾ ਹੈ :

"ਅਸਲੀ ਨਾਂ ਵੀ ਲੱਭੇ ਤਾਂ ਕੀ ਹੈ। ਦੋ ਚਾਰ ਹੋਰਾਂ ਨੂੰ ਹੀ ਗੱਡੀ ਚੜ੍ਹਾ ਦੇਵੇਗਾ। ਅੱਗੇ ਕਿਹੜਾ ਅਫ਼ਸਰਾਂ ਦੇ ਇਸ਼ਾਰਿਆਂ ਤੇ ਬੰਦੇ ਮਾਰੇ ਨਹੀਂ। ਇਕ ਦੋ ਆਪਣੇ ਲਈ ਮਾਰ ਦਿੱਤੇ ਜਾਣ ਤਾਂ ਕਿਹੜਾ ਪਹਾੜ ਡਿੱਗ ਪੈਣੈ।"[155]

ਸੋ ਨਾਵਲਕਾਰ ਇਕ-ਇਕ ਪਾਤਰ ਦੀ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਅਜਿਹੀ ਤਫ਼ਤੀਸ਼ ਕਰਦਾ ਹੈ ਕਿ ਹਰੇਕ ਪਾਤਰ ਦਾ ਅਸਲੀ ਚਿਹਰਾ ਜੋ ਪੂੰਜੀਵਾਦੀ ਸਿਸਟਮ ਦੀ ਭੇਂਟ ਚੜ੍ਹ ਚੁੱਕਿਆ ਹੈ, ਪਾਠਕਾਂ ਸਾਹਮਣੇ ਆ ਜਾਂਦਾ ਹੈ ਕਿ ਇਥੇ ਪੈਸਾ ਮਨੁੱਖ ਦੀ ਲੋੜ ਹੈ, ਚਾਹੇ ਬੰਦਾ ਮਾਰ ਕੇ ਕਿਉਂ ਨਾ ਪ੍ਰਾਪਤ ਕੀਤਾ ਜਾਵੇ। ਇਸੇ ਤਰ੍ਹਾਂ ਨੌਨਿਹਾਲ ਨੂੰ ਨਿੱਕੇ-ਨਿੱਕੇ ਸਮਗਲਰਾਂ, ਸ਼ਰਾਬ ਦੇ ਠੇਕੇਦਾਰਾਂ ਆਦਿ ਨਾਲ ਸ਼ਿਕਾਇਤ ਹੈ ਕਿ ਉਹ ਉਸਨੂੰ ਹਿੱਸਾ ਕਿਉਂ ਨਹੀਂ ਦਿੰਦੇ। ਐਸ.ਐਚ.ਓ. ਪ੍ਰੀਤਮ ਸਿੰਘ ਨੂੰ ਇਸ ਗੱਲ ਦਾ ਗੁੱਸਾ ਹੈ ਕਿ ਤਲਾਸ਼ੀ ਲੈਣ ਦਾ ਕੰਮ ਬਾਹਰੋਂ ਆਈ ਫੋਰਸ ਨੂੰ ਕਿਉਂ ਸੌਂਪ ਦਿੱਤਾ ਗਿਆ। ਇਸ ਨਾਵਲ ਵਿਚ ਇਕ ਸੌ ਸੱਤਰ ਪਾਤਰਾਂ ਵਿਚੋਂ ਤੀਹ ਪੁਲਿਸ ਅਧਿਕਾਰੀ ਸਨ ਜਿਹੜੇ ਆਪਣੇ-ਆਪਣੇ ਢੰਗ ਨਾਲ ਆਪਣਾ ਫਾਇਦਾ ਸੋਚ ਰਹੇ ਸਨ। ਜੇਕਰ ਭ੍ਰਿਸ਼ਟਾਚਾਰੀ ਜਾਂ ਰਿਸ਼ਵਤ ਤੋਂ ਬਚੇ ਸਨ ਤਾਂ ਉਹ ਦੋ ਅਧਿਕਾਰੀ ਅਮੀ ਚੰਦ ਇੰਸਪੈਕਟਰ ਅਤੇ ਐਸ.ਪੀ.ਖ਼ਾਨ, ਜੋ ਆਪਣੀ ਵਰਦੀ ਦੀ ਨਜਾਇਜ਼ ਵਰਤੋਂ ਨਹੀਂ ਕਰਦੇ ਸਨ।

'ਤਫ਼ਤੀਸ਼' ਨਾਵਲ ਰਾਹੀਂ ਨਾਵਲਕਾਰ ਸਮਾਜ ਦੇ ਉਨ੍ਹਾਂ ਵਰਗਾਂ ਦੀਆਂ ਲੁਕੀਆਂ ਹੋਈਆਂ ਪਰਤਾਂ ਵੀ ਖੋਲ੍ਹਦਾ ਹੈ ਜੋ ਉਪਰੋਂ ਇੱਜ਼ਤਦਾਰ, ਪੈਸੇ ਵਾਲੇ, ਸਿਆਸੀ ਪਾਰਟੀਆਂ ਵਿਚ ਪਹੁੰਚ ਰੱਖਣ ਵਾਲੇ ਦਿਸਦੇ ਹਨ ਪਰ ਅੰਦਰੋਂ ਨਜਾਇਜ਼ ਧੰਦੇ ਕਰਦੇ ਹਨ। ਨਾਵਲਕਾਰ ਅਜਿਹੇ ਪਾਤਰਾਂ ਦੀ ਆਪਸੀ ਰੰਜਿਸ਼ ਰਾਹੀਂ ਸਮਾਜਿਕ, ਸਭਿਆਚਾਰਕ ਅਸੰਤੁਲਨ ਨੂੰ ਪੇਸ਼ ਕਰਦਾ ਹੈ। ਖੂੰਡੀ ਵਾਲਾ ਨੰਬਰਦਾਰ ਡੋਡਿਆਂ ਦਾ ਵਿਉਪਾਰ ਕਰਦਾ ਹੈ। ਵੱਡੇ ਅਫ਼ਸਰ ਨਾਲ ਹੱਥ ਖੁੱਲ੍ਹਾ ਹੋਣ ਕਰਕੇ ਡਿਪਟੀ ਤੱਕ ਨੂੰ ਟਿੱਚ ਨਹੀਂ ਸਮਝਦਾ। ਇਸ ਤੋਂ ਇਲਾਵਾ ਮੇਜਰ ਸ਼ਰਾਬ ਦਾ ਠੇਕਾ ਲੈਂਦਾ ਹੈ, ਐਕਸਾਈਜ਼ ਮਨਿਸਟਰ ਨਾਲ ਰਿਸ਼ਤੇਦਾਰੀ ਹੋਣ ਕਰਕੇ ਉਸਨੂੰ ਠੇਕੇ ਵੀ ਸਸਤੇ ਭਾਅ ਮਿਲਦੇ ਹਨ ਤੇ ਪੁਲਿਸ ਵਾਲਿਆਂ ਨੂੰ ਹਿੱਸਾ ਪੱਤੀ ਨਹੀਂ ਦਿੰਦਾ। ਜਿਸ ਕਰਕੇ ਤਫ਼ਤੀਸ਼ ਕਰਨ ਵਾਲੇ ਪੁਲਿਸ ਅਧਿਕਾਰੀ ਵੀ ਆਪਣਾ ਗੁੱਸਾ ਉਸਤੇ ਕੱਢਣਾ ਚਾਹੁੰਦੇ ਹਨ। ਤਫ਼ਤੀਸ਼ ਰਾਹੀਂ ਨਿਆਂਪਾਲਿਕਾ ਦੇ ਸਮੁੱਚੇ ਸਿਸਟਮ ਦੇ ਅਧਿਕਾਰੀਆਂ ਦੀ ਕੜੀ-ਕੜੀ ਭ੍ਰਿਸ਼ਟਾਚਾਰੀ ਰੂਪਮਾਨ ਹੁੰਦੀ ਹੈ।

ਡਾ. ਸੁਖਦੇਵ ਸਿੰਘ ਖਾਹਰਾ ਅਨੁਸਾਰ, "ਮੁਕਾਬਲੇ ਦੀ ਦੌੜ ਵਿਚ ਧਨ, ਜਾਇਦਾਦ ਅਤੇ ਤਰੱਕੀ ਨਾਲ ਜੁੜੀਆਂ ਬੇਲਗਾਮ ਲਾਲਸਾਵਾਂ ਇਨ੍ਹਾਂ ਸਾਰੇ ਪਾਤਰਾਂ ਦੇ ਵਿਅਕਤਿਤਵ ਦੀਆਂ ਮੂਲ ਸੰਚਾਲਕ ਹਨ। ਇਨ੍ਹਾਂ ਦੀ ਪੂਰਤੀ ਲਈ ਉਹ ਨਿੱਜੀ ਰੰਜਿਸ਼ਾਂ, ਵਿਭਚਾਰ, ਝੂਠ, ਫਰੇਬ, ਪਾਖੰਡ, ਜਬਰ, ਤਸ਼ੱਦਦ ਆਦਿ ਦੇ ਰੂਪ ਵਿਚ ਅਨੇਕ ਹਰਬੇ ਵਰਤਦੇ ਹਨ। ਅਮਾਨਵੀਕਰਨ ਦੇ ਇਸ ਅੰਨ੍ਹੇ ਬੋਲੇ ਵਹਿਣ ਵਿਚ ਵਹੇ ਹੋਏ ਉਹ ਕਦੇ-ਕਦੇ ਮੂਲ ਮਾਨਵੀ

ਕਦਰਾਂ ਦੇ ਸਨਮੁਖ ਵੀ ਹੁੰਦੇ ਹਨ, ਪਰ ਅਮਾਨਵੀਕਰਨ ਦਾ ਵੇਗ ਇੰਨਾ ਪ੍ਰਬਲ ਹੈ ਕਿ ਮੂਲ ਮਾਨਵੀ ਕਦਰਾਂ ਦੀ ਚੇਤਨਾ ਦਮ ਤੋੜ ਦੇਂਦੀ ਹੈ।"[156]

ਪੁਲਿਸ ਅਤੇ ਨਿਆਂਪਾਲਿਕਾ ਦੀਆਂ ਸੰਸਥਾਵਾਂ ਤੋਂ ਇਲਾਵਾ ਨਾਵਲਕਾਰ ਨੇ ਸਮਾਜ ਸਭਿਆਚਾਰਕ ਜੀਵਨ ਦੇ ਹੋਰ ਪੱਖਾਂ ਅਤੇ ਸੰਸਥਾਵਾਂ ਨੂੰ ਵੀ ਇਸ ਨਾਵਲ ਵਿਚ ਦ੍ਰਿਸ਼ਟਮਾਨ ਕੀਤਾ ਹੈ। ਮਾਡਲ ਟਾਊਨ ਦੀਆਂ ਅਮੀਰ ਕੋਠੀਆਂ ਵਿਚ ਰਹਿਣ ਵਾਲੇ ਅਨੇਕਾਂ ਲੋਕਾਂ ਦਾ ਰਹਿਣ-ਸਹਿਣ ਰੂਪਮਾਨ ਕੀਤਾ ਹੈ :

"ਪਹਿਲੀ ਕੋਠੀ ਰਾਮ ਚੰਦ ਲੋਟੀਏ ਦੀ ਸੀ। ਬੈਲ ਖੜਕਾਈ ਤਾਂ ਰਾਮ ਚੰਦ ਜੇਠਾ ਪੁੱਤ ਸੂਰਜ ਭਾਨ ਉਨ੍ਹਾਂ ਦੇ ਸਵਾਗਤ ਲਈ ਹਾਜ਼ਰ ਸੀ..."[157]

"ਅਗਲੀ ਕੋਠੀ ਨਾਇਬ ਤਹਿਸੀਲਦਾਰ ਗਰੇਵਾਲ ਦੀ ਸੀ। ਰਿਸ਼ਵਤ ਲੈਣੀ ਹੋਵੇ ਤਾਂ ਢੱਠੇ ਜਿੱਡੀ ਬੜਕ ਮਾਰਦਾ ਸੀ। ਸ਼ਿਕਾਇਤ ਹੋ ਜਾਵੇ ਤਾਂ ਗਊ ਦਾ ਜਾਇਆ ਬਣਕੇ ਮੋਕ ਵੀ ਮਾਰ ਦਿੰਦਾ ਸੀ..."[158]

ਉਸ ਤੋਂ ਅਗਲੀ ਕੋਠੀ ਫਕੀਰ ਚੰਦ ਸ਼ੁਕਲਾ ਦੀ ਸੀ। ਉਹ ਵਕੀਲ ਸੀ। ਕਚਹਿਰੀ ਵਿਚ ਵਕੀਲ ਸਾਇਲਾਂ ਨੂੰ ਲੱਖ ਦਲੇਰ ਰਹਿਣ ਦੀ ਸਿੱਖਿਆ ਦਿੰਦਾ ਰਹੇ, ਆਪ ਉਹ ਛੋਟੀ ਤੋਂ ਛੋਟੀ ਗਲਤੀ ਕਰਨ ਤੋਂ ਪਹਿਲਾਂ ਸੌ ਵਾਰ ਸੋਚਦਾ ਹੈ...

ਅਗਲੀ ਕੋਠੀ ਬੀ.ਐਂਡ.ਆਰ. ਦੇ ਓਵਰਸੀਅਰ ਜੱਸਲ ਦੀ ਸੀ। ਉਸਨੇ ਵੀ ਲੋਹਾ ਅਤੇ ਸੀਮਿੰਟ ਥੋਕ ਦੇ ਭਾਅ ਹਜ਼ਮ ਕੀਤਾ ਸੀ।[159]

ਹਵਾਲਦਾਰ ਦੀ ਕੋਠੀ ਓਵਰਸੀਅਰ ਦੀ ਕੋਠੀ ਨਾਲੋਂ ਘੱਟ ਨਹੀਂ ਸੀ। ਪਹਾੜ ਜਿਡੀ ਕੋਠੀ ਦੇਖ ਕੇ ਅਮੀ ਚੰਦ ਦੇ ਕਾਲਜੇ 'ਚ ਰੁੱਗ ਭਰਿਆ ਗਿਆ।[160]

ਅੱਗੇ ਸੁਖਦੇਵ ਸਿੰਘ ਡਾਕਟਰ ਦੀ ਨੇਮ ਪਲੇਟ ਚਮਕ ਰਹੀ ਸੀ। ਪਹਿਲਾਂ ਉਹ ਸਰਕਾਰੀ ਡਾਕਟਰ ਸੀ। ਦਵਾਈਆਂ ਵਿਚ ਤਾਂ ਹੇਰਾਫੇਰੀ ਕਰਦਾ ਹੀ ਸੀ, ਪੁਲਿਸ ਦੇ ਕੰਮਾਂ ਵਿਚ ਵੀ ਟੰਗ ਅੜਾ ਦਿੰਦਾ।[162]

ਉਪਰੋਕਤ ਵੇਰਵੇ ਰਾਹੀਂ ਪੂੰਜੀਵਾਦੀ ਸਮਾਜ ਦਾ ਗਲਪ ਚਿੱਤਰ ਪੇਸ਼ ਹੁੰਦਾ ਹੈ ਕਿਉਂਕਿ ਮਾਡਲ ਟਾਊਨ ਦੀਆਂ ਕੋਠੀਆਂ ਦਾ ਆਪਣਾ ਸਭਿਆਚਾਰ ਹੈ ਕਿਉਂਕਿ ਇਹ ਲੋਕ ਆਪਣੇ ਢੰਗਾਂ ਨਾਲ ਪੈਸਾ ਕਮਾ ਕੇ ਉੱਚ ਸ਼੍ਰੇਣੀ ਵਿਚ ਦਰਜ ਹੋ ਚੁੱਕੇ ਹਨ। ਮਾਡਲ ਟਾਊਨ ਤੋਂ ਮਗਰੋਂ ਅਗਵਾੜ ਦੀ ਤਫ਼ਤੀਸ਼ ਹੁੰਦੀ ਹੈ ਅਤੇ ਫਿਰ ਕੁਸ਼ਟ ਆਸ਼ਰਮ ਦੀ ਤਫ਼ਤੀਸ਼ ਹੌਲਦਾਰ ਦੇਸ ਰਾਜ ਦੀ ਅਗਵਾਈ ਹੇਠ ਕੀਤੀ ਜਾਂਦੀ ਹੈ। ਇਸ ਤਫ਼ਤੀਸ਼ ਨਾਲ ਨਿਮਨ ਜਾਤੀਆਂ ਅਤੇ ਕਬੀਲਿਆਂ ਦੇ ਛੋਟੇ-ਛੋਟੇ ਜ਼ੁਰਮ ਕਰਨ ਵਾਲੇ ਪਾਤਰਾਂ ਨਾਲ ਵੀ ਜਾਣ-ਪਛਾਣ ਹੁੰਦੀ ਹੈ। ਕੁਸ਼ਟ ਆਸ਼ਰਮ ਦੀ ਤਫ਼ਤੀਸ਼ ਰਾਹੀਂ ਨਾਵਲਕਾਰ ਭੁੱਖ ਨੰਗ ਨਾਲ ਘੁਲਦੇ ਲੋਕਾਂ ਦਾ ਚਿਤਰਨ ਕਰਦਾ ਹੈ :

"ਨਿੱਕਾ ਸਿੰਘ ਨੇ ਦਬਕਾ ਮਾਰਿਆ, "ਸਾਹਮਣੀ ਝੁੱਗੀ ਵਿਚੋਂ ਇਕ ਹੱਡੀਆਂ ਪਿੰਜਰ ਜਿਹਾ, ਜ਼ਮੀਨ ਤੇ ਘਿਸਰਦਾ-ਘਿਸਰਦਾ ਉਨ੍ਹਾਂ ਵੱਲ ਆਉਣ ਲੱਗਾ। ਆਉਣ ਵਾਲੇ ਦੀਆਂ ਲੱਤਾਂ ਕਿਸੇ ਬੀਮਾਰੀ ਨੇ ਸੁਕਾ ਦਿੱਤੀਆਂ ਸਨ। ਉਸਦਾ ਰੰਗ ਕਾਲਾ ਸ਼ਾਹ ਸੀ ਅਤੇ

ਦੰਦ ਪੀਲੇ, ਲੱਕੜ ਦੀਆਂ ਪਟੜੀਆਂ ਤੇ ਰਬੜ ਫਿੱਟ ਕਰਕੇ, ਪਟੜੀਆਂ ਉਸਨੇ ਹੱਥਾਂ ਵਿਚ ਪਾ ਰੱਖੀਆਂ ਸਨ।"[162]

ਅਜਿਹੇ ਵੇਰਵੇ ਕੁਸ਼ਟ ਆਸ਼ਰਮਾਂ ਵਿਚ ਨਰਕ ਰੂਪੀ ਜੀਵਨ ਦਾ ਚਿਤਰਨ ਕਰਦੇ ਹਨ। ਇਹਨਾਂ ਵੇਰਵਿਆਂ ਰਾਹੀਂ ਨਾਵਲਕਾਰ ਦੀ ਇਹ ਪ੍ਰਾਪਤੀ ਦੇਖੀ ਜਾ ਸਕਦੀ ਹੈ ਕਿ ਇਕ ਗੁੰਮ ਬੱਚੇ ਦੀ ਤਫ਼ਤੀਸ਼ ਰਾਹੀਂ ਵਿਵਸਥਾ ਦੇ ਨਿਘਾਰ ਨੂੰ ਇਕ ਮਹਾਂਦ੍ਰਿਸ਼ ਦੇ ਰੂਪ ਵਿਚ ਦ੍ਰਿਸ਼ਟਮਾਨ ਕਰਦਾ ਹੈ। ਹਰੇਕ ਵਰਗ ਦੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਤਸਵੀਰ ਪੇਸ਼ ਕਰਦਾ ਹੈ। ਉਪਰੋਕਤ ਤਫ਼ਤੀਸ਼ ਤੋਂ ਇਲਾਵਾ ਵੱਖ-ਵੱਖ ਥਾਂਵਾਂ ਤੋਂ ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਬੰਦੇ ਵੀ ਚੁੱਕੇ ਗਏ, ਜਿਵੇਂ :

"ਡੰਗਰਾਂ ਵਾਲੇ ਹਸਪਤਾਲ ਦੇ ਆਲੇ-ਦੁਆਲੇ ਜਮਾਦਾਰਾਂ ਦੇ ਘਰ ਸਨ। ਉਨ੍ਹਾਂ ਨੂੰ ਇਸ ਬਹਾਨੇ ਚੁੱਕਿਆ ਗਿਆ ਸੀ ਕਿ ਬੰਟੀ ਦੇ ਕਾਤਲ ਜਾਂ ਤਾਂ ਇਨ੍ਹਾਂ ਵਿਚ ਹੀ ਲੁਕੇ ਰਹੇ ਜਾਂ ਫੇਰ ਉਨ੍ਹਾਂ ਨੇ ਕਾਤਲਾਂ ਨੂੰ ਜ਼ਰੂਰ ਇਥੇ ਘੁੰਮਦੇ ਫਿਰਦੇ ਦੇਖਿਆ ਹੋਣਾ ਹੈ।" ਵਾਣ ਵਟਣਿਆਂ ਨੂੰ ਇਸ ਲਈ ਘੇਰਿਆ ਗਿਆ ਸੀ, ਕਿਉਂਕਿ ਸਕੂਲ ਦਾ ਇਕ ਰਿਕਸ਼ਾ ਚਾਲਕ ਵਾਣ ਵੱਟਣਾ ਸੀ...[163]

"ਜਦੋਂ ਭੈਣ ਨੂੰ ਪੰਜੀਰੀ ਦੇ ਕੇ ਮੁੜੇ ਅਸ਼ੋਕ ਨੂੰ ਇਸੇ ਜ਼ੁਰਮ ਵਿਚ ਫੜਿਆ ਗਿਆ ਤਾਂ ਸਥਿਤੀ ਨੇ ਇਕ ਨਵਾਂ ਮੋੜ ਕੱਟਿਆ।"[164]

ਉਕਤ ਲੋਕਾਂ ਤੋਂ ਇਲਾਵਾ ਹੋਰ ਅਨੇਕਾਂ ਨਿਰਦੋਸ਼ਾਂ ਨੂੰ ਪੁਲਿਸ ਨੇ ਫੜ ਕੇ ਆਪਣੇ ਗੁੱਸੇ ਦਾ ਸ਼ਿਕਾਰ ਬਣਾਇਆ। ਜਿਸ ਕਰਕੇ ਲਾਲਾ ਇਹ ਕਹਿ ਉੱਠਦਾ ਹੈ :

"ਉਸਨੂੰ ਬੰਟੀ ਦੇ ਕਾਤਲਾਂ ਦੀ ਲੋੜ ਨਹੀਂ ਸੀ... ਲੋਕਾਂ ਦੇ ਪੁੱਤਾਂ ਦੇ ਹੱਡ ਕੁੱਟ ਕੇ ਉਸਦੇ ਪੋਤੇ ਦੀ ਆਤਮਾ ਨੂੰ ਕਸ਼ਟ ਨਾ ਦਿਓ। ਲੋਕਾਂ ਦੀਆਂ ਦੁਰਸੀਸਾਂ ਪੋਤੇ ਨੂੰ ਸਵਰਗ ਵਿਚ ਵੀ ਚੈਨ ਨਹੀਂ ਲੈਣ ਦੇਣਗੀਆਂ।"[165]

ਪੁਲਿਸ ਬੰਟੀ ਦੇ ਕਾਤਲ ਨੂੰ ਫੜਨ ਲਈ ਆਪਣੇ-ਆਪਣੇ ਲਾਲਚ ਅਨੁਸਾਰ ਲੋਕਾਂ ਤੇ ਜ਼ੁਲਮ ਕਰਦੀ ਹੈ। ਇਸ ਤਰ੍ਹਾਂ ਨਾਵਲਕਾਰ ਨੇ ਨਾਵਲ ਵਿਚ ਉਕਤ ਵੇਰਵਿਆਂ ਰਾਹੀਂ ਸਮਾਜ ਦੀਆਂ ਅਜਿਹੀਆਂ ਪਰਤਾਂ ਤੋਂ ਪਰਦਾ ਚੁੱਕਿਆ ਹੈ ਜਿਨ੍ਹਾਂ ਵਿਚ ਮੁਕਾਬਲੇ ਦੀ ਭਾਵਨਾ ਵਿਚ ਮਰ ਮਿਟ ਰਿਹਾ ਛੋਟਾ ਅਫ਼ਸਰ ਅਤੇ ਵਿਉਪਾਰੀ, ਸਮਾਜ ਵਿਚ ਪੜ੍ਹਿਆ-ਲਿਖਿਆ ਦੀ ਦੁਰਗਤੀ ਆਦਿ ਦਾ ਸੰਬੰਧ ਜ਼ੁਰਮਾਂ ਦੀ ਦੁਨੀਆਂ ਨਾਲ ਸੁਭਾਵਿਕ ਹੀ ਜੁੜਦਾ ਜਾਂਦਾ ਹੈ। ਸਮਾਜਿਕ ਤੇ ਸਭਿਆਚਾਰਕ ਸਥਿਤੀ ਮਾੜੀ ਹੋਣ ਕਾਰਨ ਪਛੜੇ ਲੋਕ ਜ਼ੁਰਮ ਦੀ ਆੜ ਲੈਂਦੇ ਹਨ। ਕੁੱਲ ਮਿਲਾਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਆਪਣੇ ਵਿਸ਼ੇ ਪੱਖੋਂ ਨਿਵੇਕਲਾ ਤੇ ਆਪਣੇ ਨਾਵਲ ਨੂੰ ਵਿਸਥਾਰਪੂਰਵਕ ਪੇਸ਼ ਕਰਨ ਵਾਲਾ ਆਲੋਚਕਾਂ ਤੇ ਪਾਠਕਾਂ ਵਿਚ ਮਕਬੂਲ ਹੋਣ ਵਾਲਾ ਪੰਜਾਬੀ ਦਾ ਪਹਿਲਾ ਨਾਵਲ ਹੈ।

'ਕਟਹਿਰਾ' ਨਾਵਲ ਦੀ ਰਚਨਾ-ਵਸਤੂ ਬੇਸ਼ੱਕ ਪਹਿਲੇ ਨਾਵਲ ਤਫ਼ਤੀਸ਼ ਨਾਲ ਸ਼ੁਰੂ ਤੋਂ ਲੈ ਕੇ ਅੰਤ ਤੱਕ ਜੁੜਿਆ ਹੋਇਆ ਹੈ, ਪਰ ਇਸਦੇ ਬਾਵਜੂਦ ਵੀ ਇਹ ਨਾਵਲ ਤਫ਼ਤੀਸ਼ ਦੇ ਮੁਕਾਬਲਤਨ ਅਸਲੋਂ ਵੱਖਰੇ ਅਤੇ ਵਿਲੱਖਣ ਵਿਸ਼ੇ ਨੂੰ ਪਰਿਮਾਣਤ ਕਰਦੀ ਰਚਨਾ ਵਸਤੂ

ਦੀ ਕਲਾਤਮਕ ਅਭਿਵਿਅਕਤੀ ਕਰਦਾ ਆਪਣੇ ਆਪ ਵਿਚ ਮੁਕੰਮਲ ਅਤੇ ਸੁਤੰਤਰ ਹੋਂਦ ਦਾ ਧਾਰਨੀ ਨਾਵਲ ਹੈ।

ਡਾ. ਹਰਿਭਜਨ ਸਿੰਘ ਭਾਟੀਆ ਆਪਣੇ ਲੇਖ ਵਿਚ ਲਿਖਦੇ ਹਨ :

"ਤਫ਼ਤੀਸ਼ ਨਾਵਲ ਪੁਲਿਸ ਸਭਿਆਚਾਰ ਦੀਆਂ ਦਿਸਦੀਆਂ ਅਣਦਿਸਦੀਆਂ ਪਰਤਾਂ ਨੂੰ ਮਹੀਨ ਦ੍ਰਿਸ਼ਟੀ ਨਾਲ ਫਰੋਲਦਾ ਹੈ ਅਤੇ ਇਹੋ ਕਾਰਜ ਲੇਖਕ ਨੇ 'ਕਟਹਿਰਾ' ਨਾਵਲ ਵਿਚ ਨਿਆਂਪਾਲਿਕਾ ਦੇ ਸੰਦਰਭ ਵਿਚ ਕਰ ਦਿਖਾਇਆ ਹੈ। 'ਕਟਹਿਰਾ' ਨਾਵਲ ਵਿਚ ਪੁਲਿਸ ਸਭਿਆਚਾਰ ਪਿੱਠ-ਭੂਮੀ ਵਿਚ ਚਲਾ ਗਿਆ ਅਤੇ ਨਿਆਂ-ਪ੍ਰਣਾਲੀ ਅਗਰਭੂਮੀ ਵਿਚ ਆ ਗਈ।"[166]

ਤਫ਼ਤੀਸ਼ ਦੌਰਾਨ ਤਫ਼ਤੀਸ਼ੀਆਂ ਦੇ ਕਾਰਨਾਮਿਆਂ ਤੋਂ ਲੈ ਕੇ ਅਦਾਲਤ ਦੇ ਸਮੁੱਚੇ ਅਮਲੇ ਜਿਵੇਂ ਵਕੀਲ, ਜੱਜ, ਗਵਾਹ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਅੰਗਾਂ ਰਾਜਨੀਤੀਵਾਨਾਂ ਤੋਂ ਇਲਾਵਾ ਕੋਰਟ ਕਚਹਿਰੀਆਂ ਦੇ ਸਮਾਜਿਕ ਸਭਿਆਚਾਰ ਨੂੰ ਅਤੇ ਇਨ੍ਹਾਂ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੀ ਪਰਤ-ਦਰ-ਪਰਤ ਅਸਲੀਅਤ ਉਘਾੜਦਾ ਹੋਇਆ ਨਾਵਲਕਾਰ ਨਿਆਂ-ਪ੍ਰਣਾਲੀ ਦੇ ਮਹਾਂਚਿੱਤਰ ਦੀ ਸਿਰਜਨਾ ਕਰਦਾ ਹੈ।

ਬੰਟੀ ਕੇਸ ਵਿਚ ਫਸੇ ਦੋ ਨਿਰਦੋਸ਼ਾਂ ਪਾਲੇ ਤੇ ਮੀਤੇ ਨੂੰ ਪੁਲਿਸ ਵਾਂਗ ਹਰ ਵਕੀਲ, ਜੱਜ ਆਪਣੀ ਕਿਸਮਤ ਚਮਕਾਉਣ ਦਾ ਸਾਧਨ ਮੰਨਦੇ ਹਨ, ਕਿਉਂਕਿ ਇਹ ਨਿਰਦੋਸ਼ਾਂ ਦਾ ਕੇਸ ਹੈ ਜਿਸ ਵਿਚ ਕਾਨੂੰਨ ਅਤੇ ਸਿਆਸਤ ਆਪਣੇ ਹੱਥ ਰੰਗਣ ਲਈ ਤਤਪਰ ਹੈ ਪਰ ਉਹਨਾਂ ਦੀ ਸੁਣਵਾਈ ਕਰਨ ਵਾਲਾ ਕੋਈ ਨਹੀਂ ਸਗੋਂ ਹਰ ਇਕ ਅਫ਼ਸਰ, ਵਕੀਲ, ਜੱਜ ਅਤੇ ਮੁੱਖ ਮੰਤਰੀ ਆਪਣੀ ਗੁੱਡੀ ਚੜਾਉਣ ਲਈ ਇਸ ਕੇਸ ਨਾਲ ਜੁੜਦੇ ਹਨ। ਆਮ ਜਨਤਾ ਤੋਂ ਵਸੂਲੇ ਪੈਸਿਆਂ ਰਾਹੀਂ ਇਹ ਲੋਕ ਇਸ ਤਰ੍ਹਾਂ ਨਸ਼ਿਆਂ ਵਿਚ ਗੜੁੱਚ ਰਹਿੰਦੇ ਹਨ।

"ਇਨਸਾਫ਼ ਦੀ ਤੱਕੜੀ ਦੇ ਦੋ ਤਰਾਜੂਆਂ ਦਾ ਨਸ਼ੇ ਨੇ ਬੁਰਾ ਹਾਲ ਕਰ ਰੱਖਿਆ ਸੀ। ਉਨ੍ਹਾਂ ਦੀਆਂ ਅੱਖਾਂ ਸੂਹੀਆਂ ਹੋ ਗਈਆਂ ਸਨ। ਹੱਥ ਦੀ ਪਕੜ ਢਿੱਲੀ ਪੈ ਗਈ ਸੀ। ... ਤਰੀ ਦੇ ਦਾਗਾਂ ਨੇ ਉਸਦੇ ਸਫ਼ੈਦ ਕੁੜਤੇ ਤੇ ਅਫ਼ਰੀਕਾ ਦਾ ਨਕਸ਼ਾ ਉਕਰ ਦਿੱਤਾ ਸੀ। ਬੋਲ ਥਿਰਕ ਰਹੇ ਸਨ।"[167]

ਅਜਿਹੇ ਮਹਾਂ-ਚਿੱਤਰ ਨੂੰ ਦੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਡਾ ਅਫ਼ਸਰੀ ਤਬਕਾ ਆਮ ਜਨਤਾ ਦੇ ਪੈਸਿਆਂ ਰਾਹੀਂ ਖ਼ੁਦ ਨੂੰ ਨਸ਼ੇ ਵਿਚ ਗੜੁੱਚ ਕਰ ਰਿਹਾ ਹੈ। ਆਪਣੇ ਭ੍ਰਿਸ਼ਟ ਸਮਾਜਿਕ ਸਭਿਆਚਾਰਕ ਕਾਰਨਾਮਿਆਂ ਰਾਹੀਂ ਸਾਨੂੰ ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਸਾਡੇ ਦੇਸ਼ ਦੇ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ, ਨੈਤਿਕ ਆਦਿ ਸਾਰੇ ਪੱਖਾਂ ਤੋਂ ਗਿਰਾਵਟ ਵੱਲ ਜਾਣ ਦਾ ਮੂਲ ਕਾਰਨ ਇਹ ਭ੍ਰਿਸ਼ਟ ਅਫ਼ਸਰਸ਼ਾਹੀ ਹੀ ਹੈ ਜੋ ਹਰ ਮਨੁੱਖ ਨੂੰ ਆਪਣੇ ਸਿਕੰਜੇ ਵਿਚ ਦਬੋਚ ਲੈਣ ਦੀ ਸਮਰੱਥਾ ਰੱਖਦੀ ਹੈ। ਇਹੀ ਸਮਰੱਥਾ ਇਸ ਪੂੰਜੀਵਾਦੀ ਸਮਾਜ ਵਿਚ ਲਾਲਸਾ ਵਿਅਕਤੀ ਨੂੰ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਰਾਉਣ ਲਈ ਮਜਬੂਰ ਕਰਦੀ ਹੈ :

"ਜਦੋਂ ਤੋਂ ਬੱਚੇ ਸਕੂਲ ਜਾਣ ਲੱਗੇ ਸਨ, ਮੇਜਰ ਦੀ ਸ਼ਹਿਰ ਵਸਣ ਦੀ ਤਾਂਘ ਵਧ ਗਈ ਸੀ। ਪਿੰਡਾਂ ਦੇ ਸਕੂਲਾਂ ਵਿਚ ਪੜ੍ਹ ਕੇ ਬੱਚੇ ਕਲਰਕ ਬਨਣਗੇ ਜਾਂ ਮੁਨਸ਼ੀ। ਉਹ ਬੱਚਿਆਂ ਨੂੰ ਵਧੀਆ ਸਕੂਲਾਂ ਵਿਚ ਪੜ੍ਹਾ ਕੇ ਅਫਸਰ ਬਨਾਉਣਾ ਚਾਹੁੰਦਾ ਸੀ।"[168]

ਪੂੰਜੀਵਾਦੀ ਯੁੱਗ ਨੇ ਹਰੇਕ ਮਨੁੱਖ ਨੂੰ ਪ੍ਰਭਾਵਿਤ ਕੀਤਾ ਸੀ। ਹਰੇਕ ਦੇ ਮਨ ਦੀ ਇੱਛਾ ਵੱਧ ਤੋਂ ਵੱਧ ਪੈਸਾ ਕਮਾਉਣਾ ਸੀ। ਇਸੇ ਲਾਲਸਾ ਕਾਰਨ ਮੇਜਰ ਆਪਣੇ ਬੱਚਿਆਂ ਨੂੰ ਵੱਡੇ ਅਫ਼ਸਰ ਬਣਾਉਣ ਦੀ ਇੱਛਾ ਰੱਖਦਾ ਹੈ :

"ਇਸ ਕੇਸ ਪਿਛੇ ਭੰਡਾਰੀ ਨੂੰ ਉਹੋ ਲਾਲਚ ਸੀ ਜਿਹੜਾ ਹਰ ਵਕੀਲ ਨੂੰ ਹੁੰਦੈ। ਆਪਣੀ ਚਰਚਾ ਕਰਵਾਉਣ ਦਾ। ਜਿੰਨਾ ਵੱਧ ਕਿਸੇ ਦਾ ਪ੍ਰਚਾਰ ਉਨੀ ਵੱਧ ਉਸਦੀ ਪ੍ਰੈਕਟਿਸ। ਪ੍ਰਚਾਰ ਜੇ ਰੇਡੀਓ, ਟੀ.ਵੀ. ਜਾਂ ਅਖਬਾਰਾਂ ਰਾਹੀਂ ਹੋਵੇ ਤਾਂ ਕਿਆ ਕਹਿਣੇ। ...ਪ੍ਰੈਸ ਵਾਲਿਆਂ ਨੇ ਅਦਾਲਤੀ ਕਾਰਵਾਈ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਸੀ। ਅਖਬਾਰਾਂ ਵਿਚ ਦੋਸ਼ੀਆਂ ਦੇ ਨਾਲ-ਨਾਲ ਵਕੀਲਾਂ ਦੇ ਫੋਟੋ ਛਪਣੇ ਸਨ।"[169]

ਸੋ ਪੂੰਜੀਵਾਦੀ ਸਮਾਜ ਵਿਚ ਰਹਿਣ ਲਈ ਹਰੇਕ ਮਨੁੱਖ ਨੂੰ ਚਰਚਾ ਵਿਚ ਰਹਿਣ ਦਾ ਲਾਲਚ ਸੀ ਕਿਉਂਕਿ ਸਰਕਾਰੇ ਦਰਬਾਰੇ ਉਸ ਮਨੁੱਖ ਦੀ ਹੀ ਪੁੱਛ-ਪੜਤਾਲ ਹੁੰਦੀ ਸੀ ਜੋ ਚਰਚਾ ਵਿਚ ਰਹਿੰਦਾ ਸੀ। ਸਮਾਜਿਕ, ਸਭਿਆਚਾਰਕ ਢਾਂਚਾ ਪੂਰੀ ਤਰ੍ਹਾਂ ਵਿਗੜ ਚੁੱਕਾ ਸੀ। ਨਾਵਲ ਵਿਚ ਭਾਵੇਂ ਕੋਝੀਆਂ ਚਾਲਾਂ ਵਿਵਸਥਾ ਨਾਲ ਜੁੜੀਆਂ ਧਿਰਾਂ ਦੀ ਹੀ ਪੇਸ਼ ਕੀਤੀਆਂ ਹਨ ਪਰੰਤੂ ਉਹ ਇਸ ਵਿਚ ਪੂਰੇ ਸਮਾਜ ਨੂੰ ਉਲਝਾਉਣ ਵਿਚ ਸਫਲ ਪ੍ਰਤੀਤ ਹੁੰਦੀਆਂ ਹਨ। ਅਮਰਜੀਤ ਸਿੰਘ ਗਰੇਵਾਲ ਦਾ ਵਿਚਾਰ ਹੈ :

"ਮਿੱਤਰ ਸੈਨ ਮੀਤ ਦਾ ਨਾਵਲ 'ਕਟਹਿਰਾ' ਭ੍ਰਿਸ਼ਟਾਚਾਰ ਪ੍ਰਜੀਵਤਾ ਅਤੇ ਕਪਟ ਨਾਲ ਪਲੀਤ ਹੋਈ ਭਾਰਤੀ ਨਿਆਂ-ਪ੍ਰਣਾਲੀ ਦੀ ਸਮਾਜਿਕ ਅਪ੍ਰਸੰਗਿਕਤਾ ਨੂੰ ਪੇਸ਼ ਕਰਦਾ ਹੈ।"[170]

ਸੋ 'ਕਟਹਿਰਾ' ਨਾਵਲ ਦਾ ਸੰਬੰਧ ਕੇਵਲ ਨਿਆਂ-ਪ੍ਰਣਾਲੀ ਨਾਲ ਨਹੀਂ ਸਗੋਂ ਸਾਡੇ ਸਮਾਜ ਨਾਲ ਜੁੜਿਆ ਹੈ। ਇਹ ਨਾਵਲ ਪੰਜਾਬ ਵਿਚ ਫੈਲੀ ਭ੍ਰਿਸ਼ਟਾਚਾਰੀ ਅਤੇ ਪਰਜੀਵਤਾ ਦੇ ਟਾਕਰੇ ਲਈ ਇਕ ਸਭਿਆਚਾਰਕ ਲਹਿਰ ਦੀ ਸਿਰਜਣਾ ਲਈ ਪਾਠਕਾਂ ਨੂੰ ਹੁਲਾਰਾ ਦਿੰਦਾ ਹੈ।

'ਕੌਰਵ-ਸਭਾ' ਨਾਵਲ ਸਾਡੇ ਪੂੰਜੀਵਾਦੀ ਸਮਾਜ ਵਿਚ ਪੈਦਾ ਹੋ ਚੁੱਕੀਆਂ ਸਮੱਸਿਆਵਾਂ ਤੇ ਆਮ ਲੋਕਾਂ ਤੇ ਭਾਰੂ ਹੋ ਚੁੱਕੀ ਪੂੰਜੀਵਾਦੀ ਸਰਮਾਏਦਾਰੀ ਦੀਆਂ ਭਾਰੂ ਤਾਕਤਾਂ ਦਾ ਮਹਾਂਕਾਵਿ ਹੈ। ਸਾਧਾਰਨ ਪਰਿਵਾਰ ਵਿਚੋਂ ਉਠੇ ਨਵੇਂ ਅਮੀਰ ਬਣੇ ਭਰਾਵਾਂ ਦੀ ਆਪਸੀ ਲੜਾਈ ਤੋਂ ਨਾਵਲ ਦਾ ਆਰੰਭ ਹੁੰਦਾ ਹੈ। ਸਮਾਜਿਕ ਸਭਿਆਚਾਰਕ ਅਸੰਤੁਲਨ ਪੈਦਾ ਹੋਣ ਦਾ ਕਾਰਨ ਦੋ ਭਰਾਵਾਂ ਵਿਚੋਂ ਇਕ ਪਲਾਟ ਦਾ ਝਗੜਾ ਹੋਣਾ ਹੈ। ਛੋਟੇ ਭਰਾ ਦੇ ਮੁੰਡੇ ਵੱਡੇ ਭਰਾ ਦੇ ਘਰੇ ਕਿਰਾਏ ਤੇ ਭਈਏ ਖਰੀਦ ਕੇ ਹਮਲਾ ਕਰਵਾ ਦਿੰਦੇ ਹਨ ਤੇ ਹਮਲੇ ਵਿਚ ਵੇਦ ਤੇ ਉਸਦੇ ਘਰ ਵਾਲੀ ਦੇ ਸੱਟਾਂ ਲਗਦੀਆਂ ਹਨ ਜਦਕਿ ਬੇਟਾ ਮਰ ਜਾਂਦਾ ਹੈ ਤੇ ਬੇਟੀ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਨਾਵਲਕਾਰ ਇਸ ਹਾਦਸੇ

ਨੂੰ ਆਧਾਰ ਬਣਾ ਕੇ ਸਮਾਜ ਦੇ ਵਿਭਿੰਨ ਪੱਖ ਦੇ ਅਤਿ ਗੁੰਝਲਦਾਰ ਤਾਣੇ-ਪੇਟੇ ਨੂੰ ਸੁਲਝਾਉਣ ਦੇ ਨਾਲ-ਨਾਲ ਪੂੰਜੀਵਾਦੀ ਸਮਾਜ ਦੇ ਪ੍ਰਤੀਕ ਲੁਧਿਆਣੇ ਦਾ ਮਹਾਂਚਿੱਤਰ ਸਿਰਜਦਾ ਹੈ :

"ਮਾਇਆ ਨਗਰ ਵਿਚ ਲੋਕਾਂ ਦੇ ਮੁਕੱਦਮੇ ਵੀ ਚਲਦੇ ਸਨ ਅਤੇ ਸਾਂਝੇ ਕਾਰੋਬਾਰ ਵੀ। ਪਤੀ ਪਤਨੀ ਤਲਾਕ ਲੈ ਕੇ ਵੀ ਇਕ ਦੂਜੇ ਦੇ ਘਰ ਰਾਤ ਕੱਟੀਂ ਜਾਂਦੇ ਹਨ।"[171]

ਜੇਕਰ ਵਿਆਹੇ ਜੋੜੇ ਸਭਿਆਚਾਰਕ ਢੰਗ ਨਾਲ ਨਹੀਂ ਰਹਿ ਸਕਦੇ ਤਾਂ ਵੀ ਪੂੰਜੀਵਾਦੀ ਸਮਾਜ ਵਿਚ ਕੋਈ ਫ਼ਰਕ ਨਹੀਂ ਪੈਂਦਾ। ਆਪਸੀ ਰਿਸ਼ਤੇ-ਨਾਤੇ ਸਭ ਪੈਸੇ ਨਾਲ ਜੋੜੇ ਜਾ ਸਕਦੇ ਸਨ। ਜਦੋਂ ਮੋਹਨ ਲਾਲ ਦਾ ਕਾਰੋਬਾਰ ਬਹੁਤ ਵਧ ਜਾਂਦਾ ਹੈ ਤਾਂ ਕਿਸੇ ਆਪਣੇ ਦੀ ਲੋੜ ਮਹਿਸੂਸ ਹੁੰਦੀ ਹੈ :

"ਸਾਡੇ ਨੌਕਰ ਚਾਕਰ ਕੋਠੀਆਂ ਫੈਕਟਰੀਆਂ ਦੇ ਮਾਲਕ ਬਣ ਗਏ। ਵੇਦ ਨੂੰ ਸ਼ਹਿਰ ਕਿਉਂ ਨਹੀਂ ਬੁਲਾ ਲੈਂਦੇ। ਉਹ ਚਾਰ ਪੈਸੇ ਬਣਾ ਲਏਗਾ ਤਾਂ ਘਰ ਵਿਚ ਤਾਂ ਰਹਿਣਗੇ। ਭਰਾ-ਭਰਾ ਦੀ ਬਾਂਹ ਹੁੰਦਾ ਹੈ। ਅੜੇ ਥੁੜੇ ਬਰਾਬਰ ਖੜੇਗਾ।"[172]

ਜਦੋਂ ਮਾਇਆ ਨਗਰ ਵਿਚ ਮਾਇਆਧਾਰੀ ਬਣਨ ਵਿਚ ਮੋਹਨ ਸਫ਼ਲ ਹੋ ਜਾਂਦਾ ਹੈ ਤਾਂ ਕਲਰਕ ਦੀ ਨੌਕਰੀ ਛੁਡਾ ਕੇ ਆਪਣੇ ਭਰਾ ਵੇਦ ਨੂੰ ਆਪਣਾ ਹਿੱਸੇਦਾਰ ਬਣਾ ਲੈਂਦਾ ਹੈ :

"ਹੁਣ ਵੇਦ ਕੋਲ ਸਭ ਕੁਝ ਸੀ। ਪੋਸ਼ ਕਲੋਨੀ ਵਿਚ ਪੰਜ ਸੌ ਗਜ ਦੀ ਕੋਠੀ ਸੀ। ਦੋ ਹੋਰ ਪਲਾਟ ਉਸਦੇ ਨਾਂ ਸਨ।...ਉਸਦਾ ਦਫ਼ਤਰ ਏਅਰ ਕੰਡੀਸ਼ਨ ਸੀ...ਪਤਨੀ ਕੋਲ ਕਿਲੋ ਦੇ ਲਗਭਗ ਸੋਨਾ ਸੀ। ਦੋਹਾਂ ਬੱਚਿਆਂ ਦੇ ਨਾਂ ਵੱਡੇ-ਵੱਡੇ ਫਿਕਸ ਡਿਪਾਜਿਟ ਸਨ। ਵੇਦ ਦੀ ਸ਼ਰਾਫ਼ਤ ਕਾਰਨ ਆਪਣੇ ਕਾਰੋਬਾਰ ਵਿਚ ਉਸਦਾ ਨਾਂ ਇੱਜ਼ਤ ਨਾਲ ਲਿਆ ਜਾਂਦਾ ਸੀ।"[173]

ਉਕਤ ਵੇਰਵਿਆਂ ਤੋਂ ਸਪੱਸ਼ਟ ਹੈ ਕਿ ਦੋਨੋਂ ਭਰਾ ਮਾਇਆ ਨਗਰ ਵਿਚ ਪੂਰੀ ਠਾਠ ਨਾਲ ਰਹਿੰਦੇ ਹਨ, ਪਰੰਤੂ ਮੋਹਨ ਲਾਲ ਦੀ ਮੌਤ ਤੋਂ ਬਾਅਦ ਇਕ ਪਲਾਟ ਦੇ ਝਗੜੇ ਨੂੰ ਲੈ ਕੇ ਵੇਦ ਦੇ ਖਿਲਾਫ਼ ਭਤੀਜਿਆਂ ਦਾ ਗੁੱਸਾ ਵਧ ਜਾਂਦਾ ਹੈ ਤੇ ਜਿਸ ਦਾ ਨਤੀਜਾ ਇਹ ਹੁੰਦਾ ਹੈ :

"ਵਾਰਦਾਤ ਭਿਆਨਕ ਸੀ। ਇਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ।"[174]

ਸੋ ਨਾਵਲ ਦੀ ਮੂਲ ਕਥਾ ਨੇੜੇ ਦੇ ਰਿਸ਼ਤੇ-ਨਾਤਿਆਂ ਅਤੇ ਸਮਾਜਿਕ ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਅਤਿ ਗਹਿਰਾਈ ਤੋਂ ਦ੍ਰਿਸ਼ਟਮਾਨ ਕਰਦੀ ਹੈ ਕਿ ਮਾਇਆ ਨਗਰ ਵਿਚ ਭਰਾ-ਭਰਾ ਦਾ ਦੁਸ਼ਮਣ ਬਣ ਜਾਂਦਾ ਹੈ। ਪੂਰੇ ਪਰਿਵਾਰ ਨੂੰ ਸੱਟਾਂ ਅਤੇ ਮਾਰਨ ਤੋਂ ਮਗਰੋਂ ਪੂਰੇ ਨਾਵਲ ਦੀ ਕਹਾਣੀ ਪੰਕਜ ਤੇ ਨੀਰਜ ਦੇ ਪੁਲਿਸ ਤੋਂ ਬਚਣ ਦੇ ਦੁਆਲੇ ਘੁੰਮਦੀ ਹੈ। ਇਥੋਂ ਹੀ ਮਾਇਆ ਨਗਰੀ ਸਮਾਜ ਦਾ ਕਰੂਰ ਯਥਾਰਥ ਪਾਠਕਾਂ ਸਾਹਮਣੇ ਆਉਣਾ

ਸ਼ੁਰੂ ਹੋ ਜਾਂਦਾ ਹੈ। ਪੰਕਜ ਹੋਰੀਂ ਪੁਲਿਸ ਤੋਂ ਬਚਣ ਲਈ ਪੁਲਿਸ ਦੇ ਉੱਚ ਅਧਿਕਾਰੀ ਨੂੰ ਖਰੀਦ ਲੈਂਦੇ ਹਨ :

"ਪੰਜ ਲੱਖ ਵਿਚ ਸੌਦਾ ਤੈਅ ਹੋ ਗਿਆ।...ਇਵਜ ਵਿਚ ਕਪਤਾਨ ਅੱਗੋ ਤੋਂ ਉਨ੍ਹਾਂ ਦੀ ਡਟ ਕੇ ਮੱਦਦ ਕਰੇਗਾ। ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਣਗੇ। ਗਵਾਹ ਨੀਰਜ ਦੀ ਮਰਜ਼ੀ ਦੇ ਰੱਖੇ ਜਾਣਗੇ। ਗਵਾਹੀ ਸਮੇਂ ਉਹ ਮੁੱਕਰ ਜਾਣਗੇ। ਥਾਣੇ ਦਾ ਰਿਕਾਰਡ ਇਸ ਤਰ੍ਹਾਂ ਲਿਖਿਆ ਜਾਏਗਾ ਜਿਹੜਾ ਉਨ੍ਹਾਂ ਦੇ ਹੱਕ ਵਿਚ ਭੁਗਤੇ।"[175]

ਵੇਦ ਦਾ ਘਰ ਬਰਬਾਦ ਹੋ ਗਿਆ। ਉਸ ਦੀ ਕੁੜੀ ਦੀ ਇੱਜ਼ਤ ਲੁੱਟੀ ਗਈ, ਜਵਾਨ ਪੁੱਤ ਮਰ ਗਿਆ, ਘਰ ਵਾਲੀ ਦੀ ਯਾਦਾਸ਼ਤ ਚਲੀ ਗਈ, ਖ਼ੁਦ ਸਰੀਰਕ ਪੱਖੋਂ ਅਹਾਰੀ ਹੋ ਗਿਆ, ਪਰੰਤੂ ਵਕੀਲਾਂ, ਜੱਜਾਂ ਤੇ ਪੁਲਿਸ ਅਧਿਕਾਰੀਆਂ ਨੇ ਪੈਸੇ ਦੇ ਲਾਲਚ ਨਾਲ ਸਭ ਸਬੂਤ ਮਿਟਾ ਦਿੱਤੇ। ਪੁਲਿਸ ਦੇ ਸਿਪਾਹੀ ਤੋਂ ਲੈ ਕੇ ਐਸ.ਪੀ. ਅਤੇ ਆਈ.ਜੀ. ਵਰਗੇ ਅਫ਼ਸਰ ਪੈਸੇ ਬਣਾਉਣ ਦੀ ਤਾਕ ਵਿਚ ਇਸ ਕੇਸ ਨਾਲ ਜੁੜਦੇ ਗਏ। ਕਾਨੂੰਨ ਕਿਸੇ ਵੀ ਦੇਸ਼ ਅਤੇ ਸਮਾਜ ਵਿਚਲੇ ਮਾਨਵੀ ਸਮਾਜਿਕ ਰਿਸ਼ਤਿਆਂ ਨੂੰ ਨਿਯੰਤਰਣ ਵਿਚ ਰੱਖਣ ਦਾ ਇਕ ਸਾਧਨ ਹੈ ਤੇ ਨੈਤਿਕਤਾ ਸਮਾਜਿਕ ਨਿਯੰਤਰਣ ਦਾ ਸਾਧਨ ਹੁੰਦੀ ਹੈ। ਪਰੰਤੂ ਨਾਵਲ ਦੀ ਕਰੂਰ ਯਥਾਰਥ ਇਹ ਹੈ ਕਿ ਨਿਆਂਪਾਲਿਕਾ ਸਾਡੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ, ਨਿਆਂਪਾਲਿਕਾ ਸਮਾਜ ਵਿਚ ਰਹਿੰਦੇ ਮਨੁੱਖਾਂ ਦੇ ਅਧਿਕਾਰਾਂ ਦੀ ਰੱਖਿਅਕ ਹੈ ਪਰੰਤੂ ਇਥੇ ਇਹ ਸਵਾਰਥੀ ਸਿੱਧ ਹੁੰਦੀ ਹੈ।

"ਮਿੱਤਰ ਸੈਨ ਮੀਤ ਦੁਆਰਾ ਰਚਿਤ ਇਹ ਨਾਵਲ ਵਸਤੂ ਪੱਖੋਂ ਨਿਵੇਕਲਾ ਹੋਣ ਦੇ ਨਾਲ-ਨਾਲ ਕਲਾ ਪੱਖੋਂ ਵੀ ਨਿਵੇਕਲਾ ਹੈ। ਇਹ ਵਿਅਕਤੀ ਦੀ ਥਾਂ ਪ੍ਰਬੰਧ ਤੇ ਕੇਂਦਰਿਤ ਪਾਤਰਾਂ ਦੀ ਖ਼ੁਦਮੁਖਤਿਆਰੀ ਵਿਚ ਤ੍ਰੈਕਾਲ ਤੇ ਫੈਲਣ ਵਾਲਾ ਅਜਿਹਾ ਗਲਪੀ ਬਿਰਤਾਂਤ ਹੈ, ਜਿਹੜਾ ਸਮੁੱਚੇ ਪ੍ਰਬੰਧ ਨੂੰ ਚੁਣੌਤੀ ਹੀ ਨਹੀਂ ਦਿੰਦਾ ਸਗੋਂ ਪ੍ਰਬੰਧ ਦੇ ਨਿਘਾਰ ਸੰਬੰਧੀ ਕਈ ਪ੍ਰਸ਼ਨ ਪਾਠਕਾਂ ਸਾਹਮਣੇ ਛੱਡ ਜਾਂਦਾ ਹੈ। ਇਹ ਪ੍ਰਸ਼ਨ ਹੀ ਇਸ ਨਾਵਲ ਦੀ ਵਿਲੱਖਣਤਾ ਅਤੇ ਪ੍ਰਾਪਤੀ ਹਨ।"[176]

'ਕੌਰਵ-ਸਭਾ' ਨਾਵਲ ਮਾਇਆ ਨਗਰ ਦੇ ਵਿਚ ਰਹਿੰਦੇ ਲੋਕਾਂ ਦੇ ਮਾਨਵੀ ਰਿਸ਼ਤਿਆਂ ਵਿਚ ਆਈ ਗਿਰਾਵਟ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਹਰੇਕ ਮਨੁੱਖ ਪੈਸੇ ਦੀ ਲੋੜ ਕਾਰਨ ਆਪਣੇ ਰਿਸ਼ਤਿਆਂ-ਨਾਤਿਆਂ ਤੋਂ ਦੂਰ ਹੋ ਰਿਹਾ ਹੈ ਜੋ ਸਮਾਜਿਕ ਸੰਕਟ ਹੈ। ਇਹ ਸਮਾਜਿਕ ਸੰਕਟ ਮਨੁੱਖ ਦੇ ਮਨੁੱਖ ਨਾਲ ਰਾਬਤੇ ਦਾ ਵੀ ਹੈ ਤੇ ਮਨੁੱਖ ਦੀ ਇਕੱਲਤਾ ਅਤੇ ਖੰਡਤਾ ਦਾ ਵੀ।

'ਸੁਧਾਰ-ਘਰ' ਮਿੱਤਰ ਸੈਨ ਮੀਤ ਦਾ ਉਸਦੇ ਪਹਿਲੇ ਦੋ ਨਾਵਲਾਂ 'ਤਫ਼ਤੀਸ਼' ਅਤੇ 'ਕਟਹਿਰਾ' ਦਾ ਤੀਜਾ ਹਿੱਸਾ ਹੀ ਹੈ ਤੇ ਆਪਣੇ ਆਪ ਵਿਚ ਸੁਤੰਤਰ ਪੂਰਾ ਨਾਵਲ ਵੀ ਹੈ। ਜੋ ਇਸ ਸਮੇਂ ਵਧੇਰੇ ਚਰਚਿਤ ਹੈ, ਜਿਸਨੂੰ ਭਾਰਤੀ ਸਾਹਿਤ ਅਕਾਦਮੀ ਦੇ ਸਰਵੋਤਮ ਐਵਾਰਡ ਲਈ ਵੀ ਚੁਣਿਆ ਗਿਆ ਹੈ। ਉਸਦੇ ਲੜੀਵਾਰ ਕਾਨੂੰਨੀ ਨਾਵਲ ਅਜਿਹੇ ਯਥਾਰਥ ਨੂੰ ਦਰਸਾਉਣ ਉਤੇ ਕੇਂਦਰਿਤ ਰਹਿੰਦੇ ਹਨ ਕਿ ਇਨਸਾਫ਼ ਲੈਣਾ ਅਤਿ ਦਾ

ਮਹਿੰਗਾ, ਔਖਾ, ਲੰਮਾ ਤੇ ਪੇਚੀਦਾ ਮਸਲਾ ਹੈ। ਇਨਸਾਫ਼ ਦੀ ਉਡੀਕ ਕਰਦੀਆਂ ਪੀੜ੍ਹੀਆਂ ਬਦਲ ਜਾਂਦੀਆਂ ਹਨ। ਤਫ਼ਤੀਸ਼ ਤੋਂ ਲੈ ਕੇ ਸੁਧਾਰ-ਘਰ ਤੱਕ ਪਹੁੰਚਦਿਆਂ ਲੋਕਾਂ ਲਈ ਬੰਟੀ ਦੇ ਕਤਲ ਕੇਸ ਦੀ ਘਟਨਾ ਜਾਂ ਵਾਰਦਾਤ ਭੁੱਲੀ ਵਿਸਰੀ ਸ਼ੈਅ ਬਣ ਜਾਂਦੀ ਹੈ। 'ਸੁਧਾਰ-ਘਰ', 'ਤਫ਼ਤੀਸ਼' ਤੇ 'ਕਟਹਿਰਾ' ਨਾਵਲਾਂ ਰਾਹੀਂ ਹੋਂਦ ਵਿਚ ਲਿਆਂਦੀ ਗਈ ਨਵੀਂ ਨਾਵਲ ਵੰਨਗੀ ਨੂੰ ਅੱਗੇ ਤੋਰਦਾ ਹੋਇਆ ਭਾਰਤੀ ਜੇਲ੍ਹਾਂ ਤੇ ਫੌਜ਼ਦਾਰੀ ਨਿਆਂ-ਪ੍ਰਬੰਧ ਦੇ ਅੰਦਰ ਬਾਹਰ ਫੈਲੇ ਭ੍ਰਿਸ਼ਟਾਚਾਰ ਨੂੰ ਰੂਪਮਾਨ ਕਰਦਾ ਹੈ। ਜੇਲ੍ਹ ਦੀ ਦੁਨੀਆਂ ਰਾਹੀਂ ਸਮੁੱਚੇ ਸਮਾਜ ਵਿਚ ਚਲਦੇ ਦੁਰਾਚਾਰ ਦੇ ਜਮਾਤੀ ਸੰਦਰਭ ਨੂੰ ਦ੍ਰਿਸ਼ਟਮਾਨ ਕਰਦਾ ਹੈ। ਨਾਵਲ 'ਸੁਧਾਰ-ਘਰ' ਦਾ ਸਮੁੱਚਾ ਸੰਬੰਧ ਜੇਲ੍ਹ ਨਾਲ ਹੈ, ਸੁਧਾਰ-ਘਰ ਤੋਂ ਭਾਵ ਜੇਲ੍ਹ-ਘਰ ਹੈ।

ਸੁਧਾਰ-ਘਰ ਜੇਲ੍ਹ-ਘਰ ਨੂੰ ਦਿੱਤਾ ਗਿਆ ਅਜਿਹਾ ਨਾਂ ਹੈ ਜਿਸਦਾ ਭਾਵ ਹੈ ਕਿ ਜੇਲ੍ਹ ਅਜਿਹੀ ਸੰਸਥਾ ਹੈ ਜਿਥੇ ਮੁਜ਼ਰਮਾਂ ਨੂੰ ਸਜ਼ਾ ਦੇ ਤੌਰ ਤੇ ਨਹੀਂ ਸਗੋਂ ਚੰਗੀ ਸ਼ਖ਼ਸੀਅਤ ਅਤੇ ਉਸਾਰੂ ਵਿਚਾਰਾਂ ਵਾਲੇ ਬਣਾਉਣ ਵਾਲੀ ਇਕ ਅਜਿਹੀ ਜਗ੍ਹਾ ਹੈ ਜਿਥੇ ਮੁਜ਼ਰਮ ਵਿਅਕਤੀ ਸਭਿਅਕ ਬਣ ਸਕੇ। ਪਰੰਤੂ ਨਾਵਲ 'ਸੁਧਾਰ-ਘਰ' ਵਿਅੰਗਾਤਮਕ ਦ੍ਰਿਸ਼ਟਮਾਨ ਕਰਦਾ ਹੈ ਕਿ 'ਸੁਧਾਰ-ਘਰ' ਸੁਧਾਰ-ਘਰ ਨਹੀਂ ਸਗੋਂ ਵਿਗਾੜ-ਘਰ ਵਧੇਰਾ ਸਾਬਤ ਹੁੰਦਾ ਹੈ ਕਿਉਂਕਿ ਸੁਧਾਰ-ਘਰ (ਜੇਲ੍ਹ) ਆਮ ਮਨੁੱਖ ਦੇ ਸੁਭਾਅ ਵਿਚ ਕੋਈ ਬਦਲਾਅ ਨਹੀਂ ਲਿਆਉਂਦੀ ਸਗੋਂ ਉਸਨੂੰ ਕਈ ਸੰਕਟਾਂ ਵਿਚ ਪਾ ਦਿੰਦੀ ਹੈ। 'ਸੁਧਾਰ-ਘਰ' ਨਾਵਲ ਇਹ ਰੂਪਮਾਨ ਕਰਦਾ ਹੈ ਕਿ ਸਮੁੱਚੇ ਸਮਾਜਿਕ, ਰਾਜਸੀ ਢਾਂਚੇ ਦੇ ਭ੍ਰਿਸ਼ਟ ਹੋ ਜਾਣ ਨਾਲ ਜ਼ੁਰਮ ਵਧਦੇ ਹਨ ਤੇ ਮੁਜ਼ਰਮ ਪੈਦਾ ਹੁੰਦੇ ਹਨ ਤੇ ਮੁਜ਼ਰਮ 'ਸੁਧਾਰ-ਘਰ' ਵਿਚ ਸੁਧਰਨ ਦੀ ਬਜਾਇ ਵਿਗੜਦੇ ਜ਼ਿਆਦਾ ਹਨ। 'ਸੁਧਾਰ-ਘਰ' ਦਾ ਮੁੱਖ ਵਿਸ਼ਾ ਜੇਲ੍ਹ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਨੂੰ ਰੂਪਮਾਨ ਕਰਨਾ ਹੈ ਕਿ ਜੇਲ੍ਹ ਪ੍ਰਸ਼ਾਸਨ ਦਾ ਆਪਣਾ ਦਬਦਬਾ, ਦਹਿਸ਼ਤ ਤੇ ਬਹਿਸ਼ਤ ਹੈ। ਬਾਹਰਲੇ ਸਮਾਜ ਵਾਂਗ ਜੇਲ੍ਹ ਅੰਦਰਲੀ ਦੁਨੀਆਂ ਵੀ ਬਹੁਭਾਗੀ ਅਤੇ ਬਹੁਰੰਗੀ ਹੈ। ਉਥੇ ਵੀ ਸਮਾਜਿਕ ਸਭਿਆਚਾਰਕ ਅਸੰਤੁਲਨ ਦਿਖਾਈ ਦਿੰਦਾ ਹੈ ਕਿਉਂਕਿ ਬੇਦੋਸ਼ੇ ਤੇ ਸਾਧਨਹੀਣ ਲੋਕ ਸਜ਼ਾਵਾਂ ਭੁਗਤਦੇ ਹਨ ਜਦਕਿ ਸ਼ਕਤੀਸ਼ਾਲੀ ਮੁਜ਼ਰਮ ਲੋਕ ਜੇਲ੍ਹ ਦੇ ਅੰਦਰ ਵੀ ਅਤੇ ਬਾਹਰ ਵੀ ਆਜ਼ਾਦ ਘੁੰਮਦੇ ਹਨ। :

"ਉਹ ਦੋ ਮਹੀਨਿਆਂ ਪਿਛੋਂ ਇਕ ਹਫ਼ਤੇ ਲਈ ਜੇਲ੍ਹ ਆਉਂਦਾ ਸੀ। ਆਪਣੇ ਕਾਰੋਬਾਰ ਦਾ ਹਿਸਾਬ ਕਰਨ। ਪੰਦਰਾਂ ਸੌ ਵਿਚੋਂ ਤੇਰਾਂ ਸੌ ਕੈਦੀ ਕਿਸੇ ਨਾ ਕਿਸੇ ਨਸ਼ੇ ਤੇ ਲੱਗੇ ਹੋਏ ਸਨ (ਸੁੱਖੇ ਤੋਂ ਲੈ ਕੇ ਸਮੈਕ ਤੱਕ) ... ਕਨਟੀਨ ਤੋਂ ਲੈ ਕੇ ਜ਼ਨਾਨਾ ਵਾਰਡ ਤੱਕ ਉਸਦਾ ਮਾਲ ਵਿਕਦਾ ਸੀ।...ਨਸ਼ਾ ਕਿਸੇ ਹੋਰ ਪਾਸਿਉਂ ਆ ਜਾਵੇ ਤਾਂ ਬੈਰਕ ਵਿਚ ਦੰਗਾ ਹੋ ਜਾਂਦਾ ਸੀ।"[177]

ਇਸ ਹਵਾਲੇ ਅਨੁਸਾਰ ਪੈਸੇ ਤੇ ਸੱਤਾ ਵਿਚ ਸਥਾਨ ਰੱਖਣ ਵਾਲੇ ਅਮੀਰ ਵਰਗ ਦੇ ਲੋਕ ਗੁਨਾਹ ਕਰਕੇ ਵੀ ਸਮਾਜ ਵਿਚ ਸੁਤੰਤਰ ਵਿਚਰਦੇ ਹਨ ਤੇ ਉਨ੍ਹਾਂ ਨੂੰ ਜੇਲ੍ਹ ਵਿਚ ਵੀ ਨਸ਼ੇ ਵੇਚਣ ਤੇ ਖਰੀਦਣ ਦੀ ਪੂਰੀ ਖੁੱਲ੍ਹ ਹੈ, ਜਦਕਿ ਗਰੀਬ ਵਰਗ ਦੇ ਲੋਕ ਬੇਗੁਨਾਹ

ਤੇ ਭੋਲੇ-ਭਾਲੇ ਹੁੰਦੇ ਹੋਏ ਵੀ ਸੰਕਟਮਈ ਜੀਵਨ ਜਿਉਣ ਲਈ ਮਜ਼ਬੂਰ ਹੁੰਦੇ ਹਨ। ਇਸ ਸਮਾਜਿਕ ਅਨਿਆਂ ਨੂੰ ਅਮਰੂ ਨਾਂ ਦੇ ਪਾਤਰ ਰਾਹੀਂ ਦੇਖਿਆ ਜਾ ਸਕਦਾ ਹੈ :

"ਅਮਰੂ ਗਰੀਬ ਆਦਮੀ ਸੀ...ਉਸਨੂੰ ਭੱਠੀ ਲਾ ਕੇ ਨਜਾਇਜ਼ ਸ਼ਰਾਬ ਕਸ਼ੀਦ ਕਰਨ ਦੇ ਦੋਸ਼ ਵਿਚ ਦੋ ਸਾਲ ਦੀ ਕੈਦ ਅਤੇ ਪੰਜ ਹਜਾਰ ਰੁਪਏ ਜ਼ੁਰਮਾਨਾ ਹੋਇਆ ਸੀ...ਜੁਰਮਾਨਾ ਨਾ ਭਰ ਸਕਣ ਕਾਰਨ ਅਮਰੂ ਨੂੰ ਜੇਲ੍ਹ ਆਉਣਾ ਪਿਆ ਸੀ...ਨਾਲ ਲਾਭ ਸਿੰਘ ਨੇ ਚਿਤਾਵਨੀ ਦਿੱਤੀ ਸੀ ਜਿੰਨਾ ਚਿਰ ਉਹ ਸ਼ਰਾਬ ਦੀ ਪੇਟੀ ਦਾ ਇੰਤਜਾਮ ਨਹੀਂ ਕਰਦਾ ਉਨਾ ਚਿਰ ਉਹ ਇਸੇ ਬੈਰਕ ਵਿਚ ਬੰਦ ਰਹੇਗਾ।"[178]

ਇਸ ਹਵਾਲੇ ਰਾਹੀਂ ਨਾਵਲਕਾਰ ਅਜਿਹੇ ਮੁਜ਼ਰਮਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ ਸਮਾਜ ਵਿਚ ਕਾਨੂੰਨ ਦੁਆਰਾ ਪ੍ਰਵਾਨ ਰੋਜ਼ੀ-ਰੋਟੀ ਦਾ ਵਸੀਲਾ ਨਹੀਂ ਮਿਲਦਾ ਤਾਂ ਉਹ ਆਪਣਾ ਤੇ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਗ਼ੈਰ-ਕਾਨੂੰਨੀ ਧੰਦੇ ਕਰਦੇ ਹਨ ਤੇ ਪੁਲਿਸ ਦੁਆਰਾ ਫੜੇ ਜਾਣ ਤੇ ਫਿਰ ਜੇਲ੍ਹ ਵਿਚ ਸੜਦੇ ਰਹਿੰਦੇ ਹਨ। ਜੇਲ੍ਹ ਅਧਿਕਾਰੀ ਪ੍ਰਬੰਧ ਵਿਚ ਆਪੇ ਪੈਦਾ ਕੀਤੀ ਦਹਿਸ਼ਤਗਰਦੀ ਦਾ ਲਾਹਾ ਲੈਂਦਿਆਂ ਵੱਧ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕੈਦੀਆਂ ਨੂੰ ਰਿਸ਼ਵਤ ਦਾ ਦਬਕਾ ਦੇ ਕੇ ਉਨ੍ਹਾਂ ਨਾਲ ਵਿਤਕਰਾ ਕਰਦੇ ਹਨ, ਉਹਨਾਂ ਨੂੰ ਜਿਥੇ ਸਮਾਜਿਕ ਤੌਰ ਤੇ ਪ੍ਰੇਸ਼ਾਨ ਕਰਦੇ ਹਨ ਉਥੇ ਮਾਨਸਿਕ ਕਸ਼ਟ ਵੀ ਦਿੰਦੇ ਹਨ। ਨਾਵਲਕਾਰ ਇਨ੍ਹਾਂ ਮੁਜ਼ਰਮਾਂ ਨੂੰ ਹਮਦਰਦੀ ਨਾਲ ਚਿਤਰਦਾ ਹੈ ਕਿਉਂਕਿ ਇਹ ਪੈਦਾਇਸ਼ੀ ਮੁਜ਼ਰਮ ਨਹੀਂ ਸਗੋਂ ਸਮਾਜ ਦੀਆਂ ਵਿਰੋਧੀ ਹਾਲਤਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕੀਤਾ ਹੈ। ਅੱਗੇ ਜੇਲ੍ਹ ਵਿਚ ਸਜ਼ਾ ਦੌਰਾਨ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਕੈਦੀਆਂ ਤੇ ਕੈਦਣਾਂ ਨੂੰ ਪਾਗਲ ਹੋਣ ਤੱਕ ਦੀ ਨੌਬਤ ਵੀ ਆ ਜਾਂਦੀ ਹੈ:

"ਮਿਠੋ ਸਾਰਾ ਦਿਨ ਮੂੰਹ ਵਿਚ ਕੁਝ ਬੁੜਬੜਾਉਂਦੀ ਰਹਿੰਦੀ... ਜੇ ਉਸਦੀ ਹਾਲਤ ਇਸੇ ਤਰ੍ਹਾਂ ਨਿਘਰਦੀ ਰਹੀ ਤਾਂ ਜਲਦੀ ਹੀ ਉਸਨੇ ਪਾਗਲਾਂ ਵਾਲੀ ਕੋਠੜੀ ਵਿਖੇ ਪੁੱਜ ਜਾਣਾ ਹੈ।"[179]

ਅਜਿਹੀਆਂ ਘਟਨਾਵਾਂ ਰਾਹੀਂ ਜੇਲ੍ਹ ਪ੍ਰਬੰਧ ਦੇ ਸਭਿਆਚਾਰ ਦਾ ਜੋ ਮਹਾਂਦ੍ਰਿਸ਼ ਉਭਰਦਾ ਹੈ ਉਸ ਵਿਚ ਜੇਲ੍ਹ ਅੰਦਰਲੀ ਦੁਨੀਆਂ ਤਾਂ ਉਭਰਦੀ ਹੀ ਹੈ, ਨਾਲ ਹੀ ਜ਼ੁਰਮ ਦੇ ਸੰਸਾਰ ਦਾ ਉਹ ਚਿਹਰਾ ਵੀ ਸਾਹਮਣੇ ਆਉਂਦਾ ਹੈ ਜਿਸਦੀ ਤਸਵੀਰ ਆਮ ਆਦਮੀ ਦੀ ਸੋਚ ਦੇ ਘੇਰੇ ਵਿਚ ਨਹੀਂ ਆਉਂਦੀ।

ਡਾ. ਰਾਹੀ ਅਨੁਸਾਰ, "ਮੀਤ ਦਾ ਨਾਵਲ 'ਸੁਧਾਰ-ਘਰ' ਮੇਰੀ ਨਜ਼ਰ ਵਿਚ ਪੰਜਾਬੀ ਦਾ ਸ਼ਾਇਦ ਪਹਿਲਾ ਨਾਵਲ ਹੈ ਜੋ ਸਾਡੇ ਵਰਤਮਾਨ ਨੂੰ ਇਸ ਮਹਾਂਕਾਵਿਕ ਪਿੱਠ-ਭੂਮੀ ਵਿਚੋਂ ਜਾਚਣ ਪਰਖਣ ਵਾਲੀ ਰਚਨਾ ਹੈ। ਤਕਨੀਕੀ ਭਾਸ਼ਾ ਦੀ ਲਾਲਸਾ ਪੂਰਨੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ 'ਮਹਾਂਭਾਰਤ' ਵਿਚ ਸਿਰਜਿਤ ਚੱਕਰਵਿਊ ਤੇ ਅਭਿਮੰਨਯੂ ਦਾ ਬਿਰਤਾਂਤ-ਖੰਡ ਇਸ ਨਾਵਲ ਦਾ ਚਿਹਨਾਰਥੀ ਅੰਤਰ ਪਾਠ ਹੈ। ਮਹਾਂਭਾਰਤ ਦਾ ਬਿਰਤਾਂਤ-ਖੰਡ ਇਕ ਐਸਾ ਪ੍ਰਸੰਗ ਹੈ ਜੋ ਇਸ ਨਾਵਲ ਵਿਚ ਮੂਰਤੀਮਾਨ ਕਥਾ-ਸਮਾਚਾਰ

ਨੂੰ ਇਕ ਪਾਸੇ ਸਾਡੇ ਵਰਤਮਾਨ ਰਾਜਤੰਤਰ ਦੇ ਇਤਿਹਾਸਕ ਯਥਾਰਥ ਦੀ ਬਦਸੂਰਤੀ ਦਾ ਆਇਨਾ ਬਣਾਉਂਦਾ ਹੈ ਤੇ ਦੂਜੇ ਪਾਸੇ ਇਸ ਵਿਰੁੱਧ ਸੰਘਰਸ਼ ਨੂੰ ਦਾਰਸ਼ਨਿਕ ਗੌਰਵ ਦੀ ਪੁੱਠ ਦੇਂਦਾ ਹੈ। ਇਹ ਗੁਣ ਪਹਿਲਾਂ ਸਾਡੇ ਨਾਵਲ ਵਿਚ ਦੁਰਲੱਭ ਤਾਂ ਨਹੀਂ, ਪਰ 'ਸੁਧਾਰ-ਘਰ' ਵਿਚ ਇਸਦਾ ਕੈਨਵਸ ਜਿੰਨਾ ਵਿਸ਼ਾਲ ਤੇ ਅਭਿਮੰਨਯੂ ਤੇ ਸ਼ਸਤ੍ਰ ਵਾਂਗ ਕਾਟਵਾਂ ਹੈ, ਉਹ ਗੁਣ ਸਾਡੇ ਹੁਣ ਤੱਕ ਦੇ ਨਾਵਲ ਵਿਚ ਮੈਨੂੰ ਪ੍ਰਾਪਤ ਨਹੀਂ ਹੋਇਆ।[180]

ਨਾਵਲ ਦਾ ਮਹੱਤਵਪੂਰਨ ਤੱਤ ਵਿਸ਼ਾ ਤੇ ਲੇਖਕ ਦਾ ਦ੍ਰਿਸ਼ਟੀਕੋਣ ਹੁੰਦਾ ਹੈ, ਜਿਸ ਰਾਹੀਂ ਨਾਵਲਕਾਰ ਸਮੇਂ ਦੇ ਸੱਚ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ। ਮੀਤ ਨੇ ਆਪਣੇ ਨਾਵਲਾਂ ਦੇ ਵਿਸ਼ੇ ਵਿਲੱਖਣ ਤੇ ਨਿਵੇਕਲੇ ਚੁਣੇ ਹਨ। ਉਸਦੀ ਵਿਸ਼ੇਸ਼ ਖ਼ੂਬੀ ਇਹ ਹੈ ਕਿ ਉਸਨੇ ਮੌਲਿਕਤਾ ਅਨੁਸਾਰ ਚੇਤੰਨ ਬੁੱਧ ਦੁਆਰਾ ਆਪਣੇ ਸਮੇਂ ਦੇ ਸੰਕਟ ਨੂੰ ਵਧੇਰੇ ਤਿੱਖੀ ਨੀਝ ਨਾਲ ਵੇਖਿਆ ਤੇ ਅਨੁਭਵਿਆ ਹੈ ਜੋ ਉਸਦੀ ਸਮੁੱਚੀ ਨਾਵਲੀ ਦ੍ਰਿਸ਼ਟੀ ਦਾ ਧੁਰਾ ਬਣਦੀ ਹੈ।

ਡਾ. ਟੀ.ਆਰ.ਵਿਨੋਦ ਅਨੁਸਾਰ, "ਸਾਹਿਤਕਾਰ ਦੀ ਰਚਨਾ ਜਿਹੜੀ ਜੀਵਨ ਪਰਸਥਿਤੀਆਂ ਨੂੰ ਮੂਰਤੀਮਾਨ ਕਰਦੀ ਹੈ, ਉਹ ਜੀਵਨ ਦਾ ਨਿਰੋਲ ਵਸਤੂਗਤ ਤੱਥ ਨਹੀਂ ਹੁੰਦਾ ਸਗੋਂ ਸਾਹਿਤਕਾਰ ਦੁਆਰਾ ਦੇਖੀ ਸਮਝੀ ਅਤੇ ਵਿਉਂਤੀ ਜੀਵਨ ਪਰਸਥਿਤੀ ਹੁੰਦੀ ਹੈ। ਸਾਹਿਤਕਾਰ ਨੇ ਇਕ ਖ਼ਾਸ ਦ੍ਰਿਸ਼ਟੀਕੋਣ ਤੇ ਉਸ ਨੂੰ ਪੇਸ਼ ਕਰਨਾ ਹੁੰਦਾ ਹੈ।"[181]

ਮਿੱਤਰ ਸੈਨ ਮੀਤ ਨੇ ਆਪਣੇ ਵਿਸ਼ਾਲ ਅਨੁਭਵ ਨੂੰ ਇਕ ਖਾਸ ਦ੍ਰਿਸ਼ਟੀਕੋਣ ਤੇ ਖ਼ਾਸ ਵਸਤੂ ਸਮੱਗਰੀ ਰਾਹੀਂ ਪੇਸ਼ ਕੀਤਾ ਹੈ, ਜਿਸਦਾ ਅਨੁਭਵ ਉਸ ਕੋਲ ਵਿਸ਼ਾਲ ਰੂਪ ਵਿਚ ਉਪਲਬਧ ਹੈ। ਜਦਕਿ ਨਾਵਲਕਾਰ ਆਪਣੇ ਪਾਤਰ ਸੁਰਜੀਤ ਰਾਹੀਂ ਭਾਰਤੀ ਕਾਨੂੰਨ ਦੀ ਹਕੀਕਤ ਨੂੰ ਵੀ ਵਿਅੰਗ ਨਾਲ ਦਰਸਾਉਂਦਾ ਹੈ, ਜੋ ਨਾਵਲਕਾਰ ਦੀ ਵੱਖਰਤਾ ਹੈ ਕਿ ਉਸਦੀ ਵਿਚਾਰਧਾਰਾ ਵੱਖ-ਵੱਖ ਕੈਦੀਆਂ ਨਾਲ ਸੰਬੰਧਿਤ ਘਟਨਾਵਾਂ ਦੀ ਬਹੁਵਿਸਥਾਰਤਾ ਵਿਚ ਕੋਈ ਨਾ ਕੋਈ ਤਰਕ ਜ਼ਰੂਰ ਸਿਰਜਦੀ ਹੈ ਜਿਸ ਕਰਕੇ ਇਹ ਨਾਵਲ ਬਿਰਤਾਂਤਕ ਵੇਰਵਿਆ ਤੇ ਵਿਸਥਾਰਤਾ ਦੀ ਜਟਿਲਤਾ ਵਿਚ ਨਹੀਂ ਆਉਂਦਾ। ਜਿਵੇਂ :

"ਜਦੋਂ ਕੋਈ ਅਣਜਾਣ ਬੰਦਾ ਇਸ ਕਾਨੂੰਨ ਨੂੰ ਪੜ੍ਹਦਾ ਹੈ, ਬੜਾ ਖੁਸ਼ ਹੁੰਦਾ ਹੈ। ਬੜੀਆਂ ਡੀਂਗਾਂ ਮਾਰੀਆਂ ਗਈਆਂ ਹਨ। ਬੱਚਿਆਂ ਨੂੰ ਆਮ ਕੈਦੀਆਂ ਤੋਂ ਦੂਰ ਰੱਖਿਆ ਜਾਏਗਾ। ਉਨ੍ਹਾਂ ਦੀਆਂ ਮਨੋਵਿਗਿਆਨਕ ਗੁੰਝਲਾਂ ਸੁਲਝਾਉਣ ਲਈ ਜੇਲ੍ਹ 'ਚ ਮਨੋਵਿਗਿਆਨੀ ਹੋਣਗੇ। ਸਰੀਰਕ ਵਿਕਾਸ ਲਈ ਪੌਸ਼ਟਿਕ ਖੁਰਾਕ ਦਿੱਤੀ ਜਾਏਗੀ। ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਏਗਾ।"[182]

ਪਰ ਹੁੰਦਾ ਜੇਲ੍ਹਾਂ ਵਿਚ ਉਲਟ ਹੈ ਕਿਉਂਕਿ ਉਥੇ ਮੁਜ਼ਰਮਾਂ ਤੋਂ ਬੱਚਿਆਂ ਨੂੰ ਵੱਖ ਨਹੀਂ ਰੱਖਿਆ ਜਾਂਦਾ। ਜੇਲ੍ਹ ਵਿਚ ਆਏ ਬੱਚੇ ਵੀ ਸਮਾਜ ਦੀਆਂ ਹੈਵਾਨ ਕੁਰੀਤੀਆਂ ਕਾਰਨ ਹੀ ਕੈਦੀ ਬਣਦੇ ਹਨ। ਕੋਈ ਬੱਚਾ ਨਜਾਇਜ਼ ਔਲਾਦ ਹੋਣ ਕਾਰਨ ਜੇਲ੍ਹ ਆਉਂਦਾ ਹੈ ਤੇ ਕੋਈ ਬੱਚਾ ਮਾਂ-ਪਿਉ ਦੀ ਲੜਾਈ ਤੋਂ ਮਗਰੋਂ ਜੂਠੇ ਭਾਂਡੇ ਮਾਂਜਣ ਵਾਲਾ, ਜਿਸ ਨੂੰ ਪੁਲਿਸ ਜੇਬ ਕਤਰਾ ਸਮਝ ਕੇ ਜੇਲ੍ਹ ਸੁੱਟ ਦਿੰਦੀ ਹੈ। ਇਹ ਸਾਰੇ ਕਾਰਨ ਸਮਾਜਿਕ

ਸਭਿਆਚਾਰ ਵਿਚ ਆਈ ਹਲਚਲ ਕਾਰਨ ਹੀ ਹੋਂਦ ਵਿਚ ਆਉਂਦੇ ਹਨ ਕਿਉਂਕਿ ਰਿਸ਼ਤਿਆਂ-ਨਾਤਿਆਂ ਵਿਚੋਂ ਭਰੋਸਾ ਉਠ ਚੁੱਕਾ ਹੈ। ਇਸ ਤਰ੍ਹਾਂ ਜੇਲ੍ਹ ਦਾ ਜਿਹੜਾ ਰੂਪ 'ਸੁਧਾਰ-ਘਰ' ਨਾਵਲ ਵਿਚ ਰੂਪਮਾਨ ਕੀਤਾ ਗਿਆ ਹੈ ਉਥੇ ਵੀ ਸਮਾਜਿਕ ਅਸੰਤੁਲਨ ਦਾ ਅਸਰ ਹੋਇਆ ਹੈ।

ਨਾਵਲ ਦੀ ਕਰੂਰਤਾ ਇਹੀ ਰਹੀ ਹੈ ਕਿ ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਨਾ ਹੋਣ ਕਾਰਨ ਜ਼ੁਰਮ ਕਰਦਾ ਹੈ। ਜ਼ੁਰਮ ਕਰਕੇ ਜੇਲ੍ਹ ਜਾਂਦਾ ਹੈ ਤੇ ਉਥੇ ਆਪਣੇ ਕੀਤੇ ਦੀ ਸਜ਼ਾ ਭੁਗਤਣ ਤੋਂ ਇਲਾਵਾ ਵੱਡਾ ਮੁਜ਼ਰਮ ਬਣ ਜਾਂਦਾ ਹੈ। ਬਹੁਤੀਆਂ ਬੈਰਕਾਂ ਵਿਚ ਬੰਦ ਨੌਜਵਾਨ ਕੈਦੀ ਛੋਟੀਆਂ-ਛੋਟੀਆਂ ਇਛਾਵਾਂ ਦੀ ਪੁਰਤੀ ਲਈ ਜ਼ੁਰਮ ਕਰਕੇ ਜੇਲ੍ਹ ਆਏ ਹਨ :

"ਕੁਲਵੰਤ ਨੂੰ ਸਰਦਾਰਾਂ ਦੇ ਮੱਛੀਆਂ ਦੇ ਤਲਾਅ ਵਿਚੋਂ ਮੱਛੀਆਂ ਚੋਰੀ ਕਰਨ ਦੇ ਜ਼ੁਰਮ ਵਿਚ ਦੋ ਸਾਲ ਦੀ ਕੈਦ ਹੋਈ ਸੀ ...ਉਸ ਦਾ ਮਨ ਰੱਜਕੇ ਪਕੌੜੇ ਖਾਣ ਲਈ ਤਰਸ ਰਿਹਾ ਸੀ ...ਪਕੌੜਿਆਂ ਵਾਲੀ ਰੇਹੜੀ ਤੇ ਦਸ ਰੁਪਏ ਪਾਈਆ ਮੱਛੀ ਮਿਲਦੀ ਸੀ। ਦਸ ਰੁਪਏ ਮਹੀਨੇ ਵਿਚ ਮਸਾਂ ਜੁੜਦੇ ਸਨ ਪਰ ਮੱਛੀ ਹਲਕ ਤਾਲੂਏ ਨਾਲ ਲੱਗ ਜਾਂਦੀ ਸੀ... ਉਸਨੇ ਇਕ ਕਿਲੋ ਕੁ ਮੱਛੀ ਫੜੀ ਸੀ, ਠੇਕੇਦਾਰ ਕਹਿੰਦਾ ਸੀ ਹਰ ਰੋਜ਼ ਮੱਛੀ ਚੋਰੀ ਹੁੰਦੀ ਸੀ...ਪਹਿਲੀ ਚੋਰੀ ਉਪਰ ਫਾਹੇ ਲੱਗ ਗਿਆ।"[183]

ਉਕਤ ਹਵਾਲੇ ਤੋਂ ਇਲਾਵਾ ਨਾਵਲ ਵਿਚ ਹੋਰ ਅਣਗਿਣਤ ਪਾਤਰ ਅਜਿਹੇ ਹਨ ਜਿਨ੍ਹਾਂ ਨੂੰ ਸਮਾਜਿਕ, ਆਰਥਿਕ ਤੇ ਸਭਿਆਚਾਰਕ ਮਾਨਤਾ ਨਾ ਮਿਲਣ ਕਰਕੇ ਘਿਨਾਉਣੇ ਜ਼ੁਰਮ ਕਰਕੇ ਜੇਲ੍ਹ ਆਉਣਾ ਪਿਆ। ਜਿਵੇਂ ਮੋਦਨ, ਜੋ ਸਰੀਰਕ ਪੂਰਤੀ ਨਾ ਹੋਣ ਕਾਰਨ ਪਸ਼ੂ ਬਿਰਤੀ ਧਾਰ ਕੇ ਕੱਟੀ ਨਾਲ ਬਲਾਤਕਾਰ ਕਰਦਾ ਹੈ। ਜਿਹੜੇ ਮਜ਼ਬੂਰੀ ਵਸ ਦੀਵਾਨੀ ਫ਼ੌਜਦਾਰੀ ਮੁਕੱਦਮਿਆਂ ਵਿਚ ਮਿਲੀਆਂ ਸੱਚੀਆਂ ਝੂਠੀਆਂ ਸਜ਼ਾਵਾਂ ਕੱਟ ਰਹੇ ਹਨ। ਜਿਨ੍ਹਾਂ ਰਾਹੀਂ ਨਾਵਲਕਾਰ ਇਹ ਦਰਸਾਉਂਦਾ ਹੈ ਕਿ ਵਿਸ਼ੇਸ਼ ਪਰਸਥਿਤੀਆਂ ਵਿਅਕਤੀ ਨੂੰ ਜ਼ੁਰਮ ਕਰਨ ਲਈ ਪ੍ਰੇਰਦੀਆਂ ਹਨ, ਜਿਸਦਾ ਹੱਲ ਇਹ ਹੈ ਕਿ ਜ਼ੁਰਮ ਨੂੰ ਖਤਮ ਕਰਨ ਤੋਂ ਪਹਿਲਾਂ ਵਿਸ਼ੇਸ਼ ਪਰਸਥਿਤੀਆਂ ਦਾ ਸੁਧਾਰ ਕੀਤਾ ਜਾਣਾ ਜ਼ਰੂਰੀ ਹੈ।

ਡਾ. ਰਾਹੀ ਅਨੁਸਾਰ, "ਸੁਪਨੇ ਲੈਣਾ ਤੇ ਜੀਉਣਾ ਮਨੁੱਖ ਦੇ ਮਨੁੱਖ ਹੋਣ ਦੀ ਪਛਾਣ ਹੈ। ਪਰ ਇਨ੍ਹਾਂ ਦੀ ਤਰਮੀਲ ਜਿਵੇਂ : ਉਹ ਚਾਹੁੰਦਾ ਤੇ ਕਲਪਦਾ ਹੈ। ਜ਼ਿੰਦਗੀ ਦੀ ਹਕੀਕਤ ਦਾ ਹਿੱਸਾ ਨਹੀਂ ਬਣਦੀ। ਬਹੁਤ ਕੁਝ ਬਸ ਹਸਰਤ ਬਣਕੇ ਰਹਿ ਜਾਂਦਾ ਹੈ। ਸੁਪਨੇ ਕ੍ਰਾਂਤੀਆਂ ਹੋ ਨਿਬੜਦੇ ਹਨ। ਇਹ ਬੰਦੇ ਦੀ ਸਮਾਜਿਕ ਹੋਂਦ ਦੀ ਵਿਡੰਬਨਾ ਹੈ। ਬੰਦਾ ਜੋ ਚਾਹੁੰਦਾ ਤੇ ਸੰਭਵ ਸਮਝਦਾ ਹੈ। ਇਤਿਹਾਸਕ ਹਾਲਤਾਂ ਤਿਵੇਂ ਉਸਦੀ ਇਜਾਜ਼ਤ ਨਹੀਂ ਦੇਂਦੀਆਂ। ਉਸ ਦਾ ਕਿਰਦਾਰ ਸੁਪਨਿਆਂ ਅਨੁਸਾਰ ਚਲਦਾ ਹੈ ਤੇ ਉਸਦੀ ਹੋਣੀ ਉਸ ਦੇ ਹਾਲਾਤ ਅਨੁਸਾਰ।"[184]

ਡਾ. ਰਾਹੀ ਦੇ ਵੇਰਵੇ ਅਨੁਸਾਰ ਹਾਕਮ ਦੇ ਸਹੁਰੇ ਮੇਜਰ ਨੂੰ ਯਕੀਨ ਸੀ ਕਿ ਹਾਕਮ ਸਿੰਘ ਦਿਨਾਂ ਵਿਚ ਹੀ ਸਫ਼ਲਤਾ ਦੀਆਂ ਪੌੜੀਆਂ ਚੜ੍ਹ ਜਾਵੇਗਾ ਤੇ ਇਕ ਦਿਨ ਮੇਰੇ ਵਾਂਗ

ਅਮੀਰ ਤੇ ਪਹੁੰਚਿਆ ਹੋਇਆ ਵਕੀਲ ਅਖਵਾਏਗਾ। ਪਰ ਹਾਕਮ ਸਿੰਘ ਕੋਲ ਚੰਗੇ ਨੰਬਰਾਂ ਵਾਲੀਆਂ ਡਿਗਰੀਆਂ ਤੇ ਇਨਾਮਾਂ ਸਨਮਾਨਾਂ ਵਾਲੇ ਸਰਟੀਫਿਕੇਟ ਤਾਂ ਬਹੁਤ ਸੀ ਪਰ ਜ਼ਮੀਨਾਂ ਜਾਇਦਾਦਾਂ ਦੀਆਂ ਰਜਿਸਟਰੀਆਂ ਨਹੀਂ ਸੀ ਜਿਸ ਕਰਕੇ ਅਮੀਰ ਵਕੀਲ ਦੀ ਧੀ ਰਵਿੰਦਰ ਨੂੰ ਗਰੀਬ ਪਤੀ ਦੇ ਘਰ ਰਹਿਣਾ ਔਖਾ ਲੱਗਿਆ ਤੇ ਪੱਖੇ ਨਾਲ ਫਾਹਾ ਲੈ ਕੇ ਆਪਣੇ ਜੀਵਨ ਦਾ ਅੰਤ ਕਰ ਲਿਆ। ਉਸਦੀ ਸਜ਼ਾ ਮਿਲੀ ਪ੍ਰਤਿਭਾ ਦੇ ਮਾਲਕ ਨਿਰਦੋਸ਼ ਵਕੀਲ ਹਾਕਮ ਸਿੰਘ ਨੂੰ। ਜਿਸ ਕਰਕੇ ਹਾਕਮ ਸਿੰਘ ਤੇ ਮੇਜਰ ਸਿੰਘ ਦੇ ਸੁਪਨੇ ਅਧੂਰੇ ਰਹਿ ਗਏ ਤੇ ਹਾਕਮ ਸਿੰਘ ਨੂੰ ਨਾਮਵਰ ਵਕੀਲ ਬਣਨ ਦੀ ਥਾਂ ਜੇਲ੍ਹ ਵਿਚ ਕੈਦੀ ਬਣਨਾ ਪਿਆ।

ਹਾਕਮ ਸਿੰਘ ਤੇ ਉਸਦੀ ਪਤਨੀ ਰਵਿੰਦਰ ਰਾਹੀ ਨਾਵਲਕਾਰ ਜਿਥੇ ਮਰਦ ਔਰਤ ਦੇ ਅਣਸੁਖਾਵੇਂ ਸੰਬੰਧਾਂ ਨੂੰ ਰੂਪਮਾਨ ਕਰਦਾ ਹੈ, ਉਥੇ ਰਵਿੰਦਰ ਦੀ ਮਾਨਸਿਕਤਾ ਰਾਹੀਂ ਨਵੀਆਂ ਜੀਵਨ ਕੀਮਤਾਂ ਦੇ ਪ੍ਰਸੰਗ ਵਿਚ ਵੀ ਪਿਛਾਂਹ-ਖਿੱਚੂ ਸੋਚ ਦੀ ਪੇਸ਼ਕਾਰੀ ਕਰਦਾ ਹੈ। ਕਿਉਂਕਿ ਉਹ ਅਮੀਰੀ ਵਿਚ ਪਲੀ, ਗਰੀਬ ਪਰ ਕਾਬਲ ਵਕੀਲ ਹਾਕਮ ਸਿੰਘ ਦੀ ਸੋਚ ਤੇ ਭਾਰੂ ਪੈਂਦੀ ਹੈ। ਇਸ ਤਰ੍ਹਾਂ ਨਾਵਲਕਾਰ ਪੂੰਜੀਵਾਦੀ ਜੀਵਨ ਕੀਮਤਾਂ ਤੋਂ ਪ੍ਰਭਾਵਿਤ ਸਮਾਜ ਵਿਚ ਆ ਰਹੀ ਨੈਤਿਕ ਕਦਰਾਂ-ਕੀਮਤਾਂ ਦੀ ਗਿਰਾਵਟ ਨੂੰ ਵੀ ਪੇਸ਼ ਕਰਦਾ ਹੈ। ਅਮੀਰ ਸ਼੍ਰੇਣੀ ਨਵੀਂ ਸੋਚ ਦੇ ਵਿਕਸਤ ਹੋਣ ਨਾਲ ਪੁਰਾਣੀਆਂ ਕੀਮਤਾਂ ਨੂੰ ਛੱਡ ਕੇ ਜੋ ਨਵੀਆਂ ਸਿਰਜੀਆਂ ਜਾ ਰਹੀਆਂ ਹਨ ਉਹ ਸਮਾਜ ਨੂੰ ਉਸਾਰੂ ਸੋਚ ਵਾਲੇ ਪਾਸੇ ਨਹੀਂ ਸਗੋਂ ਪਤਨ ਵੱਲ ਲੈ ਜਾ ਰਹੀਆਂ ਹਨ, ਜਿਸ ਕਰਕੇ ਨਵੇਂ ਸਮਾਜਿਕ ਸੰਕਟ ਜਨਮ ਲੈ ਰਹੇ ਹਨ। ਸੋ ਮੀਤ ਨਵੀਆਂ ਕੀਮਤਾਂ ਦੇ ਅਨੈਤਿਕ ਪੱਖਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਪੇਸ਼ ਜੀਵਨ ਵਿਚ ਕੰਮ ਕਰ ਰਹੀਆਂ ਸ਼ਕਤੀਆਂ ਦੀ ਗਤੀਸ਼ੀਲਤਾ ਨੂੰ ਵੀ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ ਤੇ ਜੇਲ੍ਹ ਦੇ ਝਰੋਖੇ ਰਾਹੀਂ ਸਮੁੱਚੇ ਸਮਾਜ ਨੂੰ ਵਿਗੜੇ ਹੋਏ ਰੂਪ ਵਿਚ ਪੇਸ਼ ਕਰਦਾ ਹੈ।

ਹਾਕਮ ਸਿੰਘ ਵਰਗੇ ਨਿਰਦੋਸ਼ ਨੂੰ ਆਪਣੀ ਪਤਨੀ ਤੋਂ ਦਾਜ ਲੈਣ ਦੀ ਮੰਗ ਦੌਰਾਨ ਸਜ਼ਾ ਹੋ ਜਾਂਦੀ ਹੈ ਤੇ ਉਸਨੂੰ 'ਬਾਦਸ਼ਾਹਾਂ' ਵਾਲੀ ਬੈਰਕ ਵਿਚ ਰੱਖਿਆ ਜਾਂਦਾ ਹੈ ਕਿਉਂਕਿ ਉਹ ਜੇਲ੍ਹ ਜਾਣ ਸਮੇਂ ਆਪਣੇ ਨਾਲ ਵਕੀਲ ਹੋਣ ਕਰਕੇ ਜੇਲ੍ਹ ਮੈਨੂਅਲ ਲੈ ਕੇ ਆਇਆ ਸੀ।

"ਲੱਗਦਾ ਕਾਨੂੰਨ ਤੇਰੇ ਦਿਮਾਗ ਨੂੰ ਜ਼ਿਆਦਾ ਹੀ ਚੜ੍ਹਿਆ ਹੋਇਆ ਐ। ਹੋਰਾਂ ਕੈਦੀਆਂ ਨੂੰ ਮੈਨੂਅਲ ਪੜ੍ਹਾ-ਪੜ੍ਹਾ ਤੂੰ ਤਾਂ ਦੋ ਦਿਨਾਂ ਵਿਚ ਜੇਲ੍ਹ ਵਿਚ ਬਗਾਵਤ ਕਰਵਾ ਦੇਵੇਂਗਾ। ਸਾਨੂੰ ਤੇਰਾ ਦਿਮਾਗ ਤਨਹਾਈ ਚੱਕੀ ਵਿਚ ਬੰਦ ਕਰਕੇ ਠੀਕ ਕਰਨਾ ਪਵੇਗਾ।"[185]

ਸੋ ਹਾਕਮ ਨਿਰਦੋਸ਼ ਹੁੰਦਿਆਂ ਹੋਇਆਂ ਵੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਸੀ ਕਿਉਂਕਿ ਜੇਲ੍ਹ ਅਧਿਕਾਰੀ ਉਸਨੂੰ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਂਦੇ ਹੋਏ ਵਕੀਲ ਹੋਣ ਦੇ ਬਾਵਜੂਦ ਵੀ ਉਸਨੂੰ ਧਰਤੀ ਤੇ ਫੈਲੇ ਨਰਕ ਵਿਚ ਸੁੱਟ ਦਿੰਦੇ ਹਨ। ਜਿੱਥੇ ਪੰਜਾਹ ਕੈਦੀਆਂ ਦੀ ਥਾਂ

ਸੌ ਕੈਦੀ ਸਜ਼ਾ ਕੱਟ ਰਹੇ ਹਨ। ਜਿੱਥੇ ਅੱਧਿਆਂ ਤੋਂ ਵੱਧ ਕੈਦੀਆਂ ਨੂੰ ਛੂਤ ਦੀਆਂ ਬਿਮਾਰੀਆਂ ਹਨ। ਕਿਸੇ ਨੂੰ ਟੀ.ਬੀ. ਕਿਸੇ ਨੂੰ ਦਮਾ ਅਤੇ ਕਿਸੇ ਨੂੰ ਖੁਰਕ ਪਈ ਹੋਈ ਹੈ। ਜਿਥੇ ਪਖਾਨੇ ਤੇ ਪੀਣ ਵਾਲੇ ਪਾਣੀ ਦਾ ਕੋਈ ਚੰਗਾ ਪ੍ਰਬੰਧ ਨਹੀਂ ਸਗੋਂ ਉਨ੍ਹਾਂ ਦੀਆਂ ਬੈਰਕਾਂ ਦੀਆਂ ਖਿੜਕੀਆਂ ਵਿਚੋਂ ਆ ਰਹੀ ਬਦਬੂ ਨੂੰ ਰੋਕਣ ਲਈ ਬੋਰੀਆਂ ਟੰਗ ਦਿੱਤੀਆਂ ਜਾਂਦੀਆਂ ਹਨ। ਜੇਕਰ ਪੜ੍ਹੇ-ਲਿਖੇ ਵਕੀਲ ਤੇ ਉਸਾਰੂ ਸੋਚ ਵਾਲੇ ਕੈਦੀ ਨਾਲ ਇਸ ਤਰ੍ਹਾਂ ਦਾ ਵਿਤਕਰਾ ਹੋਣਾ ਸੰਭਵ ਹੈ ਤਾਂ ਆਮ ਕੈਦੀਆਂ ਨੂੰ ਸਭਿਅਕ ਬਣਾਉਣ ਲਈ ਸਾਡਾ ਜੇਲ੍ਹ ਪ੍ਰਸ਼ਾਸਨ ਕੀ ਕਰ ਸਕਦਾ ਹੈ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਾਧਾਰਨ ਬੰਦੇ ਨੂੰ ਮੌਜੂਦ ਨਿਆਂ-ਪ੍ਰਬੰਧ ਕੋਲੋਂ ਇਨਸਾਫ਼ ਦੀ ਉਮੀਦ ਨਹੀਂ ਰੱਖਣੀ ਚਾਹੀਦੀ :

"ਜਦੋਂ ਧੱਕੇਸ਼ਾਹੀ ਸਾਰੇ ਹੱਦ-ਬੰਨੇ ਟੱਪ ਜਾਵੇ ਤਾਂ ਲੋਕ ਅਦਾਲਤ ਦਾ ਦਰਵਾਜਾ ਖੜਕਾਉਂਦੇ ਹਨ। ਜਾਪਦਾ ਹੈ ਲੋਕਾਂ ਦੀ ਆਖਰੀ ਆਸ ਦੀ ਲੋਅ ਵੀ ਧੁੰਧਲੀ ਪੈ ਗਈ ਹੈ।"[186]

ਇਨਸਾਫ਼ ਦੀ ਪ੍ਰਾਪਤੀ ਲਈ ਲੋਕ ਕਾਨੂੰਨ ਵੱਲ ਭੱਜਦੇ ਹਨ ਪਰ ਕਾਨੂੰਨ ਨਿਆਂ ਦੇਣ ਤੋਂ ਅਸਮਰੱਥ ਹੋ ਚੁੱਕਿਆ ਹੈ। ਕਿਉਂਕਿ ਰਾਜਸੀ ਨੇਤਾਵਾਂ, ਜੇਲ੍ਹ ਦੇ ਪ੍ਰਬੰਧਕਾਂ, ਜੱਜਾਂ, ਪੁਲਿਸ ਅਫ਼ਸਰਾਂ ਆਦਿ ਨੇ ਇਸ ਤਰ੍ਹਾਂ ਦਾ ਇਕ ਅਪਰਾਧਜਨਕ ਨਕਾਬ ਆਪਣੇ ਚਿਹਰੇ ਉਪਰ ਚੜ੍ਹਾਇਆ ਹੋਇਆ ਹੈ ਜੋ ਆਮ ਲੋਕਾਂ ਨੂੰ ਸਮਾਜ ਸੁਧਾਰਕ ਤੇ ਕਾਨੂੰਨ ਦੇ ਰਖਵਾਲੇ ਨਜ਼ਰ ਆਉਂਦੇ ਹਨ। ਪਰ ਅੰਦਰੋਂ ਮਿਲੀਭੁਗਤ ਰੱਖਦੇ ਹਨ। ਜਿਸ ਤਰ੍ਹਾਂ 'ਸੁਧਾਰ-ਘਰ' ਨਾਵਲ ਵਿਚ ਕੈਦੀਆਂ ਲਈ ਖੇਤ ਵਿਚ ਪੈਦਾ ਕੀਤੀ ਸਬਜੀ ਕਦੇ ਨਹੀਂ ਬਣਦੀ ਸਗੋਂ ਉਨ੍ਹਾਂ ਨੂੰ ਢੋਰੇ ਦੀ ਖਾਧੀ ਪਾਣੀ ਵਰਗੀ ਦਾਲ ਮਿਲਦੀ ਹੈ। ਪਰ ਇੰਸਪੈਕਸ਼ਨ ਕਰਨ ਆਏ ਅਧਿਕਾਰੀ ਨੂੰ ਫਾਈਵ ਸਟਾਰ ਹੋਟਲ ਦਾ ਖਾਣਾ ਖੁਆ ਕੇ ਇਹ ਕਿਹਾ ਜਾਂਦਾ ਹੈ ਕਿ ਇਹ ਖਾਣਾ ਕੁਝ ਕੈਦੀ ਲਾਂਗਰੀਆਂ ਦਾ ਬਣਾਇਆ ਹੋਇਆ ਹੈ। ਇੰਸਪੈਕਸ਼ਨ ਅਫ਼ਸਰ ਇਹ ਸਭ ਕੁਝ ਜਾਣ ਕੇ ਪ੍ਰਸੰਨ ਹੋ ਜਾਂਦਾ ਹੈ ਤੇ ਜੇਲ੍ਹਰ ਨਾਲ ਬੀਅਰ ਦਾ ਗਲਾਸ ਵੀ ਸਾਂਝਾ ਕਰਦਾ ਹੈ। ਜੇਕਰ ਦੇਖਿਆ ਜਾਵੇ ਤਾਂ ਇੰਸਪੈਕਸ਼ਨ ਅਫ਼ਸਰ ਖਾਣ-ਪੀਣ ਵਿਚ ਕੈਦ ਹੋ ਜਾਂਦਾ ਹੈ।

ਇਥੇ ਨਾਵਲਕਾਰ ਆਪਣੀ ਮਹਾਂਦ੍ਰਿਸ਼ਟੀ ਰਾਹੀਂ ਇਹ ਪ੍ਰਗਟਾਉਂਦਾ ਹੈ ਕਿ ਸਰਮਾਏਦਾਰੀ ਵਿਵਸਥਾ ਦੀ ਵਿਚਾਰਧਾਰਾਈ ਸਿਖਲਾਈ ਨੂੰ ਅੰਦਰੋ-ਅੰਦਰੀ ਹਰੇਕ ਮਨੁੱਖ ਨੇ ਗ੍ਰਹਿਣ ਕਰ ਲਿਆ ਹੈ। ਜਿਸ ਕਾਰਨ ਸਾਰੀ ਧਰਤੀ ਨੂੰ ਇਕ ਜੇਲ੍ਹ ਦਾ ਪ੍ਰਤੀਕ ਮੰਨਿਆ ਹੈ। ਆਮ ਤੌਰ ਤੇ ਇੱਟਾਂ ਦੀਆਂ ਦੀਵਾਰਾਂ ਵਿਚ ਜੇਲ੍ਹ ਨਹੀਂ ਸਗੋਂ ਬਾਹਰ ਦੀ ਜ਼ਿੰਦਗੀ ਵੀ ਜੇਲ੍ਹ ਦਾ ਬਾਹਰੀ ਰੂਪ ਹੈ। ਜਿਵੇਂ ਚੈਖੋਵ ਨੇ ਕਹਾਣੀ 'ਵਾਰਡ ਨੰ. 6' ਵਿਚ ਇਹ ਦੱਸਿਆ ਹੈ ਕਿ ਇਕੱਲੇ ਹਸਪਤਾਲਾਂ ਵਿਚ ਬਿਮਾਰ ਨਹੀਂ ਹੋਣਗੇ ਸਗੋਂ ਵੀਹਵੀਂ ਸਦੀ ਵਿਚ ਸਾਰੀ ਧਰਤੀ ਬਿਮਾਰਖਾਨਾ ਬਣ ਜਾਵੇਗੀ ਭਾਵ ਮਨੁੱਖ ਆਤਮਕ ਤੌਰ ਤੇ ਬਿਮਾਰ ਹੋ ਜਾਏਗਾ। ਇਸੇ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਨਾਵਲਕਾਰ 'ਸੁਧਾਰ-ਘਰ' ਦੇ ਵੰਨ-ਸੁਵੰਨੇ ਪਾਤਰਾਂ ਰਾਹੀਂ ਜੇਲ੍ਹ ਦੀ ਦੁਨੀਆਂ ਦਾ ਜੋ ਮਹਾਂਦ੍ਰਿਸ਼ ਉਭਾਰਦਾ ਹੈ ਉਸ ਵਿਚ ਸੇਠ, ਵਿਧਾਇਕ,

ਅਫ਼ਸਰ, ਮੁਲਾਜ਼ਮ, ਚੋਰ, ਸਮਗਲਰ, ਬੱਚੇ, ਇਸਤਰੀਆਂ, ਜੇਬ ਕਤਰੇ ਤੇ ਮੰਗਤੇ, ਦੋਸ਼ੀ ਤੇ ਨਿਰਦੋਸ਼ੀ ਦੋਵੇਂ ਧਿਰਾਂ ਸ਼ਾਮਿਲ ਹਨ। ਜਿਵੇਂ ਪਾਲਾ ਤੇ ਮੀਤਾ ਅਜਿਹੇ ਪਾਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ ਜਿਨ੍ਹਾਂ ਨੂੰ ਛੋਟੀਆਂ-ਮੋਟੀਆਂ ਚੋਰੀਆਂ ਕਰਨ ਦੀ ਥਾਂ ਵੱਡੇ ਅੱਤਵਾਦੀ (ਬੱਚੇ ਦੇ ਅਗਵਾ ਕਰਨ ਵਾਲੇ ਤੇ ਕਾਤਲ) ਐਲਾਨ ਦਿੱਤਾ ਜਾਂਦਾ ਹੈ। ਜਦਕਿ ਉਨ੍ਹਾਂ ਨੂੰ ਬਚਾਉਣ ਲਈ ਬਣੀ ਲੋਕ ਸੰਘਰਸ਼ ਸੰਮਤੀ 'ਤਫ਼ਤੀਸ਼' ਨਾਵਲ ਤੋਂ ਸ਼ੁਰੂ ਹੋ ਕੇ 'ਸੁਧਾਰ-ਘਰ' ਤੱਕ ਉਨ੍ਹਾਂ ਨੂੰ ਬੇਕਸੂਰੇ ਸਾਬਤ ਕਰਨ ਲਈ ਸੰਘਰਸ਼ ਕਰਦੀ ਨਜ਼ਰ ਆਉਂਦੀ ਹੈ। ਜਿਸ ਰਾਹੀਂ ਨਾਵਲਕਾਰ ਲੋਕ ਸੰਘਰਸ਼ ਕਰਨ ਤੇ ਸਮਾਜ ਵਿਚ ਪੈਦਾ ਹੋਈਆਂ ਭੈੜੀਆਂ ਅਲਾਮਤਾਂ ਦਾ ਖਾਤਮਾ ਕਰਨ ਦੀ ਸੇਧ ਵੀ ਦਿੰਦਾ ਹੈ। ਜਿਸ ਤਰ੍ਹਾਂ ਹਾਕਮ ਸਿੰਘ ਦੁਆਰਾ ਲਿਖੇ ਖ਼ਤ ਦੇ ਜ਼ਰੀਏ ਨਾਵਲਕਾਰ ਨਿਆਂ-ਪ੍ਰਣਾਲੀ ਦੀ ਸ਼ਕਤੀ ਨੂੰ ਹੀ ਨਹੀਂ ਵੰਗਾਰਦਾ ਸਗੋਂ ਇਸ ਦੇ ਅੰਦਰ ਸੁਧਾਰ ਦੀ ਇੱਛਾ ਵੀ ਰੱਖਦਾ ਹੈ। ਹਾਕਮ ਸਿੰਘ ਆਪਣੇ ਆਪ ਨੂੰ ਨਾਇਕ ਬਣਾਉਣ ਲਈ ਅਜਿਹਾ ਨਹੀਂ ਕਰਦਾ ਸਗੋਂ ਮਜ਼ਲੂਮ ਧਿਰ ਦੇ ਹੱਕ ਵਿਚ ਖੜ੍ਹਕੇ ਨਾਵਲਕਾਰ ਦੀ ਸੰਘਰਸ਼ ਪ੍ਰਤੀ ਦ੍ਰਿਸ਼ਟੀ ਨੂੰ ਵੀ ਉਭਾਰਦਾ ਹੈ :

"ਮੁਜ਼ਰਮ ਨੂੰ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣ ਅਤੇ ਸੁਧਰਨ ਦਾ ਮੌਕਾ ਦੇਣ ਲਈ ਜੇਲ੍ਹ ਭੇਜਿਆ ਜਾਂਦਾ ਹੈ। ਕੈਦ ਹੋ ਕੇ ਮੁਜ਼ਰਮ ਪੂਰੀ ਤਰ੍ਹਾਂ ਸਰਕਾਰ ਦਾ ਗੁਲਾਮ ਨਹੀਂ ਬਣ ਜਾਂਦਾ...ਕਿੱਤਾ ਯੋਗਤਾ ਹਾਸਿਲ ਕਰਨਾ, ਪਾਠ ਪੂਜਾ ਕਰਨਾ ਅਤੇ ਧਾਰਮਿਕ ਰਸਮੋ-ਰਿਵਾਜ਼ ਨਿਭਾਉਣ ਦੇ ਅਧਿਕਾਰ ਸੁਰੱਖਿਅਤ ਰਹਿੰਦੇ ਹਨ ...ਅਦਾਲਤਾਂ ਨੂੰ ਕਸੂਰਵਾਰ ਜੇਲ੍ਹ ਅਧਿਕਾਰੀਆਂ ਦੇ ਕੰਨ ਖਿੱਚਣ ਦਾ ਅਧਿਕਾਰ ਹੈ। ...ਜੇਲ੍ਹ ਦਾ ਦੌਰਾ ਸੈਸ਼ਨ ਜੱਜ ਨੇ ਕੈਦੀਆਂ ਦੀਆਂ ਬੈਰਕਾਂ, ਖਾਣੇ, ਕੱਪੜੇ ਅਤੇ ਕੰਮ-ਕਾਜ ਵਾਲੀਆਂ ਥਾਂਵਾਂ ਦਾ ਨਿਰੀਖਣ ਕਰਨਾ ਹੁੰਦਾ ਹੈ।"[187]

ਉਪਰੋਕਤ ਟਿੱਪਣੀ ਰਾਹੀਂ ਨਾਵਲਕਾਰ ਸੈਸ਼ਨ ਜੱਜ ਦੇ ਫ਼ਰਜ਼ਾਂ ਨੂੰ ਨਿਭਾਉਣ ਲਈ ਅਤੇ ਮੌਜੂਦਾ ਭ੍ਰਿਸ਼ਟ ਰਾਜਨੀਤਿਕ, ਜੇਲ੍ਹ, ਪੁਲਿਸ ਤੇ ਨਿਆਂ-ਪ੍ਰਣਾਲੀ ਦੇ ਬਦਲਾਅ ਲਈ ਵਰਗ ਸੰਘਰਸ਼ ਦੇ ਬਿਰਤਾਂਤ ਦੀ ਸਿਰਜਨਾ ਕਰਦਾ ਹੈ। ਇਸ ਲਈ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ 'ਸੁਧਾਰ-ਘਰ' ਨਾਵਲ ਨੂੰ ਭ੍ਰਿਸ਼ਟ ਵਿਵਸਥਾ ਵਿਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ ਕਿਹਾ ਹੈ।[188]

ਸੋ ਨਾਵਲਕਾਰ ਨੇ ਇਕ ਵਿਸ਼ੇ ਤੇ ਕੇਂਦਰਿਤ ਰਹਿ ਕੇ ਵੱਖਰੇ-ਵੱਖਰੇ ਥੀਮਕ ਪਾਸਾਰਾਂ ਰਾਹੀਂ ਸਮੁੱਚੇ ਸਮਾਜ ਦੇ ਗਲਤਾਨ (ਵਿਗੜ) ਚੁੱਕੇ ਢਾਂਚੇ ਨੂੰ ਰੂਪਮਾਨ ਕੀਤਾ ਹੈ ਜਿਸ ਵਿਚ ਨੈਤਿਕ, ਮਾਨਸਿਕ ਤਬਦੀਲੀ, ਮਾਨਵੀ ਹੱਕ ਅਤੇ ਜੀਵਨ ਦੇ ਬੁਨਿਆਦੀ ਮੁੱਲਾਂ ਨਾਲ ਖਿਲਵਾੜ ਹੁੰਦਾ ਦਿਖਾਇਆ ਹੈ। ਉਸਨੇ ਸਮੁੱਚੀ ਵਿਵਸਥਾ ਦਾ ਵੱਡੇ ਤੋਂ ਵੱਡਾ ਅਤੇ ਛੋਟੇ ਤੋਂ ਛੋਟਾ ਰੂਪ ਪੇਸ਼ ਕੀਤਾ ਹੈ, ਜਿਸ ਵਿਚ ਛੋਟਾ ਰੂਪ ਜ਼ਿਆਦਾ ਡਰਾਵਣਾ ਹੈ ਜਿਹੜਾ ਮਨੁੱਖ ਦੀ ਗਿਰਾਵਟ ਦਾ ਸਿਖਰ ਆਖਿਆ ਜਾ ਸਕਦਾ ਹੈ। ਇਸ ਸਮਾਜਿਕ ਸਭਿਆਚਾਰਕ ਤਬਦੀਲੀ ਨੂੰ ਡਾ. ਗੁਰਬਖ਼ਸ਼ ਸਿੰਘ ਫਰੈਂਕ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

"ਅਸਲ ਵਿਚ ਸਾਰੀ ਸਮਾਜਿਕ ਅਤੇ ਸਮਾਜਿਕ ਤਬਦੀਲੀ ਪਦਾਰਥਕ ਜੀਵਨ ਤੋਂ

ਸ਼ੁਰੂ ਹੁੰਦੀ ਹੈ। ਇਹ ਮਨੁੱਖ ਦੀ ਮਜਬੂਰੀ ਹੈ ਕਿ ਉਹ ਆਪਣੇ ਸੰਦ ਬਿਹਤਰ ਬਣਾਉਂਦਾ ਰਹਿੰਦਾ ਹੈ, ਆਪਣਾ ਜੀਵਨ ਵਧੇਰੇ ਸੁਖਾਲਾ ਅਤੇ ਭਰਪੂਰ ਬਣਾਉਣ ਦੀ ਲੋਚਾਂ ਦੇ ਵਿਚ ਵੱਖੋ-ਵੱਖਰੀਆਂ ਪਦਾਰਥਕ ਸ਼ਕਤੀਆਂ, ਸਾਧਨਾਂ, ਸੰਦਾਂ ਨੂੰ ਜਨਮ ਦਿੰਦਾ ਰਹਿੰਦਾ ਹੈ। ਆਪਣੀਆਂ ਪਦਾਰਥਕ ਪ੍ਰਾਪਤੀਆਂ ਦੇ ਅਨੁਕੂਲ ਉਹ ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ ਸਿਰਜ ਲੈਂਦਾ ਹੈ।...ਜਦੋਂ ਪਦਾਰਥਕ ਸਭਿਆਚਾਰ ਆਪਣੇ ਕਿਸੇ ਪਹਿਲੇ ਪੜਾਅ ਦੇ ਅਨੁਕੂਲ ਸਿਰਜੇ ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ ਦੇ ਢਾਂਚੇ ਵਿਚ ਨਹੀਂ ਰਹਿ ਸਕਦਾ ਤਾਂ ਤਬਦੀਲੀ ਲਾਜ਼ਮੀ ਹੋ ਜਾਂਦੀ ਹੈ।"[189]

ਉਪਰੋਕਤ ਟਿੱਪਣੀ ਦੇ ਸੰਦਰਭ ਰਾਹੀਂ ਮੀਤ ਦੇ ਸਮੁੱਚੇ ਨਾਵਲ ਜਗਤ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਸਨੇ ਭਾਰਤੀ ਨਿਆਂ-ਪ੍ਰਣਾਲੀ ਦੇ ਨਾਲ-ਨਾਲ ਸਮਾਜਿਕ, ਆਰਥਿਕ ਤੇ ਸਭਿਆਚਾਰਕ ਅਸੰਤੁਲਨ ਦਾ ਬੜਾ ਬੇਫਿਕਰ ਵਸਤੂਗਤ ਵਿਸ਼ਲੇਸ਼ਣ ਕੀਤਾ ਹੈ। ਮਨੁੱਖ ਦੀ ਪਦਾਰਥਕ ਸੋਚ ਨੇ ਸਮੁੱਚੇ ਸਮਾਜ ਨੂੰ ਗਲਤਾਨ ਕਰ ਦਿੱਤਾ। ਇਸ ਸੋਚ ਨੇ ਜੀਵਨ ਦੇ ਬੁਨਿਆਦੀ ਮੁੱਲਾਂ (ਰਿਸ਼ਤਿਆਂ ਨਾਤਿਆਂ) ਦਾ ਅੰਤ ਕਰ ਦਿੱਤਾ। ਇਹ ਠੀਕ ਹੈ ਕਿ ਮਨੁੱਖ ਆਪਣੇ ਸੁਖਾਲੇ ਜੀਵਨ ਲਈ ਪੈਸਾ ਕਮਾਉਂਦਾ ਹੈ ਪਰ ਦੂਜਿਆਂ ਦੇ ਹੱਕ ਮਾਰ ਕੇ ਪੈਸਾ ਕਮਾਉਣਾ ਫਿਰ ਪੂੰਜੀਵਾਦੀ ਸਰਮਾਏਦਾਰੀ ਯੁੱਗ ਵਿਚ ਥਾਂ ਬਣਾਈ, ਮਨੁੱਖ ਨੂੰ ਸੁਖਾਲਾ ਨਹੀਂ ਸਗੋਂ ਮਾਨਸਿਕ ਤੌਰ ਤੇ ਬੀਮਾਰ ਕਰਦਾ ਹੈ। ਨਾਵਲਕਾਰ ਦੀ ਖ਼ਾਸੀਅਤ ਇਹ ਰਹੀ ਹੈ ਕਿ ਉਸਨੇ ਦੋ ਪਾਤਰਾਂ (ਪਾਲੇ ਤੇ ਮੀਤੇ) ਨੂੰ ਆਧਾਰ ਬਣਾ ਕੇ ਉਸ ਨਾਲ ਜੁੜੇ ਵੇਰਵਿਆਂ ਦੇ ਲੜੀਵਾਰ, ਜੀਵੰਤ ਅਤੇ ਕਲਾਤਮਕ ਪੇਸ਼ਕਾਰੀ ਜ਼ਰੀਏ ਸਮਾਜ ਦਾ ਜਾਤੀ ਵਿਰੋਧ, ਜੀਵਨ ਘੋਲ, ਉਨ੍ਹਾਂ ਦੇ ਆਪਸੀ ਆਲੇ-ਦੁਆਲੇ ਨਾਲ ਰਿਸ਼ਤੇ, ਕਦਰਾਂ-ਕੀਮਤਾਂ ਤੇ ਪਦਾਰਥਕ ਸੋਚ ਵਾਲੇ ਅਜੋਕੇ ਸਮਾਜ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਰੂਪਮਾਨ ਕੀਤਾ ਹੈ, ਜੋ ਉਸਦੀ ਕਲਾਤਮਕ ਸੂਝ ਦਾ ਪ੍ਰਮਾਣ ਹੈ।

## (ਹ) ਅਜੋਕੇ ਪੰਜਾਬ ਦੇ ਵਿਭਿੰਨ ਵਰਗਾਂ ਦਾ ਸਾਕਾਰ ਰੂਪ

ਮਿੱਤਰ ਸੈਨ ਮੀਤ ਦੇ ਸਮੁੱਚੇ ਨਾਵਲਾਂ ਦਾ ਥੀਮ ਸਾਡੇ ਮੁਲਕ ਦੀ ਨਿਆਂ-ਪ੍ਰਣਾਲੀ ਹੈ, ਜਿਸ ਰਾਹੀਂ ਉਸਨੇ ਪੁਲਿਸ ਵਿਭਾਗ, ਨਿਆਂ-ਪ੍ਰਬੰਧ, ਜੇਲ੍ਹ-ਪ੍ਰਬੰਧ, ਰਾਜਨੀਤੀ, ਹਸਪਤਾਲਾਂ, ਧਾਰਮਿਕ ਸੰਸਥਾਵਾਂ ਆਦਿ ਨਾਲ ਜੁੜੇ ਅਨੇਕਾਂ ਲੋਕਾਂ ਦੇ ਅਨੇਕਾਂ ਵਰਗਾਂ ਨੂੰ ਆਪਣੇ ਸ਼ਕਤੀਸ਼ਾਲੀ ਹਥਿਆਰ ਕਲਮ ਰਾਹੀਂ ਬੜੀ ਸੂਝ ਤੇ ਬਹੁ-ਵਿਸਥਾਰਤਾ ਨਾਲ ਚਿਤਰਿਆ ਹੈ। ਉਸਦੇ ਇਹਨਾਂ ਨਾਵਲਾਂ ਦੀ ਵਿਲੱਖਣਤਾ ਇਹ ਹੈ ਕਿ ਇਕੋ ਬਣਤਰ ਤੇ ਆਧਾਰਿਤ ਹੋਣ ਦੇ ਬਾਵਜੂਦ ਵੀ ਹਰੇਕ ਨਾਵਲ ਦੇ ਵੱਖ-ਵੱਖ ਪਾਸਾਰ ਆਪਣੀ ਵੱਖਰੀ ਹੋਂਦ ਰਾਹੀਂ ਵੱਖ-ਵੱਖ ਵਰਗਾਂ ਨੂੰ ਮੂਰਤੀਮਾਨ ਕਰਦੇ ਹੋਏ ਵੀ ਇਕ ਬਿੰਦੂ ਤੇ ਕੇਂਦਰਿਤ ਹਨ।

'ਤਫ਼ਤੀਸ਼' ਨਾਵਲ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਦੇ ਵਿਸ਼ੇ ਅਤੇ ਸਿਰਲੇਖ ਬਾਰੇ ਨਾਵਲਕਾਰ ਨੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਵਿਸ਼ੇ ਦਾ ਨਿਭਾਅ ਪੂਰੀ ਸੁਹਿਰਦਤਾ ਨਾਲ ਪੇਸ਼ ਕੀਤਾ ਹੈ। ਕਿਉਂਕਿ ਇਹ ਨਾਵਲ ਕੇਵਲ ਪੁਲਿਸ ਦੀ ਤਫ਼ਤੀਸ਼ ਨਹੀਂ ਰਹਿ ਜਾਂਦਾ

ਸਗੋਂ ਤਫ਼ਤੀਸ਼ ਰਾਹੀਂ ਪੁਲਿਸ ਪ੍ਰਬੰਧ ਅਤੇ ਨਿਆਂ-ਪ੍ਰਬੰਧ ਨੂੰ ਸਾਕਾਰ ਕਰਨ ਲਈ ਅਨੇਕਾਂ ਘਟਨਾਵਾਂ ਦੇ ਆਧਾਰ ਤੇ ਅਨੇਕਾਂ ਪਾਤਰਾਂ ਦੀ ਸਿਰਜਨਾ ਰਾਹੀਂ ਅਨੇਕਾਂ ਵਰਗਾਂ ਦੇ ਰੂਪ ਨੂੰ ਸਾਕਾਰ ਕਰਦਾ ਹੈ। ਬੰਟੀ ਦੇ ਅਗਵਾਕਾਰਾਂ ਨੂੰ ਲੱਭਣ ਲਈ ਪੁਲਿਸ ਤਫ਼ਤੀਸ਼ ਕਰਦੀ ਇਕ-ਇਕ ਗਲੀ ਮੁਹੱਲੇ ਦੀ ਤਲਾਸ਼ੀ ਕਰਦੀ ਹੈ। ਜਿਵੇਂ :

"ਬੰਟੀ ਨੂੰ ਲੱਭਣ ਲਈ ਪੁਲਿਸ ਦਾ ਪਹਿਲਾ ਹਮਲਾ ਉਨ੍ਹਾਂ ਦੀਆਂ ਕੁੱਲੀਆਂ ਤੇ ਹੋਵੇਗਾ।"[190]

ਕੁਸਟ-ਆਸ਼ਰਮ ਦੇ ਚੌਧਰੀ ਅਤੇ ਸ਼ਾਮੀਆਂ ਦੇ ਨੰਬਰਦਾਰਾਂ ਨੇ ਇਕੱਠੇ ਹੋ ਕੇ ਲਾਲਾ ਜੀ ਨੂੰ ਕਿਹਾ ਸਾਨੂੰ ਇਹਨਾਂ ਤੋਂ ਬਚਾਉ। ਦੂਜਾ ਹੱਲਾ ਜਮਾਦਾਰਾਂ ਦੇ ਘਰ ਤੇ ਬੋਲਣਾ ਸੀ। ਪਰੰਤੂ ਲਾਲੇ ਨੇ ਇਹਨਾਂ ਲੋਕਾਂ ਦੀ ਹਮਾਇਤ ਕੀਤੀ ਤਾਂ ਪੁਲਿਸ ਤੋਂ ਬਚੇ। ਨਾਵਲਕਾਰ ਪੁਲਿਸ ਅਧਿਕਾਰੀ ਸ਼ਿਵ ਦੇ ਪਿਛੋਕੜ ਰਾਹੀਂ ਵੀ ਵਰਗਾਂ ਦਾ ਚਿਤਰਨ ਕਰਦਾ ਹੈ :

"ਬਾਣੀਆਂ ਦਾ ਮੁੰਡਾ ਅਤੇ ਪੁਲਿਸ ! ...ਬਾਣੀਆਂ ਬ੍ਰਾਹਮਣਾਂ ਦਾ ਪੁਲਿਸ 'ਚ ਕੀ ਕੰਮ ? ਪੁਲਿਸ ਨੂੰ ਮਾਰ-ਧਾੜ ਕਰਨੀ ਪੈਂਦੀ ਹੈ। ਉਨ੍ਹਾਂ ਦਾ ਮੁੰਡਾ ਤਾਂ ਗਊਆਂ ਭਿੜਦੀਆਂ ਦੇਖ ਕੇ ਡਰ ਜਾਂਦੈ। ਗੋਲੀ ਕਿਥੋਂ ਚਲਾਏਗਾ...ਨੰਬਰਦਾਰ ਦੇ ਸਮਝਾਉਣ ਤੇ ਉਸਨੇ ਮਸਾਂ – ਹਾਂ ਕੀਤੀ। ਜੱਟਾਂ ਦਾ ਮੁੰਡਾ ਪੁਲਿਸ 'ਚ ਭਰਤੀ ਹੋ ਜਾਵੇ ਤਾਂ ਰਿਸ਼ਤੇਦਾਰ ਮਹੀਨਾ-ਮਹੀਨਾ ਜਸ਼ਨ ਮਨਾਉਂਦੇ ਹਨ।"[191]

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਸ਼ਿਵ ਬਾਣੀਆਂ ਦਾ ਮੁੰਡਾ ਹੋ ਕੇ ਪੁਲਿਸ ਵਿਚ ਭਰਤੀ ਹੋ ਗਿਆ ਸੀ। ਇਸ ਦਾ ਉਸਦੇ ਪਿਤਾ ਨੂੰ ਬਹੁਤ ਫ਼ਾਇਦਾ ਹੋਇਆ। ਪਿੰਡ ਦੀ ਵਿਗੜੀ ਮੰਡੀਰ ਜੋ ਉਸਨੂੰ 'ਕਰਾੜ' ਕਹਿੰਦੀ ਸੀ ਸਭ 'ਲਾਲਾ ਜੀ' ਕਹਿਣ ਲੱਗ ਪਏ। ਬੰਟੀ ਦੀ ਭਾਲ ਵਿਚ ਪੁਲਿਸ ਪਾਰਟੀ ਨੇ 'ਬੱਘੀਆਂ ਵਾਲੇ' ਨੂੰ ਪਕੜਨਾ ਚਾਹਿਆ ਪਰੰਤੂ ਉਥੇ ਇਕੱਲਾ ਬਾਜੀਗਰਾਂ ਦਾ ਮੁੰਡਾ ਸੀ ਜੋ ਬਹੁਤ ਸ਼ਰੀਫ਼ ਸੀ। ਇਸ ਤੋਂ ਮਗਰੋਂ ਸਕੂਲ ਦੇ ਸਟਾਫ਼ ਵਿਚੋਂ ਬੰਟੀ ਦੀ ਟੀਚਰ ਅਤੇ ਚਪੜਾਸੀ ਨੂੰ ਥਾਣੇ ਬੁਲਾਇਆ। ਪਰੰਤੂ ਉਥੋਂ ਕੋਈ ਸੂਹ ਨਾ ਮਿਲਣ ਤੇ "ਪ੍ਰੈਸ ਅਤੇ ਭਾਂਡਿਆਂ ਵਾਲਿਆਂ ਨੂੰ ਧੂਣ ਦਾ ਉਹਨੇ ਹੁਕਮ ਦਿੱਤਾ।"[192]

ਉਹਨਾਂ ਨੇ ਆਪਣੀ ਜਾਨ ਪ੍ਰਧਾਨ ਕੋਲ ਪਹੁੰਚ ਕੇ ਛੁਡਾਈ। ਪੁਲਿਸ ਸਿਰਫ ਬੰਟੀ ਦੇ ਕਾਤਲ ਜਾਂ ਅਗਵਾਹਾਂ ਨੂੰ ਨਹੀਂ ਲੱਭ ਰਹੀ ਸੀ ਸਗੋਂ ਆਪਣੀਆਂ ਖੁੰਦਕਾਂ ਵੀ ਕੱਢ ਰਹੀ ਸੀ :

"ਸਭ ਤੋਂ ਜ਼ਿਆਦਾ ਗੁੱਸਾ ਉਸਨੂੰ ਖੁੱਡੀ ਵਾਲੇ ਨੰਬਰਦਾਰ ਤੇ ਸੀ। ਨਾ ਉਸਨੇ ਡੋਡੇ ਵੇਚਣੇ ਛੱਡੇ ਤੇ ਨਾ ਡਿਪਟੀ ਨਾਲ ਸੰਧੀ ਕੀਤੀ। ... "ਦੂਜਾ ਨੰਬਰ ਸ਼ਰਾਬ ਦੇ ਠੇਕੇਦਾਰ ਮੇਜਰ ਦਾ ਸੀ ਉਸਦੀ ਨਿਗਾਹ ਵੀ ਉੱਚੀ ਹੈ। ਧਰਤੀ ਤੇ ਪੱਬ ਨਹੀਂ ਲੱਗਦਾ।... "ਤੀਜਾ ਨਿਸ਼ਾਨਾ ਪੱਬੀ ਬਦਮਾਸ਼ ਸੀ। ਉਸਨੇ ਵੀ ਬਥੇਰੀਆਂ ਮਨ-ਮਾਨੀਆਂ ਕਰ ਲਈਆਂ ... ਧਨੌਲੇ ਦੇ ਟੈਕਸੀ ਸਟੈਂਡ ਕੋਲ ਅੱਪੜ ਕੇ ਡਿਪਟੀ ਨੂੰ ਯਾਦ ਆਇਆ ਕਿ ਪ੍ਰਧਾਨ ਨੂੰ ਫੜਿਆ ਜਾ ਸਕਦਾ ਹੈ।"[193]

ਸੋ ਇਸ ਤਰ੍ਹਾਂ ਪੁਲਿਸ ਅਫ਼ਸਰ ਆਪਣੀਆਂ ਰੰਜ਼ਿਸ਼ਾਂ ਕੱਢਦੇ ਹੋਏ ਮੁਹੱਲਿਆਂ ਦੀ ਤਫ਼ਤੀਸ਼ ਸ਼ੁਰੂ ਕਰਦੇ ਹਨ ਜਿਥੇ ਮਾਡਲ ਟਾਊਨ ਦੀਆਂ ਕੋਠੀਆਂ ਵਿਚੋਂ ਪੂੰਜੀਵਾਦੀ ਸਰਮਾਏਦਾਰੀ ਦੀ ਝਲਕ ਦਿਖਾਈ ਦਿੰਦੀ ਹੈ ਉਥੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਵੱਖ-ਵੱਖ ਵਰਗਾਂ ਨੂੰ ਵੀ ਗਲਪ-ਬਿੰਬ ਦੁਆਰਾ ਰੂਪਮਾਨ ਕੀਤਾ ਜਾਂਦਾ ਹੈ:

"ਮਾਡਲ ਟਾਊਨ ਦੀਆਂ ਸਾਰੀਆਂ ਕੋਠੀਆਂ ਦੇ ਮਾਲਕ ਚੋਰ, ਠੱਗ ਅਤੇ ਲੁਟੇਰੇ ਸਨ। ਕੋਈ ਰਿਸ਼ਵਤਖੋਰ ਸੀ, ਕੋਈ ਟੈਕਸ ਚੋਰ ਅਤੇ ਕੋਈ ਬਲੈਕੀਆ। ਹੈਰਾਨੀ ਦੀ ਗੱਲ ਇਹ ਸੀ ਕਿ ਨਾ ਸਮਾਜ ਇਨ੍ਹਾਂ ਨੂੰ ਮੁਜ਼ਰਮ ਗਰਦਾਨਦਾ ਸੀ ਨਾ ਕਾਨੂੰਨ। ਉਲਟਾ ਦੋਵੇਂ ਇਨ੍ਹਾਂ ਨੂੰ ਇੱਜ਼ਤ ਨਾਲ ਦੇਖਦੇ ਸਨ।"[194]

ਸੋ ਤਫ਼ਤੀਸ਼ ਦੌਰਾਨ ਸਮਾਜ ਦੇ ਵੱਖ-ਵੱਖ ਵਰਗਾਂ ਦੇ ਜੋ ਚੰਗੇ ਮਾੜੇ ਪੱਖ ਹਨ, ਨਾਵਲਕਾਰ ਉਨ੍ਹਾਂ ਨੂੰ ਵੀ ਕਲਾਤਮਕ ਢੰਗ ਨਾਲ ਪਾਠਕਾਂ ਸਾਹਮਣੇ ਦ੍ਰਿਸ਼ਟਮਾਨ ਕਰਦਾ ਹੈ। ਜਦੋਂ ਗੱਜਨ ਤਫ਼ਤੀਸ਼ ਤੇ ਜਾਂਦਾ ਹੈ :

"ਪੁਲਿਸ ਦਰਵਾਜੇ ਅੱਗੇ ਖੜ੍ਹੀ ਦੇਖਕੇ ਭਾਨੀ ਦਾ ਸੀਤ ਨਿਕਲ ਗਿਆ। ਝੀਤਾਂ ਰਾਹੀਂ ਜਦੋਂ ਉਸਨੇ ਦਰਵਾਜੇ ਅੱਗੇ ਖੜੇ ਗੱਜਨ ਨੂੰ ਦੇਖਿਆ ਤਾਂ ਉਹਦੇ ਸਾਹ ਨਾਲ ਸਾਹ ਰਲਿਆ। ਗੱਜਨ ਉਸਦਾ ਪੁਰਾਣਾ ਯਾਰ ਸੀ। ਜਦੋਂ ਉਹ ਸ਼ਹਿਰ ਵਿਚ ਲੱਗਾ ਸੀ ਤਾਂ ਭਾਨੀ ਨੇ ਪੂਰੀਆਂ ਮੌਜਾਂ ਕੀਤੀਆਂ ਸਨ। ਕਈ ਗੁਆਂਢਣਾਂ ਤਾਂ ਉਸਨੂੰ ਥਾਣੇਦਾਰਨੀ ਆਖ ਕੇ ਹੀ ਬੁਲਾਉਣ ਲੱਗ ਪਈਆਂ ਸਨ।"[195]

ਇਸ ਤਰ੍ਹਾਂ ਕੁਸ਼ਟ ਆਸ਼ਰਮ ਦੀ ਤਫ਼ਤੀਸ਼ ਕਰਨ ਦੀ ਡਿਊਟੀ ਦੇਸ ਰਾਜ ਦੀ ਲੱਗੀ, ਜੋ ਆਪਣੀ ਜੇਬ ਗਰਮ ਕਰਨ ਦੀ ਆਸ ਵਿਚ ਸੀ। ਉਸਨੂੰ ਆਪਣੀ ਵਰਦੀ ਤੇ ਮਾਣ ਸੀ ਕਿ ਵਰਦੀ ਦੇ ਪਿੱਛੇ ਪੈਸੇ ਚੁੰਬਕ ਵਾਂਗ ਭੱਜਦੇ ਹਨ। ਪਰੰਤੂ ਉਥੇ ਸਾਂਸੀਆਂ, ਗਰੀਬਾਂ ਦੀਆਂ ਕੁੱਲੀਆਂ ਨਰਕ ਰੂਪੀ ਬਿੰਬ ਸਿਰਜ ਰਹੀਆਂ ਸੀ :

"ਹੁਣ ਤੱਕ ਆਸ਼ਰਮ ਦੇ ਜਿੰਨੇ ਵੀ ਮਰਦ ਔਰਤਾਂ ਉਸ ਸਾਹਮਣੇ ਆਏ ਸਨ, ਸਭ ਇਕ ਦੂਜੇ ਤੋਂ ਵੱਧ ਕਮਜ਼ੋਰ ਸਨ। ਕਿਸੇ ਦੀ ਟੰਗ ਕੱਟੀ ਹੋਈ ਸੀ ਅਤੇ ਕਿਸੇ ਦੀ ਬਾਂਹ। ਕਿਸੇ ਦਾ ਇਕ ਪੈਰ ਸੁੱਜ ਕੇ ਵੀਹ ਕਿਲੋ ਦਾ ਹੋਇਆ-ਹੋਇਆ ਸੀ ਤਾਂ ਦੂਜੇ ਦਾ ਪੇਟ। ...ਕਿਸੇ ਦੇ ਪੈਰ ਵਿਚੋਂ ਪੀਕ ਵਗ ਰਹੀ ਸੀ ਅਤੇ ਕਿਸੇ ਦਾ ਪੇਟ ਰਿਸ ਰਿਹਾ ਸੀ। ...ਇਨ੍ਹਾਂ ਵਿਚੋਂ ਕੋਈ ਵੀ ਔਰਤ ਜਾਂ ਮਰਦ ਬੱਚੇ ਜੰਮਣ ਦੇ ਯੋਗ ਨਹੀਂ। ਫੇਰ ਇਹ ਲਾਰ ਕਿਥੋਂ ਆਈ ਸੀ ?"[196]

ਇਥੇ ਦੇਸ ਰਾਜ ਦੇ ਹੱਥ ਕੁਝ ਨਹੀਂ ਲਗਦਾ, ਸਿਵਾਏ ਗੰਦੀ ਬਦਬੂ ਦੇ ਉਹ ਛੇਤੀ ਨਾਲ ਸੁੱਕੇ ਦਬਕੇ ਮਾਰ ਕੇ ਵਾਪਸ ਆ ਜਾਂਦੇ ਹਨ। ਇਸ ਤਰ੍ਹਾਂ ਬੂਝਾ ਸਿੰਘ ਨਾਲ ਦੇ ਅਗਵਾੜ ਵਿਚ ਜਾਂਦਾ ਹੈ। ਜਿਸਨੂੰ ਸਾਮੀਆਂ ਦੀ ਬਸਤੀ ਕਿਹਾ ਜਾਂਦਾ ਹੈ। ਉਥੇ ਵੀ ਵੱਖ-ਵੱਖ ਕਿੱਤਿਆਂ ਤੇ ਵਰਗਾਂ ਦੇ ਲੋਕ ਰਹਿੰਦੇ ਹਨ :

"ਸਿੰਦਾ ਆਪਣੀ ਝੁੱਗੀ ਪਿਛਵਾੜੇ ਬਣਾਏ ਸੂਰਾਂ ਦੇ ਵਾੜੇ ਨੂੰ ਸੁੱਕ ਪੁਕਾ ਕਰਨ ਦੇ ਆਹਰ ਲੱਗਾ ਹੋਇਆ ਸੀ ... "ਅਮਲੀ ਨੇ ਵੀ ਭੇਡਾਂ ਦਾ ਇੱਜੜ ਨਹੀਂ ਸੀ ਛੇੜਿਆ।

... "ਬਚਨੀ ਨੂੰ ਆਪਣੀ ਦਿਨੋ-ਦਿਨ ਖੁਰਦੀ ਝੁੱਗੀ ਦਾ ਫਿਕਰ ਸੀ। ਲੋਕਾਂ ਦੇ ਘਰੀਂ ਸਫਾਈਆਂ ਕਰਨ, ਭਾਂਡੇ ਮਾਂਜਣ ਅਤੇ ਕੱਪੜੇ ਤੋਂ ਉਸਨੂੰ ਵਿਹਲ ਨਹੀਂ ਸੀ ਮਿਲਦਾ..."[197]

ਸੋ ਪੁਲਿਸ ਦੀ ਤਲਾਸ਼ੀ ਵੱਖ-ਵੱਖ ਮੁਹੱਲਿਆਂ, ਗਲੀਆਂ, ਅਗਵਾੜਾਂ ਵਿਚ ਬੰਟੀ ਦੇ ਕਾਤਲ ਨੂੰ ਲੱਭਦੀ ਹੋਈ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਲੋਕਾਂ ਦੀ ਝਲਕ ਦਿਖਾਉਂਦੀ ਹੈ ਜੋ ਨਾਵਲਕਾਰ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਜਦੋਂ ਬੰਟੀ ਦੀ ਲਾਸ਼ ਮਿਲ ਜਾਂਦੀ ਹੈ ਤਾਂ ਪੋਸਟਮਾਰਟਮ ਲਈ ਜੋਗਿੰਦਰ ਕੋਲ ਜਾਣਾ ਪੈਂਦਾ ਹੈ ਜੋ ਡਾਕਟਰ ਦੇ ਸਹਾਇਕ ਵਜੋਂ ਕੰਮ ਕਰਦਾ ਹੈ :

"ਜੋਗਿੰਦਰ ਦੱਸਣਾ ਚਾਹੁੰਦਾ ਸੀ ਕਿ ਉਸਦੀ ਵੀ ਕੋਈ ਹੈਸੀਅਤ ਹੈ। ਉਹ ਜਲਾਦ ਜ਼ਰੂਰ ਅਖਵਾਉਂਦੈ ਪਰ ਕਿਤੇ ਨਾ ਕਿਤੇ ਉਸਦੀ ਵੀ ਪੁੱਛ ਹੈ। ਭਾਵੇਂ ਲਾਸ਼ਾਂ ਚੀਰਨ ਵਿਚ ਹੀ ਸਹੀ। ਆਪਣੀ ਫੀਸ ਲਏ ਬਿਨਾਂ ਉਹ ਲਾਸ਼ ਨੂੰ ਹੱਥ ਨਹੀਂ ਲਾਏਗਾ। ਕਦੇ ਵੀ ਨਹੀਂ।"[198]

ਸੋ ਇਸ ਸਮਾਜ ਦਾ ਹਰ ਵਰਗ, ਹਰ ਕਿੱਤਾ ਕਰਨ ਵਾਲਾ ਮਨੁੱਖ ਆਪਣੇ ਪੇਸ਼ੇ ਵਿਚ ਮਾਹਰ ਹੈ। ਚਾਹੇ ਉਹ ਕੰਮ ਵੱਡਾ ਕਰਦਾ ਹੋਵੇ ਤੇ ਚਾਹੇ ਛੋਟਾ। ਤਫ਼ਤੀਸ਼ ਮਗਰੋਂ ਨਿਰਦੋਸ਼ ਪਾਲੇ ਤੇ ਮੀਤੇ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਜਿਸਦਾ ਵਰਨਣ 'ਕਟਹਿਰਾ' ਨਾਵਲ ਵਿਚ ਹੁੰਦਾ ਹੈ। 'ਕਟਹਿਰਾ' ਨਾਵਲ ਵੀ ਵੱਖ-ਵੱਖ ਵਰਗਾਂ ਦੀ ਤਫ਼ਤੀਸ਼ ਕਰਦਾ ਨਜ਼ਰ ਆਉਂਦਾ ਹੈ, ਜਿਵੇਂ :

"ਮੁਨਸ਼ੀਪੁਣਾ ਬਲਵਿੰਦਰ ਦਾ ਖਾਨਦਾਨੀ ਪੇਸ਼ਾ ਸੀ। ਉਸਦੇ ਬਾਪ ਦਾਦੇ ਦੀ ਉਮਰ ਵੀ ਕਚਹਿਰੀਆਂ ਦੇ ਇਨ੍ਹਾਂ ਤਖਤਪੋਸ਼ਾਂ ਉਪਰ ਹੀ ਗੁਜ਼ਰੀ ਸੀ। ਬਲਵਿੰਦਰ ਦੇ ਆਪਣੇ ਤਜਰਬੇ ਦਾ ਇਹ ਤੀਹਵਾਂ ਵਰ੍ਹਾ ਸੀ। ਅਜਿਹੀਆਂ ਅਸਾਮੀਆਂ ਠੱਗਣ ਦੇ ਉਸ ਕੋਲ ਢੇਰ ਸਾਰੇ ਨੁਸਖੇ ਸਨ।"[199]

ਨਾਵਲਕਾਰ ਕੇਵਲ ਵਰਗ ਦਾ ਵੇਰਵਾ ਹੀ ਨਹੀਂ ਦਿੰਦਾ ਸਗੋਂ ਹਰ ਪਾਤਰ ਨੂੰ ਇਕ ਪੂਰੇ ਵਰਗ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਥੇ ਬਲਵਿੰਦਰ ਦੇ ਪੂਰੇ ਖਾਨਦਾਨ ਦੇ ਨਾਲ-ਨਾਲ ਉਸਦੇ ਤਜਰਬੇ ਨੂੰ ਵੀ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਹੀ ਭੰਡਾਰੀ ਵਕੀਲ ਦੇ ਜੀਵਨ ਦੀ ਤਸਵੀਰ ਪੇਸ਼ ਕਰਦਾ ਹੈ :

"ਭੰਡਾਰੀਆਂ ਦਾ ਬਾਗ ਵੀ ਕਾਇਮ ਸੀ ਅਤੇ ਖਾਨਦਾਨ ਵੀ।...ਇਹ ਸ਼ੁਰੂ ਤੋਂ ਅਹਿਲਕਾਰਾਂ ਦਾ ਖਾਨਦਾਨ ਸੀ। ਭੰਡਾਰੀ ਦਾ ਦਾਦਾ ਮਹਾਰਾਜਾ ਨਾਭਾ ਦਾ ਵਜ਼ੀਰ ਸੀ ਅਤੇ ਬਾਪ ਨਾਜ਼ਮ। ਹੁਣ ਭੰਡਾਰੀ ਦਾ ਵੱਡਾ ਭਰਾ ਇਨਕਮ ਟੈਕਸ ਦਾ ਕਮਿਸ਼ਨਰ ਸੀ ਅਤੇ ਛੋਟਾ ਕਰਨਲ। ਖ਼ੁਦ ਭੰਡਾਰੀ ਬਾਰ-ਐਟ-ਲਾਅ ਸੀ। ਵਲੈਤੋਂ ਪੜ੍ਹਨ ਕਾਰਨ 'ਚਬਰ-ਚਬਰ' ਇੰਗਲਿਸ਼ ਬੋਲਦਾ ਸੀ। ...ਆਉਂਦਾ ਹੀ ਵਕਾਲਤ ਵਿਚ ਜੰਮ ਗਿਆ ਸੀ।"[200]

'ਕਟਹਿਰਾ' ਨਾਵਲ ਦੇ ਪ੍ਰਬੰਧਕੀ ਢਾਂਚੇ ਨਾਲ ਜੁੜੇ ਪਾਤਰਾਂ ਦਾ ਯਥਾਰਥ ਚਿਤਰਨ ਪੇਸ਼ ਕੀਤਾ ਗਿਆ ਹੈ। ਜਿਸ ਬਾਰੇ ਸੁਰਜੀਤ ਗਿੱਲ ਬਿਆਨ ਕਰਦੇ ਹਨ :

"ਕਟਹਿਰਾ ਵਿਚ ਅਦਾਲਤ ਨਾਲ ਸੰਬੰਧਿਤ ਵਿਅਕਤੀਆਂ ਦੇ ਕਿਰਦਾਰ ਨੂੰ ਹੋਰ

ਵੀ ਬਾਰੀਕੀ ਤੇ ਨੀਝ ਨਾਲ ਚਿਤਰਿਆ ਹੈ। ਇਹ ਵਿਸਥਾਰ ਐਨਾ ਹਕੀਕੀ ਹੈ ਕਿ ਸਾਧਾਰਨ ਪਾਠਕ ਜਿਸਨੂੰ ਕਦੇ ਅਦਾਲਤੀ ਕੰਮਾਂ ਨਾਲ ਵਾਹ ਪਿਆ ਹੋਵੇ ਹਰ ਇਕ ਪਾਤਰ ਨੂੰ ਜਿਉਂਦੇ ਤੇ ਪਰਤੱਖ ਰੂਪ ਵਿਚ ਪਹਿਚਾਣ ਸਕਦਾ ਹੈ। ਅਦਾਲਤ ਦੇ ਅਹਿਮ ਮੋਹਰੇ ਵਕੀਲ, ਮੁਨਸ਼ੀ ਟਾਊਟ, ਗਵਾਹ, ਅਹਿਲਮਦ, ਰੀਡਰ, ਸਟੈਨੋ, ਜੱਜ, ਚਪੜਾਸੀ, ਨਾਇਬ ਕੋਰਟ, ਸਰਕਾਰੀ ਵਕੀਲ, ਜਿਲ੍ਹਾ ਅਟਾਰਨੀ, ਹੱਥ ਲਿਖਤ, ਐਕਸਪਰਟ, ਡਾਕਟਰ, ਕੋਈ ਵੀ ਛੋਟਾ-ਵੱਡਾ ਪਾਤਰ ਚਿਤਰੇ ਬਿਨ੍ਹਾਂ ਨਹੀਂ ਰਹਿਣ ਦਿੱਤਾ।...ਮੀਤ ਕੋਲ ਜਾਣਕਾਰੀ ਦਾ ਅਥਾਹ ਭੰਡਾਰ ਹੈ।"[201]

'ਸੁਧਾਰ-ਘਰ' ਨਾਵਲ ਵਿਸ਼ੇ ਪੱਖੋਂ ਵੀ ਤੇ ਕਲਾ ਪੱਖੋਂ ਵੀ ਪੰਜਾਬੀ ਸਾਹਿਤ ਤੋਂ ਨਾਵਲਕਾਰ ਦੀ ਅਹਿਮ ਪ੍ਰਾਪਤੀ ਹੈ। ਨਾਵਲਕਾਰ ਨੇ ਜੇਲ੍ਹ ਪ੍ਰਬੰਧ ਰਾਹੀਂ ਸਮੁੱਚੇ ਸਮਾਜ ਦੇ ਹਰੇਕ ਪ੍ਰਬੰਧ ਦਾ ਸਮੱਗਰ ਰੂਪ ਵਿਚ ਚਿਤਰਨ ਕੀਤਾ ਹੈ ਜੋ ਵਰਣਾਤਮਕ ਨਹੀਂ ਸਗੋਂ ਵਿਵਹਾਰਕ ਵੀ ਹੈ ਕਿਉਂਕਿ ਹਰ ਪ੍ਰਬੰਧ ਦੇ ਹਾਲਾਤ ਉਸ ਪ੍ਰਬੰਧ ਨਾਲ ਸੰਬੰਧਿਤ ਪਾਤਰ ਖ਼ੁਦ ਬਿਆਨ ਕਰਦੇ ਹਨ। ਵਿਭਿੰਨ-ਵਿਭਿੰਨ ਵਰਗ ਨੂੰ ਦ੍ਰਿਸ਼ਟਮਾਨ ਕਰਨ ਲਈ ਨਾਵਲਕਾਰ ਨੇ ਸਮੁੱਚੇ ਤੰਤਰ ਨੂੰ ਜੇਲ੍ਹ ਦੀਆਂ ਵੱਖ-ਵੱਖ ਬੈਰਕਾਂ ਰਾਹੀਂ ਜਿਵੇਂ ਸਿੰਘਾਂ, ਮੰਗਤਿਆਂ, ਵੈਲੀਆਂ, ਬੱਚਿਆਂ, ਔਰਤਾਂ, ਛੜਿਆਂ ਅਤੇ ਬਹਾਦਰਾਂ ਆਦਿ ਦੀਆਂ ਬੈਰਕਾਂ ਵਿਚਲੇ ਹਰ ਪਾਤਰ ਦੇ ਪਿੱਛੇ ਹਰ ਵਰਗ ਨੂੰ ਜੇਲ੍ਹ ਦੇ ਝਰੋਖੇ ਵਿਚੋਂ ਦ੍ਰਿਸ਼ਟਮਾਨ ਕੀਤਾ ਹੈ।

"ਗਰੀਬ ਮੰਗਤਿਆਂ ਦਾ ਮਜਾਕ ਉਡਾਉਣ ਲਈ ਉਨ੍ਹਾਂ ਨੂੰ ਬਾਦਸ਼ਾਹ ਆਖਿਆ ਜਾਂਦਾ ਹੈ। ...ਪੋਹ ਮਾਘ ਦੀ ਕਰੜੀ ਸਰਦੀ ਜਦੋਂ ਖੁੱਲੇ ਅਸਮਾਨ ਥੱਲੇ ਕੱਟਣੀ ਔਖੀ ਹੋ ਜਾਂਦੀ ਹੈ ਤਾਂ ਮੰਦਰਾਂ, ਬੱਸ ਅੱਡਿਆਂ ਅਤੇ ਸਟੇਸ਼ਨ ਦੇ ਬਾਹਰ ਰੁਲਦੇ ਮੰਗਤੇ ਦਿਨ ਕਟੀ ਕਰਨ ਲਈ ਜੇਲ੍ਹ ਪੁੱਜ ਜਾਂਦੇ ਹਨ। ਚੋਰੀ, ਜੂਆ, ਦੜਾ ਸੱਟਾ ਅਤੇ ਨਜਾਇਜ਼ ਸ਼ਰਾਬ ਕਬਜ਼ੇ ਵਿਚ ਰੱਖਣ ਵਰਗੇ ਛੋਟੇ ਮੋਟੇ ਕੇਸ ਬਣਾ ਕੇ ਇਕ ਪਾਸੇ ਪੁਲਿਸ ਆਪਣੀ ਕਾਰਵਾਈ ਪਾ ਲੈਂਦੀ ਹੈ, ਦੂਜੇ ਪਾਸੇ ਇਨ੍ਹਾਂ ਨੂੰ ਸਿਰ ਢਕਣ ਲਈ ਛੱਤ ਮਿਲ ਜਾਂਦੀ ਹੈ।"[202]

ਨਾਵਲਕਾਰ ਜੇਲ੍ਹ ਵਿਚ ਬਣੀਆਂ ਬੈਰਕਾਂ ਦਾ ਵਰਨਣ ਬਾਰੀਕੀ ਤੇ ਵਿਅੰਗਾਤਮਕ ਰੂਪ ਵਿਚ ਕਰਦਾ ਹੈ :

"ਸਿੰਘ ਦੀ ਗਿਣਤੀ ਵਧਣ ਨਾਲ ਜੇਲ੍ਹ ਪ੍ਰਸ਼ਾਸਨ ਦੀਆਂ ਪ੍ਰੇਸ਼ਾਨੀਆਂ ਵਧਣ ਲੱਗੀਆਂ। ਵੱਖ-ਵੱਖ ਬੈਰਕਾਂ ਵਿਚੋਂ ਕੱਢ ਕੇ ਉਨ੍ਹਾਂ ਨੂੰ ਇਕ ਬੈਰਕ ਵਿਚ ਲਿਆਂਦਾ ਗਿਆ। ਬੈਰਕ ਦੇ ਬਾਹਰ ਅਤੇ ਛੱਤ ਉਪਰ ਹਥਿਆਰਬੰਦ ਪਹਿਰਾ ਲਾਇਆ ਗਿਆ।"[203]

ਜੇਲ੍ਹ ਵਿਚ ਬੰਦ ਸਿੰਘ ਸਰਕਾਰ ਨਾਲ ਆਢਾ ਲਾਉਣ ਲਈ ਤਿਆਰ ਰਹਿੰਦੇ ਸਨ। ਉਹ ਜੇਲ੍ਹ ਵਿਚ ਗੁਰਪੁਰਬ ਮਨਾਉਣਾ ਚਾਹੁੰਦੇ ਸੀ ਪਰੰਤੂ ਦਰੋਗਾ ਟਸ ਤੋਂ ਮਸ ਨਾ ਹੋਇਆ ਤਾਂ ਉਨ੍ਹਾਂ ਨੇ ਭੁੱਖ ਹੜਤਾਲ ਕਰ ਦਿੱਤੀ। ਸੋ ਨਾਵਲਕਾਰ ਇਕ-ਇਕ ਬੈਰਕ ਦੇ ਕੈਦੀਆਂ ਦਾ ਬਾਰੀਕੀ ਨਾਲ ਵਰਨਣ ਕਰਦਾ ਹੈ। ਸਿਆਸੀ ਵਿਧਾਇਕਾਂ ਦੀ ਬੈਰਕ ਦਾ ਦ੍ਰਿਸ਼ ਨਾਵਲਕਾਰ ਇਸ ਤਰ੍ਹਾਂ ਰੂਪਮਾਨ ਕਰਦਾ ਹੈ :

"ਉਨ੍ਹਾਂ ਦੇ ਰਹਿਣ ਲਈ ਬੈਰਕ ਦੀ ਥਾਂ ਕੋਠੀ ਸੀ। ਖਾਣਾ ਬਣਾਉਣ ਅਤੇ ਪਰੋਸਣ ਲਈ ਉੱਚ ਕੋਟੀ ਦਾ ਰਸੋਈਆ।...ਕੋਈ ਮੱਖਣ-ਬਰੈਡ ਚੁੱਕ ਲਿਆਉਂਦਾ ਅਤੇ ਕੋਈ ਆਂਡਿਆਂ ਵਾਲੀ ਟਰੇਅ।...ਉਹ ਖਾਣ ਵਾਲੇ ਚਾਰ ਸਨ। ਖਾਣਾ ਚਾਲੀਆਂ ਦਾ ਆ ਜਾਂਦਾ ਸੀ ...ਸ਼ਾਮ ਨੂੰ ਮੁਲਾਜ਼ਮਾਂ ਦੇ ਕੁਆਟਰਾਂ ਵਿਚ ਪੁੱਜ ਜਾਂਦਾ ਸੀ... ਰਾਤ ਪੈਂਦਿਆਂ ਹੌਲ ਪੈਣ ਲੱਗਦੇ। ਕਦੇ ਅੱਖਾਂ ਭਰੀ ਬੀਵੀ ਸਾਹਮਣੇ ਆ ਖੜਦੀ, ਕਦੇ ਗੋਦੀ ਚੜ੍ਹਨ ਲਈ ਉਤਾਵਲੇ ਪਏ ਬੱਚੇ। ਕਦੇ ਬਾਪ ਦੇ ਹਉਕੇ ਸੁਣਾਈ ਦਿੰਦੇ, ਕਦੇ ਮਾਂ ਦੇ ਕੀਰਨੇ।..."[204]

ਲੇਖਕ ਆਪਣੇ ਅਨੁਭਵ ਰਾਹੀਂ ਵਿਭਿੰਨ ਪਾਤਰਾਂ ਅਤੇ ਘਟਨਾਵਾਂ ਦੇ ਅੰਤਰ-ਸੰਬੰਧਾਂ ਰਾਹੀਂ ਜੇਲ੍ਹ ਅੰਦਰਲੇ ਪ੍ਰਸ਼ਾਸਨੀ, ਨਿਆਂਇਕ ਢਾਂਚੇ ਅਤੇ ਅਮੀਰ ਕੈਦੀਆਂ ਦੇ ਜੀਵਨ ਵੇਰਵੇ ਬਾਰੀਕੀ ਸਹਿਤ ਫਰੋਲਦਾ ਹੈ। ਜੇਲ੍ਹ ਵਿਚ ਬੰਦ ਇਕ-ਇਕ ਕੈਦੀ ਦਾ ਵਰਨਣ ਕਰਦਾ ਹੈ :

"ਸੁੰਦਰ ਨੇ ਪਹਿਲਾ ਕਤਲ ਇਕ ਸੇਠ ਤੋਂ ਸੁਪਾਰੀ ਲੈ ਕੇ ਕੀਤਾ। ਸੇਠ ਨੇ ਆਪਣਾ ਸਾਢੂ ਮਰਵਾਇਆ ਸੀ। ਦੋਹਾਂ ਦਾ ਵਿਓਪਾਰ ਸਾਂਝਾ ਸੀ।...ਚੰਗਾ ਪੈਸਾ ਬਣ ਗਿਆ ਸੀ। ਦੋਹਾਂ ਨੂੰ ਵਾਧੂ ਪੈਸਾ ਹਜ਼ਮ ਕਰਨਾ ਔਖਾ ਹੋ ਗਿਆ।...ਕਿਸੇ ਨੂੰ ਅੱਜ ਤੱਕ ਪਤਾ ਨਹੀਂ ਲੱਗਾ, ਸੀਵਰੇਜ਼ ਦੇ ਗਟਰ ਵਿਚ ਸਾਢੂ ਅਚਾਨਕ ਡਿੱਗਾ ਸੀ ਜਾਂ ਕਿਸੇ ਨੇ ਡੇਗਿਆ ਸੀ।"[205]

ਉਕਤ ਹਵਾਲਾ ਪੈਸੇ ਲਈ ਕਤਲ ਕਰਕੇ ਆਏ ਕੈਦੀ ਦਾ ਹੈ ਜਿਸ ਰਾਹੀਂ ਨਾਵਲਕਾਰ ਮਨੁੱਖ ਦੀ ਪਦਾਰਥਕ ਸੋਚ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਅਵਤਾਰ ਕੈਦੀ ਵੀ ਪੈਸੇ ਲਈ ਨਾਨੀ ਨੂੰ ਕਤਲ ਕਰਦਾ ਹੈ :

"ਅਵਤਾਰ ਨੇ ਆਪਣੀ ਨਾਨੀ ਦਾ ਫਾਹਾ ਵੱਢਿਆ ਸੀ। ਉਸਦਾ ਕੋਈ ਮਾਮਾ ਨਹੀਂ ਹੈ। ਵੱਡੀ ਮਾਸੀ ਨੇ ਨਾਨੀ ਹੱਥ 'ਤੇ ਚੜ੍ਹਾ ਰੱਖੀ ਸੀ। ਦਸੇ ਕੀਲੇ ਆਪਣੇ ਨਾਂ ਕਰਾਉਣ ਨੂੰ ਫਿਰਦੀ ਸੀ।...ਮਾਂ ਬਾਪ ਦੀ ਹੱਲਾਸ਼ੇਰੀ ਮਿਲਣ ਬਾਅਦ, ਮਿਲਣ ਦੇ ਬਹਾਨੇ ਮਾਸੀ ਕੋਲ ਗਿਆ ਅਵਤਾਰ ਬੁੱਢੀ ਨੂੰ ਜਬਰਦਸਤੀ ਕਾਰ ਵਿਚ ਸੁੱਟ ਲਿਆਇਆ ਸੀ। ਆਪਣੀ ਮਾਂ ਦੇ ਨਾਂ ਸਾਰੀ ਜ਼ਮੀਨ ਦੀ ਰਜਿਸਟਰੀ ਕਰਵਾ ਕੇ ਉਸਨੇ ਬੁੜੀ ਦਾ ਗਲ ਘੁੱਟ ਦਿੱਤਾ।"206

ਉਕਤ ਹਵਾਲਾ ਵੀ ਮਨੁੱਖ ਦੀ ਪਦਾਰਥਵਾਦੀ ਸੋਚ ਦੀ ਹਾਮੀ ਭਰਦਾ ਹੈ। ਪੈਸੇ ਲਈ ਮਨੁੱਖ ਨੇ ਆਪਣੇ ਬੁਨਿਆਦੀ ਰਿਸ਼ਤਿਆਂ-ਨਾਤਿਆਂ ਨੂੰ ਵੀ ਬਲੀ ਚਾੜ੍ਹ ਦਿੱਤਾ ਹੈ :

"ਪੁਲਿਸ ਕੋਲ ਦਰਜ ਕਰਾਏ ਆਪਣੇ ਬਿਆਨ ਵਿਚ ਕੁੜੀ ਨੇ ਦੱਸਿਆ ਸੀ, ਉਹ ਅਨਾਥ ਸੀ। ਉਸਦੇ ਮਾਂ ਬਾਪ ਦੀ ਮੌਤ ਬਚਪਨ ਵਿਚ ਹੋ ਗਈ ਸੀ। ਨੀਲਮ ਉਸਦੀ ਮਾਸੀ ਸੀ। ... ਇਹ ਕਹਿ ਕੇ ਲੈ ਆਈ ਸੀ ਕਿ ਮਾਸੀ ਉਸਨੂੰ ਦਿਲ ਦਾ ਟੁਕੜਾ ਬਣਾ ਕੇ ਰੱਖੇਗੀ। ਪਰ ਕੁੜੀ ਦੇ ਜਵਾਨੀ ਵਿਚ ਪੈਰ ਧਰਦਿਆਂ ਹੀ ਮਾਸੀ ਨੇ ਉਸਦੀ ਜਵਾਨੀ ਦਾ ਮੁੱਲ ਵੱਟਣਾ ਸ਼ੁਰੂ ਕਰ ਦਿੱਤਾ।... ਬਦਨਾਮੀ ਤੋਂ ਡਰਦੀਆਂ ਕੁੜੀਆਂ ਉਹੋ ਕਰਦੀਆਂ ਸਨ, ਜੋ ਨੀਲਮ ਆਖਦੀ ਸੀ।"[207]

ਇਥੇ ਕਿਹਾ ਜਾ ਸਕਦਾ ਹੈ ਕਿ ਨਾਵਲਾਂ ਵਿਚ ਸਿਰਫ਼ ਪ੍ਰਸ਼ਾਸਨ ਦਾ ਹੀ ਨਹੀਂ ਸਾਡੇ ਸਮਾਜਿਕ ਰਿਸ਼ਤਿਆਂ ਨੂੰ ਪੇਸ਼ ਕੀਤਾ ਗਿਆ ਹੈ। ਜਿਵੇਂ ਪ੍ਰੀਤੋ ਆਪਣੇ ਪਤੀ ਨੂੰ ਖਤਮ

ਕਰਕੇ ਜੇਲ੍ਹ ਆਈ ਹੈ। 'ਤਫ਼ਤੀਸ਼' ਨਾਵਲ ਵਿਚ ਪ੍ਰੋ. ਸਤਿੰਦਰ ਪਤਨੀ ਤੋਂ ਇਲਾਵਾ ਆਪਣੀ ਪ੍ਰੇਮਿਕਾ ਨਾਲ ਪਿਆਰ ਪੀਂਘਾਂ ਝੂਟਦਾ ਹੈ। ਡਾ. ਜੈਨ ਆਪਣੀ ਨਰਸ ਦੇ ਇਸ਼ਕ ਵਿਚ ਆਪਣੀ ਪਤਨੀ ਨੂੰ ਮਰਵਾ ਦਿੰਦਾ ਹੈ। ਮੀਤ ਨੇ ਆਪਣੇ ਨਾਵਲਾਂ ਵਿਚ ਇਹ ਦਿਖਾਇਆ ਹੈ ਕਿ ਵਫ਼ਾ ਤੇ ਸੁਰੱਖਿਆ ਨਾ ਸਿਸਟਮ ਵਿਚ ਹੈ ਤੇ ਨਾ ਹੀ ਸਾਡੇ ਪਰਿਵਾਰਕ ਰਿਸ਼ਤਿਆਂ ਵਿਚ। ਮੀਤ ਦੇ ਸਮੁੱਚੇ ਨਾਵਲ ਵਿਚ ਸਿਸਟਮ ਪ੍ਰਸ਼ਾਸਨ ਤੇ ਪਰਿਵਾਰ ਨੈਤਿਕਤਾ ਪੱਖੋਂ ਸੁਆਦਮੁਖੀ ਤੇ ਸਵਾਰਥੀ ਰੁਝਾਨ ਦੀ ਮਾਰ ਝੱਲ ਰਹੇ ਹਨ।

ਇਸ ਤਰ੍ਹਾਂ ਜੇਲ੍ਹ ਵਿਚ ਬਹੁਤੇ ਬੱਚੇ ਵੀ ਵੱਖ-ਵੱਖ ਜ਼ੁਰਮਾਂ ਦੀ ਸਜ਼ਾ ਕੱਟ ਰਹੇ ਸਨ। ਦੋ ਚੌਦਾਂ ਸਾਲ ਦੇ ਬੱਚੇ, ਅੱਠ ਸਾਲ ਦਾ ਬੱਚਾ, ਛੇ ਸਾਲ ਦਾ ਬੱਚਾ ਆਦਿ ਦਾ ਪਿਛੋਕੜ ਇਹ ਦਰਸਾਇਆ ਹੈ ਕਿ ਇਕ ਦਾ ਜਨਮ ਜੇਲ੍ਹ ਵਿਚ ਹੋਇਆ ਜੋ ਨਜਾਇਜ਼ ਔਲਾਦ ਸੀ। ਇਕ ਮੰਗਤੇ ਕੈਦੀ ਦਾ ਬੱਚਾ ਸੀ ਜਿਸਦੇ ਮਾਂ-ਬਾਪ ਦਾ ਕੁਝ ਵੀ ਪਤਾ ਨਹੀਂ ਸੀ। ਇਕ ਰੇਲਵੇ ਸਟੇਸ਼ਨ ਤੇ ਚੋਰੀ ਕਰਦਾ ਫੜਿਆ ਗਿਆ ਸੀ। ਇਹਨਾਂ ਕੈਦੀ ਬੱਚਿਆਂ ਦੀ ਪੈਰਵਾਈ ਕਰਨ ਵਾਲਾ ਕੋਈ ਵਕੀਲ ਨਹੀਂ ਸੀ। ਇਨ੍ਹਾਂ ਨੇ ਇਥੇ ਹੀ ਲਾਂਗਰੀਆਂ ਦੇ ਰੂਪ ਵਿਚ ਜ਼ਿੰਦਗੀ ਕੱਟ ਲੈਣੀ ਸੀ। ਇਹ ਵੀ ਸਾਡੇ ਸਮਾਜ ਦਾ ਦੁਖਾਂਤ ਹੈ ਜਿਥੇ ਬੱਚਿਆਂ ਦੇ ਨਜਾਇਜ਼ ਹੋਣ ਕਾਰਨ ਉਹਨਾਂ ਨੂੰ ਸਾਰੀ ਉਮਰ ਜੇਲ੍ਹ ਵਿਚ ਕੱਟਣੀ ਪੈਂਦੀ ਹੈ। ਇਸ ਤੋਂ ਇਲਾਵਾ 'ਧੱਕੜਾਂ ਦੀ ਬੈਰਕ' ਦਾ ਵਰਨਣ ਮਿਲਦਾ ਹੈ ਜਿਥੇ ਜਿਆਦਾ ਪੇਸ਼ਾਵਰ ਕਿਸਮ ਦੇ ਮੁਲਜ਼ਮ ਰੱਖੇ ਜਾਂਦੇ ਹਨ। ਬੀ ਕਲਾਸ ਬੈਰਕ ਦਾ ਨਾਂ 'ਵਕੀਲ ਵਾਲੀ ਬੈਰਕ' ਰੱਖਿਆ ਗਿਆ ਕਿਉਂਕਿ ਇਥੇ ਹਾਕਮ ਸਾਰਾ ਦਿਨ ਕਾਨੂੰਨ ਦੇ ਜੇਲ੍ਹ ਮੈਨੂਅਲ ਨਾਲ ਖਪਦਾ ਰਹਿੰਦਾ ਸੀ :

"ਕਰੀਮੂ ਰਾਅ ਸਿੱਖ ਬਰਾਦਰੀ ਵਿਚ ਜੰਮਿਆ ਜ਼ਰੂਰ ਸੀ ਪਰ ਉਸਨੇ ਖਾਨਦਾਨੀ ਪੇਸ਼ਾ ਕਦੇ ਨਹੀਂ ਸੀ ਅਪਣਾਇਆ...ਅੱਠਵੀਂ ਤੱਕ ਪੁਜਦਾ-ਪੁਜਦਾ ਉਹ ਜਿਲ੍ਹਾ ਪੱਧਰ ਦੀ ਕਬੱਡੀ ਟੀਮਾਂ ਦਾ ਮੈਂਬਰ ਬਣ ਗਿਆ...ਕਾਲਜ ਵਿਚ ਪੁੱਜ ਕੇ ਉਹ ਰਾਸ਼ਟਰੀ ਪੱਧਰ ਦਾ ਖਿਡਾਰੀ ਤਾਂ ਬਣੇਗਾ ਹੀ। ਜੇ ਠੀਕ ਅਗਵਾਈ ਮਿਲ ਗਈ ਤਾਂ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਖੇਡ ਸਕਦਾ ਸੀ। ... ਪਰ ਬਾਪੂ ਦੇ ਜੇਲ੍ਹ ਜਾਣ ਕਾਰਨ ਉਸਨੂੰ ਚੁੱਲਾ ਮਘਾਣਾ ਔਖਾ ਹੋ ਜਾਂਦਾ ਹੈ। ...ਤਾਏ ਨੇ ਉਸਨੂੰ ਭੁੱਕੀ ਵੇਚਣ ਲਾ ਦਿੱਤਾ। ਘਰ ਦੀ ਨੁਹਾਰ ਬਦਲਣ ਲੱਗੀ।"[208]

ਪਰ ਕਰੀਮੂ ਪੁਲਿਸ ਦੁਆਰਾ ਫੜਿਆ ਗਿਆ।

'ਛੜਿਆਂ ਦੀ ਬੈਰਕ' ਵਿਚ ਬੰਦ ਬਹੁਤੇ ਕੈਦੀਆਂ ਦੇ ਜ਼ੁਰਮ ਇਕੋ ਜਿਹੇ ਸਨ। ਸੀਤੇ ਨੇ ਚਾਰ ਸਾਲ ਦੀ ਬੱਚੀ ਨਾਲ ਬਲਾਤਕਾਰ ਕੀਤਾ ਸੀ। ਗਾਂਧੀ ਨੇ ਪੈਂਹਟ ਸਾਲ ਦੀ ਬੁੱਢੀ ਨਾਲ। ਦੀਸੇ ਨੇ ਬਾਰਾਂ ਸਾਲਾਂ ਦੇ ਨੌਕਰ ਨੂੰ ਹੱਟੀ ਵਿਚ ਢਾਹਿਆ ਸੀ ਅਤੇ ਹਮੀਦ ਨੇ ਖੁਸਰਿਆਂ ਦੀ ਕੰਧ ਟੱਪੀ ਸੀ।[209]

ਉਪਰੋਕਤ ਹਵਾਲਾ ਇਹ ਦਰਸਾਉਂਦਾ ਹੈ ਕਿ ਮਨੁੱਖੀ ਜਾਮੇ ਵਿਚ ਆ ਕੇ ਮਨੁੱਖ ਦੀਆ ਸਮਾਜਿਕ, ਮਾਨਸਿਕ ਤੇ ਸਰੀਰਕ ਲੋੜਾਂ ਜਦੋਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਪਸ਼ੂਪੁਣੇ

ਤੇ ਉਤਰ ਆਉਂਦਾ ਹੈ। ਜੇਕਰ ਇਹਨਾਂ ਪਾਤਰਾਂ ਨੂੰ ਜਰਾ ਗਹੁ ਨਾਲ ਵੇਖੀਏ ਤਾਂ ਇਹ ਪ੍ਰਵਿਰਤੀ ਜਨਮ-ਜਾਤ ਨਹੀਂ ਸਗੋਂ ਸਮਾਜਿਕ-ਵਿਵਸਥਾ ਦੀ ਦੇਣ ਹੈ। ਜੋ ਮਨੁੱਖ ਨੂੰ ਮਨੁੱਖ ਤੋਂ, ਜਾਤੀ ਨੂੰ ਜਾਤੀ ਤੋਂ, ਹੀਣਤਾ ਜਾਂ ਉੱਚਤਾ ਦਾ ਦਰਜਾ ਦੇਣ ਦਾ ਕਰਮ ਸਿਰਜਦੀ ਹੈ। ਮਨੁੱਖ ਰੋਟੀ ਦੀ ਲੋੜ ਤੇ ਸਰੀਰਕ ਸੁੱਖ ਤੋਂ ਲੈ ਕੇ ਸਮਾਜਿਕ ਰੁਤਬੇ ਦੀ ਚਾਹ ਤੇ ਸਮਾਜਿਕ-ਮਰਯਾਦਾ ਪਾਲਣ ਦੇ ਆਦਰਸ਼ ਦੀ ਪੂਰਤੀ ਕਰਨ ਦੀ ਸਵੈ-ਸਿਰਜੀ ਮਜ਼ਬੂਰੀ ਹੀ ਉਕਤ ਪਾਤਰਾਂ ਲਈ ਦੁਖਾਂਤ ਦਾ ਕਾਰਨ ਬਣਦੀ ਹੈ।

### (ਕ) ਪਰਵਾਸੀ ਲੋਕਾਂ ਦੀ ਸ਼ਮੂਲੀਅਤ ਦਾ ਸਾਕਾਰ ਰੂਪ

ਪੰਜਾਬ ਵਿਚ ਪਿਛਲੇ 25-30 ਸਾਲਾਂ ਤੋਂ ਬਿਹਾਰ ਦੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਧਣ ਲੱਗੀ ਹੈ। ਇਨ੍ਹਾਂ ਪਰਵਾਸੀ ਮਜ਼ਦੂਰਾਂ ਦੇ ਵੱਡੀ ਗਿਣਤੀ ਵਿਚ ਇਥੇ ਆ ਜਾਣ ਨਾਲ ਇਥੇ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਜਨ-ਜੀਵਨ ਬਹੁਤ ਪ੍ਰਭਾਵਿਤ ਹੋਇਆ ਹੈ। ਡਾ. ਜਸਵੀਰ ਸਿੰਘ ਕੇਸਰ ਅਨੁਸਾਰ :

"ਪੰਜਾਬ ਦੀ ਧਰਤੀ ਉਨ੍ਹਾਂ ਨੂੰ ਉਸੇ ਤਰ੍ਹਾਂ ਦਾ 'ਸਵਰਗ' ਜਾਂ 'ਮੁਕਤੀਦਾਤਾ' ਜਾਪਣ ਲੱਗੀ ਜਿਵੇਂ ਪੰਜਾਬ ਦੇ ਘੱਟ ਜਾਂ ਬੇਜ਼ਮੀਨੇ ਪਰਿਵਾਰਾਂ ਦੇ ਨੌਜਵਾਨਾਂ ਨੂੰ ਇਟਲੀ, ਦੁਬਈ, ਅਮਰੀਕਾ, ਕੈਨੇਡਾ ਦੀਆਂ ਧਰਤੀਆਂ ਲੱਗੀਆਂ ਜਾਂ ਹੁਣ ਲਗਦੀਆਂ ਹਨ। ਇਨ੍ਹਾਂ ਮਜ਼ਦੂਰਾਂ ਨੇ ਆਪਣੀ ਕਿਰਤ-ਸ਼ਕਤੀ ਰਾਹੀਂ ਜਿਥੇ ਪੰਜਾਬ ਦੀ ਆਰਥਿਕਤਾ ਨੂੰ ਸੁਧਾਰਨ ਵਿਚ ਯੋਗਦਾਨ ਪਾਇਆ ਹੈ ਉਥੇ ਇੰਨੀ ਵੱਡੀ ਸੰਖਿਆ ਵਿਚ ਦੂਜੇ ਸੂਬਿਆਂ ਤੋਂ ਬੇਰੁਜ਼ਗਾਰ ਲੋਕਾਂ ਦੇ ਪੰਜਾਬ ਵਿਚ ਆ ਵਸਣ ਨਾਲ ਕਈ ਪ੍ਰਕਾਰ ਦੇ ਸੰਕਟ ਵੀ ਪੈਦਾ ਹੋਏ ਹਨ। ਇਨ੍ਹਾਂ ਮਜ਼ਦੂਰਾਂ ਦੀ ਆਮਦ ਪੰਜਾਬੀ ਜਨ-ਜੀਵਨ ਲਈ ਸਿਰਦਰਦੀ ਦਾ ਕਾਰਨ ਵੀ ਬਣੀ ਹੈ ਕਿਉਂਕਿ ਜਿੰਨੀ ਕੁ ਗਿਣਤੀ ਵਿਚ ਇਹ ਪਰਵਾਸੀ ਮਜ਼ਦੂਰ ਪੰਜਾਬ ਵਿਚ ਇਕੱਤਰ ਹੋ ਗਏ ਹਨ, ਉਨੀ ਵੱਡੀ ਗਿਣਤੀ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਦੀ ਸਮਰੱਥਾ ਪੰਜਾਬ ਵਿਚ ਹੈ ਨਹੀਂ। ਖੇਤੀ ਦਾ ਕੰਮ ਮੌਸਮੀ ਹੈ ਤੇ ਸਨਅਤੀ ਪੱਖੋਂ ਪੰਜਾਬ ਵਿਚ ਬਹੁਤੀ ਉਨਤੀ ਨਹੀਂ ਹੋਈ। ਨਤੀਜਤਨ ਇਨ੍ਹਾਂ ਮਜ਼ਦੂਰਾਂ ਨੂੰ ਇਥੇ ਆਪ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਪੰਜਾਬੀ ਵੱਸੋਂ ਲਈ ਤੇ ਪ੍ਰਸ਼ਾਸਨ ਲਈ ਵੀ ਮੁਸ਼ਕਲਾਂ ਖੜੀਆਂ ਹੁੰਦੀਆਂ ਹਨ।"[210]

ਉਪਰੋਕਤ ਵੇਰਵੇ ਦੇ ਸੰਦਰਭ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਹੋਈ ਪਰਵਾਸੀ ਮਜ਼ਦੂਰਾਂ ਦੀ ਸ਼ਮੂਲੀਅਤ ਨੂੰ ਪੇਸ਼ ਕਰਨਾ ਜਿਥੇ ਇਕ ਅਣਗੌਲਿਆ ਤੇ ਨਵਾਂ ਵਿਸ਼ਾ ਹੈ, ਉਥੇ ਨਾਵਲਕਾਰ ਦੀ ਵਿਲੱਖਣਤਾ ਵੀ ਬਣਦਾ ਹੈ। ਕਿਉਂਕਿ ਹੁਣ ਤੱਕ ਦੇ ਸਾਹਿਤ ਵਿਚ ਪਰਵਾਸੀ ਮਜ਼ਦੂਰਾਂ ਦਾ ਜ਼ਿਕਰ ਅੰਸ਼ ਮਾਤਰ ਰੂਪ ਵਿਚ ਹੀ ਹੋਇਆ ਹੈ। ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ ਵਿਚ ਭਾਰਤੀ ਨਿਆਂ-ਪ੍ਰਣਾਲੀ, ਅਮਨ ਕਾਨੂੰਨ ਦੀ ਵਿਵਸਥਾ ਦੇ ਨਿਘਾਰ, ਪੁਲਿਸ ਤੇ ਆਮ ਲੋਕਾਂ ਦੇ ਸੰਬੰਧਾਂ ਦੀ ਚਰਚਾ, ਵਕੀਲਾਂ, ਜੱਜਾਂ, ਡਾਕਟਰਾਂ ਤੇ ਰਾਜਨੀਤਿਕਾਂ ਦੇ ਭ੍ਰਿਸ਼ਟ ਚਰਿੱਤਰ ਦੀ ਪੇਸ਼ਕਾਰੀ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਹੈ ਉਥੇ ਪਰਵਾਸੀ ਮਜ਼ਦੂਰਾਂ ਦੇ ਯਥਾਰਥ ਨੂੰ ਵੀ ਦੇਖਿਆ ਜਾ ਸਕਦਾ ਹੈ। ਜਿਨ੍ਹਾਂ ਦੀ ਗਿਣਤੀ

ਮਾਇਆਨਗਰ ਭਾਵ ਲੁਧਿਆਣੇ ਵਿਚ ਇੰਨੀ ਵੱਧ ਗਈ ਹੈ ਕਿ ਉਹਨਾਂ ਦੇ ਵੋਟ ਬੈਂਕ ਵੀ ਵੱਖਰੇ ਹਨ :

"ਪੱਚੀ ਲੱਖ ਦੀ ਅਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀਆਂ ਦੀ ਗਿਣਤੀ ਛੇ ਤੋਂ ਸੱਤ ਲੱਖ ਵਿਚਕਾਰ ਅੰਗੀ ਜਾਂਦੀ ਸੀ। ਇਨ੍ਹਾਂ ਵਿਚੋਂ ਪੰਜ ਲੱਖ ਪਰਵਾਸੀ ਇਕੱਲੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਆ ਕੇ ਵਸੇ ਸਨ।...ਕੁਝ ਹਿੰਮਤੀ ਅਤੇ ਪਹਿਲਾਂ ਆਏ ਭਈਏ ਮਜ਼ਦੂਰੀ ਛੱਡ ਕੇ ਠੇਕੇਦਾਰ ਬਣੇ ਬੈਠੇ ਸਨ।"[211]

ਨਾਵਲ ਵਿਚ ਰਾਮ ਲੁਭਾਇਆ ਅਜਿਹਾ ਪਾਤਰ ਹੈ ਜਿਸਨੇ ਆਪਣੀ ਮਿਹਨਤ ਤੇ ਚੁਸਤੀ ਸਦਕਾ ਤਰੱਕੀ ਕੀਤੀ ਹੈ ਤੇ ਆਪਣੇ ਤੋਂ ਮਗਰੋਂ ਆਉਣ ਵਾਲੇ ਮਜ਼ਦੂਰਾਂ ਨੂੰ ਕੰਮ ਤੇ ਲਵਾਉਣ ਲਈ ਤੇ ਮਾਲਕ ਨੂੰ ਕੰਮ ਦੇਣ ਲਈ ਰਿਸ਼ਵਤ ਲੈਂਦਾ ਹੈ ਜੋ ਸਰਦੇ-ਪੁੱਜਦੇ ਧਨਾਢਾਂ ਤੇ ਵਪਾਰੀਆਂ ਤੇ ਕਾਰਖਾਨੇਦਾਰਾਂ ਦਾ ਵਿਸ਼ਵਾਸਪਾਤਰ ਬਣਕੇ ਉਹਨਾਂ ਦਾ ਹਰ ਚੰਗਾ ਮਾੜਾ ਕੰਮ ਕਰਦਾ ਹੈ। ਇਨ੍ਹਾਂ ਦੀ ਤਰੱਕੀ ਨੂੰ ਨਾਵਲਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ :

"ਸਾਲ ਵਿਚ ਉਹ ਮਿਸਤਰੀ ਬਣ ਗਏ...ਉਸਤਾਦ ਤੋਂ ਪਹਿਲਾਂ ਇਕ ਕੋਠੀ ਦੇ ਪਲਸਤਰ ਦਾ ਠੇਕਾ ਲਿਆ...ਮੋਟਰ ਸਾਇਕਲ ਸਿੱਖ ਲਿਆ...ਪਿੰਡੋਂ ਬਾਲ ਬੱਚੇ ਲੈ ਆਇਆ...ਛੋਟਾ ਜਿਹਾ ਬਣਿਆ ਬਣਾਇਆ ਘਰ ਖਰੀਦ ਲਿਆ...ਵੱਡੇ ਮੁੰਡੇ ਨੇ ਕਰਿਆਨੇ ਦੀ ਦੁਕਾਨ ਖੋਲ੍ਹ ਲਈ...ਕੋਠੀਆਂ ਦੀ ਥਾਂ ਫੈਕਟਰੀਆਂ ਦੀ ਉਸਾਰੀ ਕਰਨ ਲੱਗਾ। ਵੋਟਾਂ ਵੇਲੇ ਰਾਮ ਲੁਭਾਇਆ ਦੀ ਕੀਮਤ ਕਈ ਗੁਣਾ ਵਧ ਜਾਂਦੀ ਸੀ...ਕਾਂਗਰਸ ਵਾਲਿਆਂ ਨੇ ਉਸਨੂੰ ਆਪਣਾ ਸਰਗਰਮ ਮੈਂਬਰ ਬਣਾ ਲਿਆ।"[212]

ਸੋ ਪਰਵਾਸੀ ਮਜ਼ਦੂਰਾਂ ਨੇ ਕਿਰਤ ਕਰਕੇ ਤੇ ਆਪਣੇ ਭਾਈਚਾਰੇ ਦੀ ਕਿਰਤ ਨੂੰ ਲੁੱਟ-ਲੁੱਟ ਆਪਣੇ ਆਪ ਨੂੰ ਧਨਾਢਾਂ ਦੇ ਕੰਮ ਆਉਣ ਯੋਗ ਬਣਾ ਲਿਆ ਤੇ ਵੋਟਾਂ ਕਾਰਨ ਸਿਆਸੀ ਪਾਰਟੀਆਂ ਵਿਚ ਆਪਣੀ ਧਾਕ ਜਮ੍ਹਾ ਲਈ। ਹਰੇਕ ਪਾਰਟੀ ਆਪਣੀ ਜਿੱਤ ਦੇ ਸੁਪਨੇ ਦੇਖਦੀ ਇਹਨਾਂ ਨੂੰ ਛੋਟੇ ਮੋਟੇ ਜ਼ੁਰਮ ਕਰਨ ਕਰਵਾਉਣ ਵਿਚ ਭਾਈਵਾਲ ਬਣਦੀ ਹੈ। ਵੋਟਾਂ ਦੇ ਦਿਨਾਂ ਵਿਚ ਦਾਰੂ, ਨਸ਼ੇ ਤੇ ਪੈਸੇ ਆਮ ਵੰਡੇ ਜਾਂਦੇ ਹਨ। ਭਈਏ ਦੀਆਂ ਜੁੰਡਲੀਆਂ ਨੇ ਰਾਜਸੀ ਅਤੇ ਪੈਸੇ ਦੇ ਲਾਲਚ ਵਿਚ ਧਨਾਢਾਂ ਨਾਲ ਆਪਣੀ ਨੇੜਤਾ ਵਧ ਗਈ। ਕਿਉਂਕਿ ਰਾਮ ਲੁਭਾਇਆ ਵਰਗੇ ਠੇਕੇਦਾਰ ਭਈਏ ਦੇ ਛੋਟੇ ਮੋਟੇ ਜ਼ੁਰਮ ਨੂੰ ਆਪਣੀ ਹੈਸੀਅਤ ਮੁਤਾਬਕ ਪੈਸੇ ਜਾਂ ਸਿਆਸੀ ਜ਼ੋਰ ਨਾਲ ਛੁਪੇ ਦਿੰਦੇ ਸਨ, ਜਿਸ ਕਰਕੇ ਭਈਏ ਵਿਚ ਜ਼ੁਰਮ ਕਰਨਾ ਵਧ ਗਿਆ ਜੋ ਅੱਜ ਵੀ ਹੋ ਰਿਹਾ ਹੈ :

"ਅਜਿਹੇ ਬਥੇਰੇ ਭਈਆਂ ਬਾਰੇ ਠੇਕੇਦਾਰ ਨੂੰ ਪਤਾ ਸੀ ਜਿਹੜੇ ਲੁੱਟਾਂ-ਖੋਹਾਂ ਕਰਕੇ ਅਤੇ ਕੁੜੀਆਂ ਭਜਾ ਕੇ ਦੇਸ਼ ਮੁੜ ਗਏ ਸਨ। ਪੁਲਿਸ ਨੇ ਕਦੇ ਉਨ੍ਹਾਂ ਦੇ ਪਿੰਡਾਂ ਵੱਲ ਮੂੰਹ ਨਹੀਂ ਸੀ ਕੀਤਾ।"[213]

ਉਕਤ ਹਵਾਲੇ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਪਰਵਾਸੀ ਮਜ਼ਦੂਰਾਂ ਦੇ ਥਾਂ ਟਿਕਾਣੇ ਦਾ ਕਿਸੇ ਨੂੰ ਥਹੁ-ਪਤਾ ਨਹੀਂ ਸੀ ਜੋ ਜ਼ੁਰਮ ਕਰਨ ਤੇ ਪੰਜਾਬ ਵਿਚ ਵੀ ਛੁਪ

ਜਾਂਦੇ ਸਨ।

ਸੋ ਨਾਵਲਕਾਰ ਪਰਵਾਸੀ ਭਈਏ ਦੇ ਜ਼ੁਰਮ ਨੂੰ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਨਿਮਨ ਸ਼੍ਰੇਣੀ ਪੈਸੇ ਲਈ ਜ਼ੁਰਮ ਕਰਦੀ ਹੈ ਤੇ ਉੱਚ ਸ਼੍ਰੇਣੀ ਪੈਸੇ ਦੀ ਤਾਕਤ ਨਾਲ ਇਹਨਾਂ ਤੋਂ ਜ਼ੁਰਮ ਕਰਵਾਉਂਦੀ ਹੈ। ਜਿਸਦੀ ਅਸਲੀਅਤ 'ਕੌਰਵ-ਸਭਾ' ਨਾਵਲ ਵਿਚ ਦੇਖੀ ਜਾ ਸਕਦੀ ਹੈ। ਨਾਵਲ ਦੀ ਸ਼ੁਰੂਆਤ ਭਈਏ ਦੁਆਰਾ ਕੀਤੇ ਸੰਗੀਨ ਜ਼ੁਰਮਾਂ ਨਾਲ ਹੁੰਦੀ ਹੈ। ਪੰਕਜ ਤੇ ਨੀਰਜ ਆਪਣੇ ਤਾਏ (ਵੇਦ) ਦੇ ਪਰਿਵਾਰ ਨੂੰ ਸਬਕ ਸਿਖਾਉਣ ਲਈ ਭਈਏ ਨੂੰ ਸੁਪਾਰੀ ਦਿੰਦੇ ਹਨ, "ਜ਼ੁਰਮ ਬਹੁਤੇ ਸੰਗੀਨ ਨਹੀਂ ਸਨ ਕੀਤੇ ਜਾਣੇ। ਘਰ ਦੇ ਮੈਂਬਰਾਂ ਨੂੰ ਥੋੜ੍ਹੀ ਕੁੱਟ ਚਾੜ੍ਹਨੀ ਸੀ। ਕੁੜੀ ਦੀ ਬੇਇਜ਼ਤੀ ਕਰਨੀ ਸੀ।"[214] ਪਰੰਤੂ ਭਈਏ ਕਰਦੇ ਇਸਦੇ ਉਲਟ ਹਨ :

"ਅਲਮਾਰੀ ਦੀਆਂ ਚਾਬੀਆਂ ਦੇਣ ਤੋਂ ਥੋੜ੍ਹੀ ਜਿਹੀ ਨਾਂਹ ਨੁਕਰ ਕਰਨ ਉਪਰ ਪੰਡਿਤ ਨੇ ਮਾਲਕਣ ਦੇ ਸਿਰ ਰਾਡ ਜੜ ਦਿੱਤੀ। "ਘਰਵਾਲੀ ਦੀ ਦੁਰਦਸ਼ਾ ਦੇਖ ਕੇ ਜਦੋਂ ਮਾਲਕ ਸਭ ਕੁਝ ਹਵਾਲੇ ਕਰਨ ਲਈ ਸਹਿਮਤੀ ਹੋ ਗਿਆ ਸੀ ਫੇਰ ਉਸਦੀਆਂ ਟੰਗਾਂ ਬਾਹਾਂ ਤੋੜਨ ਦੀ ਕੀ ਜ਼ਰੂਰਤ ਸੀ ? "ਸਮਾਨ ਲੁੱਟਣ ਦੀ ਥਾਂ ਦੀਨਾ ਕੁੜੀ ਦੇ ਬੈਡਰੂਮ ਵਿਚ ਘੁਸ ਗਿਆ ... ਉਹ ਉਸ ਉਪਰ ਕੁੱਤਿਆਂ ਵਾਂਗ ਝੱਪਟ ਪਿਆ। ਭੈਣ ਦਾ ਚੀਕ ਚਿਹਾੜਾ ਸੁਣ ਕੇ ਭਰਾ ਦੀ ਅੱਖ ਖੁੱਲ੍ਹ ਗਈ...ਪੰਚਮ ਨੇ ਉਸਨੂੰ ਘੜੀਸ ਕੇ ਲਾਬੀ ਵਿਚ ਲੈ ਆਂਦਾ। ਠੇਕੇਦਾਰ ਦੇ ਰੋਕਦੇ-ਰੋਕਦੇ ਛੁਰਾ ਉਸਦੇ ਢਿੱਡ ਵਿਚ ਖੋਭ ਦਿੱਤਾ।"[215]

ਇਸ ਤਰ੍ਹਾਂ ਵੇਦ ਦਾ ਪਰਿਵਾਰ ਖੇਰੂ-ਖੇਰੂ ਹੋ ਜਾਂਦਾ ਹੈ ਜਦਕਿ ਨਾਵਲਕਾਰ ਇਹ ਸਪੱਸ਼ਟ ਕਰਦਾ ਹੈ ਕਿ ਨਾਵਲ ਦਾ ਮੁੱਖ ਧੁਰਾ ਪੈਸੇ ਦੇ ਲਾਲਚ ਵਿਚ ਭਈਆਂ ਦੁਆਰਾ ਕੀਤੇ ਸੰਗੀਨ ਜ਼ੁਰਮਾਂ ਨਾਲ ਸੰਬੰਧਿਤ ਹੈ। ਪੈਸੇ ਦੇ ਲਾਲਚ ਕਾਰਨ ਭਈਏ ਪੇਸ਼ਾਵਰ ਅਪਰਾਧੀ ਬਣ ਚੁੱਕੇ ਹਨ। ਕਿਉਂਕਿ ਪੰਕਜ ਹੋਰਾਂ ਨਾਲ ਕੀਤੇ ਸਮਝੌਤੇ ਵਿਚ ਕਤਲ ਤੇ ਬਲਾਤਕਾਰ ਕਰਨਾ ਸ਼ਾਮਿਲ ਨਹੀਂ ਸੀ ਪਰ ਉਹਨਾਂ ਨੇ ਆਪਣੀ ਹਵਸ ਦੀ ਪੂਰਤੀ ਲਈ ਬਲਾਤਕਾਰ ਕੀਤਾ ਸੀ ਅਤੇ ਆਪਣੀ ਨਿਡਰਤਾ ਕਾਰਨ ਪੰਚਮ ਨੂੰ ਮਾਰਿਆ ਸੀ। ਸੋ ਇਥੋਂ ਸਪੱਸ਼ਟ ਹੁੰਦਾ ਹੈ ਕਿ ਪਰਵਾਸੀ ਮਜ਼ਦੂਰਾਂ ਦਾ ਅਪਰਾਧ ਕਿਸ ਹੱਦ ਤੱਕ ਹੋ ਚੁੱਕਿਆ ਹੈ।

ਵੱਡੇ ਵੱਡੇ ਸੇਠ ਸਨਅਤਕਾਰ ਆਪਸੀ ਰੰਜਿਸ਼ ਕੱਢਣ ਲਈ ਭਈਏ ਤੋਂ ਜ਼ੁਰਮ ਕਰਵਾਉਂਦੇ ਹਨ। ਜਦਕਿ ਸਿਆਸੀ ਪਾਰਟੀਆਂ ਵੋਟਾਂ ਅਤੇ ਪੈਸੇ ਲਈ ਕਤਲ ਅਤੇ ਹੋਰ ਸੰਗੀਨ ਜ਼ੁਰਮਾਂ ਨੂੰ ਦਬਾਉਣ ਲਈ ਪੁਲਿਸ, ਜੱਜਾਂ ਨੂੰ ਰਿਸ਼ਵਤ ਦੇ ਕੇ ਇਨ੍ਹਾਂ ਦੇ ਹੌਸਲੇ ਬੁਲੰਦ ਕਰਦੀਆਂ ਹਨ। ਸੋ ਪੰਜਾਬ ਵਿਚ ਨਵੀਂ ਤਰ੍ਹਾਂ ਦਾ ਅਪਰਾਧ ਜਗਤ ਪਰਵਾਸੀ ਮਜ਼ਦੂਰ ਕਾਰਨ ਹੋਂਦ ਵਿਚ ਆ ਰਿਹਾ ਹੈ। ਜਿਥੇ ਅਸੀਂ ਪਰਵਾਸੀ ਮਜ਼ਦੂਰ ਦੀ ਆਮਦ ਨੂੰ ਪੰਜਾਬ ਦੀ ਤਰੱਕੀ ਲਈ ਸ਼ੁਭ ਮੰਨਦੇ ਹਾਂ ਉਥੇ ਇਹ ਪੰਜਾਬ ਦੀ ਸਭਿਆਚਾਰਕ ਸਾਂਝ ਨੂੰ ਢਾਹ ਲਾ ਰਿਹਾ ਹੈ। ਚੰਦਨਪ੍ਰੀਤ ਸਿੰਘ ਅਨੁਸਾਰ :

"ਕੌਮੀ ਪਰਿਪੇਖ ਵਿਚ ਅੰਤਰ-ਪ੍ਰਾਂਤਕ ਸੰਬੰਧਾਂ ਦੇ ਪ੍ਰਕਰਣ ਵਿਚ ਇਹ ਇਕ ਹਾਂ ਮੁਖੀ ਵਰਤਾਰਾ ਜਾਪਦਾ ਹੈ, ਪਰੰਤੂ ਇਕ ਹੋਰ ਪ੍ਰਸੰਗ ਵਿਚ ਇਹ ਪੰਜਾਬ ਦੀਆਂ ਪਰੰਪਰਕ ਕੀਮਤਾਂ

ਦੇ ਪਤਨ ਦੀ ਸਥਿਤੀ ਹੈ। ਇਹੀ ਨਹੀਂ ਸਭ ਤੋਂ ਚਿੰਤਾਜਨਕ ਵਿਸ਼ਾ ਪਰਵਾਸੀ ਭਈਆਂ ਦੁਆਰਾ ਪੰਜਾਬ ਦੀ ਸਥਾਨਕ ਰਾਜਨੀਤੀ ਵਿਚ ਨਿਰਣਾਇਕ ਭੂਮਿਕਾ ਨਿਭਾਉਣਾ ਵੀ ਹੈ। ਇਹਨਾਂ ਭਈਆਂ ਦੀ ਛੋਟੇ-ਮੋਟੇ ਜ਼ੁਰਮ ਕਰਨ ਦੀ ਪੈਦਾਇਸ਼ੀ ਆਦਤ ਕਾਰਨ ਹੀ ਭਾਰਤ ਦੇ ਹੋਰਨਾਂ ਮਹਾਂਨਗਰਾਂ ਵਾਂਗ ਪੰਜਾਬ ਵਿਚ ਵੀ 'ਗੁੰਡਾ ਅਤੇ ਸੁਪਾਰੀ ਸਭਿਆਚਾਰ' ਫੈਲਦਾ ਦ੍ਰਿਸ਼ਟੀਕੋਣ ਹੁੰਦਾ ਹੈ। ਇਹ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਇਕ 'ਨਗਰ' ਦੇ 'ਮਹਾਂਨਗਰ' ਬਣਨ ਦੀ ਵਿਕ੍ਰਿਤ ਵਿਕਾਸਮੁਖੀ ਪ੍ਰਕਿਰਿਆ ਨਾਲ ਸੰਬੰਧਿਤ ਇਕ ਨਾਂਹ-ਮੁਖੀ ਪਾਸਾਰ ਹੈ। ਸਭ ਤੋਂ ਅਫਸੋਸਜਨਕ ਸਥਿਤੀ ਉਸ ਵਕਤ ਬਣਦੀ ਹੈ, ਜਦੋਂ ਪੰਜਾਬੀ ਭਾਈਚਾਰਾ ਆਪਣੇ ਸਵੈਮਾਨ ਲਈ ਇਹਨਾਂ ਭਈਆਂ ਨੂੰ ਮਾਧਿਅਮ ਬਣਾਉਂਦਾ ਹੈ।"[216]

ਉਕਤ ਹਵਾਲਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਮਨੁੱਖ ਦੀ ਤਰੱਕੀ ਦੇ ਕਾਰਨ ਉਸਦੇ ਚਰਿੱਤਰ ਵਿਚ ਆਈਆਂ ਤਬਦੀਲੀਆਂ (ਚਾਹੇ ਉਹ ਰਾਮ ਲੁਭਾਇਆ ਠੇਕੇਦਾਰ ਹੋਵੇ ਚਾਹੇ ਵੇਦ ਤੇ ਮੋਹਨ ਦਾ ਪਰਿਵਾਰ) ਰਾਹੀਂ ਇਹ ਪ੍ਰਤੱਖ ਹੁੰਦਾ ਹੈ ਕਿ ਮਨੁੱਖ ਦੀ ਪਦਾਰਥਕ ਸੋਚ ਅੱਗੇ ਕੋਈ ਇਲਾਕਾ, ਜਾਤ-ਬਰਾਦਰੀ, ਭਾਈਚਾਰਾ, ਮਨੁੱਖੀ ਰਿਸ਼ਤਿਆਂ ਦੀ ਬੁਨਿਆਦ ਸਭ ਖਤਮ ਹੋ ਜਾਂਦੀ ਹੈ। ਮਨੁੱਖੀ ਰਿਸ਼ਤਿਆਂ ਦੀ ਥਾਂ ਕੇਵਲ ਪੈਸੇ ਦੀ ਪ੍ਰਧਾਨਤਾ ਹੈ। ਸੋ ਨਾਵਲਕਾਰ ਦੀ ਇਸ ਵਰਗ ਨੂੰ ਦਰਸਾਉਣ ਦੀ ਪ੍ਰਾਪਤੀ ਇਹ ਹੈ ਕਿ ਅਜਿਹੀ ਸਮੱਸਿਆ ਦਾ ਵਰਨਣ ਪਹਿਲਾਂ ਕਿਸੇ ਸਾਹਿਤ ਦੇ ਰੂਪ ਵਿਚ ਇੰਨੇ ਵੱਡੇ ਪੱਧਰ ਤੇ ਨਹੀਂ ਕੀਤਾ ਗਿਆ।

## (ਖ) ਹਸਪਤਾਲਾਂ ਅਤੇ ਧਾਰਮਿਕ ਸੰਸਥਾਵਾਂ ਦਾ ਵਿਸ਼ਲੇਸ਼ਣ

ਹਰੇਕ ਸਾਹਿਤਕ ਰਚਨਾ ਦਾ ਜਨਮ ਸਮਾਜ ਵਿਚੋਂ ਹੁੰਦਾ ਹੈ। ਹਰੇਕ ਸਾਹਿਤਕਾਰ ਆਪਣੀ ਕਲਪਨਾ ਸ਼ਕਤੀ ਰਾਹੀਂ ਸਮਾਜ ਦੀਆਂ ਅਨੇਕਾਂ ਘਟਨਾਵਾਂ ਨੂੰ ਆਪਣੀ ਕਲਾ ਰਾਹੀਂ ਜਦੋਂ ਸ਼ਬਦਾਵਲੀ ਚੋਲਾ ਪਹਿਨਾਉਂਦਾ ਹੈ ਤਾਂ ਉਹ ਇਕ ਵਿਗਿਆਨੀ ਦੀ ਤਰ੍ਹਾਂ ਸਮੁੱਚੇ ਸਮਾਜ ਨੂੰ ਸਿਰਫ ਬਾਹਰੀ ਪੱਖ ਤੋਂ ਨਹੀਂ ਸਗੋਂ ਅੰਦਰੂਨੀ ਪੱਖ ਤੋਂ ਦੇਖਦਾ ਜਾਂਚਦਾ ਅਤੇ ਰੂਪਮਾਨ ਕਰਦਾ ਹੈ। ਮਿੱਤਰ ਸੈਨ ਮੀਤ ਵੀ ਅਜਿਹਾ ਨਾਵਲਕਾਰ ਹੈ ਜੋ ਆਪਣੇ ਨਿੱਜੀ ਅਨੁਭਵ ਰਾਹੀਂ ਕਾਨੂੰਨ ਦੀ ਦੁਨੀਆਂ ਦੇ ਅੰਦਰੂਨੀ ਪੱਖਾਂ ਨੂੰ ਪਾਠਕਾਂ ਦੇ ਸਨਮੁਖ ਕਰਦਾ ਆਪਣੇ ਗਲਪੀ ਕਲਾ ਦਾ ਪ੍ਰਤੱਖ ਸਬੂਤ ਦਿੰਦਾ ਹੈ। ਉਸਦੇ ਨਾਵਲਾਂ ਦਾ ਕੇਂਦਰੀ ਵਿਸ਼ਾ ਬੇਸ਼ੱਕ ਕਾਨੂੰਨ ਰਿਹਾ ਹੈ, ਪਰੰਤੂ ਮਨੁੱਖ ਦੀਆਂ ਲੋੜਾਂ ਵਿਚੋਂ ਇਕ ਲੋੜ ਡਾਕਟਰੀ ਸਹਾਇਤਾ ਦੀ ਹੈ, ਜਿਸਨੂੰ ਨਾਵਲਕਾਰ ਨੇ ਮੁੱਖ ਵਿਸ਼ੇ ਦੇ ਨਾਲ-ਨਾਲ ਦ੍ਰਿਸ਼ਟਮਾਨ ਕਰਦੇ ਹੋਏ ਇਸ ਵਿਚ ਆ ਚੁੱਕੀ ਗਿਰਾਵਟ ਨੂੰ ਯਥਾਰਥਵਾਦੀ ਨਜ਼ਰੀਏ ਤੋਂ ਦ੍ਰਿਸ਼ਟਮਾਨ ਕੀਤਾ ਹੈ।

ਹੈਰੀ ਲੈਵਿਨ ਆਖਦੇ ਹਨ, "ਯਥਾਰਥਵਾਦੀ ਸਾਹਿਤਕਾਰ ਆਦਰਸ਼ਵਾਦ ਦੇ ਭੁਲਾਵੇ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਹਰ ਪ੍ਰਕਾਰ ਦੇ ਭੁਲਾਂਦਰਿਆਂ ਦੀ ਵਿਧੀਗਤ ਰੂਪ ਵਿਚ ਨਿਰਖ-ਪਰਖ ਕਰਨਾ ਅਤੇ ਉਨ੍ਹਾਂ ਨੂੰ ਨੰਗਾ ਕਰਨਾ ਉਸਦੀ ਸਿਰਜਣਾਤਮਕ ਵਿਧੀ ਦਾ ਮੁੱਖ ਲੱਛਣ ਹੈ। ਇਕ ਯਥਾਰਥਵਾਦੀ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਸਮਕਾਲੀ ਜੀਵਨ ਤੇ ਸਰਬ-ਸਾਧਾਰਨ ਦ੍ਰਿਸ਼ਾਂ ਦਾ ਬਿਉਰਾ ਦੇਵੇ।"[217]

ਸੋ ਇਸ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਅਜਿਹਾ ਨਾਵਲਕਾਰ ਹੈ ਜਿਸਨੇ ਸਮਕਾਲੀ ਸਮਾਜ ਵਿਚਲੀਆਂ ਅਨੇਕਾਂ ਸੰਸਥਾਵਾਂ ਦੇ ਪੂੰਜੀਵਾਦੀ ਕਿਰਦਾਰਾਂ ਨੂੰ ਵਧੇਰੇ ਬਾਰੀਕੀ ਨਾਲ ਚਿਤਰਿਆ ਹੈ। ਜਿਨ੍ਹਾਂ ਵਿਚੋਂ ਇਕ ਡਾਕਟਰੀ ਪੇਸ਼ਾ ਹੈ ਜਿਸ ਨੇ ਪੂੰਜੀਵਾਦੀ ਸਰਮਾਏਦਾਰੀ ਦਾ ਅਸਰ ਕਬੂਲ ਲਿਆ ਹੈ। ਜਿਸ ਤਰ੍ਹਾਂ ਆਮ ਲੋਕ ਕਾਨੂੰਨ ਨੂੰ ਰੱਬ ਮੰਨਦੇ ਹਨ, ਵੁਸੇ ਤਰ੍ਹਾਂ ਡਾਕਟਰਾਂ ਨੂੰ 'ਦੂਜਾ ਰੱਬ' ਦਾ ਨਾਂ ਦਿੱਤਾ ਗਿਆ ਹੈ। ਨਾਵਲਕਾਰ ਨੇ ਡਾਕਟਰੀ ਪੇਸ਼ੇ ਵਿਚ ਆਈ ਗਿਰਾਵਟ ਨੂੰ ਵੀ ਆਪਣੇ ਨਾਵਲਾਂ ਵਿਚ ਵਿਸ਼ਾ ਬਣਾਇਆ ਹੈ। 'ਤਫ਼ਤੀਸ਼' ਨਾਵਲ ਵਿਚ ਜਦੋਂ ਬੰਟੀ ਦੀ ਲਾਸ਼ ਪੋਸਟ-ਮਾਰਟਮ ਲਈ ਲਿਆਂਦੀ ਜਾਂਦੀ ਹੈ ਤਾਂ ਡਾਕਟਰ ਦੀ ਮਦਦ ਕਰਨ ਵਾਲੇ ਜਲਾਦ ਲਾਲੇ ਨਾਲ ਆਪਣੇ ਰੰਜਿਸ਼ ਰੱਖਦਾ ਹੋਇਆ ਬੰਟੀ ਦੀ ਲਾਸ਼ ਦੇ ਨੇੜੇ ਨਹੀਂ ਜਾਂਦਾ ਕਿਉਂਕਿ ਲਾਲ ਨੇ ਉਸਦੀ ਕੁੜੀ ਦਾ ਵਿਆਹ ਕਰਨ ਦੀ ਹਾਮੀ ਨਹੀਂ ਭਰੀ ਸੀ। ਲਾਲਾ ਰਾਮ ਲੀਲਾ ਵਾਲਿਆਂ ਵਲੋਂ ਸੀਤਾ-ਸਵੰਬਰ ਵਾਲੇ ਦਿਨ ਕਿਸੇ ਇਕ ਕੁੜੀ ਦਾ ਵਿਆਹ ਕਰਨ ਦੀ ਹਾਮੀ ਭਰਦਾ ਸੀ ਪਰੰਤੂ ਜੋਗਿੰਦਰ ਦੀ ਉਸਨੇ ਇਕ ਨਾ ਸੁਣੀ, ਸੋ ਜੋਗਿੰਦਰ ਅੱਜ ਆਪਣੇ ਬੰਟੀ ਦੀ ਲਾਸ਼ ਨੂੰ ਬਿਨਾਂ ਪੈਸੇ ਲਏ ਹੱਥ ਨਹੀਂ ਲਾਉਣਾ ਚਾਹੁੰਦਾ। ਜਦਕਿ ਕਿਸੇ ਲਾਸ਼ ਦੀ ਚੀਰ-ਫਾੜ ਕਰਨ ਲਈ ਡਾਕਟਰ ਨੂੰ ਉਸਦੀ ਲੋੜ ਪੈਂਦੀ ਸੀ। ਡਾਕਟਰਾਂ ਦਾ ਅਸਲੀ ਚਿਹਰਾ ਜੋਗਿੰਦਰ ਸਿੰਘ ਬਿਆਨ ਕਰਦਾ ਹੈ :

"ਪਹਿਲਾਂ ਵਾਲੇ ਡਾਕਟਰ ਤਾਂ ਰਹੇ ਨਹੀਂ...ਹੁਣ ਤਾਂ ਪਹਿਲਾਂ ਇਹ ਪੁੱਛਦੇ ਸਨ ਕਿ ਕਿਸ ਤਰ੍ਹਾਂ ਦੀ ਰਿਪੋਰਟ ਦੇਣੀ ਹੈ। ਜਿਹੋ ਜਿਹੀ ਫੀਸ, ਉਹੋ ਜਿਹਾ ਮੁਆਇਨਾ। ਕਤਲ ਨੂੰ ਖ਼ੁਦਕਸ਼ੀ ਬਣਾ ਦਿੰਦੇ ਅਤੇ ਖ਼ੁਦਕਸ਼ੀ ਨੂੰ ਕਤਲ। ਵਿਸਰੇ ਬਦਲ ਕੇ ਖਾਧੀ ਜ਼ਹਿਰ ਦਾ ਨਾਂ ਨਿਸ਼ਾਨ ਮਿਟਾ ਦਿੰਦੇ ਹਨ। ਲੋੜ ਪਏ ਤਾਂ ਜ਼ਹਿਰ ਕੋਲੋਂ ਮਿਲਾ ਦਿੰਦੇ ਹਨ।"[218]

ਸੋ ਡਾਕਟਰਾਂ ਨੂੰ ਕਿਸੇ ਨਾਲ ਹਮਦਰਦੀ ਨਹੀਂ ਹੁੰਦੀ ਸਗੋਂ ਫੀਸ ਲਈ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਥੇ ਨਾਵਲਕਾਰ ਅਜੋਕੇ ਸਮੇਂ ਦੇ ਡਾਕਟਰਾਂ ਦੀ ਤਸਵੀਰ ਨੂੰ ਗਲਪਮਈ ਢੰਗ ਨਾਲ ਪੇਸ਼ ਕਰਦਾ ਹੈ। 'ਕੌਰਵ-ਸਭਾ' ਨਾਵਲ ਵਿਚ ਵੇਦ ਦੇ ਭਤੀਜੇ ਜਦੋਂ ਉਸਦੇ ਘਰ ਤੇ ਹਮਲਾ ਕਰਵਾਉਂਦੇ ਹਨ ਤਾਂ ਪਰਵਾਸੀ ਮਜ਼ਦੂਰ ਡਰਾਵੇ ਦੀ ਥਾਂ ਵੇਦ ਅਤੇ ਨੀਲਮ ਦੇ ਗਹਿਰੀਆਂ ਸੱਟਾਂ ਮਾਰਦੇ ਹਨ ਜਦਕਿ ਉਨ੍ਹਾਂ ਦੇ ਪੁੱਤਰ ਕਮਲ ਦਾ ਕਤਲ ਕਰ ਦਿੰਦੇ ਹਨ ਅਤੇ ਨੇਹਾ ਨਾਲ ਬਲਾਤਕਾਰ ਕਰਦੇ ਹਨ। ਸਾਰੇ ਪਰਿਵਾਰ ਨੂੰ ਡਾਕਟਰੀ ਸਹਾਇਤਾ ਦੀ ਜਲਦੀ ਲੋੜ ਹੁੰਦੀ ਹੈ। ਪਰੰਤੂ ਹਸਪਤਾਲ ਵਿਚ ਉਹ ਕਈ ਘੰਟੇ ਬਿਨਾਂ ਡਾਕਟਰੀ ਸਹਾਇਤਾ ਦੇ ਪਏ ਰਹਿੰਦੇ ਹਨ, ਕਿਉਂਕਿ ਹਸਪਤਾਲ ਸਰਕਾਰੀ ਸੀ, ਕਾਨੂੰਨ ਪ੍ਰਾਈਵੇਟ ਹਸਪਤਾਲਾਂ ਨਾਲੋਂ ਸਿਵਲ ਹਸਪਤਾਲ ਨੂੰ ਜ਼ਿਆਦਾ ਤਰਜੀਹ ਦਿੰਦਾ ਸੀ:

"ਤਰਕ ਇਹ ਸੀ ਕਿ ਸਰਕਾਰੀ ਮੁਲਾਜ਼ਮ ਝੂਠ ਨਹੀਂ ਬੋਲਦੇ। ਇਸੇ ਮਜ਼ਬੂਰੀ ਵੱਸ ਲੜਾਈ ਝਗੜਿਆਂ ਜਾਂ ਹਾਦਸਿਆਂ ਵਿਚ ਜਖ਼ਮੀ ਹੋਏ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਦਾਖ਼ਲ ਹੋਣਾ ਪੈਂਦਾ ਸੀ। ਸਰਕਾਰੀ ਡਾਕਟਰ, ਫੱਟੜ ਦੀਆਂ ਸੱਟਾਂ ਦਾ ਮੁਆਇਨਾ

ਕਰਦੇ ਸਨ। ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰਕੇ ਪੁਲਿਸ ਨੂੰ ਦਿੰਦੇ ਸਨ। ਪੁਲਿਸ ਉਸ ਰਿਪੋਰਟ ਦੇ ਆਧਾਰ ਤੇ ਮੁਕੱਦਮੇ ਦਾ ਮੂੰਹ ਮੱਥਾ ਘੜਦੀ ਸੀ।"[219]

ਭਾਵੇਂ ਸਿਵਲ ਹਸਪਤਾਲ ਬਿਮਾਰਾਂ ਲਈ ਬਣਾਏ ਗਏ ਪਰੰਤੂ ਪ੍ਰਾਈਵੇਟ ਹਸਪਤਾਲਾਂ ਦੇ ਬਦਲੇ ਇਥੇ ਮਰੀਜ਼ਾਂ ਦੀ ਦੇਖ-ਭਾਲ ਬਹੁਤ ਘੱਟ ਹੁੰਦੀ ਸੀ। ਇਹ ਸਿਰਫ਼ ਨਿਆਂ-ਪ੍ਰਣਾਲੀ ਦੀ ਵਰਤੋਂ ਸਮੇਂ ਹੀ ਵਰਤੇ ਜਾਂਦੇ ਸਨ। ਉਕਤ ਹਵਾਲਾ ਇਹੀ ਦੱਸਦਾ ਹੈ ਕਿਉਂਕਿ ਸਰਕਾਰੀ ਡਾਕਟਰ ਵੀ ਮੋਟੀ ਫੀਸ ਲੈ ਕੇ ਰਿਪੋਰਟਾਂ ਪੁਲਿਸ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਦਿੰਦੇ ਸਨ। ਵੇਦ ਦੀ ਗੁਆਂਢਣ ਰਾਮ ਨਾਥ ਨੂੰ ਕਹਿੰਦੀ ਹੈ :

"ਕਿਸ ਨੇ ਕੁਝ ਨਹੀਂ ਕੀਤਾ। ਇਕ ਜਮਾਦਾਰ ਜਿਹਾ ਆਇਆ ਸੀ। ਵਾਲ ਕੱਟ ਕੇ, ਖੂਨ ਪੂੰਝ ਕੇ ਪੱਟੀ ਕਰ ਗਿਆ। ਕਹਿੰਦਾ ਪਹਿਲਾਂ ਡਾਕਟਰ ਸੱਟਾਂ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫੇਰ ਇਲਾਜ ਸ਼ੁਰੂ ਹੋਊ। ਭਾਈ ਕੁਝ ਕਰੋ। ਇਥੇ ਇਹ ਮਰਜੂ ਵਿਚਾਰੀ।"[220]

ਡਾਕਟਰ ਦੇ ਆਉਣ ਦੀ ਦੇਰੀ ਅਜੋਕੇ ਸਮੇਂ ਵਿਚ ਇਨਸਾਨੀਅਤ ਦਾ ਮਰ ਜਾਣਾ ਹੈ। ਮਰੀਜ਼ ਮਰਨ ਦੇ ਨੇੜੇ ਹੈ। ਬਿਨਾਂ ਹੱਥ ਸਾਫ਼ ਕੀਤਿਆਂ ਜਮਾਂਦਾਰ ਪੱਟੀ ਕਰ ਦਿੰਦਾ ਹੈ ਪਰੰਤੂ ਡਾਕਟਰ ਦਾ ਅਜੇ ਕੁਝ ਪਤਾ ਨਹੀਂ। ਇਸ ਤਰ੍ਹਾਂ ਜਦੋਂ ਨੇਹਾ ਦੇ ਕੇਸ ਬਾਰੇ ਉਸਦੀ ਸਹੇਲੀ ਨੇ ਨਰਸ ਨੂੰ ਪੁੱਛਿਆ ਕਿ ਡਾਕਟਰ ਕਦੋਂ ਆਵੇਗਾ ਤਾਂ ਅੱਗੋਂ ਜਵਾਬ ਮਿਲਿਆ :

"ਉਹ ਕਹਿੰਦੀ ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸਨੂੰ ਕਿਸੇ ਦਾ ਡਰ ਨਹੀਂ। ਜਦੋਂ ਦਿਲ ਕੀਤਾ ਆਏਗੀ।"[221]

ਡਾਕਟਰੀ ਪੇਸ਼ੇ ਤੱਕ ਵੀ ਰਾਜਨੀਤੀ ਦੀ ਪਹੁੰਚ ਹੈ। ਕਿਸੇ ਦਾ ਡਰ ਨਹੀਂ ਆਪਣੀ ਮਰਜ਼ੀ ਨਾਲ ਡਿਊਟੀ ਤੇ ਆਵੇਗੀ। ਨਾਵਲਕਾਰ ਕਰੂਰ ਯਥਾਰਥ ਨੂੰ ਪੇਸ਼ ਕਰਦਾ ਹੈ :

"ਸੱਟਾਂ ਵੱਜੀਆਂ ਨੂੰ ਪੰਜ ਛੇ ਘੰਟੇ ਹੋ ਗਏ ਸਨ। ਮਰੀਜ਼ਾਂ ਨੂੰ ਹਾਲੇ ਤੱਕ ਡਾਕਟਰਾਂ ਨੇ ਛੂਹਿਆ ਤੱਕ ਨਹੀਂ ਸੀ। ਡਾਕਟਰਾਂ ਦੀ ਇਹ ਅਣਗਹਿਲੀ ਮਰੀਜ਼ਾਂ ਲਈ ਮੁਲਜ਼ਮਾਂ ਨਾਲੋਂ ਵੱਧ ਘਾਤਕ ਸਿੱਧ ਹੋ ਰਹੀ ਸੀ।"[222]

ਸਥਿਤੀ ਦਾ ਵਿਅੰਗ ਇਹ ਹੈ ਕਿ ਸਰਕਾਰੀ ਡਾਕਟਰਾਂ ਦੀ ਅਣਗਹਿਲੀ ਮਰੀਜ਼ਾਂ ਲਈ ਮੁਜਰਮਾਂ ਤੋਂ ਵੱਧ ਖਤਰਨਾਕ ਹੈ ਕਿਉਂਕਿ ਮਰੀਜ਼ ਕਈ ਘੰਟੇ ਬਿਨਾਂ ਡਾਕਟਰੀ ਸਹਾਇਤਾ ਦੇ ਹਸਪਤਾਲ ਵਿਚ ਪਏ ਰਹਿੰਦੇ ਹਨ।

ਇਥੋਂ ਹਸਪਤਾਲਾਂ ਤੇ ਡਾਕਟਰ ਦੀ ਨਿੱਘਰ ਚੁੱਕੀ ਹਾਲਤ ਬਿਆਨ ਹੁੰਦੀ ਹੈ ਕਿ ਇਥੇ ਮਰੀਜ਼ਾਂ ਦਾ ਇਲਾਜ ਕਰਨ ਨਾਲੋਂ ਮਰੀਜ਼ਾਂ ਦੀ ਸਾਂਭ-ਸੰਭਾਲ ਕਰਨ ਵਾਲਿਆਂ ਲਈ ਇਹ ਡਾਕਟਰ ਚਿੰਤਾ ਦਾ ਵਿਸ਼ਾ ਬਣੇ ਰਹਿੰਦੇ ਹਨ। ਜਿਸ ਤਰ੍ਹਾਂ ਰਾਮ ਨਾਥ ਦੀ ਭੈਣ ਨੀਲਮ ਵੈਂਟੀਲੇਟਰ ਤੇ ਜ਼ਿੰਦਾ ਸੀ, ਵੇਦ ਵੀ ਐਮਰਜੈਂਸੀ ਵਾਰਡ ਵਿਚ ਸੀ ਜਦਕਿ ਉਸਦਾ ਭਾਣਜਾ ਮਰ ਚੁੱਕਾ ਸੀ, ਭਾਣਜੀ ਨੇਹਾ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦੀਆਂ ਸੱਟਾਂ ਨਾਲ ਚਿਲਾ ਰਹੀ ਸੀ ਪਰੰਤੂ ਡਾਕਟਰ ਆਪਣੀ ਮਰਜ਼ੀ ਨਾਲ ਆਪਣੀ ਜ਼ੁਬਾਨ ਕਰਦੇ ਸਨ। ਡਾਕਟਰੀ ਪੇਸ਼ੇ ਦੀ ਇਹੋ ਹੀ ਹੱਦ ਨਹੀਂ ਸਗੋਂ ਦੂਸਰੇ ਪਾਸੇ ਜਦੋਂ ਪੰਕਜ ਤੇ ਨੀਰਜ ਨੂੰ ਪੁਲਿਸ ਗ੍ਰਿਫ਼ਤਾਰ

ਕਰ ਲੈਂਦੀ ਹੈ ਤਾਂ ਉਨ੍ਹਾਂ ਨੂੰ ਹਵਾਲਾਤ ਤੋਂ ਬਚਾਉਣ ਲਈ ਵੱਡੇ-ਵੱਡੇ ਵਿਧਾਇਕਾਂ ਦੇ ਫ਼ੋਨ ਆਉਣ ਲਗਦੇ ਹਨ। ਇਹ ਸਾਰੀ ਕਰਾਮਾਤ ਪੈਸੇ ਦੀ ਹੈ :

"ਸਿਹਤ ਵਿਭਾਗ ਦੇ ਡਾਇਰੈਕਟਰ ਵਲੋਂ ਸਿਵਲ ਸਰਜਨ ਨੂੰ ਫੋਨ ਆ ਚੁੱਕਾ ਸੀ। ਡਾਕਟਰੀ ਮੁਲਾਹਜੇ ਸਮੇਂ ਉਹ ਆਪਣੇ ਦਫ਼ਤਰ ਮੌਜੂਦ ਰਹੇ। ਮੁਆਇਨੇ ਬਾਅਦ ਦੋਹਾਂ ਦੋਸ਼ੀਆਂ ਨੂੰ ਕਿਸੇ ਗੰਭੀਰ ਬਿਮਾਰੀ ਦਾ ਸ਼ਿਕਾਰ ਐਲਾਨ ਕੇ ਉਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਸਿਫਾਰਸ਼ ਕੀਤੀ ਜਾਵੇ। ਖਤਰਨਾਕ ਸਥਿਤੀ ਦੱਸ ਕੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰ ਲਿਆ ਜਾਵੇ।"[223]

ਨਾਵਲਕਾਰ ਇਹ ਦਰਸਾਉਂਦਾ ਹੈ ਕਿ ਨਿਆਂ ਦੀ ਤਲਾਸ਼ ਸਿਰਫ ਤਲਾਸ਼ ਬਣ ਕੇ ਹੀ ਰਹਿ ਜਾਂਦੀ ਹੈ। ਇਸ ਵਿਗਾੜ ਦੇ ਆਲੇ-ਦੁਆਲੇ ਹੀ ਸਾਡਾ ਲੋਕਤੰਤਰ ਤੇ ਹੋਰ ਸੰਸਥਾਵਾਂ ਘੁੰਮਦੀਆਂ ਰਹਿੰਦੀਆਂ ਹਨ। ਇਨਸਾਫ਼ ਦੇਣ ਵਾਲਾ ਸਿਸਟਮ ਆਪਣੀਆਂ ਜੜ੍ਹਾਂ ਤੱਕ ਵਿਗੜਿਆ ਹੋਇਆ ਹੈ। ਕਿਉਂਕਿ ਮੁਜਰਮਾਂ ਨੂੰ ਬਚਾਉਣ ਲਈ ਸਿਹਤ ਵਿਭਾਗ ਫੋਨ ਕਰਦਾ ਹੈ ਜਦ ਕਿ ਮੁਲਜ਼ਮਾਂ ਨੂੰ ਬਚਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ।

'ਸੁਧਾਰ-ਘਰ' ਨਾਵਲ ਵਿਚ ਵੀ ਹਸਪਤਾਲ ਦੀ ਤਸਵੀਰ ਵੇਖਣ ਨੂੰ ਮਿਲਦੀ ਹੈ। ਉਥੇ ਵੀ ਬਿਮਾਰ ਕੈਦੀਆਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ ਸੀ। ਇਥੋਂ ਤੱਕ ਕਿ ਤਪਦਿਕ ਨਾਲ ਮਰਦੇ ਖੂਨ ਦੀਆਂ ਉਲਟੀਆਂ ਲੱਗੀਆਂ ਵਾਲੇ ਮਰੀਜ਼ਾਂ ਨੂੰ ਡਿਸਪਰੀਨ ਦੀ ਗੋਲੀ ਬੜੀ ਮੁਸ਼ਕਲ ਨਾਲ ਮਿਲਦੀ ਸੀ, ਕਿਉਂਕਿ :

"ਹਸਪਤਾਲ ਦਾ ਫਾਰਮਾਸਿਸਟ ਜੇਲ੍ਹ ਅੰਦਰ ਦਵਾਈਆਂ ਵੇਚਦਾ ਸੀ। ਉਹ ਜੇਲ੍ਹ ਭਲਾਈ ਬੋਰਡ ਦੇ ਮੈਂਬਰ ਸਰਦਾਰੀ ਲਾਲ ਦਾ ਭਾਣਜਾ ਸੀ। ਸਿਹਤ ਮੰਤਰੀ ਦਾ ਉਹ ਦੂਰ ਨੇੜੇ ਦਾ ਰਿਸ਼ਤੇਦਾਰ ਸੀ।...ਜੇਲ੍ਹ ਅਧਿਕਾਰੀਆਂ ਉਪਰ ਰੋਹਬ ਰਹਿੰਦਾ ਸੀ।...ਸਾਰੀ ਦਵਾਈ ਫਾਰਮਾਸਿਸਟ ਦੇ ਕਬਜ਼ੇ ਵਿਚ ਹੁੰਦੀ ਹੈ। ਉਹ ਸਰਕਾਰੀ ਦਵਾਈਆਂ ਅਸਾਨੀ ਨਾਲ ਵੇਚ ਸਕਦਾ ਸੀ...ਕੈਦੀ ਫਾਰਮਾਸਿਸਟ ਤੋਂ ਖਰੀਦ ਲੈਂਦੇ ਸਨ। ਕੈਦੀਆਂ ਨੂੰ ਬਾਹਰੋਂ ਦਵਾਈ ਮੰਗਵਾਉਣ ਲਈ ਕਈ-ਕਈ ਦਿਨ ਉਡੀਕਣਾ ਨਹੀਂ ਸੀ ਪੈਂਦਾ।"[224]

ਉਕਤ ਹਵਾਲੇ ਤੋਂ ਡਾਕਟਰੀ ਪੇਸ਼ੇ ਦੀ ਜੋ ਕਰਤੂਤ ਸਾਹਮਣੇ ਆ ਰਹੀ ਹੈ ਉਹ ਸਮਾਜ ਅਤੇ ਕੈਦੀਆਂ ਨੂੰ ਸੁਧਾਰਨ ਲਈ ਕੀ ਕਰ ਸਕਦੀ ਹੈ। ਸਮੁੱਚੇ ਵੇਰਵਿਆਂ ਰਾਹੀਂ ਜੋ ਕਰੂਰ ਯਥਾਰਥ ਦਿਖਾਈ ਦਿੰਦਾ ਹੈ ਉਹ ਸਮਾਜ ਦੇ ਸਿਸਟਮ ਨੂੰ ਸੁਧਰਨ ਦਾ ਕੋਈ ਰਾਹ ਨਹੀਂ ਦਿਖਾਉਂਦਾ ਸਗੋਂ ਵਿਗਾੜ ਵਧੇਰੇ ਨਜ਼ਰ ਆਉਂਦਾ ਹੈ। ਨਾਵਲਕਾਰ ਦੀ ਖ਼ਾਸੀਅਤ ਇਹ ਹੈ ਕਿ ਉਹ ਸਮਾਜ ਦੀਆਂ ਮੁੱਖ ਸੰਸਥਾਵਾਂ ਦਾ ਵੇਰਵਾ ਬੜਾ ਬੇਕਿਰਕ ਵਿਸ਼ਲੇਸ਼ਣ ਕਰਕੇ ਦਿੰਦਾ ਹੈ।

ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਧਾਰਮਿਕ ਸੰਸਥਾਵਾਂ ਦਾ ਰੂਪ ਵੀ ਵੱਖਰੇ ਵਰਗ ਅਤੇ ਵਿਸ਼ਾ ਦਾ ਰੂਪ ਧਾਰਨ ਕਰਦਾ ਹੈ। ਧਰਮ ਦਾ ਸਮਾਜ ਵਿਚ ਵਿਸ਼ੇਸ਼ ਸਥਾਨ ਹੈ। ਸਮਾਜ ਵਿਚ ਵਿਚਰਨ ਵਾਲੇ ਹਰ ਮਨੁੱਖ ਦਾ ਵਿਸ਼ਵਾਸ ਕਿਸੇ ਨਾ ਕਿਸੇ ਧਰਮ ਨਾਲ ਜ਼ਰੂਰ ਜੁੜਿਆ ਹੁੰਦਾ ਹੈ। ਇਸ ਕਾਰਨ ਸਾਹਿਤਕਾਰ ਉਪਰ ਉਸਦਾ ਪ੍ਰਭਾਵ ਪੈਣਾ ਸੁਭਾਵਕ ਹੈ। ਸਾਹਿਤ

ਵਿਚ ਧਰਮ ਦਾ ਪ੍ਰਭਾਵ ਸ਼ੁਰੂ ਤੋਂ ਹੀ ਪਾਇਆ ਜਾਂਦਾ ਹੈ। ਪੁਰਾਤਨ ਸਾਹਿਤ ਕਿਸੇ ਵਿਸ਼ੇਸ਼ ਧਰਮ ਦੇ ਪ੍ਰਚਾਰ ਦੇ ਉਦੇਸ਼ ਨੂੰ ਮੁੱਖ ਰੱਖਕੇ ਹੀ ਲਿਖਿਆ ਜਾਂਦਾ ਸੀ। ਇਸ ਸਾਹਿਤ ਰਾਹੀਂ ਮਨੁੱਖ ਜਾਤੀ ਨੂੰ ਕੋਈ ਨਾ ਕੋਈ ਪ੍ਰੇਰਨਾ ਜ਼ਰੂਰ ਦਿੱਤੀ ਜਾਂਦੀ ਹੈ। ਧਾਰਮਿਕ ਸਾਹਿਤ ਦੇ ਆਧਾਰ ਤੇ ਮਨੁੱਖਾਂ ਨੂੰ ਚੰਗੇ ਜੀਵਨ ਆਦਰਸ਼ਾਂ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਸਰੀਰ ਦੇ ਅਨੇਕਾਂ ਅੰਗਾਂ ਵਾਂਗ ਸਮਾਜ ਦੇ ਵੀ ਅਨੇਕਾਂ ਪੱਖ ਹਨ ਜਿਨ੍ਹਾਂ ਵਿਚ ਧਰਮ ਵੀ ਵਿਸ਼ੇਸ਼ਤਾ ਰੱਖਦਾ ਹੈ ਜਿਸਦਾ ਵਰਨਣ ਮਿੱਤਰ ਸੈਨ ਮੀਤ ਨੇ ਸਮਾਜ ਦੇ ਹੋਰ ਪੱਖਾਂ ਵਾਂਗ ਹੀ ਆਪਣੇ ਨਾਵਲਾਂ ਵਿਚ ਕੀਤਾ ਹੈ। ਕਿਉਂਕਿ ਸਮਾਜ ਵਿਚ ਧਰਮ ਵੀ ਵਧੇਰੇ ਭਰਵੀਂ ਭੂਮਿਕਾ ਨਿਭਾਉਂਦਾ ਹੈ ਤੇ ਸਾਹਿਤਕਾਰ ਸਮਾਜ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਲਿਖ ਸਕਦਾ।

ਸੰਤ ਸਿੰਘ ਸੇਖੋਂ ਅਨੁਸਾਰ, "ਸਾਹਿਤਕਾਰ ਵੀ ਸਮਾਜ ਦਾ ਅੰਗ ਹੁੰਦਾ ਹੈ। ਸਮਾਜ ਵਿਚ ਵਿਚਰਦਿਆਂ ਉਹ ਸਮਾਜਿਕ ਘਟਨਾਵਾਂ ਤੋਂ ਅਭਿੱਜ ਨਹੀਂ ਰਹਿ ਸਕਦਾ। ਸਾਹਿਤਕਾਰ ਆਪਣੇ ਅਨੁਭਵ ਤੋਂ ਵੱਖ ਹੋ ਕੇ ਨਹੀਂ ਲਿਖ ਸਕਦਾ। ਜੇ ਲਿਖੇਗਾ ਤਾਂ ਅਸਫ਼ਲ ਰਹੇਗਾ। ਉਸਦੀ ਰਚਨਾ ਵਿਚ ਅਹਿਸਾਸ ਦੀ ਅਮੀਰੀ ਅਤੇ ਗਹਿਰਾਈ ਨਹੀਂ ਆ ਸਕਦੀ।"[225]

ਉਕਤ ਟਿੱਪਣੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਜਿਥੇ ਸਮਾਜ ਨਾਲ ਜੁੜੇ ਪ੍ਰਸ਼ਾਸਨ ਦੇ ਪ੍ਰਮੁੱਖ ਅੰਗਾਂ ਦਾ ਵਿਸ਼ਲੇਸ਼ਣ ਬਹੁਤ ਹੀ ਯਥਾਰਥ ਪੂਰਨ ਢੰਗ ਨਾਲ ਗਹਿਰਾਈ ਤੋਂ ਕੀਤਾ ਹੈ ਉਥੇ ਧਾਰਮਿਕ ਸੰਸਥਾਵਾਂ ਦੇ ਅੰਦਰੂਨੀ ਪੱਖਾਂ ਨੂੰ ਵੀ ਬੜੀ ਬਾਰੀਕਬੀਨੀ ਨਾਲ ਰੂਪਮਾਨ ਕੀਤਾ ਹੈ।

ਨਾਵਲਕਾਰ ਨੇ ਆਪਣੇ ਮੁੱਢਲੇ ਨਾਵਲ 'ਕਾਫ਼ਲਾ' ਵਿਚ ਵੀ ਧਰਮ ਦੇ ਨਾਂ ਤੇ ਲੁੱਟ ਕਰਨ ਵਾਲੇ ਸਾਧੂ-ਸੰਤਾਂ ਦਾ ਜ਼ਿਕਰ ਕੀਤਾ ਹੈ। ਜਿਸ ਪਾਖੰਡ ਨੂੰ ਖਤਮ ਕਰਨ ਲਈ ਨਾਵਲਕਾਰ ਸੰਕੇਤ ਵੀ ਕਰਦਾ ਹੈ :

"ਟੋਭੇ ਉਤੇ ਆਇਆ ਸਾਧ ਅਤੇ ਉਸ ਦੁਆਲੇ ਦਿਨੋ ਦਿਨ ਵਧ ਰਿਹਾ ਇਕੱਠ ਸਭਾ ਦੇ ਨੌਜਵਾਨਾਂ ਲਈ ਸਿਰਦਰਦੀ ਦਾ ਕਾਰਨ ਬਣ ਗਿਆ। ਕਿਸੇ ਨੂੰ ਕੁਝ ਵੀ ਪਤਾ ਨਹੀਂ ਕਦੋਂ ਉਸ ਲਈ ਕੁੱਲੀ ਉਸਰੀ, ਕਦੋਂ ਧੂਣੀ ਲਈ ਖੁੰਢ ਆਏ ਤੇ ਕਿਥੋਂ ਉਸ ਲਈ ਖਾਣ ਪੀਣ ਨੂੰ ਆਇਆ। ਪਿੰਡ ਵਿਚ ਉਸ ਸਮੇਂ ਹੀ ਚਰਚੇ ਛਿੜੇ ਜਦੋਂ ਡਾਰਾਂ ਦੀਆਂ ਡਾਰਾਂ ਕੁੱਲੀ ਵੱਲ ਨੂੰ ਤੁਰ ਪਈਆਂ।"[226]

ਸੋ ਪਿੰਡ ਦੀਆਂ ਔਰਤਾਂ, ਔਲਾਦ ਦੀ ਪ੍ਰਾਪਤੀ ਲਈ, ਘਰ ਦੀ ਸੁੱਖ-ਸਾਂਦ ਲਈ ਸਾਧ ਦੀ ਕੁੱਲੀ ਵੱਲ ਤੁਰੀਆਂ ਰਹਿੰਦੀਆਂ ਹਨ। ਸਾਧੂ ਨਿਰਾ ਪਾਖੰਡੀ ਹਵਸੀ ਸੀ। ਪਰੰਤੂ ਚੌਧਰੀਆਂ ਦੇ ਸਹਿ ਤੇ ਬੈਠਾ ਸੀ :

"ਉਹ ਉਠੇ ਤੇ ਧਾ ਦੇ ਕੇ ਕੁੱਲੀ ਦਾ ਦਰਵਾਜ਼ਾ ਜਾ ਤੋੜਿਆ। ਦੀਵੇ ਦੀ ਮੱਧਮ ਰੋਸ਼ਨੀ ਤੇ ਧੂੰਏ ਨਾਲ ਭਰੀ ਕੁੱਲੀ ਵਿਚ ਉਨ੍ਹਾ ਨੂੰ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਫੇਰ ਵੀ ਔਰਤ ਦੇ ਖਿਲਰੇ ਵਾਲ ...ਸਾਧ ਵੀ ਕਿਸੇ ਨਸ਼ੇ ਵਿਚ ਮਧਹੋਸ਼ ਇਕੱਲੇ ਜਾਗੀਏ ਵਿਚ

ਬੈਠਾ ਸੀ...ਉਹੋ ਚੌਧਰੀਆਂ ਦੀ ਨੂੰਹ। ਨਿਕਲਨ ਦੇ ਜਲੂਸ ਕੰਜਰੀ ਦਾ।..."[227]

ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਧਰਮ ਦੇ ਨਾਂ ਤੇ ਪਾਖੰਡੀ ਸਾਧੂ ਸੰਤ ਔਰਤਾਂ ਦਾ ਸ਼ੋਸ਼ਣ ਕਰਦੇ ਹਨ। ਇਸ ਤਰ੍ਹਾਂ 'ਕੌਰਵ-ਸਭਾ' ਨਾਵਲ ਵਿਚ ਵੀ ਨਾਵਲਕਾਰ ਨੇ ਸ਼ਹਿਰ ਦੀ ਇਕ ਸਹਿਯੋਗੀ ਸੰਸਥਾ ਦੁਆਰਾ ਚਲਾਈ ਜਾ ਰਹੀ ਧਾਰਮਿਕ ਸੰਸਥਾ ਦਾ ਵਰਨਣ ਕੀਤਾ ਹੈ। ਨੇਹਾ ਅਤੇ ਉਸਦੀ ਸਹੇਲੀ ਪਲਵੀ ਉਸ ਸੰਸਥਾ ਦੀਆਂ ਖਾਸ ਸੰਚਾਲਕਾਂ ਹਨ। ਉਸ ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਕੀਤੀ। ਲੋਕਾ ਵਿਚ ਇਸ ਸੰਸਥਾ ਦੀ ਮੁਖੀ ਨੇ ਇਹ ਭਰਮ ਪੈਦਾ ਕੀਤਾ :

"ਮਾਤਾ ਜੀ ਨੇ ਆਪਣੀ ਕੁੰਡਲਣੀ ਦਾ ਜਾਗਰਨ ਤਾਂ ਕੀਤਾ ਸੀ ਉਨ੍ਹਾਂ ਨੇ ਹੋਰਾਂ ਦੀ ਕੁੰਡਲਣੀ ਸ਼ਕਤੀ ਦੇ ਜਾਗਰਨ ਦਾ ਵੀ ਰਾਹ ਪੱਧਰਾ ਕੀਤਾ ਸੀ। ਉਨ੍ਹਾਂ ਦਾ ਯੋਗ ਕੋਈ ਛਲ ਫਰੇਬ ਨਹੀਂ ਸੀ। ਯੋਗ ਸਾਧਨਾ ਦੌਰਾਨ ਉਂਗਲਾਂ ਅਤੇ ਹਥੇਲੀਆਂ ਵਿਚੋਂ ਠੰਡੀਆਂ ਤਰੰਗਾਂ ਨਿਕਲਦੀਆਂ ਸਨ। ਜਿਉ.ਂ-ਜਿਉਂ ਕੁੰਡਲਣੀ ਮਾਂ ਦਾ ਉਥਾਨ ਹੁੰਦਾ ਸੀ ਤਿਉਂ-ਤਿਉਂ ਤਰੰਗਾਂ ਦੀ ਠੰਡਕ ਵਧਦੀ ਜਾਂਦੀ ਸੀ।"[228]

ਸੋ ਇਸੇ ਭਰਮ ਕਾਰਨ ਉਹਨਾਂ ਨਾਲ ਜੁੜਦੇ ਗਏ ਕਿਉਂਕਿ ਪਹਿਲਾਂ ਨੌਜਵਾਨ ਕੁੜੀਆਂ ਸੰਸਥਾ ਵਿਚ ਆਉਣ ਲੱਗੀਆਂ ਫਿਰ ਉਹਨਾਂ ਦੇ ਮਾਪੇ, ਤੇ ਫਿਰ ਉਹਨਾਂ ਦੇ ਆਂਢੀ-ਗੁਆਂਢੀ, ਸੋ ਸਹਿਯੋਗੀਆਂ ਦੀ ਗਿਣਤੀ ਦਿਨੋ-ਦਿਨ ਵਧਦੀ ਗਈ, ਪਰੰਤੂ ਜਦੋਂ ਨੇਹਾ ਆਪਣੇ ਨਾਲ ਵਾਪਰੇ ਹਾਦਸੇ (ਬਲਾਤਕਾਰ) ਤੋਂ ਮਗਰੋਂ ਸੰਸਥਾ ਵਿਚ ਸਹਿਯੋਗੀਆਂ ਦੁਆਰਾ ਨੇਹਾ ਅਤੇ ਨੇਹਾ ਦੇ ਪਰਿਵਾਰ ਲਈ ਪ੍ਰਾਰਥਨਾ ਕਰਨ ਲਈ ਆਸ਼ਰਮ ਵਿਚ ਪਹੁੰਚਦੀ ਹੈ ਤਾਂ ਆਸ਼ਰਮ ਵਿਚ ਉਸਦੀ ਕੋਈ ਪੁੱਛ-ਪੜਤਾਲ ਨਹੀਂ ਹੁੰਦੀ। ਇਥੋਂ ਤੱਕ ਕਿ ਉਸਨੂੰ ਪਹਿਲੀ ਕਤਾਰ ਵਿਚ ਬੈਠਣ ਲਈ ਵੀ ਨਹੀਂ ਕਿਹਾ ਜਾਂਦਾ ਸਗੋਂ :

"ਸੰਚਾਲਕ ਨੂੰ ਤਾਂ ਨੇਹਾ ਦਾ ਸੈਂਟਰ ਆਉਣਾ ਵੀ ਬੁਰਾ ਲਗਦਾ ਸੀ...ਪਰ ਜਦੋਂ ਨੇਹਾ ਨੂੰ ਆਰਤੀ ਲਈ ਨਾ ਬੁਲਾਇਆ ਗਿਆ ਤਾਂ ਉਸਦਾ ਆਗਿਆ ਚੱਕਰ ਗੁੱਸੇ ਨਾਲ ਭੱਖ ਉਠਿਆ।"[229]

ਸੋ ਮਨੁੱਖ ਨੂੰ ਮਾਨਸਿਕ ਸ਼ਾਂਤੀ ਦੇਣ ਲਈ ਹੋਂਦ ਵਿਚ ਆਈ ਸੰਸਥਾ ਨੇਹਾ ਨੂੰ ਅਣਕੀਤੇ ਦੋਸ਼ ਦਾ ਦੋਸ਼ੀ ਹੋਣ ਦੀ ਅਨੁਭੂਤੀ ਦੀ ਤ੍ਰਾਸਦੀ ਦਾ ਬੋਧ ਕਰਵਾਉਂਦੀ ਹੈ ਕਿ ਉਹ ਅਪਵਿੱਤਰ ਹੋ ਗਈ ਹੈ। ਜਿਸ ਵਿਚ ਨੇਹਾ ਦਾ ਕੋਈ ਦੋਸ਼ ਨਹੀਂ। ਅਮਰਜੀਤ ਸਿੰਘ ਗਰੇਵਾਲ ਅਨੁਸਾਰ :

"ਨੇਹਾ ਦੇ ਬਲਾਤਕਾਰ ਪ੍ਰਤੀ ਧਾਰਮਿਕ ਬਿਰਤੀ ਵਾਲੇ ਲੋਕਾਂ ਦੇ ਦੋ ਬਿਲਕੁਲ ਹੀ ਵਿਪਰੀਤ ਪ੍ਰਤੀਕਰਮ ਪੇਸ਼ ਹੁੰਦੇ ਹਨ। ਜਿਥੇ ਪੁਰਾਤਨ ਬਿਰਤੀ ਵਾਲੇ ਲੋਕ ਬਲਾਤਕਾਰ ਤੋਂ ਬਾਅਦ ਨੇਹਾ ਨੂੰ ਅਪਵਿੱਤਰ ਹੋ ਗਿਆ ਮੰਨਦੇ ਸਨ ਅਤੇ ਉਹਨਾਂ ਨੂੰ ਨੇਹਾ ਦੇ ਕੇਂਦਰ ਆਉਣ ਉਪਰ ਵੀ ਇਤਰਾਜ਼ ਹੋਣ ਲੱਗਾ ਸੀ, ਉਥੇ ਕੇਂਦਰ ਦੇ ਪ੍ਰਧਾਨ ਸਮੇਤ ਬਹੁ-ਗਿਣਤੀ ਸਹਿਯੋਗੀਆਂ ਖ਼ਾਸ ਕਰਕੇ ਯੁਵਾ ਸ਼ਕਤੀ ਦੁਆਰਾ ਸਭ ਭੰਗ ਹੋਣ 'ਤੇ ਕੜ੍ਹਨ ਨੂੰ ਪੁਰਾਣੀ ਜਗੀਰੂ ਸੋਚ ਆਖਿਆ ਜਾ ਰਿਹਾ ਸੀ।"[230]

ਬਲਵੀਰ ਸਿੰਘ ਪੂਨੀ ਲਿਖਦੇ ਹਨ, "ਧਰਮ ਤੋਂ ਭਾਵ ਇਕ ਅਜਿਹੀ ਜੀਵਨ ਵਿਧੀ ਹੈ, ਜੋ ਜੀਵਨ ਨੂੰ ਕਿਸੇ ਉੱਚੇ ਆਦਰਸ਼ ਦੇ ਅਨੁਕੂਲ ਢਾਲਦੀ ਅਤੇ ਉਸਨੂੰ ਮਾਨਸਿਕ ਆਤਮਕ ਤ੍ਰਿਪਤੀ ਦਿੰਦੀ ਹੈ।"[231]

ਜਦੋਂ ਕਿ ਸਹਿਯੋਗੀ ਸੰਸਥਾ ਨੇਹਾ ਨੂੰ ਮਾਨਸਿਕ ਸ਼ਾਂਤੀ ਦੇਣ ਦੀ ਬਜਾਇ ਵਧੇਰੇ ਮਾਨਸਿਕ ਪੀੜਾ ਵਿਚੋਂ ਗੁਜ਼ਰਨ ਲਈ ਮਜ਼ਬੂਰ ਕਰਦੀ ਹੈ।

"ਮਨੁੱਖੀ ਮਨ ਦੀ ਇਹ ਵਿਸ਼ੇਸ਼ਤਾ ਹੈ ਕਿ ਜਿਥੇ ਵੀ ਉਸਨੂੰ ਜਿਉਣ ਲਈ ਕੁਝ ਸੰਕੇਤ ਮਿਲੇ ਝੱਟ ਆਪਣੇ ਸੰਬੰਧ ਜੋੜ ਲੈਂਦਾ ਹੈ। ਪਰ ਇਸ ਵਿਸ਼ਵਾਸ ਨੂੰ ਜ਼ਰਾ ਜਿੰਨੀ ਵੀ ਠੇਸ ਲੱਗੇ ਤਾਂ ਇਹ ਉਸ ਲਈ ਅਸਹਿ ਹੋ ਜਾਂਦਾ ਹੈ।"[232]

ਨੇਹਾ ਆਪਣੇ ਜੀਵਨ ਨੂੰ ਚੰਗੇ ਢੰਗ ਨਾਲ ਜਿਉਣ ਲਈ ਪਲਵੀ ਦੇ ਕਹਿਣ ਤੇ ਝੱਟ ਸਹਿਯੋਗੀ ਸੰਸਥਾ ਨਾਲ ਜੁੜ ਜਾਂਦੀ ਹੈ ਪਰੰਤੂ ਜਦੋਂ ਉਸਨੂੰ ਆਰਤੀ ਲਈ ਨਹੀਂ ਬੁਲਾਇਆ ਜਾਂਦਾ ਤੇ ਉਸਦਾ ਸੰਸਥਾ ਵਿਚ ਆਉਣਾ ਬੁਰਾ ਮਨਾਇਆ ਜਾਂਦਾ ਹੈ ਤਾਂ ਉਹ ਆਤਮ ਹੱਤਿਆ ਕਰਨ ਬਾਰੇ ਸੋਚਦੀ ਹੈ। ਹਰੇਕ ਮਨੁੱਖ ਦੇ ਮਨ ਵਿਚ ਧਰਮ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ਵੀ ਇਸੇ ਤੱਥ ਨੂੰ ਉਜਾਗਰ ਕਰਦੇ ਹਨ। ਭਾਵੇਂ ਨਿਆਂ-ਪ੍ਰਣਾਲੀ ਦੀ ਗੱਲ ਹੋਵੇ ਜਾਂ ਕੋਰਟ-ਕਚਹਿਰੀਆਂ, ਇਥੋਂ ਤੱਕ ਕਿ ਜੇਲ੍ਹ ਅੰਦਰ ਵੀ ਧਰਮ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। 'ਸੁਧਾਰ-ਘਰ' ਨਾਵਲ ਵਿਚ ਲੇਖਕ ਕੈਦੀਆਂ ਦੇ ਵਿਭਿੰਨ ਵਰਗਾਂ ਵਿਚੋਂ ਇਕ ਕੈਦੀ ਪਾਖੰਡੀ ਸਾਧ ਦਾ ਚਿਤਰਨ ਵੀ ਕਰਦਾ ਹੈ :

"ਇਹ ਸਾਧ ਨਹੀਂ ਪਾਖੰਡੀ ਹੈ। ਕਾਂਗੜੇ ਦੀ ਅਦਾਲਤ ਵਿਚ ਚਲਦੇ ਇਸ ਕਤਲ ਕੇਸ ਵਿਚ ਭਗੌੜਾ ਹੈ। ਰੂਪੋਸ਼ੀ ਦੇ ਦਿਨਾਂ ਵਿਚ ਤਿੰਨ ਸਾਲ ਇਹ ਇਕ ਡੇਰੇ ਵਿਚ ਲੁਕਿਆ ਰਿਹਾ। ਉਥੇ ਇਸਨੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣਾ ਸਿੱਖ ਲਿਆ... ਲੋਕਾਂ ਨੂੰ ਖੂਬ ਲੁੱਟਿਆ ਹੈ ...ਡਰਾਈਵਰ ਦੀ ਪਤਨੀ ਹੀ ਨਹੀਂ, ਇਸਨੇ ਹੋਰ ਸੇਵਾਦਾਰਨੀਆਂ ਦੀ ਇੱਜ਼ਤ ਵੀ ਖਰਾਬ ਕੀਤੀ ਹੈ...ਸਾਧ ਨੂੰ ਗੁਰਬਾਣੀ ਦੀ ਇਕ ਤੁਕ ਤੱਕ ਉਚਾਰਨੀ ਨਹੀਂ ਆਉਂਦੀ। ਗੁਰਬਾਣੀ ਦੀ ਵਿਆਖਿਆ ਕਰਨੀ ਦੂਰ ਦੀ ਗੱਲ ਹੈ।"[233]

ਸੋ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਧਰਮ ਦੇ ਦੋਨੋਂ ਪੱਖ ਹੀ ਵੇਖਣ ਨੂੰ ਮਿਲਦੇ ਹਨ। ਇਕ ਪੱਖ ਅਧੀਨ ਲੋਕ ਸੱਚੀ ਸੁੱਚੀ ਕਿਰਤ ਕਰਦੇ ਹੋਏ ਮਨ ਦੀ ਸ਼ਾਂਤੀ ਲਈ ਤੇ ਰੱਬ ਦਾ ਸ਼ੁਕਰੀਆ ਅਦਾ ਕਰਨ ਲਈ ਧਾਰਮਿਕ ਸੰਸਥਾਵਾਂ ਵਿਚ ਜਾਂਦੇ ਹਨ ਤੇ ਰੱਬ ਵਿਚ ਪੂਰਨ ਵਿਸ਼ਵਾਸ ਕਰਦੇ ਹਨ ਜਦਕਿ ਦੂਜੇ ਪੱਖ ਅਧੀਨ ਧਰਮ ਦੀ ਓਟ ਵਿਚ ਆਪਣੇ ਮਾਨਸਿਕ, ਸਰੀਰਕ ਤੇ ਆਰਥਿਕ ਮਤਲਬ ਸਿੱਧ ਕਰਦੇ ਹਨ।

## ਹਵਾਲੇ ਤੇ ਟਿੱਪਣੀਆਂ


1. ਪ੍ਰਤਿਪਾਲ ਸਿੰਘ, **ਨਾਵਲ ਦੀ ਪਰਖ**, ਪੰਨਾ 15
2. **ਉਹੀ**, ਪੰਨਾ 16
3. ਡਾ. ਟੀ.ਆਰ.ਵਿਨੋਦ, **ਸਾਹਿਤ ਆਲੋਚਨਾ ਸਿਧਾਂਤ ਤੇ ਸਿਧਾਂਤਕਾਰ**, ਪੰਨਾ 28

4. ਜੋਗਿੰਦਰ ਸਿੰਘ ਰਾਹੀ, **ਸਮਾਂ ਤੇ ਸੰਵਾਦ**, ਪੰਨਾ 210
5. ਮਿੱਤਰ ਸੈਨ ਮੀਤ, **ਅੱਗ ਦੇ ਬੀਜ**, ਪੰਨਾ 7
6. **ਉਹੀ**, ਪੰਨਾ 2
7. **ਉਹੀ**, ਪੰਨਾ 1
8. ਮਿੱਤਰ ਸੈਨ ਮੀਤ, **ਕਾਫ਼ਲਾ**, ਪੰਨਾ 38
9. **ਉਹੀ**, ਪੰਨਾ 13
10. **ਉਹੀ**, ਪੰਨਾ 2
11. **ਉਹੀ**, ਪੰਨਾ 13
12. **ਉਹੀ**, ਪੰਨਾ 94
13. **ਉਹੀ**, ਪੰਨਾ 116-117
14. **ਉਹੀ**, ਪੰਨਾ 190
15. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 29
16. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 16
17. ਜੋਗਿੰਦਰ ਸਿੰਘ ਰਾਹੀ, **ਸਮਾਂ ਤੇ ਸੰਵਾਦ**, ਪੰਨਾ 98-99
18. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 24
19. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 135
20. **ਉਹੀ**, ਪੰਨਾ 136
21. **ਉਹੀ**, ਪੰਨਾ 137
22. **ਉਹੀ**, ਪੰਨਾ 44
23. ਰੈਲਫ਼ ਫ਼ਾੱਕਸ, **ਨਾਵਲ ਅਤੇ ਲੋਕ ਜੀਵਨ**, ਪੰਨਾ 89
24. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 88
25. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 83
26. **ਉਹੀ**, ਪੰਨਾ 143
27. ਸੁਖਦੇਵ ਸਿੰਘ ਖਾਹਰਾ (ਸੰਪਾ.), **ਤਫ਼ਤੀਸ਼ ਦਾ ਵਿਸ਼ਲੇਸ਼ਣ**, ਪੰਨਾ 123
28. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 340
29. **ਉਹੀ**, ਪੰਨਾ 346
30. **ਉਹੀ**, ਪੰਨਾ 351
31. **ਉਹੀ**, ਪੰਨਾ 352
32. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 143
33. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ vii
34. **ਉਹੀ**, ਪੰਨਾ viii
35. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 152
36. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 31
37. **ਉਹੀ**, ਪੰਨਾ 22
38. **ਉਹੀ**, ਪੰਨਾ 10
39. ਸੁਖਦੇਵ ਸਿੰਘ ਖਾਹਰਾ, **ਕਟਹਿਰਾ ਦਾ ਵਿਸ਼ਲੇਸ਼ਣ**, ਪੰਨਾ 20
40. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 177
41. **ਉਹੀ**, ਪੰਨਾ 272
42. ਡਾ. ਕੁਲਵੰਤ ਸਿੰਘ, **ਮਿੱਥ ਅਧਿਐਨ ਤੇ ਵਾਰਾਂ ਗੁਰਦਾਸ**, ਪੰਨਾ 7
43. ਕਰਨੈਲ ਸਿੰਘ ਥਿੰਦ (ਡਾ.), **ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ**, ਪੰਨਾ 17

44. **Encyclopaidia of Britannica**, Vol. XII, p. 794.
45. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ**, ਪੰਨਾ 760
46. ਡਾ. ਕਰਨੈਲ ਸਿੰਘ ਥਿੰਦ, **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਕਵਿਤਾ**, ਪੰਨਾ 53
47. ਜੋਗਿੰਦਰ ਸਿੰਘ ਰਾਹੀ (ਡਾ.), **ਮਸਲੇ ਗਲਪ ਦੇ**, ਪੰਨਾ 26
48. ਉਹੀ, **ਸਮਾਂ ਤੇ ਸੰਵਾਦ**, ਪੰਨਾ 214-215
49. ਸੁਖਦੇਵ ਸਿੰਘ ਖਾਹਰਾ (ਸੰਪਾ.), **ਕੌਰਵ-ਸਭਾ : ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 9
50. **ਉਹੀ**, ਪੰਨਾ 162
51. ਜੌਨ ਡੋਸ਼ਨ, **ਹਿੰਦੂ ਮਿਥਿਹਾਸ ਕੋਸ਼**, ਪੰਨਾ 400
52. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰਨਾ 15
53. ਸੁਖਦੇਵ ਸਿੰਘ ਖਾਹਰਾ (ਸੰਪਾ.), **ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 95
54. ਸਤਿੰਦਰ ਸਿੰਘ ਨੂਰ, **ਪੰਜਾਬੀ ਗਲਪ ਚੇਤਨਾ**, ਪੰਨਾ 91
55. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 248
56. **ਉਹੀ**, ਪੰਨਾ 302
57. **ਉਹੀ**, ਪੰਨਾ 117
58. **ਉਹੀ**, ਪੰਨਾ 322
59. **ਉਹੀ**, ਪੰਨਾ 333
60. **ਉਹੀ**, ਪੰਨਾ 244
61. **ਉਹੀ**, ਪੰਨਾ 333
62. **ਉਹੀ**, ਪੰਨਾ 366
63. **ਉਹੀ**, ਪੰਨਾ 305
64. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 127
65. **ਉਹੀ**, ਪੰਨਾ 48
66. **ਉਹੀ**, ਪੰਨਾ 24
67. **ਉਹੀ**, ਪੰਨਾ 47-48
68. **ਉਹੀ**, ਪੰਨਾ 41
69. **ਉਹੀ**, ਪੰਨਾ 218
70. **ਉਹੀ**, ਪੰਨਾ 165
71. **ਉਹੀ**, ਪੰਨਾ 164
72. **ਉਹੀ**, ਪੰਨਾ 126
73. **ਉਹੀ**, ਪੰਨਾ 52
74. **ਉਹੀ**, ਪੰਨਾ 132
75. **ਉਹੀ**, ਪੰਨਾ 21
76. **ਉਹੀ**, ਪੰਨਾ 67
77. ਡਾ. ਟੀ.ਆਰ.ਵਿਨੋਦ, **ਨਾਵਲ ਆਲੋਚਨਾ ਸ਼ਬਦਾਵਲੀ ਕੋਸ਼**, ਪੰਨਾ 93
78. ਰਤਨ ਸਿੰਘ ਜੱਗੀ (ਡਾ.), **ਸਾਹਿਤ ਅਧਿਐਨ ਵਿਧੀਆਂ**, ਪੰਨਾ 249
79. ਨਰਵਿੰਦਰ ਸਿੰਘ ਕੌਸ਼ਲ, **ਗਲਪ ਸੰਵਾਦ**, ਪੰਨਾ 36
80. ਮਨਜੀਤ ਕੌਰ, **ਥੀਮ ਵਿਗਿਆਨ ਤੇ ਨਾਨਕ ਸਿੰਘ ਦੇ ਨਾਵਲ**, ਪੰਨਾ 7
81. ਰਤਨ ਸਿੰਘ ਜੱਗੀ, **ਸਾਹਿਤ ਅਧਿਐਨ ਵਿਧੀਆਂ**, ਪੰਨਾ 250
82. ਨਰਵਿੰਦਰ ਸਿੰਘ ਕੌਸ਼ਲ, **ਗਲਪ ਸੰਵਾਦ**, ਪੰਨਾ 37
83. ਰਤਨ ਸਿੰਘ ਜੱਗੀ, **ਸਾਹਿਤ ਕੋਸ਼**, ਪੰਨਾ 479

84. **Encyclopaidia of Britannica**, 11th Edition, p. 978.
85. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 12
86. **ਉਹੀ**, ਪੰਨਾ 14
87. ਰਾਗ ਮਹਲਾ 1, **ਆਦਿ ਗ੍ਰੰਥ**, ਪੰਨਾ 1288
88. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 21
89. **ਉਹੀ**, ਪੰਨਾ 25
90. **ਉਹੀ**, ਪੰਨਾ 30
91. **ਉਹੀ**, ਪੰਨਾ 96
92. **ਉਹੀ**, ਪੰਨਾ 125
93. **ਉਹੀ**, ਪੰਨਾ 158
94. **ਉਹੀ**, ਪੰਨਾ 137
95. **ਉਹੀ**, ਪੰਨਾ 325
96. **ਉਹੀ**, ਪੰਨਾ 330
97. **ਉਹੀ**, ਪੰਨਾ 320-321
98. **ਉਹੀ**, ਪੰਨਾ 277
99. ਸੁਖਦੇਵ ਸਿੰਘ ਖਾਹਰਾ (ਸੰਪਾ.), **ਤਫ਼ਤੀਸ਼ ਦਾ ਵਿਸ਼ਲੇਸ਼ਣ**, ਪੰਨਾ 38-39
100. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 203
101. **ਉਹੀ**, ਪੰਨਾ 231
102. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 178
103. ਉਹੀ, **ਸੁਧਾਰ-ਘਰ**, ਪੰਨਾ 218
104. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 88
105. ਸੁਖਦੇਵ ਸਿੰਘ ਖਾਹਰਾ, **ਤਫ਼ਤੀਸ਼ ਦਾ ਵਿਸ਼ਲੇਸ਼ਣ**, ਪੰਨਾ 90
106. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 9
107. **ਉਹੀ**, ਪੰਨਾ 9
108. **ਉਹੀ**, ਪੰਨਾ 265
109. **ਉਹੀ**, ਪੰਨਾ 266
110. **ਉਹੀ**, ਪੰਨਾ 76
111. **ਉਹੀ**, ਪੰਨਾ 81
112. **ਉਹੀ**, ਪੰਨਾ 77
113. ਸੁਖਦੇਵ ਸਿੰਘ ਖਾਹਰਾ, **ਤਫ਼ਤੀਸ਼ ਦਾ ਵਿਸ਼ਲੇਸ਼ਣ**, ਪੰਨਾ 104
114. **ਉਹੀ**, ਪੰਨਾ 113
115. ਡਾ. ਅਤਰ ਸਿੰਘ, **ਦ੍ਰਿਸ਼ਟੀਕੋਣ**, ਪੰਨਾ 70
116. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 72
117. **ਉਹੀ**, ਪੰਨਾ 72
118. **ਉਹੀ**, ਪੰਨਾ 70-71
119. **ਉਹੀ**, ਪੰਨਾ 71
120. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 156
121. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 96
122. **ਉਹੀ**, ਪੰਨਾ 94
123. **ਉਹੀ**, ਪੰਨਾ 62

124. **ਉਹੀ**, ਪੰਨਾ 30
125. **ਉਹੀ**, ਪੰਨਾ 119
126. ਸੁਖਦੇਵ ਸਿੰਘ ਖਾਹਰਾ (ਸੰਪਾ.) **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 181
127. ਸੁਖਦੇਵ ਸਿੰਘ ਖਾਹਰਾ, **ਕੌਰਵ ਸਭਾ : ਆਲੋਚਨਾਤਕ ਵਿਸ਼ਲੇਸ਼ਨ**, ਪੰਨਾ 37
128. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 66
129. **ਉਹੀ**, ਪੰਨਾ 70
130. **ਉਹੀ**, ਪੰਨਾ 73, 74
131. **ਉਹੀ**, ਪੰਨਾ 173
132. **ਉਹੀ**, ਪੰਨਾ 178
133. **ਉਹੀ**, ਪੰਨਾ 205
134. ਸੁਖਦੇਵ ਸਿੰਘ ਖਾਹਰਾ, **ਕੌਰਵ ਸਭਾ ਦਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 31
135. ਜਗਬੀਰ ਸਿੰਘ, **ਸਮਕਾਲੀ ਪੰਜਾਬੀ ਬਿਰਤਾਂਤ**, ਪੰਨਾ 69
136. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 160
137. **ਉਹੀ**, ਪੰਨਾ 24
138. ਸੁਰਜੀਤ ਗਿੱਲ, **ਮਾਰਕਸਵਾਦ ਤੇ ਪੰਜਾਬੀ ਨਾਵਲ**, ਪੰਨਾ 181
139. ਪ੍ਰੋ. ਪ੍ਰਿਤਪਾਲ, **ਨਾਵਲ ਦੀ ਪਰਖ**, ਪੰਨਾ 11
140. ਡਾ. ਟੀ.ਆਰ.ਵਿਨੋਦ, **ਸਾਹਿਤ ਤੇ ਚਿੰਤਨ**, ਪੰਨਾ 121
141. ਮਿੱਤਰ ਸੈਨ ਮੀਤ, **ਅੱਗ ਦੇ ਬੀਜ**, ਪੰਨਾ 27
142. **ਉਹੀ**, ਪੰਨਾ 23
143. **ਉਹੀ**, ਪੰਨਾ 9
144. **ਉਹੀ**, ਪੰਨਾ 40
145. **ਉਹੀ**, ਪੰਨਾ 13
146. **ਉਹੀ**, ਪੰਨਾ 7
147. **ਉਹੀ**, ਪੰਨਾ 56-57
148. ਸੁਖਦੇਵ ਸਿੰਘ ਖਾਹਰਾ, **ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ**, ਪੰਨਾ 79
149. ਮਿੱਤਰ ਸੈਨ ਮੀਤ, **ਕਾਫ਼ਲਾ**, ਪੰਨਾ 38
150. **ਉਹੀ**, ਪੰਨਾ 13
151. **ਉਹੀ**, ਪੰਨਾ 29
152. **ਉਹੀ**, ਪੰਨਾ 96
153. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 11
154. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 14
155. **ਉਹੀ**, ਪੰਨਾ 83
156. ਸੁਖਦੇਵ ਸਿੰਘ ਖਾਹਰਾ, **ਤਫ਼ਤੀਸ਼ ਦੇ ਵਿਸ਼ਲੇਸ਼ਨ**, ਪੰਨਾ 124
157. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 144
158. **ਉਹੀ**, ਪੰਨਾ 159
159. **ਉਹੀ**, ਪੰਨਾ 147
160. **ਉਹੀ**, ਪੰਨਾ 151
161. **ਉਹੀ**, ਪੰਨਾ 151
162. **ਉਹੀ**, ਪੰਨਾ 171
163. **ਉਹੀ**, ਪੰਨਾ 291, 292

164. **ਉਹੀ**, ਪੰਨਾ 293
165. **ਉਹੀ**, ਪੰਨਾ 293
166. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 143
167. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 10
168. **ਉਹੀ**, ਪੰਨਾ 35
169. **ਉਹੀ**, ਪੰਨਾ 76
170. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 151
171. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 10
172. **ਉਹੀ**, ਪੰਨਾ 14
173. **ਉਹੀ**, ਪੰਨਾ 15
174. **ਉਹੀ**, ਪੰਨਾ 23
175. **ਉਹੀ**, ਪੰਨਾ 105
176. ਸੁਖਦੇਵ ਸਿੰਘ ਖਾਹਰਾ, **ਕੌਰਵ-ਸਭਾ : ਆਲੋਚਨਾਤਮਕ ਅਧਿਐਨ**, ਪੰਨਾ 102
177. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 47-48
178. **ਉਹੀ**, ਪੰਨਾ 41
179. **ਉਹੀ**, ਪੰਨਾ 164
180. **ਨਜ਼ਰੀਆ 20**, ਪੰਨਾ 134
181. ਡਾ. ਟੀ.ਆਰ. ਵਿਨੋਦ, **ਸਾਹਿਤ ਆਲੋਚਨਾ : ਸਿਧਾਂਤ ਤੇ ਸਿਧਾਂਤਕਾਰ**, ਪੰਨਾ 28
182. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 126
183. **ਉਹੀ**, ਪੰਨਾ 34
184. ਜੋਗਿੰਦਰ ਸਿੰਘ ਰਾਹੀ, **ਮਸਲੇ ਗਲਪ ਦੇ**, ਪੰਨਾ 15-16
185. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 21
186. **ਉਹੀ**, ਪੰਨਾ 67
187. **ਉਹੀ**, ਪੰਨਾ 240-241
188. **ਨਜ਼ਰੀਆ 20**, ਪੰਨਾ 142
189. ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ ਦੇ ਪਛਾਣ-ਚਿੰਨ੍ਹ**, ਪੰਨਾ 66
190. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 57-58
191. **ਉਹੀ**, ਪੰਨਾ 73
192. **ਉਹੀ**, ਪੰਨਾ 82
193. **ਉਹੀ**, ਪੰਨਾ 96-99
194. **ਉਹੀ**, ਪੰਨਾ 155
195. **ਉਹੀ**, ਪੰਨਾ 163
196. **ਉਹੀ**, ਪੰਨਾ 172
197. **ਉਹੀ**, ਪੰਨਾ 178
198. **ਉਹੀ**, ਪੰਨਾ 216
199. ਮਿੱਤਰ ਸੈਨ ਮੀਤ, **ਕਟਹਿਰਾ**, ਪੰਨਾ 50
200. **ਉਹੀ**, ਪੰਨਾ 78
201. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 166-167
202. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 31
203. **ਉਹੀ**, ਪੰਨਾ 74

204. **ਉਹੀ**, ਪੰਨਾ 86
205. **ਉਹੀ**, ਪੰਨਾ 100
206. **ਉਹੀ**, ਪੰਨਾ 102
207. **ਉਹੀ**, ਪੰਨਾ 119
208. **ਉਹੀ**, ਪੰਨਾ 205
209. **ਉਹੀ**, ਪੰਨਾ 211
210. ਸੁਖਦੇਵ ਸਿੰਘ ਖਾਹਰਾ (ਸੰਪਾ.), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 112
211. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 53
212. **ਉਹੀ**, ਪੰਨਾ 54
213. **ਉਹੀ**, ਪੰਨਾ 56
214. **ਉਹੀ**, ਪੰਨਾ 57
215. **ਉਹੀ**, ਪੰਨਾ 58
216. ਸੁਖਦੇਵ ਸਿੰਘ ਖਾਹਰਾ, **ਕੌਰਵ-ਸਭਾ ਦਾ ਆਲੋਚਨਾਤਮਕ ਵਿਸ਼ਲੇਸ਼ਨ**, ਪੰਨਾ 182-183
217. ਡਾ. ਰਘਬੀਰ ਸਿੰਘ, **ਯਥਾਰਥੀ**, ਪੰਨਾ 21
218. ਮਿੱਤਰ ਸੈਨ ਮੀਤ, **ਤਫ਼ਤੀਸ਼**, ਪੰਨਾ 217
219. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 26
220. **ਉਹੀ**, ਪੰਨਾ 28
221. **ਉਹੀ**, ਪੰਨਾ 30
222. **ਉਹੀ**, ਪੰਨਾ 31
223. **ਉਹੀ**, ਪੰਨਾ 190
224. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 52
225. ਸੰਤ ਸਿੰਘ ਸੇਖੋਂ, **ਸਾਹਿਤਾਰਥ**, ਪੰਨਾ 21
226. ਮਿੱਤਰ ਸੈਨ ਮੀਤ, **ਕਾਫ਼ਲਾ**, ਪੰਨਾ 162
227. **ਉਹੀ**, ਪੰਨਾ 164
228. ਮਿੱਤਰ ਸੈਨ ਮੀਤ, **ਕੌਰਵ-ਸਭਾ**, ਪੰਨਾ 110
229. **ਉਹੀ**, ਪੰਨਾ 116
230. ਅਮਰਜੀਤ ਸਿੰਘ ਗਰੇਵਾਲ, **ਪ੍ਰਸੰਗ : ਕੌਰਵ ਸਭਾ**, ਪੰਨਾ 93
231. ਬਲਵੀਰ ਸਿੰਘ ਪੂਨੀ, **ਲੋਕਧਾਰਾ**, ਪੰਨਾ 119
232. ਸੁਭਾਗ ਸੋਹੀ, **ਪੰਜਾਬੀ ਨਾਵਲ ਵਿਚ ਯਥਾਰਥ ਚਿਤਰਣ**, ਪੰਨਾ 43
233. ਮਿੱਤਰ ਸੈਨ ਮੀਤ, **ਸੁਧਾਰ-ਘਰ**, ਪੰਨਾ 82

# ਪੁਸਤਕ-ਸੂਚੀ


**ਪੰਜਾਬੀ ਪੁਸਤਕਾਂ :**

ਅਮਰਜੋਤ ਸੇਖੋਂ, ਪੰਜਾਬੀ ਨਾਵਲ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1972

ਅਜੀਤ ਸਿੰਘ ਪੰਛੀ, ਪੰਜਾਬੀ ਗਲਪ ਵਿਚ ਯਥਾਰਥਵਾਦ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1977

ਅਤਰ ਸਿੰਘ (ਡਾ.), ਦ੍ਰਿਸ਼ਟੀਕੋਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

ਉਹੀ, ਸਾਹਿਤ ਸੰਵੇਦਨਾ, ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਅਨੂਪ ਸਿੰਘ, ਸਮਕਾਲੀਨ ਯਥਾਰਥ ਤੇ ਪੰਜਾਬੀ ਨਾਵਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989

ਅਮਰਜੀਤ ਗਰੇਵਾਲ, ਪ੍ਰਸੰਗ ਕੌਰਵ ਸਭਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006

ਅਮਰ ਤਰਸੇਮ, ਪੰਜਾਬੀ ਨਾਵਲ ਸ਼੍ਰੇਣੀ : ਸ਼ਾਸਤਰੀ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2006

ਐੱਮ. ਖਰਾਪਚੈਂਕੋ, ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ ਦਾ ਵਿਕਾਸ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਮਿਤੀਹੀਣ

ਇੰਦਰਪ੍ਰੀਤ ਕੌਰ, ਪੰਜਾਬੀ ਨਾਵਲ ਦਾ ਵਿਚਾਰਧਾਰਾਈ ਅਧਿਐਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਜਲੰਧਰ, 2003

ਸਰਬਜੀਤ ਸਿੰਘ (ਡਾ.), ਪੰਜਾਬੀ ਆਲੋਚਨਾ – ਵਿਚਾਰਧਾਰਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 1999

ਸਵਰਨ ਸਿੰਘ ਚੰਦਨ (ਡਾ.), ਸਾਹਿਤ ਸਮਾਜ ਤੇ ਰਾਜਨੀਤੀ, ਨੈਸ਼ਨਲ ਬੁੱਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ, 1994

ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1982

ਸੁਖਦੇਵ ਸਿੰਘ ਖਾਹਰਾ (ਸੰਪਾ.), ਪੰਜਾਬੀ ਨਾਵਲ ਵਿਚ ਸੰਸਕ੍ਰਿਤਕ ਚੇਤਨਾ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988

ਉਹੀ, ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2003

ਉਹੀ, ਨਾਵਲਕਾਰ ਮਿੱਤਰ ਸੈਨ ਮੀਤ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005

ਸੁਖਵਿੰਦਰ ਸਿੰਘ ਰੰਧਾਵਾ (ਸੰਪਾ.), ਗਲਪ ਚਿੰਤਨ, ਸੁੰਦਰ ਬੁੱਕ ਡਿਪੂ, ਜਲੰਧਰ, 2000

ਸੁਤਿੰਦਰ ਸਿੰਘ ਨੂਰ (ਡਾ.), ਸਾਹਿਤ ਸਿਧਾਂਤ ਤੇ ਵਿਹਾਰ, ਆਰਸੀ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ, 1997

ਉਹੀ, ਵਿਚਾਰਧਾਰਾ ਸਾਹਿਤ ਸਭਿਆਚਾਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਚੰਡੀਗੜ੍ਹ, 2005
ਸੁਭਾਗ ਸੋਹੀ, ਪੰਜਾਬੀ ਨਾਵਲ ਵਿਚ ਯਥਾਰਥ-ਚਿਤ੍ਰਣ, ਦੀ ਪੰਜਾਬੀ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1983
ਸੁਰਜੀਤ ਸਿੰਘ ਗਿੱਲ, ਮਾਰਕਸਵਾਦ ਤੇ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988
ਸੁਰਜੀਤ ਸਿੰਘ ਬਰਾੜ (ਡਾ.), ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005
ਸੁਰਿੰਦਰ ਸਿੰਘ ਕੋਹਲੀ, ਸਵਿੰਦਰ ਸਿੰਘ ਉੱਪਲ (ਸੰਪਾ.), ਪੰਜਾਬੀ ਸਾਹਿਤ ਬਾਰੇ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1957
ਸੁਰਿੰਦਰ ਸਿੰਘ ਦੁਸਾਂਝ (ਡਾ.), ਪੰਜਾਬੀ ਇਤਿਹਾਸਕ ਨਾਵਲ, ਸਿਰਜਣਾ ਪ੍ਰੈਸ, ਲੁਧਿਆਣਾ, 1969
ਸੁਰਿੰਦਰ ਕੁਮਾਰ ਦਵੇਸ਼ਵਰ, ਪ੍ਰਗਤੀਵਾਦ ਇਤਿਹਾਸਕ ਤੇ ਸਿਧਾਂਤਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਸਰਹੰਦ, 1990
——, ਪੰਜਾਬੀ ਗਲਪ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997
——, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002
——, ਸਮਾਜ ਸੱਤਾ ਤੇ ਸਮਕਾਲੀ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
ਸੰਤ ਸਿੰਘ ਸੇਖੋਂ, ਨਾਵਲ ਤੇ ਪਲਾਟ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979
ਸ਼ਰਨ ਮੱਕੜ, ਚਿੰਤਨ ਤੇ ਅਵਚੇਤਨ, ਸ਼ਿਲਾਲੇਖ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ, 1998
ਹਰਦਰਸ਼ਨ ਸਿੰਘ, ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1991
ਹਰਿੰਦਰ ਸਿੰਘ ਮਹਿਬੂਬ, ਝਨਾਂ ਦੀ ਰਾਤ, ਸਵੈਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, ਜਲੰਧਰ, 1990
ਹਰਿਭਜਨ ਸਿੰਘ (ਡਾ.), ਮੁੱਲ ਤੇ ਮੁਲਾਂਕਣ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972
——, ਸਾਹਿਤ ਤੇ ਸਿਧਾਂਤ, ਸੀਮਾ ਪ੍ਰਕਾਸ਼ਨ,ਜਲੰਧਰ, 1973
ਹਰਿਭਜਨ ਸਿੰਘ ਭਾਟੀਆ (ਡਾ.), ਪੰਜਾਬੀ ਗਲਪ ਸੰਵਾਦ ਤੇ ਸਮੀਖਿਆ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2002
——, ਕੌਰਵ ਸਭਾ ਦੀਆਂ ਪਰਤਾਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2003
——, ਸਾਹਿਤ ਅਧਿਐਨ ਵਿਧੀਆਂ ਵਰਤਮਾਨ ਪਰਿਪੇਖ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006
ਕਰਤਾਰ ਸਿੰਘ ਸੂਰੀ (ਡਾ.), ਨਾਵਲ ਦੀ ਰੂਪ ਰੇਖਾ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1962
ਕਰਨੈਲ ਸਿੰਘ ਥਿੰਦ (ਡਾ.), ਪੰਜਾਬੀ ਨਾਵਲ ਸਰਵੇਖਣ ਤੇ ਮੁਲਾਂਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974
——, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1976
——, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978
ਕਿਰਪਾਲ ਸਿੰਘ ਕਸੇਲ (ਪ੍ਰੋ.) ਅਤੇ ਪਰਮਿੰਦਰ ਸਿੰਘ (ਡਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976

ਕਿਸ਼ਨ ਸਿੰਘ (ਪ੍ਰੋ.), ਯਥਾਰਥਵਾਦ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ, ਮਿਤੀਹੀਣ
——, ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974
ਕੇਸਰ ਸਿੰਘ ਕੇਸਰ, ਸਾਹਿਤ ਖੋਜ ਅਤੇ ਸਾਹਿਤ ਆਲੋਚਨਾ, ਆਧਾਰ ਪਬਲੀਕੇਸ਼ਨਜ਼, ਪਟਿਆਲਾ, ਤੀਜੀ ਵਾਰ, 2002
ਕੁਲਬੀਰ ਸਿੰਘ ਕਾਂਗ (ਡਾ.), ਆਧੁਨਿਕ ਸਾਹਿਤ ਸਿਧਾਂਤ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980
——, ਪੰਜਾਬੀ ਨਾਵਲ ਤੇ ਨਾਵਲਕਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005
ਗੁਰਚਰਨ ਸਿੰਘ (ਡਾ.), ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1954
ਗੁਰਚਰਨ ਸਿੰਘ ਅਰਸ਼ੀ (ਡਾ.), ਸਾਹਿਤ ਸਮੀਖਿਆ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1969
——, ਸਮੀਖਿਆ ਦ੍ਰਿਸ਼ਟੀਆਂ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1984
——, ਪਿਛਲੇ ਦਹਾਕੇ ਦਾ ਪੰਜਾਬੀ ਸਾਹਿਤ, ਪੰਜਾਬੀ ਅਕਾਦਮੀ, ਕਸ਼ਮੀਰੀ ਗੇਟ, ਦਿੱਲੀ, 1987
——, ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ, ਪੰਜਾਬੀ ਅਕਾਦਮੀ, ਨਵੀਂ ਦਿੱਲੀ, 1989
ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਤੇ ਸਿਰਜਣ ਪਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
——, ਪੰਜਾਬੀ ਨਾਵਲ ਵਿਚ ਦ੍ਰਿਸ਼ਟੀ ਬਿੰਦੂ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999
ਗੁਰਦੇਵ ਸਿੰਘ ਚੰਦੀ, ਗਲਪ ਪ੍ਰਵਚਨ, ਰਿਸ਼ਮ ਪ੍ਰਕਾਸ਼ਨ,ਪਟਿਆਲਾ, 2001
ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005
ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ: ਮੁੱਢਲੀ ਜਾਣ-ਪਛਾਣ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, ਪਹਿਲਾ ਸੰਸਕਰਣ, 1989
——, ਨਾਵਲ ਦੀ ਸੰਰਚਨਾ (ਅਨੁਵਾਦ), ਨੈਸ਼ਨਲ ਬੁੱਕ ਸ਼ਾਪ, ਦਿੱਲੀ, 1992
——, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1996
ਗੋਪਾਲ ਸਿੰਘ (ਡਾ.), ਸਾਹਿਤ ਦੀ ਪਰਖ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, ਤੀਜੀ ਵਾਰ, 1989
ਜਸਪਾਲ ਕੌਰ ਕਾਂਗ, ਗਲਪ ਚੇਤਨਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1980
——, ਪੰਜਾਬੀ ਨਾਵਲ ਦਾ ਗਲਪ ਸ਼ਾਸਤਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1995
ਜਸਪਾਲ ਕੌਰ ਕਾਂਗ (ਡਾ.) ਅਤੇ ਡਾ. ਅਮਰਜੀਤ ਸਿੰਘ ਕਾਂਗ, ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ, ਨਾਨਕ ਸਿੰਘ ਪੁਸਤਕਮਾਲਾ, ਪਹਿਲੀ ਵਾਰ, 2005
ਜਸਵਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
ਜਗਦੀਸ਼ ਕੌਰ, ਪੰਜਾਬੀ ਨਾਵਲ ਵਿਚ ਰਾਜਨੀਤਿਕ ਅੰਸ਼, ਅਮਰਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980
ਜਗਬੀਰ ਸਿੰਘ (ਡਾ.), ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ, ਆਰਸੀ ਪਬਲਿਸ਼ਰਜ਼, ਦਿੱਲੀ, 1992
——, ਪੰਜਾਬੀ ਗਲਪ ਸੰਸਾਰ, ਵੈਲਵਿਸ਼ ਪਬਲਿਸ਼ਰਜ਼, ਪੀ.ਪੀ.5, ਮੌਰੀਆ ਐਨਕਲੇਵ, ਦਿੱਲੀ, 1999

ਜੋਗਿੰਦਰ ਸਿੰਘ ਨਹਿਰੂ, ਪ੍ਰਗਤੀਵਾਦੀ ਅਤੇ ਪੰਜਾਬੀ ਨਾਵਲ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986
——, ਬਿਰਤਾਂਤਕ ਗਲਪ – ਆਧੁਨਿਕ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003
ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992
——, ਸਮਾਂ ਤੇ ਸੰਵਾਦ, ਨਾਨਕ ਸਿੰਘ ਪੁਸਤਕਮਾਲਾ, 1997
——, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਮਾਲਾ, 1999
ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਬੁੱਕ ਪਾਵਰ, ਚੰਡੀਗੜ੍ਹ, ਪਹਿਲੀ ਵਾਰ, 2007
ਟੀ.ਆਰ.ਵਿਨੋਦ (ਡਾ.), ਸਾਹਿਤ ਚਿੰਤਨ, ਮਦਾਨ ਪਬਲਿਸ਼ਰਜ਼, ਪਟਿਆਲਾ, 1976
——, ਪੰਜ ਨਾਵਲ ਇਕ ਮੁਲੰਕਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1982
——, ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990
——, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991
——, ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 1999
——, ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004
——, ਪੰਜਾਬੀ ਨਾਵਲ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ
——, ਸਾਹਿਤ ਸਿਧਾਂਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ
ਤਰਸੇਮ, ਰੂ-ਬ-ਰੂ, ਟਵੰਟੀ ਫਸਟ ਸੈਂਚਰੀ ਪਬਲੀਕੇਸ਼ਨਜ਼, ਪਟਿਆਲਾ, 2004
ਧਨਵੰਤ ਕੌਰ (ਡਾ.), ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989
——, ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, 1994
——, ਪੰਜਾਬੀ ਨਾਵਲਕਾਰ ਸੰਦਰਭ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973
——, ਪੰਜਾਬੀ ਨਾਵਲ ਦਾ ਮੁਹਾਂਦਰਾ, ਆਰਸੀ ਪਬਲਿਸ਼ਰਜ਼, ਦਿੱਲੀ, 1995
ਪਵਨ ਗੁਲਾਟੀ, ਆਧੁਨਿਕਤਾ ਅਤੇ ਪੰਜਾਬੀ ਨਾਵਲ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006
ਪਿਆਰ ਸਿੰਘ (ਡਾ.), ਖੋਜ : ਸਿਧਾਂਤ ਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977
ਪ੍ਰਿਤਪਾਲ ਸਿੰਘ, ਨਾਵਲ ਦੀ ਪਰਖ, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1957
ਬਲਵੀਰ ਸਿੰਘ ਪੂਨੀ, ਲੋਕਧਾਰਾ, ਐਸਕਾਰਟ ਪ੍ਰੈੱਸ, ਅੰਮ੍ਰਿਤਸਰ, 1993
ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਬਿਰਤਾਂਤਕ ਪ੍ਰਵਚਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
——, ਪੰਜਾਬੀ ਨਾਵਲੀ ਦ੍ਰਿਸ਼ਟੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007
ਬਲਵਿੰਦਰ ਕੌਰ, ਪੰਜਾਬੀ ਨਾਵਲ ਦਾ ਸਮਾਜ ਸ਼ਾਸਤਰੀ ਅਧਿਐਨ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000

ਬਿਕਰਮ ਸਿੰਘ ਘੁੰਮਣ, ਪੰਜਾਬੀ ਗਲਪ ਸਮੀਖਿਆ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1999
ਭੀਮ ਇੰਦਰ ਸਿੰਘ, ਸਮਾਜ, ਸਿਆਸਤ ਅਤੇ ਸਾਹਿਤ, ਲਿਟਰੇਚਰ ਹਾਊਸ, ਅੰਮ੍ਰਿਤਸਰ, 2000
——, ਸਮਕਾਲੀ ਮਾਰਕਸੀ ਚਿੰਤਨ, ਕੁਕਨੂਸ ਪ੍ਰਕਾਸ਼ਨ, ਜਲੰਧਰ, ਭਾਗ ਦੂਜਾ ਸੰਸਮਰਣ, 2004
ਮਨਜੀਤ ਸਿੰਘ, ਮਿੱਥ-ਵਿਗਿਆਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1986
ਮਹਿਲ ਸਿੰਘ, ਮੁੱਢਲਾ ਪੰਜਾਬੀ ਨਾਵਲ, ਪੰਕਜ ਪ੍ਰਕਾਸ਼ਨ, ਅੰਮ੍ਰਿਤਸਰ, 1988
ਮਿੱਤਰ ਸੈਨ ਮੀਤ, ਅੱਗ ਦੇ ਬੀਜ, ਸਾਹਿਤ ਕੇਂਦਰ, ਅੰਮ੍ਰਿਤਸਰ, 1974
——, ਕਾਫ਼ਲਾ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1986
——, ਤਫ਼ਤੀਸ਼, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1992
——, ਕਟਹਿਰਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993
——, ਕੌਰਵ-ਸਭਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003
——, ਸੁਧਾਰ-ਘਰ, ਏਜੇਂਲ ਪ੍ਰਕਾਸ਼ਨ, ਲੁਧਿਆਣਾ, 2006
ਮੈਕਸਿਮ ਗੋਰਕੀ, ਜੀਵਨ ਤੇ ਸਾਹਿਤ, (ਅਨੁ. ਗੁਲਜ਼ਾਰ ਸਿੰਘ ਸੰਧੂ), ਨਵਯੁਗ ਪ੍ਰੈੱਸ, ਦਿੱਲੀ, 1964
ਰਜਨੀਸ਼ ਬਹਾਦਰ ਸਿੰਘ, ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999
ਰਵਿੰਦਰ ਸਿੰਘ ਰਵੀ, ਪ੍ਰਗਤੀਵਾਦ ਤੇ ਪੰਜਾਬੀ ਸਾਹਿਤ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1988
ਲੈਨਿਨ, ਸਮਾਜਵਾਦੀ ਵਿਚਾਰਧਾਰਾ ਅਤੇ ਸਭਿਆਚਾਰ ਬਾਰੇ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1985

**ਹਿੰਦੀ ਪੁਸਤਕਾਂ :**

ਆਇਨ ਵਾਟ, ਉਪਨਿਆਸ ਕਾ ਉਦੈ, (ਅਨੁ. ਡਾ. ਧਰਮਪਾਲ ਸਰੀਨ) ਹਰਿਆਣਾ ਸਾਹਿਤ ਅਕਾਦਮੀ, ਚੰਡੀਗੜ੍ਹ, 1974
ਅੰਮ੍ਰਿਤ ਰਾਏ, ਵਿਚਾਰਧਾਰਾ ਔਰ ਸਾਹਿਤਯ, ਹੰਸ ਪ੍ਰਕਾਸ਼ਨ, ਇਲਾਹਾਬਾਦ, 1984
ਕੇਸ਼ਵ ਦਾਸ ਸ਼ਰਮਾ (ਡਾ.), ਆਧੁਨਿਕ ਹਿੰਦੀ ਉਪਨਿਆਸ ਔਰ ਵਰਗ ਸੰਘਰਸ਼,ਰਾਧਾ ਪਬਲੀਕੇਸ਼ਨਜ਼,ਨਵੀਂ ਦਿੱਲੀ,1981
ਪੀਤਾਂਬਰ ਸਰੋਦੇ (ਡਾ.), ਆਧੁਨਿਕ ਹਿੰਦੀ ਉਪਨਿਆਸ ਮੇਂ ਰਾਜਨੈਤਿਕ ਐਵਮ ਆਰਥਿਕ ਚੇਤਨਾ, ਅਤੁਲ ਪ੍ਰਕਾਸ਼ਨ, ਬ੍ਰਹਮ ਨਗਰ, ਕਾਨਪੁਰ, 1987
ਮਿਸ਼ਰ, ਸ਼ਿਵ ਕੁਮਾਰ, ਦਰਸ਼ਨ, ਸਾਹਿਤਯ ਔਰ ਸਮਾਜ, ਵਾਣੀ ਪ੍ਰਕਾਸ਼ਨ, ਨਵੀਂ ਦਿੱਲੀ, 2000
ਰਜਨੀਕਾਂਤ ਐੱਸ ਸ਼ਾਹ (ਡਾ.), ਹਿੰਦੀ ਉਪਨਿਆਸ : ਸਮਾਜਿਕ ਚੇਤਨਾ, ਸੰਸਕ੍ਰਿਤੀ ਪ੍ਰਕਾਸ਼ਨ, ਅਹਿਮਦਾਬਾਦ, 1990
ਰਾਜਬੰਸ ਸਹਾਇ ਹੀਰਾ (ਡਾ.), ਭਾਰਤੀਯ ਸਾਹਿਤਯ ਸ਼ਾਸਤਰ, ਕੋਸ਼ ਬਿਹਾਰੀ, ਹਿੰਦੀ ਗ੍ਰੰਥ ਅਕਾਦਮੀ, ਪਟਨਾ, 1973

**ਅੰਗਰੇਜ਼ੀ ਪੁਸਤਕਾਂ :**

Boris Pasternak, Doctor Zhivago, Vintage, 1958
Dante, Divine Comedy, New York, 1950
David Dayches, The Novel and the Modern World, Vishal Publishers and Distributors, Chandigarh, 1981

Edmund Fuller, Man in Modern Fiction, Random House, New York, 1958
E.M.Forster, Aspects of the Novel, Edward Arnold, London, 1963
Fast Howard, Literature and Reality, Peoples Publishing House Ltd., New Delhi, 1955
George Luka'cs, The Theory of the Novel, Merlin Press, London, 1971
J.W.Beach, The Twentieth Century Novel, Lyall Book Depot, Ludhiana, 1969
John Halperin (ed.), The Theory of the Novel, Oxford, University Press, London, 1974
Lan Watt, The Rise of the Novel, University of California Press, London, 1971
Phillip Stevick (ed.), The Theory of the Novel, Free Press, New York, 1967
Raj Kumar, The Modern Novel, Lyall Book Depot, Ludhiana, 1967
Robert Scholes, Structuralism in Literature : An Introduction, Yale University Press, London, 1974
Spearman Diana, The Novel and Society, First Published, London, 1966
T.R. Vinod (Dr.), Fiction of Mitter Sain Meet a Critique of Bourglais State, Angel Parkashan, Ludhiana, 2008

**ਖੋਜ-ਪੱਤਰ, ਰਸਾਲੇ ਅਤੇ ਅਖ਼ਬਾਰ**

ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 1982
ਖੋਜ ਪਤ੍ਰਿਕਾ, ਅੰਕ 34, ਸਭਿਆਚਾਰ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1991
ਖੋਜ ਪਤ੍ਰਿਕਾ, ਅੰਕ 46, ਵੀਹਵੀਂ ਸਦੀ ਦਾ ਪੰਜਾਬੀ ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1997
ਸਾਹਿਤਯ ਸਿਲਸਿਲਾ (ਹਿੰਦੀ), ਜਨਵਰੀ-ਮਾਰਚ 2010, ਜਲੰਧਰ
ਸਿੱਖ ਸ਼ਹਾਦਤ, ਮਾਸਿਕ ਦਸੰਬਰ 2002, ਲੁਧਿਆਣਾ
ਸ਼ਬਦ, ਤ੍ਰੈ ਮਾਸਿਕ, ਜਨਵਰੀ-ਮਾਰਚ 2004, ਜਲੰਧਰ
ਕਲਾ ਸਿਰਜਕ, ਜਨਵਰੀ-ਮਾਰਚ 2007, ਜਲੰਧਰ
ਕਲਾ ਸਿਰਜਕ, ਜਨਵਰੀ-ਮਾਰਚ 2009, ਜਲੰਧਰ
ਨਜ਼ਰੀਆ - 20, ਅਕਤੂਬਰ-ਦਸੰਬਰ 2008, ਮਾਲੇਰਕੋਟਲਾ
ਨਜ਼ਰੀਆ - 21, ਜਨਵਰੀ-ਮਾਰਚ 2009, ਮਾਲੇਰਕੋਟਲਾ

ਮਹਿਰਮ, ਮਾਰਚ 2005, ਨਾਭਾ
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 10 ਅਕਤੂਬਰ, 2004
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 9 ਅਪ੍ਰੈਲ, 2005
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 12 ਅਪ੍ਰੈਲ, 2005
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 8 ਜਨਵਰੀ, 2006
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 28 ਦਸੰਬਰ, 2008
ਰੋਜ਼ਾਨਾ ਸਪੋਕਸਮੈਨ, ਮੁਹਾਲੀ, 19 ਮਈ, 2006

**ਪੰਜਾਬੀ ਕੋਸ਼ :**

ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਭਾਗ ਅੱਠਵਾਂ, ਨੈਸ਼ਨਲ ਬੁੱਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ,ਦਿੱਲੀ, 1995
ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000
ਹਰਕੀਰਤ ਸਿੰਘ (ਸੰਪਾ.), ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼, ਸ਼ਬਦ ਜੋੜ ਕੋਸ਼ ਸੈੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
ਕੇਸਰ ਸਿੰਘ ਕੇਸਰ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1992
ਟੀ.ਆਰ.ਵਿਨੋਦ (ਡਾ.), ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਵਾਰ, 1998
ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1982
ਰਤਨ ਸਿੰਘ ਜੱਗੀ (ਡਾ.), ਸਾਹਿਤ ਕੋਸ਼, ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

**Encyclopedia/Dictionary**

- Encyclopedia of Britannica
- Encyclopedia of Philosophy
- Encyclopedia of Religion
- Encyclopedia of Social Sciences
- International Encyclopedia of Social Sciences, Myth and Symbol, Vol. 10, The Macmillan Co. and The Free Press, 1968
- M. Hawkins (ed.), The Oxford Reference Dictionary